PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

22th - 29th January 2026 • Issue No. 3114 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!




Immigration Advice Bureau

Tel: 020 8571 6680

www.iabl.co.uk

## -ਮਾਮਲਾ ਲਾਪਤਾ ਪਾਵਨ ਸਰੂਪਾਂ ਦੇ ਵਿਵਾਦ ਵਿਚ ਡੇਰੇ ਨੂੰ ਘੜੀਸਣ ਦਾ-

# ਵਿਧਾਇਕ ਸੁਖਵਿੰਦਰ ਸੁੱਖੀ ਦਾ ਅਸਤੀਫੇ ਤੋਂ ਬਾਅਦ ਸੀਐੱਮ ਮਾਨ ਦਾ ਯੂ-ਟਰਨ

**ਵਿਸ਼ੇਸ਼ ਰਿਪੋਟ**

**✪ ਆਮ ਆਦਮੀ ਪਾਰਟੀ ਦੀ ਸਾਖ ਉੱਤੇ ਸਵਾਲ ਉਠੇ ✪ 169 ਸਰੂਪਾਂ ਦਾ ਰਿਕਾਰਡ ਸਹੀ ਪਾਇਆ: ਵਿੱਤ ਮੰਤਰੀ ਹਰਪਾਲ ਚੀਮਾ ਨੇ ਦਿੱਤੀ ਕਲੀਨ ਚਿੱਟ ✪ ਕਿਹਾ ਕਿ ਮੁਖ ਮੰਤਰੀ ਜਲਦੀ ਜਾਣਗੇ ਅਸਥਾਨ**



ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਨੇ ਇੱਕ ਵਾਰ ਫਿਰ ਸਿਆਸੀ ਤੂਫਾਨ ਖੜ੍ਹਾ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ 14 ਜਨਵਰੀ ਨੂੰ ਮਾਘੀ ਮੇਲੇ ਵਿੱਚ ਐਲਾਨ ਕੀਤਾ ਸੀ ਕਿ ਬੰਗਾ ਨੇੜੇ ਇੱਕ ਧਾਰਮਿਕ ਅਸਥਾਨ ਤੋਂ 169 ਸਰੂਪ ਬਰਾਮਦ ਹੋਏ ਸਨ ਅਤੇ ਇਨ੍ਹਾਂ ਵਿੱਚੋਂ ਸਿਰਫ਼ 30 ਦਾ ਹੀ ਰਿਕਾਰਡ ਮਿਲਿਆ ਹੈ। ਇਸ ਬਿਆਨ ਨੇ ਸਿੱਖ ਸੰਗਤ ਵਿੱਚ ਬੇਚੈਨੀ ਪੈਦਾ ਕਰ ਦਿੱਤੀ ਸੀ ਅਤੇ ਬੰਗਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਵਿੰਦਰ ਕੁਮਾਰ ਸੁੱਖੀ ਨੇ ਆਪਣੇ ਕੈਬਨਿਟ ਰੈਂਕ ਅਤੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਪਰ ਇਸ ਤੋਂ ਬਾਅਦ ਹੁਣ ਸਰਕਾਰ ਨੇ ਯੂ-ਟਰਨ ਲੈ ਲਿਆ ਹੈ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਸਭ ਕੁਝ ਠੀਕ ਹੈ, ਇਹ ਤਾਂ ਗ਼ਲਤਫਹਿਮੀ ਸੀ। ਇਸ ਨਾਲ ਪਾਰਟੀ ਦੀ ਸਾਖ ਉੱਤੇ ਵੱਡੇ ਸਵਾਲ ਖੜ੍ਹੇ ਹੋ ਗਏ ਹਨ ਅਤੇ ਵਿਰੋਧੀ ਧਿਰਾਂ ਨੇ ਮੁੱਖ ਮੰਤਰੀ ਤੋਂ ਅਸਤੀਫ਼ੇ ਜਾਂ ਮੁਆਫੀ ਦੀ ਮੰਗ ਕੀਤੀ ਹੈ।

### ਲਾਪਤਾ 328 ਸਰੂਪਾਂ ਦਾ ਰਹੱਸ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨਾਲ ਜੁੜਿਆ ਇਹ ਵਿਵਾਦ ਕੋਈ ਨਵਾਂ ਨਹੀਂ ਹੈ। ਇਹ ਮਾਮਲਾ 2014 ਤੋਂ 2019 ਤੱਕ ਦਾ ਹੈ, ਜਦੋਂ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਗਏ 328 ਸਰੂਪ ਲਾਪਤਾ ਹੋ ਗਏ ਸਨ। ਇਸ ਮਾਮਲੇ ਵਿੱਚ ਪਹਿਲਾਂ ਵੀ ਬਹਿਬਲ ਕਲਾਂ ਅਤੇ ਬਰਗਾੜੀ ਵਰਗੇ ਵਿਵਾਦ ਗ੍ਰਸਿਤ ਘਟਨਾਵਾਂ ਨਾਲ ਜੁੜੇ ਸਵਾਲ ਉੱਠੇ ਸਨ, ਜਿੱਥੇ ਬੇਅਦਬੀ ਦੇ ਮਾਮਲੇ ਵਾਪਰੇ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ ਸੀ। ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਸਾਰੇ ਲਾਪਤਾ ਸਰੂਪ ਲੱਭ ਕੇ ਸੰਗਤ ਨੂੰ ਸੱਚ ਦੱਸਿਆ ਜਾਵੇਗਾ। ਪਰ ਹੁਣ ਇਹ ਜਾਂਚ ਆਪਣੇ ਆਪ ਵਿੱਚ ਇੱਕ ਵਿਵਾਦ ਬਣ ਗਈ ਹੈ। ਪੰਜਾਬ ਵਿੱਚ ਇਹ ਮਾਮਲਾ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ।

ਵਿਰੋਧੀ ਪਾਰਟੀਆਂ ਜਿਵੇਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਭਗਵੰਤ ਮਾਨ ਦੀ ਨੀਤੀ ਨੂੰ ਡੰਮੀ ਰਾਜਨੀਤੀ ਨਾਲ ਜੋੜ ਕੇ ਵੇਖਿਆ ਹੈ ਅਤੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਇਸ ਨੂੰ ਆਪਣੇ ਫਾਇਦੇ ਲਈ ਵਰਤ ਰਹੀ ਹੈ।

ਵਿਸਥਾਰ ਸਹਿਤ ਖ਼ਬਰ ਅੰਦਰ ਸਫ਼ਾ 3 ਤੇ ਪੜ੍ਹੋ

# ਬਿਹਾਰ ਵਿੱਚ ਆਨੰਦ ਮੈਰਿਜ ਐਕਟ ਲਾਗੂ

## ✪ ਸਿੱਖ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ



ਪਟਨਾ-ਬਿਹਾਰ ਸਰਕਾਰ ਨੇ ਸਿੱਖ ਭਾਈਚਾਰੇ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਦਿਆਂ ਰਾਜ ਵਿੱਚ 'ਆਨੰਦ ਮੈਰਿਜ ਐਕਟ' (ਆਨੰਦ ਕਾਰਜ ਵਿਆਹ ਰਜਿਸਟ੍ਰੇਸ਼ਨ ਨਿਯਮ, 2025) ਨੂੰ ਲਾਗੂ ਕਰ ਦਿੱਤਾ ਹੈ। ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਕੈਬਨਿਟ ਨੇ 13 ਜਨਵਰੀ 2026 ਨੂੰ ਇਸ ਨਿਯਮਾਂ ਨੂੰ ਮਨਜ਼ੂਰੀ ਦਿੱਤੀ, ਜਿਸ ਤੋਂ ਬਾਅਦ ਹੁਣ ਬਿਹਾਰ ਵਿੱਚ ਸਿੱਖ ਵਿਆਹ ਆਨੰਦ ਕਾਰਜ ਰਸਮ ਅਨੁਸਾਰ ਸਿੱਧੇ ਤੌਰ 'ਤੇ ਰਜਿਸਟਰ ਹੋ ਸਕਣਗੇ।

ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪੂਰਬੀ ਭਾਰਤ ਦੇ ਪ੍ਰਧਾਨ ਸੂਰਜ ਸਿੰਘ ਨਲਵਾ ਨੇ ਇਸ ਫੈਸਲੇ 'ਤੇ ਬੇਹੱਦ ਖੁਸ਼ੀ ਜ਼ਾਹਰ ਕੀਤੀ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਲਾਹਯੋਗ ਹੈ ਅਤੇ ਸਿੱਖ ਟੀਮ ਦੇ ਲਗਾਤਾਰ ਸੰਘਰਸ਼ ਦਾ ਨਤੀਜਾ ਹੈ। ਪਹਿਲਾਂ ਸਿੱਖ ਵਿਆਹ ਹਿੰਦੂ ਮੈਰਿਜ ਐਕਟ ਅਧੀਨ ਰਜਿਸਟਰ ਹੁੰਦੇ ਸਨ, ਜਿਸ ਨਾਲ ਭਾਈਚਾਰੇ ਵਿੱਚ ਅਸੰਤੁਸ਼ਟੀ ਸੀ। ਹੁਣ ਬਿਹਾਰ ਦੇਸ਼ ਦਾ ਅੱਠਵਾਂ ਰਾਜ ਬਣ ਗਿਆ ਹੈ ਜਿੱਥੇ ਇਹ ਕਾਨੂੰਨ ਲਾਗੂ ਹੋ ਚੁੱਕਾ ਹੈ।

# ਚਾਰ ਪੰਥਕ ਜਥੇਬੰਦੀਆਂ ਵੱਲੋਂ 26 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਸਨਮੁੱਖ ਪੰਥਕ ਇਕੱਤਰਤਾ ਦਾ ਐਲਾਨ



ਅੰਮ੍ਰਿਤਸਰ-ਸਿੱਖ ਪੰਥ ਵਿੱਚ ਲੰਬੇ ਸਮੇਂ ਤੋਂ ਵੱਖ-ਵੱਖ ਧੜਿਆਂ ਵਿੱਚ ਵੰਡੀ ਰਹੀ ਚਾਰ ਪ੍ਰਮੁੱਖ ਜਥੇਬੰਦੀਆਂ ਨੇ ਇੱਕ ਵੱਡਾ ਕਦਮ ਚੁੱਕਦਿਆਂ ਆਪਣੇ ਆਪ ਵਿੱਚ ਏਕਤਾ ਦਾ ਸੰਦੇਸ਼ ਦਿੱਤਾ ਹੈ। ਦਲ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਭਾਈ ਬਿੱਟੂ ਵੱਲੋਂ ਅਗਵਾਈ ਕੀਤੇ ਜਾ ਰਹੇ ਪੰਚ ਪ੍ਰਧਾਨੀ ਜਥੇ ਨੇ ਐਲਾਨ ਕੀਤਾ ਹੈ ਕਿ 26 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਇੱਕ ਵੱਡੀ ਪੰਥਕ ਇਕੱਤਰਤਾ ਕੀਤੀ ਜਾਵੇਗੀ।

ਵਿਸਥਾਰ ਸਹਿਤ ਖ਼ਬਰ ਅੰਦਰ ਪੜ੍ਹੋ

# ਸਿੱਖ ਨੌਜਵਾਨਾਂ ਤੇ ਯੂ ਕੇ ਸਰਕਾਰ ਦੁਆਰਾ ਲਾਈਆਂ ਪਾਬੰਦੀਆਂ ਦੇ ਵਿਰੋਧ ’ਚ ਸਿੰਘ ਸਭਾ ਡਰਬੀ ਵਿਖੇ ਪੰਥਕ ਕਾਨਫਰੰਸ 24 ਜਨਵਰੀ ਨੂੰ ਹੋਵੇਗੀ

## ਸਿੱਖ ਨੌਜਵਾਨਾਂ ਦਾ ਇਹ ਮਾਮਲਾ ਬਰਤਾਨਵੀ ਪਾਰਲੀਮੈਂਟ ਵਿੱਚ ਉਠਾਉਣ ਲਈ ਸਿੱਖ ਸਾਂਸਦਾਂ ਨੂੰ ਅਪੀਲ


## ਭਾਰਤ ਦੇ ਕੂਟ-ਨੀਤਕ ਪ੍ਰਭਾਵ ਕਾਰਨ ਸਿੱਖ ਨੌਜਵਾਨਾਂ ਵਿਰੁੱਧ ਯੂ ਕੇ ਸਰਕਾਰ ਕਰ ਰਹੀ ਹੈ ਵਧੀਕੀਆਂ-ਰਾਜਿੰਦਰ ਸਿੰਘ ਪੁਰੇਵਾਲ

ਡਰਬੀ (ਹਰਜਿੰਦਰ ਸਿੰਘ ਮੰਡੇਰ) – ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ, ਡਰਬੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਹਾਲ ਵਿੱਚ 24 ਜਨਵਰੀ 2026 ਦਿਨ ਸ਼ਨੀਵਾਰ ਨੂੰ ਦੁਪਹਿਰ 3 ਵਜੇ ਤੋਂ ਸ਼ਾਮ 6 ਵਜੇ ਤੱਕ, ਪੰਥਕ ਕਾਨਫਰੰਸ ਆਯੋਜਿਤ ਕੀਤੀ ਜਾ ਰਹੀ ਹੈ ਜਿਸ ਵਿੱਚ ਸਮੂਹ ਸਾਧ ਸੰਗਤ ਅਤੇ ਪੰਥਕ ਜਥੇਬੰਦੀਆਂ ਤੇ ਹਰ ਪੰਥ ਦਰਦੀ ਨੂੰ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ: ਰਾਜਿੰਦਰ ਸਿੰਘ ਪੁਰੇਵਾਲ ਜਨਰਲ ਸੈਕਟਰੀ ਸਿੰਘ ਸਭਾ ਗੁਰਦੁਆਰਾ ਡਰਬੀ ਨੇ ਕਿਹਾ ਕਿ ਯੂ ਕੇ ਦੀ ਲੇਬਰ ਪਾਰਟੀ ਦੀ ਸਰਕਾਰ ਵੱਲੋਂ ਸਿੱਖ ਨੌਜਵਾਨ ਗੁਰਪ੍ਰੀਤ ਸਿੰਘ ਅਤੇ ਕੁੱਝ ਹੋਰ ਸਿੱਖ ਨੌਜਵਾਨਾਂ ਖਿਲਾਫ਼ ਲਗਾਈਆਂ ਗਈਆਂ ਆਰਥਿਕ ਪਾਬੰਦੀਆਂ ਦਾ ਮਾਮਲਾ ਵਿਚਾਰਿਆ ਜਾਵੇਗਾ।

ਉਹਨਾਂ ਕਿਹਾ ਕਿ ਇਹ ਸਿਰਫ਼ ਇੱਕ ਨੌਜਵਾਨ ਦੀ ਗੱਲ ਨਹੀਂ ਹੈ, ਅਜਿਹੀਆਂ ਪਾਬੰਦੀਆਂ ਅਗਾਂਹ ਹੋਰਾਂ ’ਤੇ ਵੀ ਲਾਈਆਂ ਜਾ ਸਕਦੀਆਂ ਹਨ। ਇਹ ਪਾਬੰਦੀਆਂ ਲਗਾ ਕੇ ਸਰਕਾਰ ਨੇ ਬਿਨਾਂ ਕਿਸੇ ਦੋਸ਼ ਜਾਂ ਮੁਕੱਦਮੇ ਦੇ, ਗੁਰਪ੍ਰੀਤ ਸਿੰਘ ਦੇ ਪੂਰੇ ਪਰਿ- ਵਾਰ ਦੇ ਬੈਂਕ ਖਾਤੇ ਸੀਲ ਕਰ ਦਿੱਤੇ ਹਨ ਅਤੇ ਰੋਜ਼ੀ-ਰੋਟੀ ਦੇ ਸਾਧਨ ਖੋਹ ਕੇ ਪਰਿ- ਵਾਰ ਨੂੰ ਸਜ਼ਾ ਦਿੱਤੀ ਹੈ। ਸਿੱਖ ਆਗੂਆਂ ਦਾ ਮੰਨਣਾ ਹੈ ਕਿ ਅਜਿਹਾ ਬਰਤਾਨੀਆ ਸਰਕਾਰ ਵੱਲੋਂ ਭਾਰਤ ਦੇ ਦਬਾਅ ਹੇਠ ਕੀਤਾ ਗਿਆ ਹੈ।

ਗੁਰਪ੍ਰੀਤ ਸਿੰਘ ਨੇ ਕੀ ਗਲਤ ਕੀਤਾ ਹੈ, ਉਸ ਦੇ ਉਤੇ ਕਿਹੜੇ ਦੋਸ਼ ਹਨ, ਜਾਂ ਕੀ ਚਾਰਜ ਲਾਏ ਗਏ ਹਨ, ਅਜਿਹੀ ਕਿਸੇ ਵੀ ਚੀਜ਼ ਦਾ ਖੁਲਾਸਾ ਨਹੀਂ ਕੀਤਾ ਗਿਆ। ਇਸ ਲਈ ਉਹਨਾਂ ਦੇ ਪਾਬੰਦੀਆਂ ਲਾਉਣੀਆਂ ਬੇ-ਬੁਨਿਆਦ ਹਨ। ਸ: ਪੁਰੇ- ਵਾਲ ਨੇ ਕਿਹਾ ਯੂ ਕੇ ਵਿੱਚ ਇੰਝ ਪਹਿਲੀ ਵਾਰ ਵਾਪਰਿਆ ਹੈ ਕਿ ਜਦੋਂ ਕਿਸੇ ਨੌਜਵਾਨ ਉਤੇ ਅਜਿਹੀਆਂ ਪਾਬੰਦੀਆਂ ਲਾ ਕੇ ਇੱਕ ਤਰ੍ਹਾਂ ਨਾਲ ਉਸ ਨੂੰ ਘਰ ਵਿੱਚ ਹੀ ਨਜ਼ਰਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਸ ਦੇ ਪਰਿਵਾਰ ਵਿੱਚ ਛੋਟੇ ਛੋਟੇ ਬੱਚੇ ਹਨ, ਉਹਨਾਂ ਸਾਰਿਆਂ ਦੀ ਜ਼ਿੰਦਗੀ ਉਤੇ ਏਹਨਾਂ ਪਾਬੰਦੀਆਂ ਦੇ ਕਾਰਨ ਬੁਰਾ ਅਸਰ ਪੈ ਰਿਹਾ, ਉਹਨਾਂ ਲਈ ਬਿੱਲ ਦੇਣੇ, ਬੱਚਿਆਂ ਨੂੰ ਸਕੂਲ ਘੱਲਣਾ ਆਦਿ ਸਭ ਮੁਸ਼ਕਿਲ ਬਣਾ ਦਿੱਤਾ ਗਿਆ ਹੈ।

ਸ: ਪੁਰੇਵਾਲ ਨੇ ਕਿਹਾ ਕਿ ਇਹਨਾਂ ਅਣਮਨੁੱਖੀ ਪਾਬੰਦੀਆਂ ਦਾ ਵਿਰੋਧ ਕਰਨ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਦਾ ਕੋਈ ਸੁਖਾਵਾਂ ਹੱਲ ਲੱਭਣ ਲਈ



ਸ: ਰਾਜਿੰਦਰ ਸਿੰਘ ਪੁਰੇਵਾਲ

ਯਤਨ ਕਰਨੇ ਪੈਣੇ ਹਨ। ਨਹੀਂ ਤਾਂ ਹੋਰ ਵੀ ਨੌਜਵਾਨ ਅਜਿਹੀਆਂ ਪਾਬੰਦੀਆਂ ਹੇਠ ਆ ਸਕਦੇ ਹਨ। ਉਹਨਾਂ ਕਿਹਾ ਸਰਕਾਰ ਅਤੇ ਪ੍ਰਸ਼ਾਸਨ ਸਿੱਖ ਆਗੂਆਂ ਨੂੰ ਦੱਸੇ ਕਿ ਗੁਰਪ੍ਰੀਤ ਸਿੰਘ ਅਤੇ ਸਿੱਖ ਨੌਜਵਾਨਾਂ ਨੇ ਕੀ ਗਲਤ ਕੰਮ ਕੀਤਾ ਹੈ, ਯੂ ਕੇ ਦਾ ਕਿਹੜਾ ਕਾਨੂੰਨ ਤੋੜਿਆ ਹੈ। ਜੇ ਉਹਨਾਂ ਨੇ ਕੁੱਝ ਗਲਤ ਕੀਤਾ ਹੈ ਤਾਂ ਉਸ ਬਾਰੇ ਸਿੱਖ ਆਗੂਆਂ ਤੇ ਸਿੱਖ ਮੀਡੀਏ ਨੂੰ ਦੱਸਿਆ ਜਾਵੇ ਤਾਂ ਜੋ ਉਹ ਇਹ ਜਾਣ ਸਕਣ ਕਿ ਇਹਨਾਂ ਨੇ ਕਾਨੂੰਨ ਦੀ ਨਜ਼ਰ ਵਿੱਚ ਕੀ ਗਲਤ ਕੀਤਾ ਹੈ। ਉਹਨਾਂ ਨੂੰ ਬਿਨਾ ਕਿਸੇ ਚਾਰਜ ਲਾਉਣ ਦੇ ਏਨੀਆਂ ਪਾਬੰਦੀਆਂ ਲਾ ਦਿੱਤੀਆਂ ਹਨ, ਜਿਹਨਾਂ ਦੀ ਵਜਾਹ ਨਾਲ ਗੁਰਪ੍ਰੀਤ ਸਿੰਘ ਤਾਂ ਘਰ ਵਿੱਚ ਹੀ ਨਜ਼ਰ-ਬੰਦ ਹੋ ਕੇ ਰਹਿ ਗਿਆ ਹੈ।

ਆਮ ਪੰਜਾਬੀਆਂ/ਸਿੱਖਾਂ ਦੀ ਰਾਏ ਹੈ ਕਿ ਅਜਿਹਾ ਬਰਤਾਨਵੀ ਸਰਕਾਰ ਨੇ ਭਾਰਤ ਨਾਲ ਵਪਾਰਕ ਸਮਝੌਤੇ ਕਰਨ ਲਈ ਦਬਾਅ ਕਾਰਨ ਕੀਤਾ ਹੈ। ਉਹ ਸਿਰਫ਼ ਪੰਜਾਬ ਵਿੱਚ ਸ਼ਾਂਤੀ ਅਤੇ ਪੰਜਾਬ ਦੇ ਸਾਰੇ ਲੋਕਾਂ ਦੀ ਉਨਤੀ ਤਰੱਕੀ ਅਤੇ ਪੰਜਾਬ ਦੇ ਕੁਦਰਤੀ ਸਾਧਨਾਂ ਹਵਾ ਪਾਣੀ ਆਦਿ ਦੀ ਸੁਰੱਖਿਆ ਅਤੇ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣ ਲਈ ਲੋਕਾਂ ਨੂੰ ਜਾਗਰਿਤ ਕਰਦਾ ਸੀ, ਜਿਸ ਵਾਸਤੇ ਪੰਜਾਬ ਦੇ ਵਿਦਵਾਨਾਂ ਅਤੇ ਲਿਖਾਰੀਆਂ ਪਾਸੋਂ ਪੰਜਾਬ ਦੇ ਉਕਤ ਮੁੱਦਿਆਂ ਬਾਰੇ ਪਰਚੇ ਲਿਖਵਾਏ ਸਨ ਤਾਂ ਜੋ ਲੋਕ ਜਾਗਰਿਤ ਹੋ ਸਕਣ। ਪਹਿਲੀ ਵਾਰ ਉਸ ਨੂੰ ਫੁੱਟਬਾਲ ਕਲੱਬ ਦਾ ਸਪੋਕਸ ਮੈਨ ਵੀ ਬਣਾਇਆ ਗਿਆ ਸੀ। ਇੱਕ ਵੱਡਾ ਪੰਜਾਬੀ ਮੀਡੀਆ ਵੀ ਸਿੱਖ ਕਾਰੋਬਾਰੀਆਂ ਦਾ ਸਹਿਯੋਗ ਨਾਲ ਉਹ ਲੈ ਰਿਹਾ ਸੀ। ਇਸ ਕਰਕੇ ਦੇਸ਼ ਵਿਦੇਸ਼ ਵਿੱਚ ਉਸ ਦਾ ਸਤਿਕਾਰ ਵਧ ਰਿਹਾ ਸੀ।

ਸ: ਪੁਰੇਵਾਲ ਨੇ ਕਿਹਾ ਕਿ ਸਾਡੇ ਬਜ਼ੁਰਗਾਂ ਨੇ ਹੁਣ ਤੱਕ ਸਿੱਖੀ ਕਦਰਾਂ ਕੀਮਤਾਂ ਪ੍ਰਤੀ ਪਹਿਰਾ ਦਿੱਤਾ ਹੈ, ਉਹ ਜਿੱਥੇ ਵੀ ਰਹੇ ਹਰ ਦੇਸ਼ ਦੀ ਰੱਖਿਆ ਅਤੇ ਤਰੱਕੀ ਵਿੱਚ ਯੋਗਦਾਨ ਪਾਇਆ ਹੈ। ਉਹਨਾਂ ਕਿਹਾ ਸਾਡੇ ਨੌਜਵਾਨ ਵੀ ਪੁਰਾਣੇ ਬਜ਼ੁਰਗਾਂ ਵਾਂਗ ਪੰਜਾਬ ਦੀ ਤਰੱਕੀ ਚਾਹੁੰਦੇ ਹਨ। ਦੂਜੇ ਪਾਸੇ ਪੰਜਾਬ ਵਿੱਚ ਹੁਣ ਤੱਕ ਹਜ਼ਾਰਾਂ ਨੌਜਵਾਨਾਂ ਨੂੰ ਮਾਰਿਆ ਗਿਆ, ਤਸ਼ੱਦਦ ਕੀਤਾ ਗਿਆ ਅਤੇ ਅਣਪਛਾਤੇ ਆਖ ਕੇ ਸੰਸਕਾਰ ਕਰ ਦਿੱਤੇ ਗਏ।

ਸ: ਪੁਰੇਵਾਲ ਨੇ ਕਿਹਾ ਕਿ ਸਾਡੇ ਪੰਜਾਬੀ ਸਿੱਖ ਕਾਫ਼ੀ ਗਿਣਤੀ ਵਿੱਚ ਬਰਤਾਨਵੀ ਸੰਸਦ ਦੇ ਮੈਂਬਰ ਅਤੇ ਕੌਂਸਲਰ ਹਨ। ਉਹਨਾਂ ਨੂੰ ਵੀ ਇਸ ਮਾਮਲੇ ਬਾਰੇ ਸੰਸਦ ਵਿੱਚ ਆਵਾਜ਼ ਉਠਾਉਣੀ ਚਾਹੀਦੀ ਹੈ। ਅਗਰ ਸੰਸਦ ਮੈਂਬਰ ਤੇ ਕੌਂਸਲਰ ਸਿੱਖ ਨੌਜਵਾਨਾਂ ਨਾਲ ਹੋ ਰਹੀ ਇਸ ਜ਼ਿਆਦਤੀ ਬਾਰੇ ਮਾਮਲਾ ਨਾ ਉਠਾਇਆ ਤਾਂ ਸਿੱਖਾਂ ਲੇਬਰ ਸਾਂਸਦਾਂ ਦਾ ਸਤਿਕਾਰ ਘਟ ਸਕਦਾ ਹੈ। ਸ: ਪੁਰੇਵਾਲ ਨੇ ਹੋਰ ਕਿਹਾ ਕਿ ਜਿਹੜੇ ਪੰਥਕ ਆਗੂ, ਵਿਦਵਾਨ, ਕੌਂਸਲਰ, ਲਿਖਾਰੀ ਆਦਿ ਇਸ ਕਾਨਫਰੰਸ ਵਿੱਚ ਨਹੀਂ ਆ ਸਕਦੇ ਉਹ ਆਪਣਾ ਸੁਨੇਹਾ ਲਿਖ ਕੇ ਜਾਂ ਬੋਲ ਕੇ ਹੇਠਾਂ ਦਿੱਤੇ ਨੰਬਰ ਉਤੇ ਭੇਜ ਸਕਦੇ ਹਨ, ਜੋ ਕਾਨਫਰੰਸ ਦੌਰਾਨ ਸੰਗਤਾਂ ਨਾਲ ਸਾਂਝਾ ਕੀਤਾ ਜਾਵੇਗਾ।

**ਵੱਟਸ ਐਪ ਨੰਬਰ:**

**07966 388 388**

**ਸਰਕਾਰ ਅਤੇ ਪ੍ਰਸ਼ਾਸਨ ਸਿੱਖ ਭਾਈਚਾਰੇ ਦੇ ਆਗੂਆਂ ਤੇ ਸਿੱਖ ਸਾਂਸਦਾਂ ਨੂੰ ਦੱਸੇ ਕਿ ਗੁਰਪ੍ਰੀਤ ਸਿੰਘ ਅਤੇ ਸਿੱਖ ਨੌਜਵਾਨਾਂ (ਜਿਹਨਾਂ ਉਤੇ ਪਾਬੰਦੀਆਂ ਲਾਈਆਂ ਗਈਆਂ ਹਨ) ਨੇ ਕੀ ਗਲਤ ਕੰਮ ਕੀਤਾ ਹੈ, ਯੂ ਕੇ ਦਾ ਕਿਹੜਾ ਕਾਨੂੰਨ ਤੋੜਿਆ ਹੈ ? ਜੇ ਉਹਨਾਂ ਨੇ ਕੁੱਝ ਗਲਤ ਕੀਤਾ ਹੈ ਤਾਂ ਉਸ ਬਾਰੇ ਸਿੱਖ ਆਗੂਆਂ ਤੇ ਸਿੱਖ ਮੀਡੀਏ ਨੂੰ ਦੱਸਿਆ ਜਾਵੇ ਤਾਂ ਜੋ ਉਹ ਇਹ ਜਾਣ ਸਕਣ ਕਿ ਇਹਨਾਂ ਨੇ ਕਾਨੂੰਨ ਦੀ ਨਜ਼ਰ ਵਿੱਚ ਕੀ ਗਲਤ ਕੀਤਾ ਹੈ। ਤੇ ਸਿੱਖ ਆਗੂ ਨੌਜਵਾਨਾਂ ਨੂੰ ਚੰਗੀ ਸਲਾਹ ਦੇ ਸਕਦੇ ਹਨ ਤਾਂ ਜੋ ਉਹ ਯੂ ਕੇ ਦੇ ਚੰਗੇ ਸ਼ਹਿਰੀ ਬਣਨ।**



## -ਮਾਮਲਾ ਲਾਪਤਾ ਪਾਵਨ ਸਰੂਪਾਂ ਦੇ ਵਿਵਾਦ ਵਿਚ ਡੇਰੇ ਨੂੰ ਘੜੀਸਣ ਦਾ-

# ਵਿਧਾਇਕ ਸੁਖਵਿੰਦਰ ਸੁੱਖੀ ਦਾ ਅਸਤੀਫੇ ਤੋਂ ਬਾਅਦ ਸੀਐੱਮ ਮਾਨ ਦਾ ਯੂ-ਟਰਨ

**ਵਿਸ਼ੇਸ਼ ਰਿਪੋਟ**

### ✪ ਆਮ ਆਦਮੀ ਪਾਰਟੀ ਦੀ ਸਾਖ ਉੱਤੇ ਸਵਾਲ ਉਠੇ ✪ 169 ਸਰੂਪਾਂ ਦਾ ਰਿਕਾਰਡ ਸਹੀ ਪਾਇਆ: ਵਿੱਤ ਮੰਤਰੀ ਹਰਪਾਲ ਚੀਮਾ ਨੇ ਦਿੱਤੀ ਕਲੀਨ ਚਿੱਟ ✪ ਕਿਹਾ ਕਿ ਮੁਖ ਮੰਤਰੀ ਜਲਦੀ ਜਾਣਗੇ ਅਸਥਾਨ

*ਮੁੱਖ ਸਫ਼ੇ ਦੀ ਖ਼ਬਰ ਦਾ ਬਾਕੀ ਹਿਸਾ*

ਯਾਦ ਰਹੇ ਕਿ 14 ਜਨਵਰੀ ਨੂੰ ਸ੍ਰੀ ਮੁਕਤਸਰ ਸਾਹਿਬ ਵਿੱਚ ਆਮ ਆਦਮੀ ਪਾਰਟੀ ਦੀ ਸਿਆਸੀ ਕਾਨਫਰੰਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਐੱਸਆਈਟੀ ਨੂੰ ਬੰਗਾ ਨੇੜੇ ਰਾਜਾ ਸਾਹਿਬ ਰਸੋਖਾਨਾ ਨਾਮਕ ਧਾਰਮਿਕ ਅਸਥਾਨ ਤੋਂ 169 ਸਰੂਪ ਮਿਲੇ ਹਨ। ਇਨ੍ਹਾਂ ਵਿੱਚੋਂ 139 ਸਰੂਪਾਂ ਦਾ ਕੋਈ ਰਿਕਾਰਡ ਨਹੀਂ ਹੈ ਅਤੇ ਪ੍ਰਬੰਧਕ ਵੀ ਇਸ ਬਾਰੇ ਜਵਾਬ ਨਹੀਂ ਦੇ ਸਕੇ। ਉਨ੍ਹਾਂ ਨੇ ਕਿਹਾ ਕਿ ਸਿਰਫ਼ 30 ਸਰੂਪਾਂ ਦੀਆਂ ਪਰਚੀਆਂ ਮਿਲੀਆਂ ਹਨ, ਜੋ ਕਿ ਦੂਜੇ ਗੁਰਦੁਆਰਿਆਂ ਨੂੰ ਜਾਰੀ ਕੀਤੀਆਂ ਗਈਆਂ ਸਨ। ਮਾਨ ਨੇ ਇਹ ਵੀ ਕਿਹਾ ਕਿ ਇਹ ਸਰੂਪ ਅਕਾਲ ਤਖ਼ਤ ਜਾਂ ਐੱਸਜੀਪੀਸੀ ਦੇ ਹੁਕਮ ਮੁਤਾਬਕ ਸਤਿਕਾਰ ਨਾਲ ਵਾਪਸ ਕੀਤੇ ਜਾਣਗੇ। ਇਸ ਬਿਆਨ ਨੂੰ ਉਨ੍ਹਾਂ ਨੇ ਆਪਣੀ ਸਰਕਾਰ ਦੀ ਉਪਲਬਧੀ ਵਜੋਂ ਪੇਸ਼ ਕੀਤਾ ਸੀ।

ਇਸ ਬਿਆਨ ਕਾਰਣ ਤੁਰੰਤ ਵਿਵਾਦ ਖੜ੍ਹਾ ਹੋ ਗਿਆ। ਰਾਜਾ ਸਾਹਿਬ ਕਮੇਟੀ ਨੇ ਇਸ ਨੂੰ ਝੂਠਾ ਅਤੇ ਭਰਮ ਪੈਦਾ ਕਰਨ ਵਾਲਾ ਕਿਹਾ। ਕਮੇਟੀ ਦੇ ਮੈਂਬਰ ਅਮਰੀਕ ਸਿੰਘ ਬੱਲੋਵਾਲ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਉਨ੍ਹਾਂ ਦੇ ਅਸਥਾਨ ਵਿੱਚ ਮੌਜੂਦ 169 ਸਰੂਪਾਂ ਵਿੱਚੋਂ 107 ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਗਏ ਹਨ ਅਤੇ ਸਭ ਦੇ ਰਿਕਾਰਡ ਮੌਜੂਦ ਹਨ। ਉਨ੍ਹਾਂ ਨੇ ਕਿਹਾ ਕਿ ਇਹ ਸਰੂਪ 1978 ਤੋਂ 2012 ਤੱਕ ਦੇ ਹਨ ਅਤੇ ਲਾਪਤਾ 328 ਸਰੂਪਾਂ ਨਾਲ ਇਨ੍ਹਾਂ ਦਾ ਕੋਈ ਸਬੰਧ ਨਹੀਂ ਹੈ। ਕਮੇਟੀ ਨੇ ਅਕਾਲ ਤਖ਼ਤ ਨੂੰ ਅਪੀਲ ਕੀਤੀ ਕਿ ਉਹ ਆਪਣੀ ਟੀਮ ਭੇਜ ਕੇ ਜਾਂਚ ਕਰਨ ਅਤੇ ਇਹ ਵੀ ਕਿਹਾ ਕਿ ਸਰਕਾਰ ਨੂੰ ਗੁਰੂ ਸਾਹਿਬ ਦਾ ਹਿਸਾਬ ਮੰਗਣ ਦਾ ਅਧਿਕਾਰ ਨਹੀਂ ਹੈ।

ਬੰਗਾ ਤੋਂ ਆਪ ਵਿਧਾਇਕ ਸੁਖਵਿੰਦਰ ਕੁਮਾਰ ਸੁੱਖੀ, ਨੇ ਮੁੱਖ ਮੰਤਰੀ ਦੇ ਬਿਆਨ ਤੋਂ ਬਾਅਦ ਅਸਤੀਫ਼ਾ ਦੇ ਦਿੱਤਾ ਸੀ। ਸੁੱਖੀ ਨੇ ਫੇਸਬੁੱਕ ਉੱਤੇ ਵੀਡੀਓ ਪਾ ਕੇ ਕਿਹਾ ਕਿ ਰਾਜਾ ਸਾਹਿਬ ਰਸੋਖਾਨਾ ਉੱਤੇ ਲਗਾਏ ਗਏ ਦੋਸ਼ਾਂ ਨੇ ਉਨ੍ਹਾਂ ਨੂੰ ਅਤੇ ਸੰਗਤ ਨੂੰ ਠੇਸ ਪਹੁੰਚਾਈ ਹੈ।



## ਆਪ ਸਰਕਾਰ ਨੇ ਇਹ ਯੂ-ਟਰਨ ਕਿਉਂ ਲਿਆ ?

ਇਸ ਅਸਤੀਫੇ ਨਾਲ ਪਾਰਟੀ ਅੰਦਰ ਵੀ ਬੇਚੈਨੀ ਵਧ ਗਈ ਸੀ। ਸਿਆਸੀ ਮਾਹਿਰਾਂ ਅਨੁਸਾਰ, ਸੁੱਖੀ ਦੇ ਅਸਤੀਫ਼ੇ ਅਤੇ ਸੰਗਤ ਵਿੱਚ ਵਧ ਰਹੀ ਨਾਰਾਜ਼ਗੀ ਨੇ ਸਰਕਾਰ ਨੂੰ ਇਹ ਕਦਮ ਚੁੱਕਣ ਲਈ ਮਜਬੂਰ ਕੀਤਾ। ਪਾਰਟੀ ਅੰਦਰ ਵੀ ਕਈ ਵਿਧਾਇਕ ਨਾਰਾਜ਼ ਸਨ ਅਤੇ ਇਹ ਵਿਵਾਦ ਵੱਡਾ ਰੂਪ ਧਾਰਨ ਕਰ ਰਿਹਾ ਸੀ। ਨਵਾਂ ਬਿਆਨ ਜਾਰੀ ਕਰਕੇ ਪਾਰਟੀ ਨੇ ਨੁਕਸਾਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਇਸ ਨਾਲ ਹੋਰ ਸਵਾਲ ਖੜ੍ਹੇ ਹੋ ਗਏ ਹਨ। 19 ਜਨਵਰੀ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਐੱਮਪੀ ਮਲਵਿੰਦਰ ਸਿੰਘ ਕੰਗ ਨੇ ਰਾਜਾ ਸਾਹਿਬ ਅਸਥਾਨ ਦਾ ਦੌਰਾ ਕੀਤਾ ਅਤੇ ਪ੍ਰਬੰਧਕ ਕਮੇਟੀ ਨਾਲ ਮੀਟਿੰਗ ਕੀਤੀ। ਚੀਮਾ ਨੇ ਕਿਹਾ ਕਿ ਜਾਂਚ ਪੂਰੀ ਹੋ ਚੁੱਕੀ ਹੈ ਅਤੇ ਸਾਰੇ ਸਰੂਪਾਂ ਦਾ ਰਿਕਾਰਡ ਠੀਕ ਪਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਗ਼ਲਤਫਹਿਮੀ ਸੀ ਅਤੇ ਹੁਣ ਇਹ ਦੂਰ ਹੋ ਗਈ ਹੈ। ਚੀਮਾ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਜਲਦੀ ਅਸਥਾਨ ਉੱਤੇ ਆਉਣਗੇ ਅਤੇ ਕੋਈ ਵੀ ਮੁਕੱਦਮਾ ਨਹੀਂ ਦਰਜ ਹੋਇਆ ਹੈ। ਉਨ੍ਹਾਂ ਨੇ ਐੱਸਆਈਟੀ ਅਤੇ ਮੁੱਖ ਮੰਤਰੀ ਦਫ਼ਤਰ ਵਿਚਾਲੇ ਮਿਸਕਮਿਊਨੀਕੇਸ਼ਨ ਨੂੰ ਜ਼ਿੰਮੇਵਾਰ ਠਹਿਰਾਇਆ।

ਉਨ੍ਹਾਂ ਨੇ ਕਿਹਾ ਕਿ ਇਹ ਅਸਥਾਨ ਰੱਬ ਦਾ ਘਰ ਹੈ ਅਤੇ ਉਹ ਆਪਣੇ ਕੈਬਨਿਟ ਰੈਂਕ ਅਤੇ ਅਹੁਦੇ ਤੋਂ ਅਸਤੀਫ਼ਾ ਦਿੰਦੇ ਹਨ। ਸੁੱਖੀ ਨੇ ਇਹ ਵੀ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਅਸਥਾਨ ਦਾ ਸੱਚ ਦੱਸ ਕੇ ਗਿਲੇ-ਸ਼ਿਕਵੇ ਦੂਰ ਕਰਨਗੇ।

ਕੀ ਪਾਰਟੀ ਦੀ ਸ਼ਾਖ ਘਟੀ ਹੈ ? ਅਤੇ 328 ਸਰੂਪਾਂ ਦਾ ਮਾਮਲਾ ਹੱਲ ਹੋਵੇਗਾ ?

ਇਸ ਵਿਵਾਦ ਨਾਲ ਆਮ ਆਦਮੀ ਪਾਰਟੀ ਦੀ ਸਾਖ ਉੱਤੇ ਵੱਡਾ ਅਸਰ ਪਿਆ ਹੈ। ਪਹਿਲਾਂ ਤਾਂ ਉਨ੍ਹਾਂ ਨੇ ਇਸ ਨੂੰ ਆਪਣੀ ਉਪਲਬਧੀ ਵਜੋਂ ਪੇਸ਼ ਕੀਤਾ ਅਤੇ ਫਿਰ ਯੂ-ਟਰਨ ਲੈ ਲਿਆ। ਇਸ ਨਾਲ ਲੋਕਾਂ ਵਿੱਚ ਭਰੋਸਾ ਘਟਿਆ ਹੈ। ਮਾਹਿਰਾਂ ਅਨੁਸਾਰ, ਇਹ ਰਾਜਨੀਤਕ ਏਜੰਡਾ ਵੀ ਹੋ ਸਕਦਾ ਹੈ ਜਿਸ ਵਿੱਚ ਵਿਰੋਧੀਆਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਇਹ ਪਲਟੀ ਮਾਰ ਗਈ ਅਤੇ ਪਾਰਟੀ ਆਪ ਘਿਰ ਗਈ।

ਹੁਣ ਵੱਡੇ ਸਵਾਲ ਇਹ ਹਨ: ਮੁੱਖ ਮੰਤਰੀ ਦੇ ਬਿਆਨ ਦਾ ਸੋਰਸ ਕੀ ਸੀ ? ਕੀ ਇਹ ਐੱਸਆਈਟੀ ਦੀ ਰਿਪੋਰਟ ਸੀ ਜਾਂ ਕੋਈ ਅਧੂਰੀ ਜਾਣਕਾਰੀ ? ਜੇ ਬਿਆਨ ਝੂਠਾ ਸੀ ਤਾਂ ਕਿਹੜੇ ਅਫਸਰਾਂ ਨੇ ਗ਼ਲਤ ਜਾਣਕਾਰੀ ਦਿੱਤੀ ? ਜਾਂ ਮੁੱਖ ਮੰਤਰੀ ਨੇ ਆਪਣੇ ਵੱਲੋਂ ਹੀ ਰਾਜਨੀਤਕ ਫਾਇਦੇ ਲਈ ਬਿਆਨ ਦਿੱਤਾ ? ਜੇ ਚੀਮਾ ਦਾ ਬਿਆਨ ਸਹੀ ਹੈ ਤਾਂ ਪਹਿਲਾ ਬਿਆਨ ਗੁੰਮਰਾਹਕੁੰਨ ਸੀ ਅਤੇ ਇਹ ਅਕਾਲੀ ਦਲ ਅਤੇ ਐੱਸਜੀਪੀਸੀ ਨੂੰ ਬਦਨਾਮ ਕਰਨ ਦਾ ਏਜੰਡਾ ਸੀ। ਲਾਪਤਾ 328 ਸਰੂਪਾਂ ਦੇ ਮਾਮਲੇ ਨੂੰ ਹੱਲ ਕਰਨ ਬਾਰੇ ਸੰਦੇਹ ਵਧ ਗਿਆ ਹੈ। ਸਰਕਾਰ ਨੇ ਕਿਹਾ ਕਿ ਐੱਸਆਈਟੀ ਕੰਮ ਜਾਰੀ ਰੱਖੇਗੀ ਪਰ ਇਸ ਵਿਵਾਦ ਨੇ ਜਾਂਚ ਉੱਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਵਿਰੋਧੀਆਂ ਨੇ ਕਿਹਾ ਕਿ ਸਰਕਾਰ ਇਸ ਵਿੱਚ ਗੰਭੀਰ ਨਹੀਂ ਹੈ ਅਤੇ ਚਾਰ ਸਾਲਾਂ ਵਿੱਚ ਕੁਝ ਨਹੀਂ ਕੀਤਾ। ਜੇ ਸਰਕਾਰ ਨੇ ਅਜਿਹੀਆਂ ਗ਼ਲਤੀਆਂ ਜਾਰੀ ਰੱਖੀਆਂ ਤਾਂ ਮਾਮਲਾ ਹੱਲ ਹੋਣਾ ਮੁਸ਼ਕਲ ਹੈ ਅਤੇ ਸੰਗਤ ਦੀ ਬੇਚੈਨੀ ਵਧੇਗੀ।

ਇਸ ਵਿਵਾਦ ਨੇ ਪੰਜਾਬ ਦੀ ਸਿਆਸਤ ਨੂੰ ਗਰਮਾ ਦਿੱਤਾ ਹੈ। ਆਮ ਆਦਮੀ ਪਾਰਟੀ ਨੂੰ ਹੁਣ ਆਪਣੀ ਸਾਖ ਬਚਾਉਣ ਲਈ ਵੱਡੇ ਕਦਮ ਚੁੱਕਣੇ ਪੈਣਗੇ। ਮੁੱਖ ਮੰਤਰੀ ਨੂੰ ਖੁੱਲ੍ਹ ਕੇ ਜਵਾਬ ਦੇਣਾ ਪਵੇਗਾ ਅਤੇ ਸੱਚ ਨੂੰ ਸਾਹਮਣੇ ਲਿਆਉਣਾ ਪਵੇਗਾ। ਨਹੀਂ ਤਾਂ ਇਹ ਵਿਵਾਦ ਹੋਰ ਵੱਡਾ ਰੂਪ ਧਾਰਨ ਕਰ ਸਕਦਾ ਹੈ। ਇਸ ਨਾਲ ਆਪ ਪਾਰਟੀ ਨੂੰ ਸਿਆਸੀ ਨੁਕਸਾਨ ਹੋ ਸਕਦਾ ਹੈ।

## ਵਿਰੋਧੀ ਧਿਰਾਂ ਦੀ ਪ੍ਰਤੀਕਿਰਿਆ: ਅਸਤੀਫ਼ੇ ਅਤੇ ਮੁਆਫੀ ਦੀ ਮੰਗ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਨੈਤਿਕ ਅਧਿਕਾਰ ਗੁਆ ਲਿਆ ਹੈ ਅਤੇ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਸਵਾਲ ਉਠਾਏ ਕਿ ਐੱਸਆਈਟੀ ਅਦਾਲਤ ਦੀ ਥਾਂ ਮੁੱਖ ਮੰਤਰੀ ਨੂੰ ਰਿਪੋਰਟ ਕਿਉਂ ਕਰ ਰਹੀ ਹੈ ? ਪਹਿਲਾਂ ਦਰਜ ਐੱਫਆਈਆਰ ਦਾ ਕੀ ਬਣੇਗਾ ? ਅਤੇ ਜਨਤਾ ਨੂੰ ਗੁੰਮਰਾਹ ਕਰਨ ਲਈ ਕੌਣ ਜ਼ਿੰਮੇਵਾਰ ਹੈ ? ਚੀਮਾ ਨੇ ਕਿਹਾ ਕਿ ਇਹ ਮਾਮਲਾ ਜਨਤਕ ਜਵਾਬਦੇਹੀ ਨਾਲ ਜੁੜਿਆ ਹੈ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਵੀ ਆਮ ਆਦਮੀ ਪਾਰਟੀ ਉੱਤੇ ਹਮਲਾ ਕੀਤਾ। ਉਨ੍ਹਾਂ ਨੇ ਕਿਹਾ ਕਿ ਪਾਰਟੀ ਨੇ ਯੂ-ਟਰਨ ਲੈ ਕੇ ਆਪਣੇ ਬਿਆਨਾਂ ਤੋਂ ਪਿੱਛੇ ਹਟ ਗਈ ਹੈ ਅਤੇ ਮੁੱਖ ਮੰਤਰੀ ਨੂੰ ਸਿੱਖ ਕੌਮ ਤੋਂ ਜਨਤਕ ਮੁਆਫੀ ਮੰਗਣੀ ਚਾਹੀਦੀ ਹੈ। ਖਹਿਰਾ ਨੇ ਇਸ ਨੂੰ ਬਹਿਬਲ ਕਲਾਂ ਅਤੇ ਬਰਗਾੜੀ ਕਾਂਡ ਨਾਲ ਜੋੜ ਕੇ ਕਿਹਾ ਕਿ ਸਰਕਾਰ ਇਨ੍ਹਾਂ ਮਾਮਲਿਆਂ ਵਿੱਚ ਗੰਭੀਰ ਨਹੀਂ ਹੈ ਅਤੇ ਚਾਰ ਸਾਲਾਂ ਵਿੱਚ ਕੋਈ ਇਨਸਾਫ਼ ਨਹੀਂ ਦਿੱਤਾ।

## ਭਾਰਤ ਵਿੱਚ ਵੱਧ ਰਹੇ ਨਫ਼ਰਤ ਭਰੇ ਭਾਸ਼ਣ ਇੱਕ ਨਵੇਂ ਅਤੇ ਖ਼ਤਰਨਾਕ ਯੁਗ ਨੂੰ ਦਰਸਾਉਂਦੇ ਹਨ: ਸੀਐਸਓਐਚ


ਰਿਪੋਰਟ 2025, ਹੇਟ ਸਪੀਚ ਇਵੈਂਟਸ ਇਨ ਇੰਡੀਆ' ਨਾਮ ਦੀ ਰਿਪੋਰਟ ਵਿੱਚ ਕੀਤੇ ਗਏ ਹਨ ਹੈਰਾਨ ਕਰਨ ਵਾਲੇ ਦਾਅਵੇ

ਨਫਰਤੀ ਭਾਸ਼ਣ ਦੇਣ ਵਾਲਿਆਂ ਵਿਚ ਪੁਸ਼ਕਰ ਧਾਮੀ, ਪ੍ਰਵੀਨ ਤੋਗੜਿਆ, ਅਸ਼ਵਨੀ ਉਪਾਧਾਏ, ਅਮਿਤ ਸ਼ਾਹ, ਯੋਗੀ ਆਦਿਤਿਆਨਾਥ ਵਰਗੇ ਸ਼ਾਮਿਲ

ਨਵੀਂ ਦਿੱਲੀ 20 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਅਮਰੀਕਾ ਦੇ ਵਾਸ਼ਿੰਗਟਨ ਸਥਿਤ ਇੱਕ ਗੈਰ-ਸਰਕਾਰੀ ਸੰਸਥਾ ਸੈਂਟਰ ਫਾਰ ਸਟੱਡੀ ਆਫ਼ ਆਰਗੇਨਾਈਜ਼ਡ ਹੇਟ ਨੇ ਭਾਰਤ ਵਿੱਚ ਨਫ਼ਰਤੀ ਭਾਸ਼ਣ 'ਤੇ ਇੱਕ ਰਿਪੋਰਟ ਜਾਰੀ ਕੀਤੀ ਹੈ।

## ਛਪਦੇ ਛਪਦੇ

### ਮਾਮਲਾ ਗੁਰਪ੍ਰੀਤ ਹਰੀ ਨੌਂ ਦੇ ਕਤਲ ਕਾਂਡ ਦਾ -ਭਾਈ ਅੰਮ੍ਰਿਤਪਾਲ ਸਿੰਘ ਤੇ ਇਕ ਹੋਰ ਕੇਸ



ਫਰੀਦਕੋਟ-ਫਰੀਦਕੋਟ ਦੀ ਅਦਾਲਤ ਵੱਲੋਂ ਅੱਜ ਗੁਰਪ੍ਰੀਤ ਹਰੀ ਨੌਂ ਦੇ ਕਤਲ ਕਾਂਡ ਮਾਮਲੇ ਵਿੱਚ ਸ਼ਾਮਲ 17 ਦੋਸ਼ੀਆਂ ਵਿਚੋਂ 12 ਦੇ ਖਿਲਾਫ਼ ਦੋਸ਼ ਤੈਅ ਕੀਤੇ ਗਏ ਹਨ । ਭਾਈ ਅੰਮ੍ਰਿਤਪਾਲ ਸਿੰਘ ਅਤੇ ਗੈਂਗਸਟਰ ਅਰਸ਼ ਡੱਲਾ ਵੀ ਇਸ ਕੇਸ ਵਿੱਚ ਦੋਸ਼ੀ ਬਣਾਏ ਜਾ ਚੁੱਕੇ ਹਨ ।

# ਸੁਪਰੀਮ ਕੋਰਟ ਵੱਲੋਂ ਪੰਜਾਬ ਕੇਸਰੀ ਨੂੰ ਵੱਡੀ ਰਾਹਤ: ਪ੍ਰਿੰਟਿੰਗ ਪ੍ਰੈੱਸਾਂ ਨੂੰ ਬੰਦ ਨਹੀਂ ਕੀਤਾ ਜਾਵੇਗਾ

## ✪ ਪੰਜਾਬ ਲੀਡਰਸ਼ਿਪ ਤੇ ਬਾਦਲ ਦਲ ਵਲੋਂ ਆਪ ਸਰਕਾਰ ਦੇ ਤਾਨਾਸ਼ਾਹੀ ਵਾਲੇ ਕੰਮਾਂ 'ਤੇ ਤਿੱਖੀ ਨਿਖੇਧੀ

ਚੰਡੀਗੜ੍ਹ-ਸੁਪਰੀਮ ਕੋਰਟ ਨੇ ਪੰਜਾਬ ਕੇਸਰੀ ਅਖ਼ਬਾਰ ਸਮੂਹ ਨੂੰ ਵੱਡੀ ਰਾਹਤ ਦਿੰਦੇ ਹੋਏ ਪੰਜਾਬ ਸਰਕਾਰ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ ਕਿ ਅਖ਼ਬਾਰ ਦੀਆਂ ਪ੍ਰਿੰਟਿੰਗ ਪ੍ਰੈੱਸਾਂ ਨੂੰ ਬੰਦ ਨਹੀਂ ਕੀਤਾ ਜਾਵੇਗਾ ਅਤੇ ਉਹ ਨਿਰਵਿਘਨ ਚੱਲਦੀਆਂ ਰਹਿਣਗੀਆਂ। ਅਦਾਲਤ ਨੇ ਇਹ ਫੈਸਲਾ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਅਖ਼ਬਾਰ ਵਿਰੁੱਧ ਕੀਤੀਆਂ ਜਾ ਰਹੀਆਂ ਕਥਿਤ ਬਦਲਾਖੋਰੀ ਵਾਲੀਆਂ ਕਾਰਵਾਈਆਂ ਦੇ ਮੱਦੇਨਜ਼ਰ ਸੁਣਾਇਆ ਹੈ।



### ਕੇਜਰੀਵਾਲ ਨਾਲ ਜੁੜੀ ਖ਼ਬਰ ਬਣੀ ਵਿਵਾਦ ਦੀ ਜੜ੍ਹ

ਅਦਾਲਤ ਵਿੱਚ ਪੰਜਾਬ ਕੇਸਰੀ ਸਮੂਹ ਦੇ ਵਕੀਲ ਮੁਕੁਲ ਰੋਹਤਗੀ ਨੇ ਦੱਸਿਆ ਕਿ ਅਖ਼ਬਾਰ ਨੇ ਅਕਤੂਬਰ 2025 ਵਿੱਚ ਅਰਵਿੰਦ ਕੇਜਰੀਵਾਲ ਨੂੰ ਚੰਡੀਗੜ੍ਹ ਵਿੱਚ ਸਰਕਾਰੀ ਰਿਹਾਇਸ਼ ਅਲਾਟ ਕੀਤੇ ਜਾਣ ਨਾਲ ਸਬੰਧਤ ਇੱਕ ਖ਼ਬਰ ਪ੍ਰਕਾਸ਼ਿਤ ਕੀਤੀ ਸੀ।

ਰੋਹਤਗੀ ਅਨੁਸਾਰ, ਇਸ ਖ਼ਬਰ ਤੋਂ ਤੁਰੰਤ ਬਾਅਦ 2 ਨਵੰਬਰ ਤੋਂ ਸਰਕਾਰ ਨੇ ਅਖ਼ਬਾਰ ਦੇ ਇਸ਼ਤਿਹਾਰ ਬੰਦ ਕਰ ਦਿੱਤੇ ਅਤੇ ਵੱਖ-ਵੱਖ ਵਿਭਾਗਾਂ ਰਾਹੀਂ ਛਾਪੇਮਾਰੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦਲੀਲ ਦਿੱਤੀ ਕਿ ਸਿਰਫ਼ ਇੱਕ ਖ਼ਬਰ ਕਾਰਨ ਬਿਜਲੀ ਕੱਟਣਾ, ਹੋਟਲ ਬੰਦ ਕਰਨਾ ਅਤੇ ਐਫ.ਆਈ.ਆਰ. ਦਰਜ ਕਰਨਾ ਪ੍ਰੈੱਸ ਦੀ ਆਜ਼ਾਦੀ ਦਾ ਘਾਣ ਹੈ।

### ਸੁਪਰੀਮ ਕੋਰਟ ਦੇ ਬੈਂਚ ਦਾ ਅਹਿਮ ਫੈਸਲਾ

ਚੀਫ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਪੰਚੋਲੀ ਦੇ ਬੈਂਚ ਨੇ ਹੁਕਮ ਦਿੱਤਾ ਕਿ:

ਪੰਜਾਬ ਕੇਸਰੀ ਦੀਆਂ ਪ੍ਰਿੰਟਿੰਗ ਪ੍ਰੈੱਸਾਂ ਨਿਰਵਿਘਨ ਚੱਲਦੀਆਂ ਰਹਿਣਗੀਆਂ।

ਹੋਰ ਜਾਇਦਾਦਾਂ ਦੇ ਮਾਮਲੇ ਵਿੱਚ 'ਸਥਿਤੀ ਜਿਉਂ ਦੀ ਤਿਉਂ' ਬਣੀ ਰਹੇਗੀ।

ਇਹ ਹੁਕਮ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਤੋਂ ਇੱਕ ਹਫ਼ਤੇ ਬਾਅਦ ਤੱਕ ਵੀ ਪ੍ਰਭਾਵੀ ਰਹੇਗਾ।

### ਪੰਜਾਬ ਸਰਕਾਰ ਦਾ ਪੱਖ

ਦੂਜੇ ਪਾਸੇ, 'ਆਪ' ਸਰਕਾਰ ਨੇ ਬਦਲਾਖੋਰੀ ਦੇ ਇਲਜ਼ਾਮਾਂ ਨੂੰ ਨਕਾਰਦਿਆਂ ਕਿਹਾ ਹੈ ਕਿ ਇਹ ਕਾਰਵਾਈਆਂ ਸਿਰਫ਼ ਨਿਯਮਾਂ ਦੀ ਉਲੰਘਣਾ ਕਰਕੇ ਕੀਤੀਆਂ ਗਈਆਂ ਹਨ। ਸਰਕਾਰ ਅਨੁਸਾਰ ਜਲੰਧਰ ਸਥਿਤ ਚੋਪੜਾ ਪਰਿਵਾਰ ਦੇ ਹੋਟਲ ਵਿੱਚ ਗੈਰ-ਮਨਜ਼ੂਰਸ਼ੁਦਾ ਥਾਂਵਾਂ 'ਤੇ 800 ਤੋਂ ਵੱਧ ਸ਼ਰਾਬ ਦੀਆਂ ਬੋਤਲਾਂ ਅਤੇ ਐਕਸਪਾਇਰੀ ਬੀਅਰ ਮਿਲੀ।

ਪ੍ਰਦੂਸ਼ਣ ਕੰਟਰੋਲ ਬੋਰਡ ਨੇ ਦੋਸ਼ ਲਾਇਆ ਕਿ ਹੋਟਲ ਦਾ ਜ਼ਹਿਰੀਲਾ ਪਾਣੀ ਸਿੱਧਾ ਸੀਵਰ ਵਿੱਚ ਪਾਇਆ ਜਾ ਰਿਹਾ ਸੀ। ਪ੍ਰਿੰਟਿੰਗ ਯੂਨਿਟਾਂ ਵਿੱਚ ਸੁਰੱਖਿਆ ਮਾਪਦੰਡਾਂ ਦੀ ਅਣਦੇਖੀ ਕੀਤੀ ਗਈ ਸੀ।

### ਸਿਆਸੀ ਤਿੱਖੀ ਪ੍ਰਤੀਕਿਰਿਆ: ਵਿਰੋਧੀ ਧਿਰਾਂ ਵੱਲੋਂ ਨਿਖੇਧੀ

ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਪੰਜਾਬ ਦੀ ਸਿਆਸਤ ਗਰਮਾ ਗਈ ਹੈ:

ਸੁਖਬੀਰ ਸਿੰਘ ਬਾਦਲ (ਅਕਾਲੀ ਦਲ): ਉਨ੍ਹਾਂ ਨੇ ਇਸ ਨੂੰ ਪ੍ਰੈੱਸ ਦੀ ਆਜ਼ਾਦੀ ਦੀ ਜਿੱਤ ਦੱਸਿਆ ਅਤੇ ਮੰਗ ਕੀਤੀ ਕਿ ਹੋਰਨਾਂ ਮੀਡੀਆ ਅਦਾਰਿਆਂ ਵਿਰੁੱਧ ਕਾਰਵਾਈਆਂ ਵੀ ਵਾਪਸ ਲਈਆਂ ਜਾਣ।

ਇਕਬਾਲ ਸਿੰਘ ਲਾਲਪੁਰਾ ਤੇ ਸੁਨੀਲ ਜਾਖੜ (ਭਾਜਪਾ): ਉਨ੍ਹਾਂ ਨੇ ਇਸ ਨੂੰ ਸਰਕਾਰ ਦੀ 'ਤਾਨਾਸ਼ਾਹੀ' 'ਤੇ ਕਰਾਰੀ ਚੋਟ ਦੱਸਿਆ।

ਅਮਰਿੰਦਰ ਸਿੰਘ ਰਾਜਾ ਵੜਿੰਗ (ਕਾਂਗਰਸ): ਉਨ੍ਹਾਂ ਨੇ ਸਰਕਾਰੀ ਕਾਰਵਾਈ ਨੂੰ ਲੋਕਤੰਤਰ ਵਿਰੁੱਧ ਕਰਾਰ ਦਿੱਤਾ।

### ਲੋਕਤੰਤਰ ਅਤੇ ਪ੍ਰੈੱਸ ਦੀ ਆਜ਼ਾਦੀ 'ਤੇ ਸਵਾਲ

ਇਸ ਮਾਮਲੇ ਨੇ ਪੰਜਾਬ ਵਿੱਚ ਪ੍ਰੈੱਸ ਦੀ ਆਜ਼ਾਦੀ ਨੂੰ ਲੈ ਕੇ ਨਵੀਂ ਬਹਿਸ ਛੇੜ ਦਿੱਤੀ ਹੈ। ਵਿਰੋਧੀਆਂ ਦਾ ਕਹਿਣਾ ਹੈ ਕਿ ਪਹਿਲਾਂ ਵੀ ਪੱਤਰਕਾਰਾਂ ਅਤੇ ਐਕਟੀਵਿਸਟਾਂ (ਜਿਵੇਂ ਮਾਨਿਕ ਗੋਇਲ) ਵਿਰੁੱਧ ਕੀਤੀਆਂ ਕਾਰਵਾਈਆਂ ਇਹ ਦਰਸਾਉਂਦੀਆਂ ਹਨ ਕਿ ਸਰਕਾਰ ਅਲੋਚਨਾ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਕੇਸਰੀ ਸਮੂਹ ਨੇ ਵੀ ਰਾਜਪਾਲ ਨੂੰ ਪੱਤਰ ਲਿਖ ਕੇ ਇਸ ਨੂੰ "ਟਾਰਗੇਟਿਡ ਵਿਚ-ਹੰਟ" ਕਰਾਰ ਦਿੱਤਾ ਹੈ।

# ਗੈਰਕਾਨੂੰਨੀ ਮਕਾਨ ਕਿਰਾਏ 'ਤੇ ਦੇਣ 'ਚ ਫੜਿਆ ਗਿਆ ਮਾਲਿਕ, £81,000 ਜੁਰਮਾਨਾ ਭਰਨ ਦਾ ਹੁਕਮ



ਹੰਸਲੋ-ਇੱਕ ਗੈਰਜਿੰਮੇਵਾਰ ਮਾਲਿਕ ਨੂੰ £81,000 ਦਾ ਭਾਰੀ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਗਿਆ ਹੈ, ਜ਼ਦੋਂ ਅਧਿਕਾਰੀਆਂ ਨੇ ਪਤਾ ਲਗਾਇਆ ਕਿ ਉਹ ਇੱਕ ਬਾਗ ਦੇ ਪਿੱਛੇ ਬਣੇ ਛੋਟੇ ਆਊਟਬਿਲਡਿੰਗ ਨੂੰ ਕਿਰਾਏ 'ਤੇ ਦੇ ਰਿਹਾ ਸੀ, ਜੋ "ਲੋਕਾਂ ਦੇ ਰਹਿਣ ਲਈ ਬਿਲਕੁਲ ਅਣਉਚਿਤ" ਸੀ। ਜਾਂਚ ਦੌਰਾਨ ਕੌਂਸਲ ਇੰਸਪੈਕਟਰਾਂ ਨੇ ਵੇਖਿਆ ਕਿ ਪਿੱਛੇ ਬਣੀ ਇਹ ਇਮਾਰਤ ਨੂੰ ਬਿਨਾਂ ਮਿਆਰੀ ਸਹੂਲਤਾਂ ਦੇ ਰਹਾਇਸ਼ ਵਿੱਚ ਤਬਦੀਲ ਕੀਤਾ ਗਿਆ ਸੀ। ਉੱਥੇ ਇਨਸੂਲੇਸ਼ਨ ਦੀ ਕਮੀ, ਵੈਂਟੀਲੇਸ਼ਨ ਦੀ ਘਾਟ ਅਤੇ ਬਣਤੂ ਸਫ਼ਾਈ-ਸੁੱਧਾਈ ਵਰਗੀਆਂ ਸਮੱਸਿਆਵਾਂ ਸਨ। ਇਸਦੇ ਬਾਵਜੂਦ ਮਾਲਿਕ ਇਸ ਥਾਂ ਲਈ ਕਿਰਾਇਆ ਵੱਸੂਲ ਕਰ ਰਿਹਾ ਸੀ। ਕੌਂਸਲ ਵੱਲੋਂ ਕਾਰਵਾਈ ਕੀਤੀ ਗਈ ਅਤੇ ਹਾਊਸਿੰਗ ਸਟੈਂਡਰਡ ਤੋੜਨ ਦੇ ਦੋਸ਼ਾਂ ਹੇਠ ਮਾਲਿਕ ਨੂੰ ਟ੍ਰਿਬਿਊਨਲ ਨੇ ਜੁਰਮਾਨੇ ਅਤੇ ਕਾਨੂੰਨੀ ਖਰਚਿਆਂ ਸਮੇਤ £81,000 ਅਦਾ ਕਰਨ ਦਾ ਹੁਕਮ ਦਿੱਤਾ। ਅਧਿਕਾਰੀਆਂ ਨੇ ਕਿਹਾ ਕਿ ਇਹ ਮਾਮਲਾ ਖੇਤਰ ਵਿੱਚ "ਸ਼ੈਡ ਵਿੱਚ ਬੈਡਰੂਮ" ਵਰਗੀਆਂ ਗੈਰਕਾਨੂੰਨੀ ਰਹਾਇਸ਼ੀਆਂ ਬਾਰੇ ਚਿੰਤਾਵਾਂ ਨੂੰ ਹੋਰ ਵਧਾਉਂਦਾ ਹੈ। "ਕਿਸੇ ਨੂੰ ਵੀ ਅਸੁਰੱਖਿਅਤ ਅਤੇ ਘਟੀਆ ਹਾਲਤਾਂ ਵਿੱਚ ਰਹਿਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ," ਕੌਂਸਲ ਦੇ ਬੁਲਾਰੇ ਨੇ ਕਿਹਾ। "ਅਸੀਂ ਉਹਨਾਂ ਮਾਲਕਾਂ ਖ਼ਿਲਾਫ਼ ਕਾਰਵਾਈ ਕਰਦੇ ਰਹਾਂਗੇ ਜੋ ਕਿਰਾਇਦਾਰਾਂ ਦਾ ਸ਼ੋਸ਼ਣ ਕਰਦੇ ਹਨ।" ਇਸ ਇਮਾਰਤ ਨੂੰ ਹੁਣ ਰਹਾਇਸ਼ ਲਈ ਬੰਦ ਕਰ ਦਿੱਤਾ ਗਿਆ ਹੈ ਅਤੇ ਕੌਂਸਲ ਨੇ ਹੋਰ ਪ੍ਰਭਾਵਿਤ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ

# ਚਾਰ ਪੰਥਕ ਜਥੇਬੰਦੀਆਂ ਵੱਲੋਂ 26 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਸਨਮੁੱਖ ਪੰਥਕ ਇਕੱਤਰਤਾ ਦਾ ਐਲਾਨ

*ਮੁੱਖ ਸਫ਼ੇ ਦੀ ਖ਼ਬਰ ਦਾ ਬਾਕੀ ਹਿਸਾ*

ਇਹ ਇਕੱਤਰਤਾ ਖਾਸ ਤੌਰ 'ਤੇ ਸੰਨ 1986 ਵਿੱਚ 26 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਰਬੱਤ ਖ਼ਾਲਸਾ ਸੰਮੇਲਨ ਦੇ 40 ਸਾਲ ਪੂਰੇ ਹੋਣ ਦੇ ਮੌਕੇ 'ਤੇ ਬੁਲਾਈ ਗਈ ਹੈ। ਉਸ ਸਮੇਂ ਦੇ ਇਸ ਇਤਿਹਾਸਕ ਸੰਮੇਲਨ ਵਿੱਚ ਕਈ ਅਹਿਮ ਫੈਸਲੇ ਲਏ ਗਏ ਸਨ, ਜਿਨ੍ਹਾਂ ਵਿੱਚ ਅਕਾਲ ਤਖ਼ਤ ਸਾਹਿਬ ਦੀ ਪੂਰੀ ਕੰਟਰੋਲ ਵਾਪਸ ਖਾਲਸਾ ਪੰਥ ਨੂੰ ਦੇਣਾ, ਕੁਝ ਜਥੇਦਾਰਾਂ ਨੂੰ ਪੰਥ ਵਿਰੋਧੀ ਐਲਾਨ ਕਰਨਾ ਅਤੇ ਸਿੱਖ ਕੌਮ ਦੇ ਭਵਿੱਖ ਲਈ ਵੱਡੇ ਰਾਜਨੀਤਿਕ ਫੈਸਲੇ ਸ਼ਾਮਲ ਸਨ। ਇਸ ਇਕੱਤਰਤਾ ਦਾ ਮੁੱਖ ਮਨੋਰਥ ਉਸ ਇਤਿਹਾਸਕ ਫੈਸਲੇ ਨੂੰ ਯਾਦ ਕਰਨਾ ਅਤੇ ਪੰਥਕ ਜੱਦੋ-ਜਹਿਦ ਨੂੰ ਨਵੇਂ ਸਿਰੇ ਨਾਲ ਮੁੜ ਮਜ਼ਬੂਤ ਕਰਨਾ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਦਲ ਖ਼ਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਕਿਹਾ ਕਿ ਇਸ ਇਕੱਤਰਤਾ ਵਿੱਚ ਖ਼ਾਲਿਸਤਾਨ ਸੰਘਰਸ਼ ਵਿੱਚ ਸ਼ਹੀਦ ਹੋਏ ਸਿੱਖਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਨਾਲ ਹੀ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਜਲਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ। ਸਿਮਰਨਜੀਤ ਸਿੰਘ ਮਾਨ ਨੇ ਸਾਫ਼ ਸ਼ਬਦਾਂ ਵਿੱਚ ਕਿਹਾ, "ਸਾਡਾ ਨਿਸ਼ਾਨਾ ਪੂਰੀ ਅਮਨ ਤਰੀਕੇ ਨਾਲ ਸਿੱਖ ਰਾਜ ਦੀ ਸਥਾਪਨਾ ਹੈ। ਅਸੀਂ ਚਾਹੁੰਦੇ ਹਾਂ ਕਿ ਖਾਲਸਾ ਪੰਥ ਆਪਣੇ ਹੱਕਾਂ ਲਈ ਏਕਤਾ ਨਾਲ ਅੱਗੇ ਵਧੇ ਅਤੇ ਕੋਈ ਵੀ ਰੁਕਾਵਟ ਆਉਣ ਨਾ ਦੇਵੇ।"

ਇਸ ਮੌਕੇ 'ਤੇ ਇੱਕ ਹੋਰ ਗੰਭੀਰ ਮੁੱਦੇ ਨੂੰ ਵੀ ਚੁੱਕਿਆ ਗਿਆ। ਆਗੂਆਂ ਨੇ 328 ਪਾਵਨ ਸਰੂਪਾਂ (ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ) ਦੇ ਗੁਆਚਣ ਵਾਲੇ ਮਾਮਲੇ 'ਤੇ ਚਰਚਾ ਕੀਤੀ ਅਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੇ ਸਾਰੇ ਤੱਥ ਜਲਦੀ ਤੋਂ ਜਲਦੀ ਖਾਲਸਾ ਪੰਥ ਦੀ ਕਚਹਿਰੀ ਅੱਗੇ ਰੱਖੇ ਜਾਣ। ਉਹਨਾਂ ਕਿਹਾ ਕਿ ਇਹ ਮਸਲਾ ਬਹੁਤ ਸੰਵੇਦਨਸ਼ੀਲ ਹੈ ਅਤੇ ਪੰਥ ਨੂੰ ਪੂਰੀ ਜਾਣਕਾਰੀ ਮਿਲਣੀ ਜ਼ਰੂਰੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ।

ਪੰਥਕ ਆਗੂਆਂ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਵੱਡੀ ਗਿਣਤੀ ਵਿੱਚ ਹਾਜ਼ਰ ਹੋ ਕੇ ਇਸ ਇਕੱਤਰਤਾ ਨੂੰ ਸਫਲ ਬਣਾਉਣ ਅਤੇ ਪੰਥ ਦੀ ਏਕਤਾ ਨੂੰ ਮਜ਼ਬੂਤ ਕਰਨ ਵਿੱਚ ਹਿੱਸਾ ਪਾਉਣ।

# ਦਿੱਲੀ ਵਿਧਾਨ ਸਭਾ ਵਿੱਚ ਆਤਿਸ਼ੀ ਨੇ ਸਿੱਖ ਗੁਰੂ ਸਾਹਿਬਾਨ ਵਿਰੁੱਧ ਅਪਮਾਨਜਨਕ ਟਿੱਪਣੀ ਕੀਤੀ ?

ਨਵੀਂ ਦਿੱਲੀ-ਗੁਰੂ ਸਾਹਿਬਾਨ ਦੀ ਬੇਅਦਬੀ ਨੂੰ ਲੈਕੇ ਆਮ ਆਦਮੀ ਪਾਰਟੀ ਦੀ ਨੇਤਾ ਅਤੇ ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਮਾਰਲੇਨਾ ਨੂੰ ਲੈ ਕੇ ਵਿਵਾਦ ਵਧਦਾ ਜਾ ਰਿਹਾ ਹੈ। ਉਨ੍ਹਾਂ ਤੇ ਦੋਸ਼ ਹੈ ਕਿ ਉਨ੍ਹਾਂ ਨੇ 6 ਜਨਵਰੀ 2026 ਨੂੰ ਵਿਧਾਨ ਸਭਾ ਵਿੱਚ ਗੱਲਬਾਤ ਦੌਰਾਨ ਸਿੱਖ ਗੁਰੂ ਤੇਗ ਬਹਾਦਰ ਜੀ ਵਿਰੁੱਧ ਅਪਮਾਨਜਨਕ ਸ਼ਬਦ ਵਰਤੇ ਹਨ। ਇਹ ਮਾਮਲਾ ਹੁਣ ਸਿੱਖ ਪੰਥਕ ਜਥੇਬੰਦੀਆਂ, ਸਿਆਸੀ ਆਗੂਆਂ ਅਤੇ ਕਾਨੂੰਨੀ ਅਦਾਰਿਆਂ ਤੱਕ ਪਹੁੰਚ ਗਿਆ ਹੈ। ਬਾਦਲ ਪਰਿਵਾਰ ਵੱਲੋਂ ਚਲਾਈ ਜਾ ਰਹੀ ਸ਼੍ਰੋਮਣੀ ਅਕਾਲੀ ਦਲ (ਐੱਸਏਡੀ) ਨੇ ਇਸ ਮਾਮਲੇ ਵਿੱਚ ਸਖ਼ਤ ਰੁਖ ਅਪਣਾਇਆ ਹੈ ਅਤੇ ਆਤਿਸ਼ੀ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਹੈ।

6 ਜਨਵਰੀ ਨੂੰ ਦਿੱਲੀ ਵਿਧਾਨ ਸਭਾ ਵਿੱਚ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨਾਲ ਜੁੜੇ ਇੱਕ ਪ੍ਰੋਗਰਾਮ ਬਾਰੇ ਚਰਚਾ ਹੋ ਰਹੀ ਸੀ। ਇਸ ਦੌਰਾਨ ਆਤਿਸ਼ੀ ਨੇ ਨੇ ਗੁਰੂ ਜੀ ਨੂੰ ਲੈ ਕੇ ਅਜਿਹੇ ਸ਼ਬਦ ਵਰਤੇ ਜੋ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ। ਵੀਡੀਓ ਵਿੱਚ ਸਾਫ਼ ਸੁਣਾਈ ਦਿੰਦਾ ਹੈ ਕਿ ਉਨ੍ਹਾਂ ਨੇ 'ਗੁਰੂਆਂ' ਸ਼ਬਦ ਨਾਲ ਜੁੜੀ ਅਪਮਾਨਜਨਕ ਗੱਲ ਕੀਤੀ। ਇਹ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋ ਗਈ ਅਤੇ ਭਾਜਪਾ ਵਿਧਾਇਕਾਂ ਨੇ ਵਿਧਾਨ ਸਭਾ ਵਿੱਚ ਹੰਗਾਮਾ ਕੀਤਾ। ਆਤਿਸ਼ੀ ਇਸ ਤੋਂ ਬਾਅਦ ਸਦਨ ਵਿੱਚ ਨਹੀਂ ਆਈ ਪਰ ਉਸਨੇ ਆਪਣੇ ਉਪਰ ਲਗੇ ਦੋਸ਼ਾਂ ਨੂੰ ਰੱਦ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਅਜਿਹੀ ਟਿੱਪਣੀ ਨਹੀਂ ਕੀਤੀ ਅਤੇ ਇਹ ਵੀਡੀਓ ਨੂੰ ਬਦਲਿਆ ਗਿਆ ਹੈ। ਪਰ ਫੋਰੈਂਸਿਕ ਰਿਪੋਰਟ ਨੇ ਇਸ ਨੂੰ ਗਲਤ ਸਾਬਤ ਕੀਤਾ ਹੈ।

## ✪ ਸੱਚਾਈ ਕੀ ਹੈ ਅਤੇ ਕੀ ਹੋ ਰਹੀ ਹੈ ਕਾਰਵਾਈ

### ਕੀ ਚੱਲ ਰਹੀ ਹੈ ਜਾਂਚ ਅਤੇ ਕੀ ਕਾਰਵਾਈ ਹੋ ਰਹੀ ਹੈ ?



ਸਪੀਕਰ ਨੇ ਸੀਬੀਆਈ ਜਾਂਚ ਦਾ ਐਲਾਨ ਕੀਤਾ ਹੈ ਤਾਂ ਜੋ ਪੂਰੀ ਗੱਲ ਸਾਫ਼ ਹੋਵੇ। ਵਿਸ਼ੇਸ਼ ਅਧਿਕਾਰ ਕਮੇਟੀ ਨੇ ਆਤਿਸ਼ੀ ਨੂੰ ਨੋਟਿਸ ਭੇਜੇ ਹਨ ਅਤੇ ਉਨ੍ਹਾਂ ਨੂੰ ਮਾਫ਼ੀ ਮੰਗਣ ਲਈ ਕਿਹਾ ਗਿਆ ਹੈ। ਜੇ ਨਹੀਂ ਤਾਂ ਅਸੈਂਬਲੀ ਵਿੱਚ ਸਖ਼ਤ ਕਾਰਵਾਈ ਹੋ ਸਕਦੀ ਹੈ। ਪੰਜਾਬ ਵਿੱਚ ਐੱਫਆਈਆਰ ਦਰਜ ਹੈ ਪਰ ਦਿੱਲੀ ਨੇ ਪੰਜਾਬ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਅਸੈਂਬਲੀ ਦੇ ਮਾਮਲੇ ਵਿੱਚ ਦਖਲ ਨਾ ਦੇਣ। ਐੱਸਜੀਪੀਸੀ ਨੇ ਵੀ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਬਾਦਲ ਨੇ ਕਿਹਾ ਕਿ ਉਹ ਪੰਥ ਨੂੰ ਇਨਸਾਫ਼ ਦਿਵਾਉਣ ਲਈ ਲੜਨਗੇ ਅਤੇ ਆਤਿਸ਼ੀ ਨੂੰ ਅਹੁਦੇ ਤੋਂ ਹਟਾਉਣ ਲਈ ਜੱਦੋਜਹਿਦ ਕਰਨਗੇ। ਇਹ ਵਿਵਾਦ ਹੁਣ ਵੱਡੀ ਰਾਜਨੀਤਿਕ ਲੜਾਈ ਬਣ ਗਿਆ ਹੈ ਅਤੇ ਸਿੱਖ ਸੰਗਤਾਂ ਵਿੱਚ ਗੁੱਸਾ ਵਧ ਰਿਹਾ ਹੈ। ਬਾਦਲ ਪਾਰਟੀ ਨੇ ਇਸ ਨੂੰ ਆਪਣੇ ਹੱਕ ਵਿੱਚ ਵਰਤ ਕੇ ਪੰਥਕ ਵੋਟਾਂ ਨੂੰ ਮਜ਼ਬੂਤ ਕੀਤਾ ਹੈ ਅਤੇ ਆਪ ਨੂੰ ਨੁਕਸਾਨ ਪਹੁੰਚ ਰਿਹਾ ਹੈ। ਸਿੱਖ ਆਗੂ ਕਹਿ ਰਹੇ ਹਨ ਕਿ ਗੁਰੂ ਜੀ ਨੂੰ ਅਪਮਾਨ ਨਹੀਂ ਸਹਿਣਾ ਚਾਹੀਦਾ ਅਤੇ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

### ਹੁਣ ਸੱਚਾਈ ਕੀ ਹੈ ?

ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ 17 ਜਨਵਰੀ ਨੂੰ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਫੋਰੈਂਸਿਕ ਸਾਇੰਸ ਲੈਬੋਰੇਟਰੀ (ਐੱਫਐੱਸਐੱਲ) ਦੀ ਰਿਪੋਰਟ ਆ ਗਈ ਹੈ। ਇਸ ਵਿੱਚ ਸਾਫ਼ ਕਿਹਾ ਗਿਆ ਹੈ ਕਿ ਵੀਡੀਓ ਨੂੰ ਕਿਸੇ ਨੇ ਬਦਲਿਆ ਨਹੀਂ ਹੈ ਅਤੇ ਆਡੀਓ-ਵੀਡੀਓ ਪੂਰੀ ਤਰ੍ਹਾਂ ਅਸਲੀ ਹੈ। ਫਰੇਮ ਬਾਈ ਫਰੇਮ ਵਿਸ਼ਲੇਸ਼ਣ ਨੇ ਇਹ ਸਾਬਤ ਕੀਤਾ ਹੈ ਕਿ ਕੋਈ ਛੇੜਛਾੜ ਨਹੀਂ ਹੋਈ। ਇਸ ਰਿਪੋਰਟ ਨੂੰ ਵੇਖ ਕੇ ਸਪੀਕਰ ਨੇ ਕਿਹਾ ਕਿ ਹੁਣ ਸੀਬੀਆਈ ਜਾਂਚ ਕਰਵਾਈ ਜਾਵੇਗੀ ਤਾਂ ਜੋ ਪੂਰੀ ਸੱਚਾਈ ਸਾਹਮਣੇ ਆਵੇ ਅਤੇ ਜ਼ਿੰਮੇਵਾਰਾਂ ਨੂੰ ਸਜ਼ਾ ਮਿਲੇ। ਇਸ ਦੇ ਉਲਟ, ਪੰਜਾਬ ਪੁਲਿਸ ਨੇ ਆਪਣੀ ਫੋਰੈਂਸਿਕ ਰਿਪੋਰਟ ਵਿੱਚ ਕਿਹਾ ਸੀ ਕਿ ਵੀਡੀਓ ਨੂੰ ਬਦਲਿਆ ਗਿਆ ਹੈ ਅਤੇ ਜਲੰਧਰ ਵਿੱਚ ਐੱਫਆਈਆਰ ਵੀ ਦਰਜ ਕੀਤੀ ਗਈ। ਪਰ ਦਿੱਲੀ ਵਾਲੀ ਰਿਪੋਰਟ ਨੇ ਇਸ ਨੂੰ ਝੂਠਾ ਸਾਬਤ ਕੀਤਾ ਹੈ। ਇਹ ਵਿਵਾਦ ਹੁਣ ਦਿੱਲੀ ਅਤੇ ਪੰਜਾਬ ਵਿਚਾਲੇ ਰਾਜਨੀਤਿਕ ਲੜਾਈ ਬਣ ਗਿਆ ਹੈ। ਭਾਜਪਾ ਨੇ ਆਪ ਨੂੰ ਘੇਰਿਆ ਹੈ ਅਤੇ ਕਿਹਾ ਕਿ ਆਪ ਨੇ ਪੰਜਾਬ ਦੇ ਅਧਿਕਾਰੀਆਂ ਨੂੰ ਗਲਤ ਵਰਤ ਕੇ ਸੱਚ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਹੈ।

ਇਸ ਬਾਰੇ ਕਈ ਤੱਥ ਸਾਹਮਣੇ ਆ ਚੁੱਕੇ ਹਨ। ਦਿੱਲੀ ਅਸੈਂਬਲੀ ਨੇ ਪੰਜਾਬ ਪੁਲਿਸ ਅਧਿਕਾਰੀਆਂ ਨੂੰ ਨੋਟਿਸ ਭੇਜੇ ਹਨ ਅਤੇ ਉਨ੍ਹਾਂ ਨੂੰ ਪੁੱਛਿਆ ਹੈ ਕਿ ਉਨ੍ਹਾਂ ਨੇ ਕਿਉਂ ਅਜਿਹੀ ਰਿਪੋਰਟ ਬਣਾਈ। ਪੰਜਾਬ ਦੇ ਡੀਜੀਪੀ ਅਤੇ ਜਲੰਧਰ ਪੁਲਿਸ ਕਮਿਸ਼ਨਰ ਨੇ ਜਵਾਬ ਦਿੱਤਾ ਹੈ ਪਰ ਹੋਰ ਵੇਰਵੇ ਮੰਗੇ ਜਾ ਰਹੇ ਹਨ। ਵਿਸ਼ੇਸ਼ ਅਧਿਕਾਰ ਕਮੇਟੀ ਨੇ ਆਤਿਸ਼ੀ ਨੂੰ ਨੋਟਿਸ ਭੇਜ ਕੇ 19 ਜਨਵਰੀ ਤੱਕ ਜਵਾਬ ਮੰਗਿਆ ਸੀ। ਆਤਿਸ਼ੀ ਨੇ ਜਵਾਬ ਵਿੱਚ ਕਿਹਾ ਸੀ ਕਿ ਉਨ੍ਹਾਂ ਨੇ ਕੁਝ ਵੀ ਗਲਤ ਨਹੀਂ ਕਿਹਾ ਅਤੇ ਅਸਲ ਵੀਡੀਓ ਦੀ ਮੰਗ ਕੀਤੀ ਹੈ। ਪਰ ਰਿਪੋਰਟ ਨੇ ਉਨ੍ਹਾਂ ਦੇ ਦਾਅਵੇ ਨੂੰ ਗਲਤ ਸਾਬਤ ਕੀਤਾ ਹੈ। ਜਲੰਧਰ ਅਦਾਲਤ ਨੇ ਵੀ ਵੀਡੀਓ ਨੂੰ 'ਭੜਕਾਊ' ਕਹਿ ਕੇ ਇਸ ਨੂੰ ਹਟਾਉਣ ਦਾ ਹੁਕਮ ਦਿੱਤਾ ਹੈ ਪਰ ਦਿੱਲੀ ਵਾਲੀ ਰਿਪੋਰਟ ਨੇ ਨਵਾਂ ਮੋੜ ਪਾ ਦਿੱਤਾ ਹੈ।

### ਪੰਥਕ ਜਥੇਬੰਦੀਆਂ ਅਤੇ ਸਿਆਸੀ ਆਗੂ ਕੀ ਕਹਿ ਰਹੇ ਹਨ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਨੇ 17 ਜਨਵਰੀ ਨੂੰ ਇੱਕ ਮਤਾ ਪਾਸ ਕੀਤਾ ਅਤੇ ਆਤਿਸ਼ੀ ਨੂੰ ਸਖ਼ਤ ਨਿੰਦਾ ਕੀਤੀ। ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਆਤਿਸ਼ੀ ਨੇ ਸਿੱਖ ਗੁਰੂਆਂ ਵਿਰੁੱਧ ਅਪਮਾਨਜਨਕ ਭਾਸ਼ਾ ਵਰਤੀ ਹੈ ਜੋ ਅਸਹਿਣਸ਼ੀਲ ਹੈ ਅਤੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇਸ ਮਾਮਲੇ ਵਿੱਚ ਸਖ਼ਤ ਰੁਖ ਅਪਣਾਇਆ ਹੈ। ਉਨ੍ਹਾਂ ਨੇ ਦਿੱਲੀ ਅਸੈਂਬਲੀ ਸਪੀਕਰ ਨੂੰ ਚਿੱਠੀ ਲਿਖ ਕੇ ਆਤਿਸ਼ੀ ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਹੈ। ਬਾਦਲ ਨੇ ਕਿਹਾ ਕਿ ਆਤਿਸ਼ੀ ਨੇ ਗੁਰੂ ਜੀ ਦੇ ਬਲੀਦਾਨ ਨੂੰ ਅਪਮਾਨਿਤ ਕੀਤਾ ਹੈ ਅਤੇ ਇਹ ਸਿੱਖ ਪੰਥ ਨੂੰ ਚੁਣੌਤੀ ਹੈ।

ਕਾਂਗਰਸ ਨੇਤਾ ਸੁਖਪਾਲ ਸਿੰਘ ਖੈਰਾ ਨੇ ਵੀ ਆਤਿਸ਼ੀ ਵਿਰੁੱਧ ਫੌਜਦਾਰੀ ਮਾਮਲਾ ਦਰਜ ਕਰਨ ਅਤੇ ਮਾਫ਼ੀ ਮੰਗਣ ਦੀ ਮੰਗ ਕੀਤੀ ਹੈ।

ਭਾਜਪਾ ਨੇਤਾ ਕਪਿਲ ਮਿਸ਼ਰਾ ਨੇ ਵੀ ਆਤਿਸ਼ੀ ਅਤੇ ਆਪ ਚੀਫ ਅਰਵਿੰਦ ਕੇਜਰੀਵਾਲ ਨੂੰ ਨਿਸ਼ਾਨੇ ਤੇ ਲਿਆ ਹੈ ਅਤੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਪੁਲਿਸ ਨੂੰ ਗਲਤ ਵਰਤ ਕੇ ਸੱਚ ਛੁਪਾਉਣ ਦੀ ਕੋਸ਼ਿਸ਼ ਕੀਤੀ ਹੈ।

ਇਸ ਦੇ ਉਲਟ, ਆਪ ਨੇਤਾ ਸੌਰਭ ਭਾਰਦਵਾਜ ਨੇ ਰਿਪੋਰਟ ਨੂੰ ਰੱਦ ਕੀਤਾ ਅਤੇ ਕਿਹਾ ਕਿ ਇਹ ਰਾਜਨੀਤਿਕ ਸਾਜ਼ਿਸ਼ ਹੈ। ਪਰ ਬਾਦਲ ਦਲ ਨੇ ਇਸ ਨੂੰ ਪੰਥ ਵਿਰੋਧੀ ਕਰਾਰ ਦਿੱਤਾ ਹੈ ਅਤੇ ਕਿਹਾ ਕਿ ਆਪ ਨੇ ਸਿੱਖਾਂ ਨੂੰ ਧੋਖਾ ਦਿੱਤਾ ਹੈ।

# ਸਿੱਖ ਵਿਦਿਆਰਥੀਆਂ ਲਈ ਵੱਡੀ ਰਾਹਤ : ਹਰਿਆਣਾ ਵਿੱਚ ਪ੍ਰੀਖਿਆ ਵਿੱਚ ਕਿਰਪਾਨ ਪਹਿਨਣ ਦੀ ਮਿਲੀ ਇਜਾਜ਼ਤ

## ✪ ਕਿਰਪਾਨ ਅਤੇ ਮੰਗਲ ਸੂਤਰ ਨੂੰ ਹਰਿਆਣਾ ਸਰਕਾਰ ਦੀ ਮਨਜ਼ੂਰੀ: ਪ੍ਰੀਖਿਆ ਹਾਲ ਵਿੱਚ ਧਾਰਮਿਕ ਅਧਿਕਾਰ ਸੁਰੱਖਿਅਤ ✪ ਹੁਣ ਪ੍ਰੀਖਿਆ ਵਿੱਚ ਕਿਰਪਾਨ ਲੈ ਜਾ ਸਕਣਗੇ: ਹਰਿਆਣਾ ਨੇ ਜਾਰੀ

ਹਰਿਆਣਾ ਸਰਕਾਰ ਨੇ ਸਿੱਖ ਵਿਦਿਆਰਥੀਆਂ ਤੇ ਵਿਆਹੁਤਾ ਔਰਤਾਂ ਲਈ ਵੱਡੀ ਰਾਹਤ ਦਿੱਤੀ ਹੈ। ਹੁਣ ਪ੍ਰੀਖਿਆ ਹਾਲ ਵਿੱਚ ਸਿੱਖ ਉਮੀਦਵਾਰ ਕਿਰਪਾਨ ਪਹਿਨ ਕੇ ਜਾ ਸਕਣਗੇ ਅਤੇ ਵਿਆਹੁਤਾ ਮਹਿਲਾਵਾਂ ਮੰਗਲ ਸੂਤਰ ਪਾ ਸਕਣਗੀਆਂ। ਇਹ ਫੈਸਲਾ ਮੁੱਖ ਸਕੱਤਰ ਦੇ ਦਫਤਰ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਕੀਤਾ ਗਿਆ ਹੈ। ਇਸ ਨਾਲ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੇ ਵੱਖ-ਵੱਖ ਭਰਤੀ ਏਜੰਸੀਆਂ ਵੱਲੋਂ ਕਰਵਾਈਆਂ ਜਾਣ ਵਾਲੀਆਂ ਪ੍ਰੀਖਿਆਵਾਂ ਵਿੱਚ ਧਾਰਮਿਕ ਅਤੇ ਸੱਭਿਆਚਾਰਕ ਅਧਿਕਾਰਾਂ ਦੀ ਸੁਰੱਖਿਆ ਹੋਵੇਗੀ।

ਸਿੱਖ ਵਿਦਿਆਰਥੀਆਂ ਲਈ ਕਿਰਪਾਨ ਦੀ ਕੁੱਲ ਲੰਬਾਈ 9 ਇੰਚ (ਲਗਭਗ 22.86 ਸੈਂਟੀਮੀਟਰ) ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਵਿੱਚੋਂ ਧਾਰ ਵਾਲੇ ਹਿੱਸੇ (ਬਲੇਡ) ਦੀ ਲੰਬਾਈ 6 ਇੰਚ (15.24 ਸੈਂਟੀਮੀਟਰ) ਤੋਂ ਜ਼ਿਆਦਾ ਨਹੀਂ ਹੋਵੇਗੀ। ਇਹ ਨਿਯਮ ਸਿੱਖ ਧਰਮ ਦੇ ਨਿਯਮਾਂ ਅਨੁਸਾਰ ਪ੍ਰੀਖਿਆ ਦੀ ਸੁਰੱਖਿਆ ਤੇ ਨਿਰਪੱਖਤਾ ਨੂੰ ਬਣਾਈ ਰੱਖਣ ਲਈ ਬਣਾਏ ਗਏ ਹਨ। ਜੇ ਕੋਈ ਸਿੱਖ ਉਮੀਦਵਾਰ ਕਿਰਪਾਨ ਨਾਲ ਪ੍ਰੀਖਿਆ ਦੇਣ ਜਾਵੇ ਤਾਂ ਉਸ ਨੂੰ ਪ੍ਰੀਖਿਆ ਸ਼ੁਰੂ ਹੋਣ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ ਪਹੁੰਚਣਾ ਪਵੇਗਾ। ਇਸ ਨਾਲ ਜਾਂਚ ਅਤੇ ਜ਼ਰੂਰੀ ਰਸਮੀ ਕਾਰਵਾਈ ਆਸਾਨੀ ਨਾਲ ਪੂਰੀ ਹੋ ਸਕੇਗੀ।

ਇਸੇ ਤਰ੍ਹਾਂ ਵਿਆਹੁਤਾ ਔਰਤ ਉਮੀਦਵਾਰਾਂ ਨੂੰ ਮੰਗਲ ਸੂਤਰ ਪਹਿਨਣ ਦੀ ਪੂਰੀ ਇਜਾਜ਼ਤ ਹੋਵੇਗੀ। ਉਨ੍ਹਾਂ ਨੂੰ ਪ੍ਰੀਖਿਆ ਕੇਂਦਰ ਤੇ ਘੱਟੋ-ਘੱਟ 30 ਮਿੰਟ ਪਹਿਲਾਂ ਪਹੁੰਚਣ ਲਈ ਕਿਹਾ ਗਿਆ ਹੈ ਤਾਂ ਜੋ ਜ਼ਰੂਰੀ ਪ੍ਰਕਿਰਿਆਵਾਂ ਬਿਨਾਂ ਕਿਸੇ ਮੁਸ਼ਕਲ ਤੋਂ ਪੂਰੀਆਂ ਹੋ ਸਕਣ। ਇਹ ਫੈਸਲਾ ਦਿੱਲੀ ਹਾਈ ਕੋਰਟ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਪੁਰਾਣੇ ਫੈਸਲਿਆਂ ਨੂੰ ਧਿਆਨ ਵਿੱਚ ਰੱਖ ਕੇ ਲਿਆ ਗਿਆ ਹੈ। ਇਨ੍ਹਾਂ ਫੈਸਲਿਆਂ ਵਿੱਚ ਧਾਰਮਿਕ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਨਾਲ ਨਾਲ ਪ੍ਰੀਖਿਆਵਾਂ ਦੀ ਨਿਰਪੱਖਤਾ ਤੇ ਸੁਰੱਖਿਆ ਤੇ ਜ਼ੋਰ ਦਿੱਤਾ ਗਿਆ ਸੀ।

ਹਰਿਆਣਾ ਸਰਕਾਰ ਨੇ ਸਾਰੇ ਪ੍ਰਸ਼ਾਸਨਿਕ ਸਕੱਤਰਾਂ, ਡਿਪਟੀ ਕਮਿਸ਼ਨਰਾਂ, ਯੂਨੀਵਰਸਿਟੀਆਂ ਤੇ ਭਰਤੀ ਏਜੰਸੀਆਂ ਨੂੰ ਸਖਤ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੇ ਅਧੀਨ ਵਿਭਾਗਾਂ ਨੂੰ ਇਨ੍ਹਾਂ ਨਿਯਮਾਂ ਬਾਰੇ ਜਾਣਕਾਰੀ ਦੇਣ। ਪ੍ਰੀਖਿਆ ਡਿਊਟੀ ਤੇ ਤਾਇਨਾਤ ਅਧਿਕਾਰੀਆਂ, ਆਬਜ਼ਰਵਰਾਂ ਤੇ ਸੁਰੱਖਿਆ ਮੁਲਾਜ਼ਮਾਂ ਨੂੰ ਵੀ ਇਹ ਦਿਸ਼ਾ-ਨਿਰਦੇਸ਼ ਪੂਰੀ ਤਰ੍ਹਾਂ ਸਮਝਾਏ ਜਾਣ ਤਾਂ ਜੋ ਕਿਸੇ ਵੀ ਉਮੀਦਵਾਰ ਨੂੰ ਧਾਰਮਿਕ ਕਾਰਨਾਂ ਕਰਕੇ ਪਰੇਸ਼ਾਨੀ ਨਾ ਹੋਵੇ।

# ਹੰਸਲੋ ਵਿੱਚ ਸਿੱਖ ਨੌਜਵਾਨ ਲੜਕੀ ਨਾਲ ਗਰੂਮਿੰਗ, ਦੁਰਵਿਹਾਰ ਅਤੇ ਸ਼ੋਸ਼ਣ ਦੀ ਘਟਨਾ 'ਤੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਦਾ ਪ੍ਰਗਟਾਵਾ

**ਸਾਊਥਾਲ–(ਮਨਪ੍ਰੀਤ ਸਿੰਘ ਬੱਧਨੀਕਲਾਂ)– ਪਿਛਲੇ ਦਿਨੀਂ ਪੱਛਮੀ ਲੰਡਨ ਦੇ ਹੰਸਲੋ ਇਲਾਕੇ ਵਿੱਚ ਇਕ ਸਿੱਖ ਨੌਜਵਾਨ ਲੜਕੀ ਨਾਲ ਗਰੂਮਿੰਗ, ਦੁਰਵਿਹਾਰ ਅਤੇ ਸਰੀਰਕ ਸ਼ੋਸ਼ਣ ਵਰਗੇ ਘਿਨਾਉਣੇ ਅਪਰਾਧ ਦੀ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ।**

ਸ: ਸ਼ਰਨਬੀਰ ਸਿੰਘ ਸੰਘਾ ਜਨਰਲ ਸਕੱਤਰ, ਐਗਜ਼ੀਕਿਊਟਿਵ ਕਮੇਟੀ ਅਤੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲ੍ਹੀ ਵੱਲੋਂ ਭੇਜੇ ਗਏ ਲਿਖਤੀ ਬਿਆਨ ਵਿੱਚ ਕਿਹਾ ਕਿ ਅਸੀਂ ਪੁਲਸ ਅਤੇ ਅਧਿਕਾਰੀਆਂ ਨੂੰ ਅਪੀਲ ਕਰਦੇ ਹਾਂ ਕਿ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਇਹ ਸਪੱਸ਼ਟ ਸੁਨੇਹਾ ਜਾਵੇ ਕਿ ਇਸ ਤਰ੍ਹਾਂ ਦੇ ਘਿਨਾਉਣੇ ਅਪਰਾਧ ਕਿਸੇ ਵੀ ਰੂਪ ਵਿੱਚ ਬਰਦਾਸ਼ਤ ਨਹੀਂ ਕੀਤੇ ਜਾਣਗੇ। ਕਿਉਂਕਿ ਇਸ ਤਰ੍ਹਾਂ ਦੀਆਂ ਘਿਨਾਉਣੀਆਂ ਤੇ ਨਿੰਦਣਯੋਗ ਕਾਰਵਾਈਆਂ ਪਿਛਲੇ ਕਾਫ਼ੀ ਲੰਬੇ ਸਮੇਂ ਤੋਂ ਚੱਲਦੀਆਂ ਆ ਰਹੀਆਂ ਹਨ, ਜਿਸ ਕਾਰਨ ਲੋਕਾਂ ਵਿੱਚ ਸੁਰੱਖਿਆ ਤੇ ਭਰੋਸਾ ਬਣਾਉਣ ਲਈ ਇਸ ਤਰ੍ਹਾਂ ਦੇ ਚਿੰਤਾਜਨਕ ਵਰਤਾਰੇ ਨੂੰ ਸਖ਼ਤੀ ਦੇ ਨਾਲ ਮੁਕੰਮਲ ਰੂਪ ਵਿੱਚ ਰੋਕਣਾ ਬਹੁਤ ਜ਼ਰੂਰੀ ਹੈ।

ਹਰੇਕ ਚੰਗੇ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਣ ਜਾਂ ਕਿਸੇ ਧਰਮ ਨਾਲ ਨਾ ਵੀ ਹੋਣ, ਉਨ੍ਹਾਂ ਨੂੰ ਚਾਹੀਦਾ ਹੈ ਕਿ ਅੱਗੇ ਆ ਕੇ ਇਨ੍ਹਾਂ ਘਿਨਾਉਣੇ ਅਪਰਾਧੀਆਂ ਨੂੰ ਬੇਨਕਾਬ ਕਰਨ, ਕਿਉਂਕਿ ਕੱਲ੍ਹ ਨੂੰ ਇਸ ਤਰ੍ਹਾਂ ਦੀ ਬੁਰੀ ਘਟਨਾ ਦਾ ਸ਼ਿਕਾਰ ਕੋਈ ਹੋਰ ਧੀ, ਭੈਣ ਵੀ ਹੋ ਸਕਦੀ ਹੈ। ਅਸੀਂ ਉਨ੍ਹਾਂ ਸਾਰਿਆਂ ਦਾ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਨਸਾਫ, ਮਨੁੱਖਤਾ ਅਤੇ ਸ਼ਿਸ਼ਟਾਚਾਰ ਨੂੰ ਕਾਇਮ ਰੱਖਦਿਆਂ ਬਗੈਰ ਕਿਸੇ ਡਰ–ਭੈਅ ਤੋਂ ਦਲੇਰੀ ਦੇ ਨਾਲ ਅੱਗੇ ਆ ਕੇ ਇਕ ਬੇਵੱਸ ਧੀ ਦੇ ਨਾਲ ਹੋ ਰਹੀ ਗਰੂਮਿੰਗ, ਦੁਰਵਿਹਾਰ ਅਤੇ ਸ਼ੋਸ਼ਣ ਦੀ ਘਟਨਾ ਨੂੰ ਸਾਹਮਣੇ ਲਿਆਂਦਾ।


ਸ: ਸ਼ਰਨਬੀਰ ਸਿੰਘ ਸੰਘਾ


ਸ: ਗੁਰਮੇਲ ਸਿੰਘ ਮੱਲ੍ਹੀ

ਅਸੀਂ ਸਮਾਜ ਅਤੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੇ ਅਜਿਹੇ ਘਿਨਾਉਣੇ ਵਰਤਾਰੇ ਦੀ ਮੁੜ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਪੀੜਤ ਪਰਿਵਾਰ ਦੇ ਨਾਲ ਇਨਸਾਫ਼ ਦੀ ਲੜਾਈ ਵਿੱਚ ਹਰ ਤਰੀਕੇ ਚੱਟਾਨ ਵਾਂਗ ਖੜ੍ਹੇ ਹਾਂ ਅਤੇ ਜਿਥੇ ਵੀ ਪੀੜਤ ਪਰਿਵਾਰ ਨੂੰ ਲੋੜ ਪਵੇ ਅਸੀਂ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹਾਂ। ਪੀੜਤ ਪਰਿਵਾਰ ਦੀ ਆਵਾਜ਼ ਵੱਡੇ ਅਰਥ ਰੱਖਦੀ ਹੈ, ਉਨ੍ਹਾਂ ਦੀ ਗੱਲ ਨੂੰ ਗੰਭੀਰਤਾ ਦੇ ਨਾਲ ਸੁਣਿਆ ਜਾਣਾ ਹੈ, ਉਨ੍ਹਾਂ ਦੀ ਗੱਲ 'ਤੇ ਵਿਸ਼ਵਾਸ ਕੀਤਾ ਜਾਣਾ ਹੈ ਅਤੇ ਇਸ ਵਾਸਤੇ ਪਰਿਵਾਰ ਦੀ ਮਦਦ ਕਰਨੀ ਸਾਡਾ ਅਤੇ ਹਰੇਕ ਇਨਸਾਫ ਪਸੰਦ ਇਨਸਾਨ ਦਾ ਫਰਜ਼ ਬਣਦਾ ਹੈ। ਅਸੀਂ ਪਰਿਵਾਰ ਨੂੰ ਭਰੋਸਾ ਦਿੰਦੇ ਹਾਂ ਕਿ ਇਸ ਵੇਲੇ ਤੁਸੀਂ ਇਕੱਲੇ ਨਹੀਂ ਹੋ, ਅਸੀਂ ਤੁਹਾਡੇ ਨਾਲ ਹਾਂ ਅਤੇ ਤੁਹਾਡੇ ਹਰ ਕਦਮ ਦੇ ਨਾਲ ਕਦਮ ਮਿਲਾ ਕੇ ਚੱਲਣ ਲਈ ਤਿਆਰ ਹਾਂ। ਇਨਸਾਫ ਤੁਹਾਡਾ ਹੱਕ ਹੈ ਅਤੇ ਹਮਦਰਦੀ, ਇੱਜ਼ਤ ਤੇ ਸਨਮਾਨ ਦੇ ਵੀ ਤੁਸੀਂ ਹੀ ਹੱਕਦਾਰ ਹੋ।

ਅਸੀਂ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਪੀੜਤ ਧੀ ਅਤੇ ਉਸ ਦੇ ਪਰਿਵਾਰ ਨੂੰ ਜਲਦ ਤੋਂ ਜਲਦ ਇਨਸਾਫ ਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣ ਤਾਂ ਜੋ ਹਰੇਕ ਇੱਜ਼ਤਦਾਰ ਨਾਗਰਿਕ ਸਮਾਜ ਵਿੱਚ ਸੁਰੱਖਿਅਤ ਜੀਵਨ ਬਤੀਤ ਕਰ ਸਕੇ।

# ਜਲੰਧਰ ਦੇ ਪਿੰਡ ਮਾਹਲ 'ਚ ਬੇਅਦਬੀ ਦੀ ਘਟਨਾ

## ✪ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਖ਼ਤ ਨੋਟਿਸ, ਜਾਂਚ ਦੇ ਹੁਕਮ





ਅੰਮ੍ਰਿਤਸਰ/ਜਲੰਧਰ-ਜਲੰਧਰ ਜ਼ਿਲ੍ਹੇ ਦੇ ਪਿੰਡ ਮਾਹਲ ਦੇ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਣ ਦਾ ਅਤਿ ਮੰਦਭਾਗਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਪਾਵਨ ਸਰੂਪ ਦੇ ਅੰਗ ਪਾੜ ਕੇ ਸਿੱਖ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ ਗਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਤੁਰੰਤ ਜਾਂਚ ਦੇ ਆਦੇਸ਼ ਦਿੱਤੇ ਹਨ।

### ਘਟਨਾ ਦਾ ਵੇਰਵਾ

ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਘਟਨਾ ਬੀਤੇ ਕੱਲ੍ਹ ਸ਼ਾਮ ਨੂੰ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਸ਼ਰਾਰਤੀ ਅਨਸਰਾਂ ਨੇ ਇੱਕ ਬੱਚੇ ਦੇ ਜ਼ਰੀਏ ਗੁਰੂ ਸਾਹਿਬ ਦੇ ਪਾਵਨ ਅੰਗਾਂ ਦੀ ਬੇਅਦਬੀ ਕਰਵਾਈ। ਇਸ ਘਟਨਾ ਤੋਂ ਬਾਅਦ ਇਲਾਕੇ ਦੀ ਸੰਗਤ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

**ਜਥੇਦਾਰ ਵੱਲੋਂ ਸਖ਼ਤ ਸਟੈਂਡ-** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਦੀ ਲਾਪਰਵਾਹੀ: ਕਈ ਥਾਵਾਂ 'ਤੇ ਪ੍ਰਬੰਧਕਾਂ ਲਈ ਗੁਰੂ ਸਾਹਿਬ ਦੇ ਸਤਿਕਾਰ ਨਾਲੋਂ ਆਪਣੀ 'ਚੌਧਰ' ਵੱਡੀ ਹੋ ਗਈ ਹੈ, ਜਿਸ ਕਾਰਨ ਸੁਰੱਖਿਆ ਪ੍ਰਬੰਧਾਂ ਵਿੱਚ ਢਿੱਲ ਵਰਤੀ ਜਾ ਰਹੀ ਹੈ।

**ਜਾਂਚ ਟੀਮਾਂ ਦਾ ਗਠਨ-** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਨੂੰ ਮੌਕੇ 'ਤੇ ਪਹੁੰਚ ਕੇ ਰਿਪੋਰਟ ਸੌਂਪਣ ਲਈ ਕਿਹਾ ਗਿਆ ਹੈ। ਸਖ਼ਤ ਕਾਰਵਾਈ ਦੀ ਚਿਤਾਵਨੀ: ਜੇਕਰ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹਦਾਇਤਾਂ ਮੁਤਾਬਕ ਨਾ ਪਾਏ ਗਏ, ਤਾਂ ਪ੍ਰਬੰਧਕਾਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

**ਸਰਕਾਰ ਅਤੇ ਸੰਗਤ ਨੂੰ ਅਪੀਲ-** ਜਥੇਦਾਰ ਗੜਗੱਜ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਸਾਜ਼ਿਸ਼ ਪਿੱਛੇ ਮੌਜੂਦ ਮੁੱਖ ਦੋਸ਼ੀਆਂ ਨੂੰ ਜਲਦ ਨਸ਼ਰ ਕੀਤਾ ਜਾਵੇ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਸਮੁੱਚੀ ਸਿੱਖ ਸੰਗਤ ਨੂੰ ਤਾਕੀਦ ਕੀਤੀ ਕਿ:

ਗੁਰਦੁਆਰਾ ਸਾਹਿਬਾਨ ਵਿੱਚ 24 ਘੰਟੇ ਪਹਿਰੇਦਾਰੀ ਯਕੀਨੀ ਬਣਾਈ ਜਾਵੇ।

ਸੀਸੀਟੀਵੀ ਕੈਮਰਿਆਂ ਦਾ ਪ੍ਰਬੰਧ ਹਮੇਸ਼ਾ ਚੱਲਦੀ ਹਾਲਤ ਵਿੱਚ ਰੱਖਿਆ ਜਾਵੇ। "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਜਾਗਤ ਜੋਤ ਗੁਰੂ ਹਨ। ਉਨ੍ਹਾਂ ਦੇ ਮਾਣ-ਸਤਿਕਾਰ ਨਾਲ ਕੋਈ ਵੀ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।"

- ਗਿਆਨੀ ਕੁਲਦੀਪ ਸਿੰਘ ਗੜਗੱਜ

## ਜ਼ਬਰਦਸਤੀ ਵਸੂਲੀ ਮਾਮਲਿਆਂ ਖਿਲਾਫ ਪੁਲਿਸ ਦੀ ਕਾਰਵਾਈ ਤੇਜ਼- 7 ਵਿਅਕਤੀਆਂ ਤੇ ਲੱਗੇ ਚਾਰਜ,111 ਦੀ ਹੋਵੇਗੀ ਇਮੀਗਰੇਸ਼ਨ ਜਾਂਚ

ਵੈਨਕੂਵਰ–(ਮਲਕੀਤ ਸਿੰਘ) – ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਜਬਰਦਸਤੀ ਵਸੂਲੀ ਮਾਮਲਿਆਂ ਨਾਲ ਨਜਿੱਠਣ ਲਈ ਹੋਂਦ ਵਿੱਚ ਲਿਆਂਦੀ ਗਈ ਵਿਸ਼ੇਸ਼ ਪੁਲਿਸ ਟਾਸਕ ਫੋਰਸ ਨੇ ਚਾਰ ਮਹੀਨਿਆਂ ਦੀ ਪ੍ਰਗਤੀ ਰਿਪੋਰਟ ਜਾਰੀ ਕਰਦਿਆਂ ਦੱਸਿਆ ਹੈ ਕਿ ਹੁਣ ਤੱਕ 7 ਵਿਅਕਤੀਆਂ 'ਤੇ ਅਪਰਾਧਿਕ ਚਾਰਜ ਲਗਾਏ ਜਾ ਚੁੱਕੇ ਹਨ, ਜਦਕਿ 111 ਮਾਮਲਿਆਂ ਵਿੱਚ ਇਮੀਗ੍ਰੇਸ਼ਨ ਜਾਂਚ ਸ਼ੁਰੂ ਕੀਤੀ ਗਈ ਹੈ। ਪੁਲਿਸ ਮੁਤਾਬਕ ਇਹ ਅਪਡੇਟ ਉਸ ਸਮੇਂ ਸਾਹਮਣੇ ਆਈ ਹੈ ਜਦੋਂ ਸਰੀ ਸ਼ਹਿਰ ਵਿੱਚ ਇਸ ਸਾਲ ਜਬਰਦਸਤੀ ਵਸੂਲੀ ਦਾ 35ਵਾਂ ਸ਼ੱਕੀ ਮਾਮਲਾ ਦਰਜ ਕੀਤਾ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਲੋਅਰ ਮੈਨਲੈਂਡ ਦੇ ਕਈ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ, ਜਿਸ ਕਾਰਨ ਪੁਲਿਸ ਵੱਲੋਂ ਨਿਗਰਾਨੀ ਅਤੇ ਕਾਰਵਾਈ ਹੋਰ ਤੇਜ਼ ਕੀਤੀ ਗਈ ਹੈ। ਇਸ ਸਬੰਧੀ ਪੁਲਿਸ ਅਧਿਕਾਰੀਆਂ ਵੱਲੋਂ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਦੌਰਾਨ ਟਾਸਕ ਫੋਰਸ ਦੀ ਚਾਰ ਮਹੀਨਿਆਂ ਦੀ ਪ੍ਰਗਤੀ, ਚੱਲ ਰਹੀਆਂ ਜਾਂਚਾਂ ਅਤੇ ਭਵਿੱਖੀ ਕਾਰਵਾਈ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਇਸ ਮੁਹਿੰਮ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਅਧਿਕਾਰੀਆਂ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਕਿਸੇ ਵੀ ਧਮਕੀ ਜਾਂ ਸ਼ੱਕੀ ਗਤੀਵਿਧੀ ਦੀ ਤੁਰੰਤ ਪੁਲਿਸ ਨੂੰ ਜਾਣਕਾਰੀ ਦਿੱਤੀ ਜਾਵੇ ਅਤੇ ਆਪਣੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇ।

# ਪੰਜਾਬ ਸਰਕਾਰ ਦੀ ਗੈਂਗਸਟਰਾਂ ’ਤੇ ‘ਵਾਰ’ ਮੁਹਿੰਮ ਅਤੇ ‘ਆਪ੍ਰੇਸ਼ਨ ਪ੍ਰਹਾਰ’ ਦੀ ਸ਼ੁਰੂਆਤ

## ✪ 60 ਵਿਦੇਸ਼ੀ ਗੈਂਗਸਟਰਾਂ ਦੇ ਨੈੱਟਵਰਕ ਨੂੰ ਤਹਿਸ-ਨਹਿਸ ਕਰਨ ਦਾ ਟੀਚਾ ✪ ਵਿਦੇਸ਼ੀ ਗੈਂਗਸਟਰ ਪੰਜਾਬ ਦੇ ਨੌਜਵਾਨਾਂ ਨੂੰ ਭਰਤੀ ਕਰਨ ਲੱਗੇ

ਚੰਡੀਗੜ੍ਹ-ਪੰਜਾਬ ਨੂੰ ਗੈਂਗਸਟਰ ਮੁਕਤ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਇੱਕ ਨਵੀਂ ਮੁਹਿੰਮ ‘ਗੈਂਗਸਟਰਾਂ ’ਤੇ ਵਾਰ’ ਦੀ ਸ਼ੁਰੂਆਤ ਕੀਤੀ ਹੈ। ਇਸ ਮੁਹਿੰਮ ਨੂੰ ਨਸ਼ਿਆਂ ਵਿਰੋਧੀ ਮੁਹਿੰਮ ‘ਯੁੱਧ ਨਸ਼ਿਆ ਵਿਰੁੱਧ’ ਵਾਂਗ ਹੀ ਤਾਕਤ ਨਾਲ ਚਲਾਇਆ ਜਾ ਰਿਹਾ ਹੈ।

ਪੰਜਾਬ ਪੁਲਿਸ ਨੇ ਇਸ ਨੂੰ ਲਾਗੂ ਕਰਨ ਲਈ 72 ਘੰਟੇ ਚੱਲਣ ਵਾਲੇ ‘ਆਪ੍ਰੇਸ਼ਨ ਪ੍ਰਹਾਰ’ ਨੂੰ ਸ਼ੁਰੂ ਕੀਤਾ ਹੈ, ਜਿਸ ਵਿੱਚ 2000 ਤੋਂ ਵੱਧ ਪੁਲਿਸ ਟੀਮਾਂ ਅਤੇ 12000 ਮੁਲਾਜ਼ਮਾਂ ਨੇ ਵਿਦੇਸ਼ਾਂ ਵਿੱਚ ਬੈਠੇ 60 ਗੈਂਗਸਟਰਾਂ ਨਾਲ ਜੁੜੇ ਲੋਕਾਂ ’ਤੇ ਛਾਪੇ ਮਾਰੇ ਹਨ। ਇਸ ਨਾਲ ਪੰਜਾਬ ਨੂੰ ਅਪਰਾਧ ਮੁਕਤ ਅਤੇ ਸੁਰੱਖਿਅਤ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਨੇ ਕਿਹਾ ਕਿ ਸੂਬੇ ਵਿੱਚ ਗੈਂਗਸਟਰਾਂ ਵਿਰੁੱਧ ਵੱਡੀ ਕਾਰਵਾਈ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਛਾਪੇਮਾਰੀ ਵਿਦੇਸ਼ੀ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਟਿਕਾਣਿਆਂ ’ਤੇ ਕੀਤੀ ਜਾ ਰਹੀ ਹੈ। ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਜ਼ੀਰੋ ਟਾਲਰੈਂਸ ਨੀਤੀ ਅਧੀਨ ਗੈਂਗਸਟਰਾਂ ਦੇ ਪੂਰੇ ਨੈੱਟਵਰਕ ਨੂੰ ਤਹਿਸ ਨਹਿਸ ਕੀਤਾ ਜਾਵੇਗਾ, ਜਿਸ ਵਿੱਚ ਉਨ੍ਹਾਂ ਦੇ ਵਿੱਤੀ ਸਰੋਤ, ਹਥਿਆਰਾਂ ਦੀ ਸਪਲਾਈ, ਛੁਪਣ ਵਾਲੀਆਂ ਥਾਵਾਂ ਅਤੇ ਸੰਚਾਰ ਨੈੱਟਵਰਕ ਸ਼ਾਮਲ ਹਨ।

ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰ ਪੰਜਾਬ ਦੇ ਨੌਜਵਾਨਾਂ ਨੂੰ ਆਨਲਾਈਨ ਗੈਂਗਾਂ ਵਿੱਚ ਭਰਤੀ ਕਰ ਰਹੇ ਹਨ। ਪੁਲਿਸ ਅਧਿਕਾਰੀਆਂ ਨੇ ਦੱਸਿਆ



ਕਿ ਇਹ ਗੈਂਗਸਟਰ ਸੋਸ਼ਲ ਮੀਡੀਆ ਰਾਹੀਂ ਨੌਜਵਾਨਾਂ ਨਾਲ ਸੰਪਰਕ ਬਣਾਉਂਦੇ ਹਨ, ਜਿਨ੍ਹਾਂ ਨੂੰ ਪੈਸੇ ਦਾ ਲਾਲਚ ਦਿੱਤਾ ਜਾਂਦਾ ਹੈ ਜਾਂ ਸਮਾਜ ਵਿੱਚ ਵਧੀਕੀਆਂ ਨਾਲ ਪੀੜਤ ਨੌਜਵਾਨਾਂ ਨੂੰ ਉਕਸਾਇਆ ਜਾਂਦਾ ਹੈ। ਪਟਿਆਲਾ ਵਿੱਚ ਵਾਪਰੀ ਗੋਲੀਬਾਰੀ ਵਰਗੀਆਂ ਘਟਨਾਵਾਂ ਤੋਂ ਬਾਅਦ ਪੁਲਿਸ ਨੇ ਖੁਲਾਸਾ ਕੀਤਾ ਕਿ ਵਿਦੇਸ਼ੀ ਗੈਂਗਸਟਰ ਆਨਲਾਈਨ ਨੌਜਵਾਨਾਂ ਨੂੰ ਹਥਿਆਰ ਅਤੇ ਪੈਸੇ ਮੁਹੱਈਆ ਕਰਵਾ ਕੇ ਅਪਰਾਧ ਵੱਲ ਧੱਕਦੇ ਹਨ। ਇਹ ਨੌਜਵਾਨ ਅਕਸਰ ਬੇਰੁਜ਼ਗਾਰ ਜਾਂ ਦਿਸ਼ਾਹੀਣ ਹੁੰਦੇ ਹਨ ਅਤੇ ਤੇਜ਼ ਪੈਸਾ ਕਮਾਉਣ ਦੀ ਹੋੜ ਵਿੱਚ ਫਸ ਜਾਂਦੇ ਹਨ।

ਸਰਕਾਰ ਨੇ ਇਸ ਮੁੱਦੇ ਨੂੰ ਨਜਿੱਠਣ ਲਈ ਕਈ ਨੀਤੀਆਂ ਅਪਣਾਈਆਂ ਹਨ। ਪਹਿਲਾਂ ਤੋਂ ਹੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਕੰਮ ਕਰ ਰਹੀ ਹੈ, ਜਿਸ ਨੇ ਪਿਛਲੇ ਸਾਲਾਂ ਵਿੱਚ ਹਜ਼ਾਰਾਂ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਹੈ। ਹੁਣ ਨਵੇਂ ਤੌਰ ’ਤੇ ‘ਓਵਰਸੀਜ਼ ਫਿਊਜੀਟਿਵ ਟ੍ਰੈਕਿੰਗ ਐਂਡ ਐਕਸਟ੍ਰੀਡੀਸ਼ਨ ਸੈੱਲ’ (ਓਐਫਟੀਈਸੀ) ਬਣਾਇਆ ਗਿਆ ਹੈ, ਜਿਸ ਨੂੰ ਡੀਆਈਜੀ ਆਸ਼ੀਸ਼ ਚੌਧਰੀ ਲੀਡ ਕਰ ਰਹੇ ਹਨ। ਇਸ ਸੈੱਲ ਦਾ ਟੀਚਾ ਵਿਦੇਸ਼ਾਂ ਵਿੱਚ ਬੈਠੇ ਗੈਂਗਸਟਰਾਂ ਨੂੰ ਹਵਾਲਗੀ ਰਾਹੀਂ ਵਾਪਸ ਲਿਆਉਣਾ ਹੈ। 60 ਵਿਦੇਸ਼ੀ ਗੈਂਗਸਟਰਾਂ ਵਿੱਚੋਂ 23 ਲਈ ਰੈੱਡ ਕਾਰਨਰ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਬਾਕੀ ਲਈ ਪ੍ਰਕਿਰਿਆ ਚੱਲ ਰਹੀ ਹੈ। ਇਸ ਤੋਂ ਇਲਾਵਾ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ 93946-93946 ਸ਼ੁਰੂ ਕੀਤਾ ਗਿਆ ਹੈ, ਜਿੱਥੇ ਲੋਕ ਗੁਪਤ ਜਾਣਕਾਰੀ ਦੇ ਸਕਦੇ ਹਨ ਅਤੇ ਗ੍ਰਿਫਤਾਰੀ ਲਈ 10 ਲੱਖ ਰੁਪਏ ਤੱਕ ਇਨਾਮ ਮਿਲ ਸਕਦਾ ਹੈ। ਸਰਕਾਰ ਨੇ ਇਨਾਮ ਨੀਤੀ ਲਈ 10 ਕਰੋੜ ਰੁਪਏ ਮਨਜ਼ੂਰ ਕੀਤੇ ਹਨ, ਜਿਸ ਅਧੀਨ ਪੁਲਿਸ ਅਧਿਕਾਰੀਆਂ ਨੂੰ ਵੀ ਇਨਾਮ ਦਿੱਤੇ ਜਾਣਗੇ।

ਚੰਡੀਗੜ੍ਹ ਵਿੱਚ ਵਾਪਰੇ ਐਨਕਾਊਂਟਰ ਨੇ ਇਸ ਮੁਹਿੰਮ ਨੂੰ ਹੋਰ ਤੇਜ਼ ਕੀਤਾ ਹੈ। ਸੈਕਟਰ-32 ਵਿੱਚ ਫਾਇਰਿੰਗ ਦੇ ਮਾਮਲੇ ਵਿੱਚ ਪੁਲਿਸ ਨੇ ਦੋ ਸ਼ੂਟਰਾਂ ਰਾਹੁਲ ਅਤੇ ਰੌਕੀ ਨੂੰ ਐਨਕਾਊਂਟਰ ਵਿੱਚ ਜ਼ਖਮੀ ਕਰ ਕੇ ਗ੍ਰਿਫਤਾਰ ਕੀਤਾ। ਇਹ ਨੌਜਵਾਨ ਗੈਂਗਸਟਰ ਨੈੱਟਵਰਕ ਨਾਲ ਜੁੜੇ ਸਨ ਅਤੇ ਇੱਕ ਨੇ ਤਾਂ ਪੁਲਿਸ ਮੁਲਾਜ਼ਮ ਨਾਲ ਮਿਲ ਕੇ ਸਾਜ਼ਿਸ਼ ਰਚੀ ਸੀ। ਪੁਲਿਸ ਨੇ ਸੀਸੀਟੀਵੀ ਫੁਟੇਜ ਅਤੇ ਫੋਰੈਂਸਿਕ ਜਾਂਚ ਨਾਲ ਉਨ੍ਹਾਂ ਨੂੰ ਟਰੈੱਕ ਕੀਤਾ। ਇਸ ਘਟਨਾ ਨੇ ਇਹ ਸਾਬਤ ਕੀਤਾ ਕਿ ਗੈਂਗਸਟਰ ਨੌਜਵਾਨਾਂ ਨੂੰ ਕਿਵੇਂ ਵਰਤਦੇ ਹਨ ਅਤੇ ਅਪਰਾਧ ਵਧਾ ਰਹੇ ਹਨ।

ਆਪ ਨੇਤਾ ਰਾਘਵ ਚੱਢਾ ਨੇ ਵੀ ਸਰਕਾਰ ਦੀ ਨੀਤੀ ਨੂੰ ਸਰਾਹਿਆ ਅਤੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਅਤੇ ਅਪਰਾਧ ਤੋਂ ਬਚਾਉਣ ਲਈ ਇਹ ਜ਼ਰੂਰੀ ਹੈ। ਪਰ ਵਿਰੋਧੀ ਧਿਰ ਨੇ ਸਰਕਾਰ ਨੂੰ ਆਲੋਚਨਾ ਕੀਤੀ ਹੈ। ਕਾਂਗਰਸ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ ਵਿੱਚ ਗੈਂਗਸਟਰਾਂ ਨੇ ਜੰਗਲ ਰਾਜ ਬਣਾ ਦਿੱਤਾ ਹੈ ਅਤੇ ਸਰਕਾਰ ਨੂੰ ਇਸ ਲਈ ਮੰਤਰੀ ਦੇ ਅਸਤੀਫੇ ਦੀ ਮੰਗ ਕੀਤੀ ਹੈ। ਕਾਂਗਰਸ ਐੱਮਪੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਨੂੰ 15 ਗੈਂਗਸਟਰਾਂ ਦੇ ਨਾਂ ਦਿੱਤੇ ਪਰ ਉਹ ਕੁੰਭਕਰਨ ਵਾਂਗ ਸੌਂ ਰਹੇ ਹਨ ਅਤੇ ਪੁਲਿਸ ਮਨੋਬਲ ਡਿੱਗ ਗਿਆ ਹੈ। ਬੀਜੇਪੀ ਨੇ ਆਪ ਨੂੰ ‘ਗੈਂਗਸਟਰ ਪਾਲਿਟਿਕਸ’ ਅਤੇ ਰਾਜਨੀਤਕ ਬਦਲੇ ਨਾਲ ਜੋੜਿਆ ਹੈ। ਬੀਜੇਪੀ ਨੇਤਾ ਸੁਨੀਲ ਜਾਖੜ ਨੇ ਗੈਂਗਸਟਰਾਂ ਨੂੰ ਮੁੱਖ ਮੰਤਰੀ ਦਫਤਰ ਨਾਲ ਜੋੜਨ ਵਾਲੇ ਇਲਜ਼ਾਮਾਂ ਦੀ ਜਾਂਚ ਦੀ ਮੰਗ ਕੀਤੀ ਹੈ।

ਸਿਖ ਆਗੂ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਕਿਹਾ ਕਿ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਸਿੱਖਿਆ ਨਾਲ ਜੋੜ ਕੇ ਅਪਰਾਧ ਘਟਾਇਆ ਜਾ ਸਕਦਾ ਹੈ। ਉਨ੍ਹਾਂ ਨੇ ਪੰਜਾਬ ਵਿੱਚ ਨਕਲੀ ਵੀਆਈਪੀ ਅਤੇ ਹਵਾਲਾ ਨੈੱਟਵਰਕ ਨੂੰ ਰੋਕਣ ਦੀ ਮੰਗ ਕੀਤੀ ਹੈ।

# ਐਮਪੀ ਅੰਮ੍ਰਿਤਪਾਲ ਸਿੰਘ ਮੁੜ ਪਹੁੰਚੇ ਹਾਈ ਕੋਰਟ

## ✪ ਬਜਟ ਸੈਸ਼ਨ ’ਚ ਸ਼ਾਮਲ ਹੋਣ ਲਈ ਮੰਗੀ ਇਜਾਜ਼ਤ

ਚੰਡੀਗੜ੍ਹ-ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਇੱਕ ਵਾਰ ਫਿਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਅੰਮ੍ਰਿਤਪਾਲ ਸਿੰਘ ਨੇ ਆਗਾਮੀ 28 ਜਨਵਰੀ ਤੋਂ ਸ਼ੁਰੂ ਹੋ ਰਹੇ ਸੰਸਦ ਦੇ ਬਜਟ ਸੈਸ਼ਨ ਵਿੱਚ ਹਿੱਸਾ ਲੈਣ ਲਈ ਅਦਾਲਤ ਤੋਂ ਇਜਾਜ਼ਤ ਮੰਗੀ ਹੈ।

### ਪਟੀਸ਼ਨ ਦੇ ਮੁੱਖ ਨੁਕਤੇ

ਅੰਮ੍ਰਿਤਪਾਲ ਸਿੰਘ ਵੱਲੋਂ ਦਾਇਰ ਕੀਤੀ ਗਈ ਨਵੀਂ ਪਟੀਸ਼ਨ ਵਿੱਚ ਕਈ ਅਹਿਮ ਦਲੀਲਾਂ ਦਿੱਤੀਆਂ ਗਈਆਂ ਹਨ:

ਸੰਵਿਧਾਨਕ ਅਧਿਕਾਰ: ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਸੰਸਦ ਦੇ ਸੈਸ਼ਨ ਵਿੱਚ ਹਿੱਸਾ ਲੈਣਾ ਇੱਕ ਚੁਣੇ ਹੋਏ ਨੁਮਾਇੰਦੇ ਦਾ ਸੰਵਿਧਾਨਕ ਅਧਿਕਾਰ ਹੈ।

ਜਨਤਾ ਦੀ ਆਵਾਜ਼: ਖਡੂਰ ਸਾਹਿਬ ਦੇ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਚੁਣਿਆ ਹੈ, ਇਸ ਲਈ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਉਮੀਦਾਂ






ਨੂੰ ਰਾਸ਼ਟਰੀ ਮੰਚ (ਸੰਸਦ) ’ਤੇ ਰੱਖਣਾ ਉਨ੍ਹਾਂ ਦੀ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀ ਹੈ।

ਬਜਟ ਸੈਸ਼ਨ ਦੀ ਅਹਿਮੀਅਤ: ਦਲੀਲ ਦਿੱਤੀ ਗਈ ਹੈ ਕਿ ਬਜਟ ਸੈਸ਼ਨ ਦੇਸ਼ ਦੀਆਂ ਆਰਥਿਕ ਨੀਤੀਆਂ ਅਤੇ ਵਿਕਾਸ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ। ਉਨ੍ਹਾਂ ਦੀ ਗੈਰ-ਹਾਜ਼ਰੀ ਕਾਰਨ ਉਨ੍ਹਾਂ ਦੇ ਸੰਸਦੀ ਖੇਤਰ ਦੀ ਆਵਾਜ਼ ਅਣਸੁਣੀ ਰਹਿ ਜਾਵੇਗੀ।

### “ਹਰ ਸ਼ਰਤ ਮੰਨਣ ਲਈ ਤਿਆਰ”

ਅੰਮ੍ਰਿਤਪਾਲ ਸਿੰਘ ਨੇ ਅਦਾਲਤ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਉਹ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਅਦਾਲਤ ਵੱਲੋਂ ਲਗਾਈ ਗਈ ਕਿਸੇ ਵੀ ਸਖ਼ਤ ਸ਼ਰਤ ਦੀ ਪਾਲਣਾ ਕਰਨ ਲਈ ਤਿਆਰ ਹਨ, ਤਾਂ ਜੋ ਕਾਨੂੰਨ ਵਿਵਸਥਾ ਜਾਂ ਜਾਂਚ ਪ੍ਰਕਿਰਿਆ ਵਿੱਚ ਕੋਈ ਵਿਘਨ ਨਾ ਪਵੇ।

### ਪਿਛਲਾ ਪਿਛੋਕੜ ਅਤੇ ਸਰਕਾਰ ਦਾ ਪੱਖ

ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਇਸ ਵੇਲੇ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਹਨ।

ਸਰਕਾਰ ਦੀ ਦਲੀਲ: ਪਹਿਲਾਂ ਹੋਈਆਂ ਸੁਣਵਾਈਆਂ ਦੌਰਾਨ ਕੇਂਦਰ ਸਰਕਾਰ ਅਤੇ ਜਾਂਚ ਏਜੰਸੀਆਂ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੂੰ ਬਾਹਰ ਭੇਜਣ ਦਾ ਵਿਰੋਧ ਕੀਤਾ ਸੀ।

ਅਦਾਲਤ ਦੀ ਪਿਛਲੀ ਹਦਾਇਤ: ਹਾਈ ਕੋਰਟ ਨੇ ਪਿਛਲੀ ਵਾਰ ਕਿਹਾ ਸੀ ਕਿ ਅਜਿਹੀ ਕਿਸੇ ਵੀ ਮੰਗ ਲਈ ਸਮੇਂ ਸਿਰ ਅਰਜ਼ੀ ਦਿੱਤੀ ਜਾਵੇ। ਹੁਣ ਸਾਰਿਆਂ ਦੀਆਂ ਨਜ਼ਰਾਂ ਹਾਈ ਕੋਰਟ ਦੇ ਫੈਸਲੇ ’ਤੇ ਟਿਕੀਆਂ ਹੋਈਆਂ ਹਨ ਕਿ ਕੀ ਅਦਾਲਤ ਉਨ੍ਹਾਂ ਨੂੰ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਰਾਹਤ ਦਿੰਦੀ ਹੈ ਜਾਂ ਨਹੀਂ।



**ਸੰਪਾਦਕੀ** | **ਵਿਚਾਰ :–** ਸ਼ਰੀਫ ਆਦਮੀ ਉਹ ਹੁੰਦਾ ਹੈ, ਜਿਹੜਾ ਕਿਸੇ ਦਾ ਕੰਮ ਕਰਨ ਤੋਂ ਕਦੇ ਵੀ ਇਨਕਾਰ ਨਾ ਕਰੇ, ਪਰ ਜਿਸ ਦਾ ਕੰਮ ਕਰਨ ਤੋਂ ਹਰ ਆਦਮੀ ਇਨਕਾਰ ਕਰ ਦੇਵੇ।

ਰਜਿੰਦਰ ਸਿੰਘ ਪੁਰੇਵਾਲ

# ਭਾਰਤ ਦੇ ਮੀਡੀਆ ਦੀ ਸਾਖ ਕਿਉਂ ਡਿਗ ਰਹੀ ਹੇ ? ਪੰਜਾਬ ਵਿੱਚ ਪ੍ਰੈਸ ਦੀ ਅਜ਼ਾਦੀ ਖਤਰੇ ਵਿਚ ਕਿਉਂ ?

ਅੱਜ ਦੇ ਸਮੇਂ ਵਿੱਚ ਭਾਰਤੀ ਮੀਡੀਆ ਦੀ ਸਾਖ ਬਹੁਤ ਹੇਠਾਂ ਡਿੱਗ ਚੁੱਕੀ ਹੈ। ਰਿਪੋਰਟਰਸ ਵਿਦਾਉਟ ਬਾਰਡਰਜ਼ ਦੇ ਵਰਲਡ ਪ੍ਰੈੱਸ ਫਰੀਡਮ ਇੰਡੈਕਸ ਵਿੱਚ ਭਾਰਤ 2025 ਵਿੱਚ 151ਵੇਂ ਨੰਬਰ ਤੇ ਹੈ, ਜੋ ਕਿ ਬਹੁਤ ਗੰਭੀਰ ਸਥਿਤੀ ਵਾਲੀ ਸ਼੍ਰੇਣੀ ਵਿੱਚ ਆਉਂਦਾ ਹੈ। ਇਹ ਗਿਰਾਵਟ ਪਿਛਲੇ ਕਈ ਸਾਲਾਂ ਤੋਂ ਜਾਰੀ ਹੈ। ਮੀਡੀਆ ਨੂੰ ਲੋਕਾਂ ਦੀ ਅਵਾਜ਼ ਅਤੇ ਸੱਚਾਈ ਦਾ ਪ੍ਰਤੀਨਿਧੀ ਮੰਨਿਆ ਜਾਂਦਾ ਸੀ, ਪਰ ਅੱਜ ਇਹ ਜ਼ਿਆਦਾਤਰ ਵਿਚਾਰਧਾਰਕ ਧਰੁਵੀਕਰਨ, ਕਾਰਪੋਰੇਟ ਹਿਤਾਂ ਅਤੇ ਸਰਕਾਰੀ ਦਬਾਅ ਦਾ ਸ਼ਿਕਾਰ ਹੋ ਗਿਆ ਹੈ। ਪੰਜਾਬ ਵਿੱਚ ਵੀ ਇਹ ਸਮੱਸਿਆ ਵਧ ਰਹੀ ਹੈ, ਜਿੱਥੇ ਹਾਲ ਹੀ ਵਿੱਚ ਪੰਜਾਬ ਕੇਸਰੀ ਅਖ਼ਬਾਰ ਗਰੁੱਪ ਨੂੰ ਸਰਕਾਰ ਵੱਲੋਂ ਵੱਡੇ ਪੱਧਰ ਤੇ ਦਬਾਅ ਝੱਲਣਾ ਪਿਆ। ਪਹਿਲਾਂ ਗੱਲ ਕਰੀਏ ਭਾਰਤੀ ਮੀਡੀਆ ਦੇ ਆਮ ਸੰਕਟ ਦੀ। 1990 ਦੇ ਦਹਾਕੇ ਤੋਂ ਬਾਅਦ ਮੀਡੀਆ ਦਾ ਵਪਾਰੀਕਰਨ ਬਹੁਤ ਤੇਜ਼ੀ ਨਾਲ ਵਧਿਆ। ਖ਼ਬਰ ਨੂੰ ਜਨਤਕ ਹਿਤ ਦੀ ਸੇਵਾ ਨਹੀਂ, ਸਗੋਂ ਟੀਆਰਪੀ, ਕਲਿੱਕ ਅਤੇ ਵਿਗਿਆਪਨ ਰਾਹੀਂ ਪੈਸਾ ਕਮਾਉਣ ਵਾਲਾ ਉਤਪਾਦ ਮੰਨ ਲਿਆ ਗਿਆ। ਟੀਵੀ ਚੈਨਲਾਂ ਤੇ ਡਿਬੇਟ ਸ਼ੋਅ ਵਿੱਚ ਤੱਥਾਂ ਦੀ ਜਾਂਚ ਦੀ ਥਾਂ ਚੀਕ-ਪੁਕਾਰ, ਭਾਵਨਾਤਮਕ ਪ੍ਰਗਟਾ ਹੋ ਰਿਹਾ ਹੈ। ਅਦਾਲਤਾਂ ਨੇ ਕਈ ਵਾਰ ਕਿਹਾ ਕਿ ਮੀਡੀਆ ਵਿੱਚ ਤੱਥ ਤੋੜ-ਮਰੋੜ ਕੇ ਪੇਸ਼ ਕੀਤੇ ਜਾਂਦੇ ਹਨ, ਜਿਸ ਨਾਲ ਨਿਰਦੋਸ਼ ਲੋਕਾਂ ਦੀ ਬਦਨਾਮੀ ਹੁੰਦੀ ਹੈ। ਮੀਡੀਆ ਨੂੰ ਸੁਚੇਤ ਰਹਿਣ ਦੀ ਲੋੜ ਹੈ ਕਿ ਉਹ ਸੱਚ ਤੋਂ ਨਾ ਭਟਕੇ।

ਪ੍ਰਿੰਟ ਅਤੇ ਡਿਜੀਟਲ ਮੀਡੀਆ ਵਿੱਚ ਵੀ ਕਾਰਪੋਰੇਟ ਅਤੇ ਰਾਜਨੀਤਿਕ ਮਾਲਕਾਂ ਦਾ ਦਖਲ ਵਧ ਗਿਆ ਹੈ। ਵੱਡੇ ਮੀਡੀਆ ਗਰੁੱਪਾਂ ਦੇ ਮਾਲਕਾਂ ਦੇ ਵਪਾਰਕ ਅਤੇ ਰਾਜਨੀਤਿਕ ਹਿਤ ਸੰਪਾਦਕੀ ਆਜ਼ਾਦੀ ਨੂੰ ਰੋਕਦੇ ਹਨ। ਸਰਕਾਰੀ ਵਿਗਿਆਪਨ ਅਤੇ ਕਾਰਪੋਰੇਟ ਪੈਸੇ ਤੇ ਨਿਰਭਰਤਾ ਕਾਰਨ ਬੇਰੁਜ਼ਗਾਰੀ, ਗਰੀਬੀ ਮਨੁੱਖੀ ਸੰਕਟ, ਲੋਕ ਮੁੱਦੇ, ਮਜ਼ਦੂਰ ਅਧਿਕਾਰ ਅਤੇ ਵਾਤਾਵਰਣ ਵਰਗੇ ਅਹਿਮ ਮੁੱਦੇ ਸੁਰਖੀਆਂ ਤੋਂ ਗਾਇਬ ਹੋ ਗਏ ਹਨ। ਡਿਜੀਟਲ ਮੀਡੀਆ ਵਿੱਚ ਵੀ ਸਨਸਨੀਖੇਜ਼ ਖ਼ਬਰਾਂ ਨੇ ਸੱਚਾਈ ਨੂੰ ਪਿੱਛੇ ਧੱਕ ਦਿੱਤਾ ਹੈ। ਪੱਤਰਕਾਰਾਂ ਦੀ ਹਾਲਤ ਵੀ ਬਹੁਤ ਖਰਾਬ ਹੈ। ਠੇਕੇ ਤੇ ਨੌਕਰੀਆਂ, ਘੱਟ ਤਨਖਾਹ, ਨੌਕਰੀ ਦੀ ਅਸੁਰੱਖਿਆ ਅਤੇ ਸੰਪਾਦਕ ਦੀ ਦਖਲ ਅੰਦਾਜੀ ਨੇ ਸੁਤੰਤਰ ਰਿਪੋਰਟਿੰਗ ਨੂੰ ਕਮਜ਼ੋਰ ਕਰ ਦਿੱਤਾ। ਪ੍ਰੈੱਸ ਕਾਉਂਸਲ ਅਤੇ ਐਡੀਟਰਜ਼ ਗਿਲਡ ਵਰਗੀਆਂ ਸੰਸਥਾਵਾਂ ਦਾ ਅਸਰ ਬਹੁਤ ਘੱਟ ਹੈ। ਇਸ ਦੇ ਬਾਵਜੂਦ ਕੁਝ ਪੱਤਰਕਾਰ ਅਤੇ ਪਲੇਟਫਾਰਮ ਅਜੇ ਵੀ ਜੋਖਮ ਲੈ ਕੇ ਸੱਚ ਲਿਖ ਰਹੇ ਹਨ, ਪਰ ਉਨ੍ਹਾਂ ਨੂੰ ਕਾਨੂੰਨੀ, ਆਰਥਿਕ ਅਤੇ ਰਾਜਨੀਤਿਕ ਦਬਾਅ ਸਹਿਣੇ ਪੈਂਦੇ ਹਨ।

ਹੁਣ ਪੰਜਾਬ ਵਿੱਚ ਮੀਡੀਆ ਤੇ ਹਮਲਿਆਂ ਦੀ ਗੱਲ ਕਰੀਏ। ਹਾਲ ਹੀ ਵਿੱਚ 20 ਜਨਵਰੀ 2026 ਨੂੰ ਸੁਪਰੀਮ ਕੋਰਟ ਨੇ ਪੰਜਾਬ ਕੇਸਰੀ ਅਖ਼ਬਾਰ ਨੂੰ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਪੰਜਾਬ ਸਰਕਾਰ (ਆਪ ਸਰਕਾਰ) ਨੂੰ ਹੁਕਮ ਦਿੱਤਾ ਕਿ ਪੰਜਾਬ ਕੇਸਰੀ ਦੀ ਪ੍ਰਿੰਟਿੰਗ ਪ੍ਰੈੱਸ ਨੂੰ ਬਿਨਾਂ ਰੁਕਾਵਟ ਚਲਾਉਣ ਦਿੱਤਾ ਜਾਵੇ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪ੍ਰਦੂਸ਼ਣ ਦੇ ਆਧਾਰ ਤੇ ਬਿਜਲੀ ਕੱਟੀ ਸੀ ਅਤੇ ਪ੍ਰੈੱਸ ਬੰਦ ਕਰਨ ਦਾ ਹੁਕਮ ਦਿੱਤਾ ਸੀ, ਪਰ ਅਖ਼ਬਾਰ ਨੇ ਦਾਅਵਾ ਕੀਤਾ ਕਿ ਇਹ ਕਾਰਵਾਈਆਂ ਉਨ੍ਹਾਂ ਦੀਆਂ ਸਰਕਾਰ ਵਿਰੋਧੀ ਰਿਪੋਰਟਾਂ ਕਾਰਨ ਕੀਤੀਆਂ ਗਈਆਂ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਅਖ਼ਬਾਰਾਂ ਨੂੰ ਬੰਦ ਨਹੀਂ ਕੀਤਾ ਜਾ ਸਕਦਾ, ਭਾਵੇਂ ਵਪਾਰਕ ਯੂਨਿਟ ਬੰਦ ਹੋਣ। ਇਹ ਅੰਤਰਿਮ ਰਾਹਤ ਹਾਈ ਕੋਰਟ ਦੇ ਫੈਸਲੇ ਤੱਕ ਅਤੇ ਇੱਕ ਹਫਤੇ ਬਾਅਦ ਤੱਕ ਲਾਗੂ ਰਹੇਗੀ। ਵਿਰੋਧੀ ਪਾਰਟੀਆਂ ਨੇ ਇਸ ਨੂੰ ਪ੍ਰੈੱਸ ਆਜ਼ਾਦੀ ਤੇ ਹਮਲਾ ਕਿਹਾ। ਇਹ ਘਟਨਾ ਪੰਜਾਬ ਵਿੱਚ ਮੀਡੀਆ ਤੇ ਸਰਕਾਰੀ ਦਬਾਅ ਦਾ ਤਾਜ਼ਾ ਉਦਾਹਰਣ ਹੈ।

ਮੀਡੀਆ ਤੇ ਹਮਲੇ ਵਧ ਰਹੇ ਹਨ ਕਿਉਂਕਿ ਇਹ ਕਾਰਪੋਰੇਟ ਅਤੇ ਰਾਜਨੀਤਿਕ ਹਿਤਾਂ ਦਾ ਗੁਲਾਮ ਬਣ ਗਿਆ ਹੈ। ਲੋਕ ਪੱਖੀ ਰਿਪੋਰਟਿੰਗ ਘੱਟ ਹੋ ਗਈ ਹੈ ਕਿਉਂਕਿ ਸਤਾ ਦਾ ਪ੍ਰਭਾਵ ਅਤੇ ਮਾਲਕਾਂ ਦੇ ਹਿਤ ਮੀਡੀਆ ਦੀ ਅਜ਼ਾਦੀ ਨੂੰ ਰੋਕਦੇ ਹਨ। ਸਰਕਾਰਾਂ ਅਵਾਜ਼ ਦਬਾਉਣ ਲਈ ਵੱਖ-ਵੱਖ ਤਰੀਕੇ ਵਰਤਦੀਆਂ ਹਨ - ਵਿਗਿਆਪਨ ਰੋਕਣਾ, ਛਾਪੇ ਮਾਰਨਾ, ਐਫਆਈਆਰ ਦਰਜ ਕਰਨਾ ਅਤੇ ਕਾਨੂੰਨੀ ਕੇਸ ਬਣਾਉਣਾ। ਪੰਜਾਬ ਵਿੱਚ ਇਹ ਸਥਿਤੀ ਵਧੇਰੇ ਸਾਫ਼ ਨਜ਼ਰ ਆ ਰਹੀ ਹੈ, ਕਿਉਂਕਿ ਬੀਤੇ ਦਿਨੀਂ ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਕਈ ਯੂਟਿਊਬ ਚੈਨਲਾਂ ਅਤੇ ਯੂਟਿਊਬਰਾਂ ਉੱਤੇ ਮੁਕੱਦਮੇ ਦਰਜ ਕੀਤੇ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੇਸ ਮੁੱਖ ਮੰਤਰੀ ਭਗਵੰਤ ਮਾਨ ਨਾਲ ਜੁੜੇ ਹੈਲੀਕਾਪਟਰ ਦੇ ਕਥਿਤ ਮਿਸਯੂਜ਼ ਨਾਲ ਸਬੰਧਤ ਗਲਤ ਜਾਂ ਭੜਕਾਊ ਸਮੱਗਰੀ ਫੈਲਾਉਣ ਦੇ ਆਰੋਪਾਂ ਨਾਲ ਜੁੜੇ ਹਨ। ਉਦਾਹਰਨ ਵਜੋਂ ਦਸੰਬਰ 2025 ਵਿੱਚ ਲੁਧਿਆਣਾ ਪੋਲੀਸ ਨੇ ਆਰਟੀਆਈ ਐਕਟਿਵਿਸਟ ਮਨੀਕ ਗੋਇਲ ਸਮੇਤ 10 ਵਿਅਕਤੀਆਂ ਉੱਤੇ ਐੱਫਆਈਆਰ ਰਜਿਸਟਰ ਕੀਤੀ। ਇਸ ਤੋਂ ਇਲਾਵਾ, ਬਠਿੰਡਾ ਵਿੱਚ ਵੀ ਕਈ ਜਰਨਲਿਸਟਾਂ ਅਤੇ ਯੂਟਿਊਬਰਾਂ ਉੱਤੇ ਐੱਫਆਈਆਰ ਦਰਜ ਕੀਤੀਆਂ ਗਈਆਂ ਹਨ, ਜੋ ਕਿ ਸੀਐੱਮ ਦੇ ਹੈਲੀਕਾਪਟਰ ਵਰਤੋਂ ਬਾਰੇ ਰਿਪੋਰਟਿੰਗ ਨਾਲ ਜੁੜੀਆਂ ਹਨ। ਵਿਰੋਧੀ ਪਾਰਟੀਆਂ ਅਤੇ ਪ੍ਰੈੱਸ ਸੰਸਥਾਵਾਂ ਇਸ ਨੂੰ ਆਜ਼ਾਦੀ ਉੱਤੇ ਹਮਲਾ ਮੰਨਦੀਆਂ ਹਨ, ਕਿਉਂਕਿ ਇਹ ਰਿਪੋਰਟਿੰਗ ਨੂੰ ਰੋਕਣ ਵਾਲੀਆਂ ਕਾਰਵਾਈਆਂ ਵਾਂਗ ਲੱਗਦੀਆਂ ਹਨ।

ਮੀਡੀਆ ਦੀ ਅਜ਼ਾਦੀ ਨੂੰ ਬਚਾਉਣ ਲਈ ਸੁਪਰੀਮ ਕੋਰਟ ਨੂੰ ਦਖਲਅੰਦਾਜ਼ੀ ਕਰਨੀ ਚਾਹੀਦੀ ਹੈ। ਲੋਕਾਂ ਨੂੰ ਵੀ ਸੁਤੰਤਰ ਅਤੇ ਜਨਤਕ ਹਿਤ ਵਾਲੇ ਮੀਡੀਆ ਨੂੰ ਸਮਰਥਨ ਦੇਣਾ ਚਾਹੀਦਾ ਹੈ। ਜੇ ਮੀਡੀਆ ਆਜ਼ਾਦ ਨਹੀਂ ਰਹੇਗਾ ਤਾਂ ਲੋਕਤੰਤਰ ਕਮਜ਼ੋਰ ਹੋ ਜਾਵੇਗਾ। ਸੱਚ ਅਤੇ ਆਜ਼ਾਦੀ ਲਈ ਲੜਨਾ ਪਵੇਗਾ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS



Gurmukh Singh OBE

# Sikh Jathebandis Opposing Grooming Gangs Deserve Sangat Support

The need for non-discriminatory Sikhi sewa outside Gurdwaras in the current socio-political climate cannot be overstated. Such community engagement with the plural societies we live in provides a sharp contrast against ideologies which are antagonising local communities at a time when there is a sharp swing to right-wing politics.

Wherever they live, Sikhs are readily recognised with appreciation as net-contributors in every field. Sikhi activism educates young Sikhs about what Sikhi is about. Sikhs are praised for their self-discipline at Nagar Kirtans and even at lawful demonstrations. They are generally recognised as law-abiding loyal citizens. Yet, that loyalty is qualified by sovereign Miri-Piri Sikhi principles taught by Sri Guru Granth Sahib as interpreted by Guru lives and Khalsa tradition of sacrifices for justice and freedom.

The rescue of a Sikh girl from the clutches of a grooming gang in Hounslow, by a Sikh jathebandi, Sikh Youth UK, on 11 January 2026, reminds me of such community activism going back decades. This incident continues to make headlines through global mainstream and social media. According to the Sikh Press Association statement, the accused, believed to be in his late 30s, allegedly began grooming the girl when she was around 13.

According to Sikh Youth UK, this was only one of thousands of cases and British Pakistani men have been grooming Sikh girls since at least the 1960s.

The case shows that grooming gangs encouraged by misinterpreted Islamic religious ideology, are active in the UK. Organisations like the Sikh Awareness Society and Sikh Helpline have documented similar cases dating back to the 1970s. These gangs often target girls between the ages of 11 and 16. In 2025 June, a damning report by Baroness Louise Casey, exposed decades of institutional failure.

Young Sikh boys and girls have been targeted by aggressive conversion tactics, especially by Islamic activism, at universities over the decades. It was at that time that late Sardar Gurbachan Singh Sidhu invited me co-author Sikh Religion and Islam with him following an earlier study, Sikh Religion and Christianity (see links at footnote). The studies, especially Sikh Religion and Islam, were very well received by Sikh diaspora. It is necessary to educate our next generations about the true position of these Abrahamic religions and Sikhi regarding modern human rights and values. Such efforts to explain Sikh ideology through comparative studies of religion, need to be sustained through field activism. Some Sikh charities have done just that in recent years.

I am also reminded of my earlier acquaintance with real next generation role models like Bhai Ravinder Singh (Ravi) of Khalsa Aid, Bibi Mejinderpal Kaur of United Sikhs and Bhai Mohan Singh of Sikh Awareness Society. Next generation young Sikhs in Sikhi bana have followed in their footsteps.

It is reassuring and a good sign for the global Panth that this type of non-discriminatory Sikh sewa is catching headlines quite regularly. Regrettably, it is only when such sewa makes headlines that Gurdwara managements seem to take notice of their vital community role today. Gurdwaras are the miri-piri centres of the globalised Khalsa Panth and of Sikhi activism. They must use the generous donations by the Sangat in accordance with Sikh tradition and Sikh Reht Maryada guidance under Facets of Sikh Corporate Life (Guru Panth and Section Six of English translation). By far the larger part of Sangat donations at Gurdwara should go to Sikhi sewa, education and Sarbatt da Bhalaa causes <u>outside Gurdwaras</u>.

**Studies:**

sikh-religion-and-islam-a-comparative-study-gurbachan-singh-sidhu-gurmukh-singh.pdf
sikh-religion-and-christianity-a-comparative-study-gurbachan-singh-sidhu.pdf

**Gurmukh Singh OBE,** Ret'd Principal Civil Servant (UK) sewauk2005@yahoo.co.uk

# ਈਰਾਨ ਵਿੱਚ ਵਿਰੋਧ ਪ੍ਰਦਰਸ਼ਨਾਂ ਨੂੰ ਲੈ ਕੇ ਈਰਾਨ ਅਮਰੀਕਾ ਵਿਚਾਲੇ ਤਣਾਅ

## ✪ ਯੂਐੱਨ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਮੌਤਾਂ ਦੀ ਗਿਣਤੀ 5,000 ਤੋਂ ਲੈ ਕੇ 20,000 ਤੱਕ ਦੱਸੀ




ਤੇਹਰਾਨ/ਨਵੀਂ ਦਿੱਲੀ-ਈਰਾਨ ਵਿੱਚ ਵਿਰੋਧ ਪ੍ਰਦਰਸ਼ਨਾਂ ਨੇ ਪੂਰੇ ਵਿਸ਼ਵ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਇਹ ਪ੍ਰਦਰਸ਼ਨ ਦਸੰਬਰ 2025 ਦੇ ਅਖੀਰ ਵਿੱਚ ਸ਼ੁਰੂ ਹੋਏ ਅਤੇ ਹੁਣ ਦੇਸ਼ ਭਰ ਵਿੱਚ ਫੈਲ ਗਏ ਹਨ। ਆਰਥਿਕ ਸੰਕਟ, ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਲੋਕਾਂ ਨੂੰ ਸੜਕਾਂ 'ਤੇ ਉੱਤਰਨ ਲਈ ਮਜਬੂਰ ਕੀਤਾ ਹੈ। ਰੀਆਲ ਦੀ ਕੀਮਤ ਰਿਕਾਰਡ ਨੀਵੇਂ ਪੱਧਰ 'ਤੇ ਪਹੁੰਚ ਗਈ ਹੈ ਅਤੇ ਮਹਿੰਗਾਈ 42 ਫੀਸਦੀ ਤੋਂ ਵੱਧ ਹੈ। ਪਾਣੀ ਦੀ ਕਮੀ ਅਤੇ ਬਿਜਲੀ ਦੀਆਂ ਕਟੌਤੀਆਂ ਨੇ ਵੀ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ।

ਸਰਕਾਰੀ ਸਖਤ ਕਾਰਵਾਈ ਦੌਰਾਨ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਲੱਖਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਯੂਐੱਨ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਮੌਤਾਂ ਦੀ ਗਿਣਤੀ 5,000 ਤੋਂ ਲੈ ਕੇ 20,000 ਤੱਕ ਦੱਸੀ ਹੈ। ਵਿਰੋਧ ਪ੍ਰਦਰਸ਼ਨ ਤਿੱਖੇ ਹੋਣ ਦੇ ਕਾਰਨ ਅਮਰੀਕੀ ਪਾਬੰਦੀਆਂ ਅਤੇ ਖੇਤਰੀ ਸੰਕਟ ਹਨ। ਈਰਾਨੀ ਅਰਥਵਿਵਸਥਾ ਤਬਾਹ ਹੋ ਚੁੱਕੀ ਹੈ। ਲੋਕ ਆਰਥਿਕ ਮੰਗਾਂ ਤੋਂ ਅੱਗੇ ਵਧ ਕੇ ਸੱਤਾ ਬਦਲਾਅ ਦੀ ਮੰਗ ਕਰ ਰਹੇ ਹਨ। ਰਾਇਲ ਪਹਿਲਵੀ ਦੇ ਪੁੱਤਰ ਰੇਜ਼ਾ ਪਹਿਲਵੀ ਨੂੰ ਵਾਪਸ ਲਿਆਉਣ ਦੀਆਂ ਆਵਾਜ਼ਾਂ ਵੀ ਉੱਠ ਰਹੀਆਂ ਹਨ। ਬਰੂਕਿੰਗਸ ਇੰਸਟੀਚਿਊਟ ਨੇ ਕਿਹਾ ਕਿ ਇਹ ਅੰਦੋਲਨ ਈਰਾਨੀ ਹਕੂਮਤ ਲਈ ਸਭ ਤੋਂ ਵੱਡੀ ਚੁਣੌਤੀ ਹੈ, ਖਾਸ ਕਰ ਅਲੀ ਖਾਮੇਨੇਈ ਦੀ ਉਮਰ ਅਤੇ ਅਨਿਸ਼ਚਿਤਤਾ ਕਾਰਨ। ਇੰਟਰਨੈੱਟ ਬੰਦ ਅਤੇ ਸੰਚਾਰ ਸੇਵਾਵਾਂ ਰੋਕਣ ਨਾਲ ਸਥਿਤੀ ਹੋਰ ਗੰਭੀਰ ਹੋ ਗਈ ਹੈ।

### ਕੀ ਤਖਤਾ ਪਲਟ ਹੋ ਸਕਦਾ ਹੈ ?

ਲੋਕ ਖਾਮੇਨੇਈ ਨੂੰ ਹਟਾਉਣ ਦੀ ਮੰਗ ਕਰ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਖਾਮੇਨੇਈ ਦਾ 37 ਸਾਲਾਂ ਦਾ ਰਾਜ ਖਤਮ ਹੋਣ ਦਾ ਵਕਤ ਆ ਗਿਆ ਹੈ। ਪਰ ਸੁਰੱਖਿਆ ਬਲਿਂ ਦੀ ਸਖਤੀ ਨਾਲ ਨਾਲ ਪ੍ਰਦਰਸ਼ਨ ਘੱਟ ਹੋ ਗਏ ਹਨ। ਹਾਲਾਂਕਿ ਇਹ ਅਸਥਾਈ ਹੋ ਸਕਦਾ ਹੈ, ਕਿਉਂਕਿ ਆਰਥਿਕ ਸਮੱਸਿਆਵਾਂ ਲੋਕਾਂ ਉਪਰ ਭਾਰੂ ਹਨ। ਅਮਰੀਕਾ ਦੀ ਦਖਲਅੰਦਾਜ਼ੀ ਵਧੀ ਹੈ। ਟਰੰਪ ਨੇ ਸ਼ੁਰੂ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਸਮਰਥਨ ਦਿੱਤਾ ਅਤੇ ਚੇਤਾਵਨੀ ਦਿੱਤੀ ਕਿ ਜੇ ਹਿੰਸਾ ਜਾਰੀ ਰਹੀ ਤਾਂ ਅਮਰੀਕਾ ਫੌਜੀ ਕਾਰਵਾਈ ਕਰੇਗਾ। ਪਰ ਬਾਅਦ ਵਿੱਚ ਰੁਖ ਨਰਮ ਕੀਤਾ ਜਦੋਂ ਈਰਾਨ ਨੇ ਬਾਗੀ ਲੋਕਾਂ ਦੀਆਂ ਫਾਂਸੀਆਂ ਰੋਕਣ ਦਾ ਵਾਅਦਾ ਕੀਤਾ। ਹੁਣ ਟਰੰਪ ਨੇ ਖਾਮੇਨੇਈ ਨੂੰ ਬੀਮਾਰ ਆਦਮੀ ਕਿਹਾ ਅਤੇ ਨਵੀਂ ਲੀਡਰਸ਼ਿਪ ਦੀ ਮੰਗ ਕੀਤੀ ਹੈ। ਟਰੰਪ ਨੇ ਚੇਤਾਵਨੀ ਦਿੱਤੀ ਕਿ ਸਾਰੇ ਵਿਕਲਪ ਖੁੱਲ੍ਹੇ ਹਨ, ਜਿਸ ਵਿੱਚ ਟਾਮਹਾਕ ਮਿਜ਼ਾਈਲ, ਜੈੱਸਮ ਮਿਜ਼ਾਈਲ ਅਤੇ ਸਾਈਬਰ ਅਟੈਕ ਸ਼ਾਮਲ ਹਨ। ਈਰਾਨ ਨੇ ਅਮਰੀਕੀ ਬੇਸਾਂ ਤੇ ਹਮਲੇ ਦੀ ਧਮਕੀ ਦਿੱਤੀ ਹੈ। ਪਰ ਨਿਊ ਲਾਈਨਜ਼ ਇੰਸਟੀਚਿਊਟ ਨੇ ਕਿਹਾ ਕਿ ਅਮਰੀਕੀ ਹਮਲਾ ਈਰਾਨੀ ਹਕੂਮਤ ਨੂੰ ਮਜ਼ਬੂਤ ਕਰ ਸਕਦਾ ਹੈ। ਪਰ ਡਰ ਹੈ ਕਿ ਇਹ ਵੱਡਾ ਯੁੱਧ ਬਣ ਸਕਦਾ ਹੈ।

ਭਾਰਤ ਲਈ ਚਿੰਤਾ ਵੱਡੀ ਹੈ, ਖਾਸ ਕਰ ਚਾਬਹਾਰ ਪੋਰਟ ਨੂੰ ਲੈ ਕੇ। ਭਾਰਤ ਨੇ ਇਸ ਵਿੱਚ 1 ਅਰਬ ਡਾਲਰ ਤੋਂ ਵੱਧ ਨਿਵੇਸ਼ ਕੀਤਾ ਹੈ। ਇਸ ਦਾ ਮਕਸਦ ਪਾਕਿਸਤਾਨ ਨੂੰ ਬਾਈਪਾਸ ਕਰ ਕੇ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਪਹੁੰਚ ਬਣਾਉਣਾ ਹੈ ਜ਼ੇ ਈਰਾਨ ਅਸਥਿਰ ਹੋਇਆ ਤਾਂ ਭਾਰਤ ਦੀ ਰਣਨੀਤਕ ਪਹੁੰਚ ਖਤਰੇ ਵਿੱਚ ਪੈ ਜਾਵੇਗੀ। ਇਕਨਾਮਿਕ ਟਾਈਮਜ਼ ਮੁਤਾਬਕ, ਅਸਥਿਰਤਾ ਨਾਲ ਭਾਰਤ ਦੇ 1.3 ਤੋਂ 1.7 ਬਿਲੀਅਨ ਡਾਲਰ ਦੇ ਵਪਾਰ ਤੇ ਅਸਰ ਪੈ ਸਕਦਾ ਹੈ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਰਾਜਨ ਕੁਮਾਰ ਨੇ ਕਿਹਾ ਕਿ ਖਾਮੇਨੇਈ ਤੋਂ ਬਾਅਦ ਸੱਤਾ ਸੰਘਰਸ਼ ਨਾਲ ਚਾਬਹਾਰ ਵਰਗੇ ਪ੍ਰੋਜੈਕਟ ਖਤਰੇ ਵਿੱਚ ਪੈ ਸਕਦੇ ਹਨ। ਪਾਕਿਸਤਾਨ ਨੂੰ ਇਸ ਸੰਕਟ ਵਿੱਚ ਫਾਇਦਾ ਮਿਲ ਸਕਦਾ ਹੈ। ਈਰਾਨ ਦੀ ਕਮਜ਼ੋਰੀ ਨਾਲ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਵਿੱਚ ਪਾਕਿਸਤਾਨ ਦਾ ਪ੍ਰਭਾਵ ਵਧੇਗਾ। ਮਨੀਕੰਟਰੋਲ ਮੁਤਾਬਕ, ਇਸ ਨਾਲ ਚੀਨ ਨੂੰ ਵੀ ਫਾਇਦਾ ਮਿਲੇਗਾ, ਕਿਉਂਕਿ ਚੀਨ-ਈਰਾਨ ਵਿੱਚ 25 ਸਾਲਾਂ ਦਾ ਸਮਝੌਤਾ ਹੈ।

ਭਾਰਤ ਨੇ ਆਪਣੇ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਕਦਮ ਚੁੱਕੇ ਹਨ। ਈਰਾਨ ਵਿੱਚ ਲਗਭਗ 9,000 ਤੋਂ 10,000 ਭਾਰਤੀ ਹਨ, ਜਿਨ੍ਹਾਂ ਵਿੱਚ ਵਿਦਿਆਰਥੀ, ਵਪਾਰੀ ਅਤੇ ਤੀਰਥ ਯਾਤਰੀ ਸ਼ਾਮਲ ਹਨ। ਵਿਦੇਸ਼ ਮੰਤਰਾਲੇ ਨੇ ਐਡਵਾਈਜ਼ਰੀ ਜਾਰੀ ਕੀਤੀ ਹੈ ਕਿ ਭਾਰਤੀ ਈਰਾਨ ਛੱਡ ਦੇਣ। ਵਿਸ਼ੇਸ਼ ਫਲਾਈਟਾਂ ਨਾਲ ਕਈ ਵਾਪਸ ਆਏ ਹਨ। ਰਿਪੋਰਟਾਂ ਮੁਤਾਬਕ, ਹੁਣ ਤੱਕ ਲਗਭਗ 2,000 ਤੋਂ ਵੱਧ ਭਾਰਤੀ ਵਾਪਸ ਪਰਤੇ ਹਨ, ਖਾਸ ਕਰ ਵਿਦਿਆਰਥੀ। 16 ਭਾਰਤੀ ਕਰੂ ਮੈਂਬਰ ਈਰਾਨ ਵਿੱਚ ਹਿਰਾਸਤ ਵਿੱਚ ਹਨ, ਜਿਨ੍ਹਾਂ ਨੂੰ ਛਡਾਉਣ ਲਈ ਭਾਰਤ ਕੋਸ਼ਿਸ਼ ਕਰ ਰਿਹਾ ਹੈ।

ਇਸ ਸੰਕਟ ਨੇ ਭਾਰਤ ਦੀ ਵਿਦੇਸ਼ ਨੀਤੀ ਨੂੰ ਨਵੇਂ ਸਿਰੇ ਨਾਲ ਵੇਖਣ ਦੀ ਜ਼ਰੂਰਤ ਪੈਦਾ ਕੀਤੀ ਹੈ। ਈਰਾਨ ਨਾਲ ਰਿਸ਼ਤੇ ਪੁਰਾਣੇ ਅਤੇ ਰਣਨੀਤਕ ਹਨ। ਭਾਰਤ ਤੇਹਰਾਨ, ਰਿਆਦ, ਅਬੂ ਧਾਬੀ, ਤੇਲ ਅਵੀਵ ਅਤੇ ਵਾਸ਼ਿੰਗਟਨ ਨਾਲ ਸੰਤੁਲਨ ਬਣਾ ਰਿਹਾ ਹੈ। ਅਸਥਿਰਤਾ ਨਾਲ ਭਾਰਤ ਨੂੰ ਨਵੇਂ ਵਿਕਲਪ ਲੱਭਣੇ ਪੈਣਗੇ। ਵਿਸ਼ਲੇਸ਼ਕ ਕਹਿੰਦੇ ਹਨ ਕਿ ਭਾਰਤ ਨੂੰ ਅਮਰੀਕਾ, ਰੂਸ ਅਤੇ ਹੋਰ ਸ਼ਕਤੀਆਂ ਨਾਲ ਸੰਪਰਕ ਵਧਾਉਣਾ ਚਾਹੀਦਾ ਹੈ। ਈਰਾਨ ਨੇ ਆਈਐੱਸਆਈਐੱਸ ਅਤੇ ਤਾਲਿਬਾਨ ਵਿਰੁੱਧ ਭਾਰਤ ਨਾਲ ਸਹਿਯੋਗ ਕੀਤਾ ਹੈ। ਹੁਣ ਰਣਨੀਤਕ ਸਾਵਧਾਨੀ ਅਤੇ ਜੁੜਾਅ ਦੀ ਜ਼ਰੂਰਤ ਹੈ।

# ਜਾਪਾਨੀ ਦੇ ਪੂਰਵ ਪ੍ਰਧਾਨ ਮੰਤਰੀ ਸ਼ਿੰਝੋ ਆਬੇ ਦੀ ਹੱਤਿਆ ਕਰਨ ਵਾਲੇ ਆਦਮੀ ਨੂੰ ਉਮਰ ਕੈਦ ਦੀ ਸਜ਼ਾ

ਇੱਕ ਜਾਪਾਨੀ ਅਦਾਲਤ ਨੇ ਪੂਰਵ ਪ੍ਰਧਾਨ ਮੰਤਰੀ ਸ਼ਿੰਝੋ ਆਬੇ (Shinzo Abe) ਦੀ ਹੱਤਿਆ ਕਰਨ ਵਾਲੇ ਆਦਮੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ, ਤਿੰਨ ਸਾਲ ਤੋਂ ਵੀ ਜ਼ਿਆਦਾ ਸਮੇਂ ਬਾਅਦ ਜਦ ਉਹਨੀਂ 2022 ਵਿੱਚ ਨਾਰਾ ਸ਼ਹਿਰ 'ਚ ਇੱਕ ਰੌੜੀ ਭਰਿਆ ਰੈਲੀ ਦੌਰਾਨ ਪੁਰਾਣੇ ਪ੍ਰਧਾਨਮੰਤਰੀ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ।

ਮੁੱਖ ਦੋਸ਼ੀ: 45 ਸਾਲਾ ਟੇਤਸੁਯਾ ਯਾਮਾਗਾਮੀ (Tetsuya Yamagaim), ਜਿਸਨੇ ਸ਼ਿੰਝੋ ਆਬੇ ਨੂੰ ਉਸਦੇ ਕੈਂਪੀਨ ਬੋਲਦੇ ਸਮੇਂ ਇੱਕ ਘਰੇਲੂ ਬਣਾਈ ਗਈ ਬੰਦੂਕ ਨਾਲ ਗੋਲੀਆਂ ਮਾਰ ਕੇ ਮਾਰਿਆ ਸੀ।


ਕਿਹੜੀ ਸਜ਼ਾ ਮਿਲੀ? ਨਾਰਾ ਜ਼ਿਲ੍ਹਾ ਕੋਰਟ ਨੇ ਉਸਨੂੰ ਉਮਰ ਕੈਦ (ਲਿਡਈ ਮਪਰਿਸੋਨਮਏਨਟ) ਦੀ ਸਜ਼ਾ ਸੁਣਾਈ ਹੈ।

ਮਾਮਲੇ ਦੀ ਪਿਛੋਕੜ: ਯਾਮਾਗਾਮੀ ਨੇ ਕਾਬੂ ਹੋਣ 'ਤੇ ਕਬੂਲਿਆ ਕਿ ਉਸਦਾ ਮਕਸਦ ਆਬੇ ਦੀ ਧਾਰਮਿਕ ਗਰੁੱਪ ਯੂਨੀਫਿਕੇਸ਼ਨ ਚਰਚ ਨਾਲ ਜੋੜ ਕਾਰਨ ਨਾਰਾ ਵਿਖੇ ਉਸ ਨੂੰ ਟਾਰਗੇਟ ਕਰਨਾ ਸੀ, ਕਿਉਂਕਿ ਉਹ ਮੰਨਦਾ ਸੀ ਕਿ ਉਸਦੀ ਮਾਂ ਦੇ ਵੱਡੇ ਦਾਨਾਂ ਨੇ ਪਰਿਵਾਰ ਨੂੰ ਆਰਥਿਕ ਤੰਗੀ ਵਿੱਚ ਫਸਾ ਦਿੱਤਾ।

ਸਮਾਜ 'ਤੇ ਪ੍ਰਭਾਵ: ਇਹ ਘਟਨਾ ਜਾਪਾਨ ਜਿਹੜਾ ਦੇਸ਼ ਹਥਿਆਰਬੰਦ ਹਿੰਸਾ ਲਈ ਬਹੁਤ ਹੀ ਕਮ ਹੀ ਦੇਖਿਆ ਜਾਂਦਾ ਹੈ, ਲਈ ਇੱਕ ਪ੍ਰਭਾਵਸ਼ਾਲੀ ਘਟਨਾ ਸਾਬਿਤ ਹੋਈ। ਇਸ ਮਾਮਲੇ ਨੇ ਸਿਆਸੀ ਅਤੇ ਧਾਰਮਿਕ ਸਬੰਧਾਂ 'ਤੇ ਭਾਰਤੀ ਚਰਚ ਤੇ ਸਿਆਸੀ ਸੰਬੰਧਾਂ ਦੀ ਵੀ ਸਰਗਰਮੀ ਪੈਦਾ ਕੀਤੀ।

# ਹਰਿਆਣਾ ਗੁਰਦੁਆਰਾ ਕਮੇਟੀ ਵਿਚ ਝੀਂਡਾ ਤੇ ਦਾਦੂਵਾਲ ਵਿਚ ਵਿਵਾਦ ਛਿੜਿਆ

## ✪ ਪ੍ਰਧਾਨ ਝੀਂਡਾ ਨੇ ਜਥੇਦਾਰ ਗੜਗੱਜ ਨੂੰ ਕੀਤੀ ਦਾਦੂਵਾਲ ਦੀ ਲਿਖਤੀ ਸ਼ਿਕਾਇਤ ✪ ਜਥੇ: ਦਾਦੂਵਾਲ ਨੇ ਪ੍ਰਧਾਨ ਵਲੋਂ ਲਾਏ ਦੋਸ਼ਾਂ ਨੂੰ ਸਿਰੇ ਤੋਂ ਨਕਾਰਿਆ



ਅੰਮ੍ਰਿਤਸਰ-ਕੁਝ ਵਰ੍ਹੇ ਪਹਿਲਾਂ ਸ਼੍ਰੋਮਣੀ ਕਮੇਟੀ ਤੋਂ ਹਰਿਆਣਾ ਦੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਲੈ ਕੇ ਹੋਂਦ ਵਿਚ ਆਈ ਹਰਿਆਣਾ ਗੁਰਦੁਆਰਾ ਕਮੇਟੀ ਦੇ ਕੁਝ ਮੈਂਬਰਾਂ ਦਰਮਿਆਨ ਬਜਟ ਇਲਜਾਸ ਤੋਂ ਬਾਅਦ ਚੱਲ ਰਹੀ ਕਸ਼ਮਕਸ਼ ਦਾ ਮਾਮਲਾ ਅਕਾਲ ਤਖਤ ਸਾਹਿਬ ਪੁੱਜ ਗਿਆ। ਹਰਿਆਣਾ ਕਮੇਟੀ ਦੇ ਪ੍ਰਧਾਨ ਜਥੇ: ਜਗਦੀਸ਼ ਸਿੰਘ ਝੀਂਡਾ ਨੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਕਮੇਟੀ ਦੇ ਮੈਂਬਰ ਤੇ ਤਤਕਾਲੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਜਥੇ: ਬਲਜੀਤ ਸਿੰਘ ਦਾਦੂਵਾਲ ਵਿਰੁੱਧ ਅੱਠ ਸਫ਼ਿਆਂ ਦਾ ਲੰਬਾ ਚੌੜਾ ਸ਼ਿਕਾਇਤ ਪੱਤਰ ਸੌਂਪ ਕੇ ਉਨ੍ਹਾਂ 'ਤੇ ਕਈ ਆਰਥਿਕ ਤੇ ਹੋਰ ਗੰਭੀਰ ਦੋਸ਼ ਲਾਉਂਦਿਆਂ ਉਨ੍ਹਾਂ ਖਿਲਾਫ਼ ਕਾਰਵਾਈ ਦੀ ਮੰਗ ਕੀਤੀ। ਦੂਜੇ ਪਾਸੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਸੰਪਰਕ ਕੀਤੇ ਜਾਣ 'ਤੇ ਪ੍ਰਧਾਨ ਝੀਂਡਾ ਵਲੋਂ ਲਾਏ ਜਾ ਰਹੇ ਇਲਜ਼ਾਮਾਂ ਨੂੰ ਤੱਥਹੀਣ ਤੇ ਝੂਠ ਦਾ ਪੁਲੰਦਾ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਗਲਤ ਬਿਆਨਬਾਜ਼ੀ ਕਰਨ ਵਿਰੁੱਧ ਪ੍ਰਧਾਨ ਨੂੰ ਕਾਨੂੰਨੀ ਨੋਟਿਸ ਵੀ ਭੇਜਿਆ ਹੈ।


# ਦਰਬਾਰ ਸਾਹਿਬ ਦੇ ਸਰੋਵਰ ਵਿੱਚ ਵਜ਼ੂ ਕਰਨ ਕਰਕੇ ਮੁਸਲਿਮ ਨੌਜਵਾਨ ਨੇ ਕੀਤੀ ਬੇਅਦਬੀ

## ✪ ਸ਼੍ਰੋਮਣੀ ਕਮੇਟੀ ਨੇ ਕੀਤੀ ਸਖ਼ਤ ਨਿੰਦਾ ਅਤੇ ਜਾਂਚ ਦੇ ਹੁਕਮ

ਅੰਮ੍ਰਿਤਸਰ-ਪੰਜਾਬ ਵਿੱਚ ਇੱਕ ਵੱਡਾ ਵਿਵਾਦ ਛਿੜ ਗਿਆ ਹੈ ਜਦੋਂ ਇੱਕ ਮੁਸਲਿਮ ਨੌਜਵਾਨ ਦਾ ਵੀਡੀਓ ਵਾਇਰਲ ਹੋਇਆ, ਜਿਸ ਵਿੱਚ ਉਹ ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਵਜ਼ੂ (ਇਸਲਾਮੀ ਨਮਾਜ਼ ਤੋਂ ਪਹਿਲਾਂ ਵਾਲੀ ਸਫ਼ਾਈ) ਕਰਦਾ ਦਿਖਾਈ ਦਿੱਤਾ। ਇਸ ਵੀਡੀਓ ਵਿੱਚ ਨੌਜਵਾਨ ਟੋਪੀ (ਤਕੀਆ) ਪਾਇਆ ਹੋਇਆ ਸੀ ਅਤੇ ਸਰੋਵਰ ਦੇ ਪਾਣੀ ਨਾਲ ਮੂੰਹ ਧੋ ਰਿਹਾ ਸੀ, ਨਾਲ ਹੀ ਰੀਲ ਬਣਾ ਰਿਹਾ ਸੀ। ਇਹ ਘਟਨਾ 16 ਜਨਵਰੀ 2026 ਨੂੰ ਵਾਪਰੀ ਅਤੇ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਫੈਲ ਗਈ।

ਸਿੱਖ ਭਾਈਚਾਰੇ ਅਤੇ ਹੋਰਨਾਂ ਵੱਲੋਂ ਇਸ ਨੂੰ ਸਿੱਖ ਮਰਿਆਦਾ ਦੀ ਉਲੰਘਣਾ ਮੰਨਿਆ ਗਿਆ, ਕਿਉਂਕਿ ਸਰੋਵਰ ਦਾ ਪਾਣੀ ਸਿਰਫ਼ ਇਸ਼ਨਾਨ (ਡੁੱਬਕੀ) ਲਈ ਵਰਤਿਆ ਜਾਂਦਾ ਹੈ ਅਤੇ ਇਹ ਸਥਿਰ ਪਾਣੀ ਹੈ। ਵਜ਼ੂ ਆਮ ਤੌਰ 'ਤੇ ਵਹਿੰਦੇ ਪਾਣੀ ਨਾਲ ਕੀਤਾ ਜਾਂਦਾ ਹੈ। ਬਹੁਤ ਸਾਰੇ ਲੋਕਾਂ ਨੇ ਇਸ ਨੂੰ ਪਵਿੱਤਰ ਸਰੋਵਰ ਨੂੰ ਗੰਦਾ ਕਰਨ ਵਾਲਾ ਕੰਮ ਦੱਸਿਆ ਅਤੇ ਇਸ ਨਾਲ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ।

ਸ਼੍ਰੋਮਣੀ ਕਮੇਟੀ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਅਤੇ ਜਾਂਚ ਦੇ ਹੁਕਮ ਦਿੱਤੇ। ਸ਼੍ਰੋਮਣੀ ਕਮੇਟੀ ਦੇ ਚੀਫ਼ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਵੀਡੀਓ



ਦੀ ਪੜਤਾਲ ਕੀਤੀ ਜਾਵੇਗੀ ਅਤੇ ਡਿਊਟੀ 'ਤੇ ਮੌਜੂਦ ਸੇਵਾਦਾਰਾਂ ਦੀ ਜ਼ਿੰਮੇਵਾਰੀ ਵੀ ਵੇਖੀ ਜਾਵੇਗੀ।

ਉਨ੍ਹਾਂ ਨੇ ਕਿਹਾ, "ਹਿੰਦੂ ਭਾਈਚਾਰਾ ਅਤੇ ਸਿੱਖ ਭਾਈਚਾਰਾ ਮਰਿਆਦਾ ਤੋਂ ਜਾਣੂ ਹੈ, ਪਰ ਕਈ ਵਾਰ ਹੋਰ ਧਰਮਾਂ ਦੇ ਲੋਕ ਗਲਤੀ ਕਰ ਜਾਂਦੇ ਹਨ।"

ਵਿਵਾਦ ਵਧਣ ਤੋਂ ਬਾਅਦ, ਇਸ ਮੁਸਲਮਾਨ ਨੌਜਵਾਨ ਜਿਸ ਦਾ ਨਾਂ ਸੁਭਾਨ ਰੰਗਰੀਜ਼ ਦੱਸਿਆ ਜਾ ਰਿਹਾ ਹੈ ਨੇ ਵੀਡੀਓ ਜਾਰੀ ਕਰਕੇ ਮਾਫ਼ੀ ਮੰਗੀ। ਉਸ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਦਰਬਾਰ ਸਾਹਿਬ ਆਉਣਾ ਚਾਹੁੰਦਾ ਸੀ ਅਤੇ ਸਿੱਖ ਧਰਮ ਪ੍ਰਤੀ ਬਹੁਤ ਸਤਿਕਾਰ ਰੱਖਦਾ ਹੈ। ਉਸ ਨੂੰ ਮਰਿਆਦਾ ਬਾਰੇ ਪਤਾ ਨਹੀਂ ਸੀ ਅਤੇ ਉਹ ਵਜ਼ੂ ਕਰ ਰਿਹਾ ਸੀ। ਉਸ ਨੇ ਕਿਹਾ ਕਿ ਉਹ ਮੁੜ ਦਰਬਾਰ ਸਾਹਿਬ ਆ ਕੇ ਮਾਫ਼ੀ ਮੰਗੇਗਾ। ਪਰ ਕੁਝ ਲੋਕਾਂ ਨੇ ਇਸ ਮਾਫ਼ੀ ਨੂੰ ਨਾਟਕੀ ਦੱਸਿਆ ਅਤੇ ਕਿਹਾ ਕਿ ਵਜ਼ੂ ਜਾਣਬੁੱਝ ਕੇ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਵੀ ਦਰਬਾਰ ਸਾਹਿਬ ਵਿੱਚ ਲੋਕਾਂ ਵੱਲੋਂ ਮਰਿਆਦਾ ਨਾ ਮੰਨਣ ਦੀਆਂ ਘਟਨਾਵਾਂ ਹੋਈਆਂ ਹਨ, ਜਿਵੇਂ ਕਿ ਲੋਕ ਇਸ ਨੂੰ ਸਿਰਫ਼ ਟੂਰਿਸਟ ਸਪੌਟ ਸਮਝ ਕੇ ਰੀਲਾਂ ਬਣਾਉਂਦੇ ਹਨ।

ਸ਼੍ਰੋਮਣੀ ਕਮੇਟੀ ਨੇ ਅਪੀਲ ਕੀਤੀ ਹੈ ਕਿ ਸਾਰੇ ਸੈਲਾਨੀ ਅਤੇ ਸ਼ਰਧਾਲੂ ਧਾਰਮਿਕ ਨਿਯਮਾਂ ਦਾ ਪਾਲਣ ਕਰਨ।

## ਸਰਨਾ ਵਲੋਂ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਸਮੁਚੇ ਪੰਥਕ ਧੜਿਆਂ ਨੂੰ ਇਕਜੁੱਟ ਹੋਣ ਦੀ ਅਪੀਲ

### ✪ ਕਿਹਾ ਕਿ ਗਿਆਨੀ ਧੜਾ ਭਾਜਪਾ ਨਾਲ ਜਾਵੇਗਾ



ਨਵੀਂ ਦਿੱਲੀ-ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਮੁੱਚੇ ਪੰਥਕ ਧੜਿਆਂ ਨੂੰ ਅਪੀਲ ਕੀਤੀ ਕਿ ਇਸ ਨਾਜ਼ੁਕ ਦੌਰ ਦੌਰਾਨ ਆਪਣੇ ਨਿੱਜੀ ਰੋਸ-ਗਿਲੇ ਪਾਸੇ ਰੱਖ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਪ੍ਰਤੀ ਇਕਜੁੱਟ ਹੋਵੋ। ਸਰਨਾ ਨੇ ਕਿਹਾ ਕੌਮ, ਪੰਥ ਤੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਪ੍ਰਤੀ ਸੱਚੀ ਹਮਦਰਦੀ ਰੱਖਣ ਵਾਲਿਆਂ ਨੂੰ ਹੁਣ ਪੰਥ ਨਾਲ ਖੜੇ ਹੋਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਸਰਨਾ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਸਾਡੇ ਕੋਲ ਪੱਕੀ ਖ਼ਬਰ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੇ ਦਲ ਨਾਲ ਜੁੜੇ ਕਾਫ਼ੀ ਲੋਕ ਭਾਜਪਾ ਜਾਂ ਭਾਜਪਾ ਦੀ ਬੀ ਟੀਮ ਵਿਚ ਚਲੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਪੰਥਕ ਜਥੇਬੰਦੀਆਂ, ਭਾਵੇਂ ਉਹ ਕਿਸੇ ਨਾਲ ਵੀ ਸੰਬੰਧ ਰੱਖਦੀਆਂ ਹੋਣ, ਨੂੰ ਇਹ ਧਿਆਨ ਰੱਖਣਾ ਜ਼ਰੂਰੀ ਹੈ ਕਿ ਉਨ੍ਹਾਂ ਦੀ ਕੋਈ ਵੀ ਗੱਲ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਹੀ ਮੰਨੀ ਜਾਏਗੀ।

## ਗਾਇਕ ਬੀ ਪਰਾਕ ਨੂੰ ਲਾਰੈਂਸ ਬਿਸ਼ਨੋਈ ਗਰੋਹ ਤੋਂ 10 ਕਰੋੜ ਦੀ ਫਿਰੌਤੀ ਦੀ ਧਮਕੀ



ਮੋਹਾਲੀ-ਪ੍ਰਸਿੱਧ ਪੰਜਾਬੀ ਗਾਇਕ ਬੀ ਪਰਾਕ ਨੂੰ ਲਾਰੈਂਸ ਬਿਸ਼ਨੋਈ ਗਰੋਹ ਵੱਲੋਂ 10 ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਹੈ। ਗੈਂਗਸਟਰ ਆਰਜ਼ੂ ਬਿਸ਼ਨੋਈ ਨੇ ਬੀ ਪਰਾਕ ਦੇ ਕਰੀਬੀ ਦੋਸਤ ਅਤੇ ਗਾਇਕ ਦਿਲਨੂਰ ਬਬਲੂ ਨੂੰ ਵਿਦੇਸ਼ੀ ਨੰਬਰ ਤੋਂ ਫੋਨ ਕਰਕੇ ਧਮਕੀ ਭਰੇ ਵਾਇਸ ਮੈਸੇਜ ਭੇਜੇ। ਉਨ੍ਹਾਂ ਵਿੱਚ ਕਿਹਾ ਗਿਆ ਕਿ ਬੀ ਪਰਾਕ ਨੂੰ 10 ਕਰੋੜ ਰੁਪਏ ਇੱਕ ਹਫ਼ਤੇ ਵਿੱਚ ਦੇਣੇ ਪੈਣਗੇ, ਨਹੀਂ ਤਾਂ ਵੱਡਾ ਨੁਕਸਾਨ ਹੋਵੇਗਾ ਅਤੇ ਉਸ ਨੂੰ "ਮਿੱਟੀ ਵਿੱਚ ਮਿਲਾ ਦਿੱਤਾ ਜਾਵੇਗਾ"।

ਦਿਲਨੂਰ ਨੇ 5 ਅਤੇ 6 ਜਨਵਰੀ ਨੂੰ ਆਏ ਕਾਲਾਂ ਅਤੇ ਮੈਸੇਜਾਂ ਬਾਰੇ ਐੱਸ.ਐੱਸ.ਪੀ. ਮੁਹਾਲੀ ਨੂੰ ਸ਼ਿਕਾਇਤ ਦਿੱਤੀ। ਪੁਲਿਸ ਨੇ ਸਾਈਬਰ ਕ੍ਰਾਈਮ ਬ੍ਰਾਂਚ ਰਾਹੀਂ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਸੋਹਾਣਾ ਵਿੱਚ ਆਰਜ਼ੂ ਬਿਸ਼ਨੋਈ ਖ਼ਿਲਾਫ਼ ਧਾਰਾ 308 ਅਤੇ ਹੋਰਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਬੀ ਪਰਾਕ ਦੀ ਸੁਰੱਖਿਆ ਵਧਾ ਰਹੀ ਹੈ।

## ਬੁੜੈਲ ਮਾਡਲ ਜੇਲ੍ਹ ਵਿੱਚ ਕੈਦੀਆਂ ਵਿਚਕਾਰ ਖ਼ੂਨੀ ਝੜਪ, ਇੱਕ ਗੰਭੀਰ ਜ਼ਖ਼ਮੀ

ਚੰਡੀਗੜ੍ਹ-ਬੁੜੈਲ ਮਾਡਲ ਜੇਲ੍ਹ ਵਿੱਚ ਬੀਤੇ ਦਿਨੀਂ ਤਿੰਨ ਕੈਦੀਆਂ ਵਿਚਕਾਰ ਭਿਆਨਕ ਲੜਾਈ ਹੋ ਗਈ। ਇਸ ਝੜਪ ਦੌਰਾਨ ਇੱਕ ਕੈਦੀ ਬਹੁਤ ਜ਼ਖ਼ਮੀ ਹੋ ਗਿਆ, ਜਿਸ ਨੂੰ ਤੁਰੰਤ ਇਲਾਜ ਲਈ ਸੈਕਟਰ-32 ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

ਜੇਲ੍ਹ ਦੇ ਵਾਰਡਨ ਤਰੁਣ ਨੇ ਪੁਲਿਸ ਨੂੰ ਦੱਸਿਆ ਕਿ 7 ਜਨਵਰੀ 2026 ਨੂੰ ਸਵੇਰੇ ਕਰੀਬ 11:30 ਵਜੇ ਫੈਕਟਰੀ ਏਰੀਏ ਵਿੱਚ ਤਿੰਨ ਕੈਦੀ ਅਚਾਨਕ ਲੜ ਪਏ। ਉਨ੍ਹਾਂ ਨੇ ਲੋਹੇ ਦੀ ਐਂਗਲ ਚੁੱਕ ਕੇ ਇੱਕ ਦੂਜੇ 'ਤੇ ਹਮਲਾ ਕਰ ਦਿੱਤਾ। ਵਾਰਡਨ ਅਤੇ ਹੋਰ ਸਟਾਫ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਕੈਦੀਆਂ ਨੇ ਧੱਕਾ-ਮੁੱਕੀ ਵੀ ਕੀਤੀ।

ਜ਼ਖ਼ਮੀ ਹੋਏ ਕੈਦੀ ਦਾ ਨਾਂ ਕੈਲਾਸ਼ ਚੌਹਾਨ (ਵਾਸੀ ਸੈਕਟਰ-89, ਫਰੀਦਾਬਾਦ, ਹਰਿਆਣਾ) ਹੈ। ਬਾਕੀ ਦੋ ਕੈਦੀ ਹਨ ਅੰਮ੍ਰਿਤਪਾਲ ਸਿੰਘ ਉਰਫ਼ ਗੁੱਜਰ (ਮੋਹਾਲੀ) ਅਤੇ ਮਨਜੀਤ ਉਰਫ਼ ਮੋਟਾ ਉਰਫ਼ ਰਾਹੁਲ ਉਰਫ਼ ਪਰਵਾ (ਸੋਨੀਪਤ, ਹਰਿਆਣਾ)। ਤਿੰਨੇ ਇੱਕੋ ਬੈਰਕ ਵਿੱਚ ਬੰਦ ਸਨ ਅਤੇ ਉਨ੍ਹਾਂ ਖਿਲਾਫ਼ ਪਹਿਲਾਂ ਤੋਂ ਕਈ ਅਪਰਾਧਿਕ ਕੇਸ ਦਰਜ ਹਨ। ਅੰਮ੍ਰਿਤਪਾਲ ਅਤੇ ਮਨਜੀਤ ਨੂੰ ਮਾਮੂਲੀ ਚੋਟਾਂ ਆਈਆਂ, ਜਿਨ੍ਹਾਂ ਦਾ ਇਲਾਜ ਜੇਲ੍ਹ ਹਸਪਤਾਲ ਵਿੱਚ ਹੀ ਹੋ ਗਿਆ। ਇਸ ਘਟਨਾ 'ਤੇ ਵਾਰਡਨ ਤਰੁਣ ਦੀ ਸ਼ਿਕਾਇਤ 'ਤੇ ਸੈਕਟਰ-49 ਥਾਣੇ ਵਿੱਚ ਤਿੰਨਾਂ ਕੈਦੀਆਂ ਖਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਜਾਂਚ ਜਾਰੀ ਹੈ।

## ਕੈਨੇਡਾ ਸਰਕਾਰ ਵੱਲੋਂ 20 ਦੇਸ਼ਾਂ ਵਿੱਚ ਸਫ਼ਰ ਤੋਂ ਬਚਣ ਦੀ ਸਲਾਹ, ਭਾਰਤ ਬਾਰੇ ਵੀ ਦਿੱਤੀ ਹਦਾਇਤ

ਟਰਾਂਟੋ-ਕੈਨੇਡਾ ਨੇ ਆਪਣੀ ਯਾਤਰਾ ਐਡਵਾਈਜ਼ਰੀ ਅਪਡੇਟ ਕੀਤੀ ਹੈ ਜਿਸ ਵਿੱਚ ਇਰਾਨ,




ਵੈਨੇਜ਼ੁਏਲਾ, ਰੂਸ, ਉੱਤਰੀ ਕੋਰੀਆ, ਅਫਗਾਨਿਸਤਾਨ, ਸੀਰੀਆ, ਯੂਕਰੇਨ ਸਮੇਤ 20 ਦੇਸ਼ਾਂ ਵਿੱਚ ਸਫ਼ਰ ਨਾ ਕਰਨ ਦੀ ਸਖ਼ਤ ਸਲਾਹ ਦਿੱਤੀ ਗਈ ਹੈ ਭਾਰਤ ਨੂੰ ਵੀ ਉੱਚ ਜੋਖ਼ਮ ਵਾਲੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਜੰਮੂ-ਕਸ਼ਮੀਰ, ਪਾਕ ਸਰਹੱਦੀ ਖੇਤਰਾਂ (ਪੰਜਾਬ, ਰਾਜਸਥਾਨ, ਗੁਜਰਾਤ), ਉੱਤਰ-ਪੂਰਬੀ ਰਾਜਾਂ ਵਿੱਚ ਗੈਰ-ਜ਼ਰੂਰੀ ਯਾਤਰਾ ਤੋਂ ਬਚੋ। ਔਰਤਾਂ ਨੂੰ ਵਿਸ਼ੇਸ਼ ਚੌਕਸ ਰਹਿਣ, ਫਰਾਡ ਤੋਂ ਬਚਣ ਤੇ ਸੈਰ-ਸਪਾਟਾ ਥਾਵਾਂ ਤੇ ਸਾਵਧਾਨ ਰਹਿਣ ਲਈ ਕਿਹਾ ਗਿਆ ਹੈ।

## ਚੰਡੀਗੜ੍ਹ ਵਿਚ ਨਾਕੇ 'ਤੇ ਫੜਿਆ ਖ਼ਜ਼ਾਨਾ

### ✪ 1.214 ਕਿਲੋ ਸੋਨਾ ਤੇ 1.42 ਕਰੋੜ ਰੁਪਏ ਨਕਦ ਬਰਾਮਦ

ਚੰਡੀਗੜ੍ਹ-ਚੰਡੀਗੜ੍ਹ ਪੁਲਿਸ ਨੇ ਨਾਕਾਬੰਦੀ ਦੌਰਾਨ ਇੱਕ ਹੋਂਡਾ ਅਮੇਜ਼ ਕਾਰ ਵਿੱਚੋਂ 1.214 ਕਿਲੋਗ੍ਰਾਮ ਸੋਨਾ ਅਤੇ 1 ਕਰੋੜ 42 ਲੱਖ ਰੁਪਏ ਨਕਦ ਬਰਾਮਦ ਕੀਤੇ ਹਨ। ਇਹ ਬਰਾਮਦਗੀ ਇੰਡਸਟਰੀਅਲ ਏਰੀਆ ਥਾਣੇ ਦੀ ਪੁਲਿਸ ਟੀਮ ਵੱਲੋਂ ਕਲੋਨੀ ਨੰਬਰ 4 ਲਾਈਟ ਪੁਆਇੰਟ ਦੇ ਨੇੜੇ ਲਗਾਏ ਗਏ ਨਾਕੇ 'ਤੇ ਕੀਤੀ ਗਈ।

ਕਾਰ ਚਾਲਕ ਦੀ ਪਛਾਣ ਜਗਮੋਹਨ ਜੈਨ ਵਜੋਂ ਹੋਈ, ਜੋ ਅੰਬਾਲਾ (ਹਰਿਆਣਾ) ਦਾ ਵਾਸੀ ਹੈ। ਮੁਢਲੀ ਪੁੱਛਗਿੱਛ ਦੌਰਾਨ ਉਸ ਨੇ ਸੋਨੇ ਅਤੇ ਨਕਦੀ ਨਾਲ ਸਬੰਧਤ ਕੋਈ ਵੀ ਵੈਧ ਦਸਤਾਵੇਜ਼ ਜਾਂ ਬਿਲ ਪੇਸ਼ ਨਹੀਂ ਕੀਤੇ। ਇਸ ਕਾਰਨ ਪੁਲਿਸ ਨੂੰ ਸ਼ੱਕ ਹੋਇਆ ਕਿ ਇਹ ਰਕਮ ਅਤੇ ਸੋਨਾ ਹਵਾਲਾ, ਟੈਕਸ ਚੋਰੀ ਜਾਂ ਕਿਸੇ ਗੈਰ-ਕਾਨੂੰਨੀ ਗਤੀਵਿਧੀ ਨਾਲ ਜੁੜਿਆ ਹੋ ਸਕਦਾ ਹੈ। ਪੁਲਿਸ ਨੇ ਕਾਰ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਕੇ ਡੂੰਘਾਈ ਨਾਲ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਸਾਊਥਾਲ ਵਿਖੇ 1 ਫਰਵਰੀ ਨੂੰ ਧੂਮ ਧਾਮ ਨਾਲ ਮਨਾਇਆ ਜਾਵੇਗਾ - ਸ੍ਰੀ ਆਤਮਾ ਰਾਮ ਢਾਂਡਾ

ਸਾਊਥਾਲ (ਮਨਪ੍ਰੀਤ ਸਿੰਘ ਬੱਧਨੀ ਕਲਾਂ) – ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 649ਵਾਂ ਮਹਾਨ ਪ੍ਰਕਾਸ਼ ਉਤਸਵ ਬੜੀ ਸ਼ਰਧਾ ਅਤੇ ਧੂਮਧਾਮ ਨਾਲ 30 ਜਨਵਰੀ ਤੋਂ 1 ਫਰਵਰੀ ਤੱਕ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਕੇ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਸ੍ਰੀ ਆਤਮਾ ਰਾਮ ਢਾਂਡਾ ਨੇ ਕਿਹਾ ਇਸ ਮੌਕੇ ਯੂ ਕੇ ਦੀਆਂ ਅਹਿਮ ਸ਼ਖਸੀਅਤਾਂ ਹਾਜ਼ਰੀ ਭਰ ਕੇ ਗੁਰੂ ਜੀ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਨਗੀਆਂ। ਦੁਨੀਆ ਦੇ ਮਹਾਨ ਰਹਿਬਰ, ਕ੍ਰਾਂਤੀਕਾਰੀ ਗੁਰੂ ਰਵਿਦਾਸ ਜੀ ਨੇ 15ਵੀਂ ਸਦੀ ਵਿੱਚ ਸਭ ਤੋਂ ਪਵਿੱਤਰ ਅਸਥਾਨ ਕਾਸ਼ੀ (ਬਨਾਰਸ) ਵਿੱਚ ਅਵਤਾਰ ਧਾਰ ਕੇ ਊਚ-ਨੀਚ, ਜਾਤਪਾਤ ਅਤੇ ਵੰਡੀ ਹੋਈ ਮਨੁੱਖਤਾ ਨੂੰ ਸਿੱਧੇ ਰਾਹ ਪਾਉਣ ਲਈ



ਸ੍ਰੀ ਆਤਮਾ ਰਾਮ ਢਾਂਡਾ

ਆਪਣਾ ਸਾਰਾ ਜੀਵਨ ਲਾ ਦਿੱਤਾ।

ਉਹਨਾਂ ਕਿਹਾ ਕਿ ਉਸ ਸਮੇਂ ਦੇ ਘਮੰਡੀ ਹੁਕਮਰਾਨ, ਧਰਮ ਦੇ ਠੇਕੇਦਾਰ ਗੁਰੂ ਜੀ ਦੇ ਸੰਘਰਸ਼ ਦਾ ਸਾਹਮਣਾ ਨਾ ਕਰ ਸਕੇ। ਰਾਜਾ ਨਾਗਰ ਮੱਲ, ਰਾਣੀ ਝਾਲਾ ਬਾਈ ਅਤੇ ਹੋਰ ਕਈ ਵੱਡੇ ਵੱਡੇ ਸਮਾਜ ਦੇ ਆਗੂ ਉਸ ਵਕਤ ਦੇ ਲੋਕ ਜਾਤਪਾਤ ਵਿੱਚ ਵੰਡੇ ਸਮਾਜ ਨੂੰ ਤਿਆਗ ਕੇ ਜਗਤ ਗੁਰੂ ਰਵਿਦਾਸ ਜੀ ਦੀ ਸ਼ਰਨ ਵਿੱਚ ਆ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਇਨਸਾਫ ਸੱਚਾਈ, ਇਨਸਾਨੀਅਤ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ । ਸ੍ਰੀ ਢਾਂਡਾ ਨੇ ਕਿਹਾ ਕਿ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਸਾਰੇ ਸਮਾਗਮ ਦੌਰਾਨ ਗੁਰੂ ਘਰ ਆ ਕੇ ਦਰਸ਼ਨ ਦਿਓ ਜੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

**ਨੋਟ: ਅੰਕ 3112 ਦੇ ਆਖਰੀ ਪੰਨੇ 'ਤੇ ਡੀ ਐਸ ਮੋਟਰਜ਼ ਦੇ ਇਸ਼ਤਿਹਾਰ ਵਿੱਚ ਸ੍ਰੀ ਆਤਮਾ ਰਾਮ ਢਾਂਡਾ ਦੇ ਨਾਂ ਨਾਲ ਗਲਤੀ ਨਾਲ ਮੀਤ ਪ੍ਰਧਾਨ ਲਿਖਿਆ ਗਿਆ ਸੀ। ਇਸ ਭੁੱਲ ਨੂੰ ਸੁਧਾਰ ਲਿਆ ਜਾਵੇ, ਸ੍ਰੀ ਆਤਮਾ ਰਾਮ ਜੀ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੇ ਪ੍ਰਧਾਨ ਵਜੋਂ ਸੇਵਾ ਨਿਭਾਅ ਰਹੇ ਹਨ ।**

# ਪੈਡੋਫ਼ਾਈਲ ਨੂੰ ਡਿਮੈਨਸ਼ਿਆ ਦਿਖਾ ਕੇ ਨਿਆਂ ਤੋਂ ਬਚਣ ਦੀ ਕੋਸ਼ਿਸ਼ ਨਾਕਾਮ — ਹੁਣ ਕੈਦ ਦੀ ਸਜ਼ਾ

ਇੱਕ ਪੈਡੋਫ਼ਾਈਲ (ਬੱਚਿਆਂ ਨਾਲ ਯੌਨ ਅਪਰਾਧ ਕਰਨ ਵਾਲਾ) ਨੇ ਨਿਆਂ ਤੋਂ ਬਚਣ ਲਈ ਆਪਣੀ ਸਿਹਤ ਬਦਲ ਕੇ ਡਿਮੈਨਸ਼ਿਆ ਦਿਖਾਉਣ ਦੀ ਕੋਸ਼ਿਸ਼ ਕੀਤੀ, ਪਰ ਅਦਾਲਤ ਅਤੇ ਡਾਕਟਰਾਂ ਨੇ ਇਹ ਸਾਬਿਤ ਕੀਤਾ ਕਿ ਉਹ ਝੂਠ ਬੋਲ ਦਿਖਾ ਰਿਹਾ ਹੈ ਅਤੇ ਉਹ ਆਪਣੀ ਸਜ਼ਾ ਤੋਂ ਨਹੀਂ ਬਚ ਸਕਦਾ। ਏਸ ਮਾਮਲੇ 'ਚ ਉਹ ਨੂੰ ਬਾਅਦ ਵਿੱਚ ਅਦਾਲਤ ਨੇ ਤੁਰੰਤ ਸਜ਼ਾ ਸੁਣਾਈ।ਅਦਾਲਤੀ ਕਾਰਵਾਈ ਦੌਰਾਨ ਇਹ ਪਤਾ ਲੱਗਾ ਕਿ ਉਸ ਨੇ ਆਪਣੀ ਮਾਨਸਿਕ ਹਾਲਤ ਨੂੰ ਬਦਲ ਕੇ ਨਿਆਂ ਪ੍ਰਕਿਰਿਆ ਨੂੰ ਗੰਭੀਰ ਤਰੀਕੇ ਨਾਲ ਧੋਖਾ ਦੇਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਅਦਾਲਤ ਨੇ ਇਕ ਨਿਰਧਾਰਿਤ ਤਕਨੀਕੀ ਕਦਮ ਸਮਝਿਆ। ਜਨਤਕ ਗੈਰਜ਼ਰੂਰੀ ਬਚਾਵਾਂ ਜਾਂ ਬੇਇਮਾਨੀ ਨਾਲ ਕਾਨੂੰਨੀ ਪ੍ਰਕਿਰਿਆ ਨੂੰ ਧੋਖਾ ਦੇਣ ਦੀਆਂ ਕੋਸ਼ਿਸ਼ਾਂ ਸਖ਼ਤ ਤੌਰ 'ਤੇ ਸਜ਼ਾ ਦੇ ਯੋਗ ਹਨ ਅਤੇ ਅਦਾਲਤ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਕਾਨੂੰਨ ਦੋਸ਼ੀਆਂ ਨੂੰ ਬਚਾਉਣ ਲਈ ਕਿਸੇ ਵੀ ਢੰਗ ਦੀ ਬੇਸਹਾਰਾ ਦਲੀਲ ਮੰਨੀ ਨਹੀਂ ਜਾਵੇਗੀ

# ਧੀ ਨੂੰ ਭੁੱਖਾ ਰੱਖ ਕੇ ਮਾਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬੀ ਮਾਪਿਆਂ ਵੱਲੋਂ ਦੋਸ਼ਾਂ ਤੋਂ ਇਨਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੱਛਮੀ ਲੰਡਨ ਦੇ ਇਲਾਕੇ ਹੇਜ਼ ਵਿੱਚ ਇੱਕ ਪੰਜਾਬੀ ਜੋੜਾ ਆਪਣੀ 3 ਸਾਲਾ ਧੀ ਨੂੰ ਭੁੱਖਾ ਰੱਖ ਕੇ ਹੱਤਿਆ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਜਸਕੀਰਤ ਸਿੰਘ ਉੱਪਲ 36 ਅਤੇ ਮਨਪ੍ਰੀਤ ਕੌਰ ਜਟਾਣਾ 34 ਨੂੰ ਲੰਡਨ ਦੇ ਓਲਡ ਬੇਲੀ ਅਦਾਲਤ ਵਿੱਚ ਪੈਂਟਨਵਿਲ ਜੇਲ੍ਹ ਅਤੇ ਕਾਂਸੀਫੀਲਡ ਜੇਲ੍ਹ ਤੋਂ ਵੀਡੀਓ ਲਿੰਕ ਰਾਹੀਂ ਪੇਸ਼ ਕੀਤਾ ਗਿਆ। ਉਹਨਾਂ ਨੇ ਪੇਨੇਲੋਪ ਚੈਂਦਲੇ ਦੀ ਹੱਤਿਆ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

ਅਦਾਲਤ ਵਿੱਚ ਦੱਸਿਆ ਗਿਆ ਕਿ 17 ਦਸੰਬਰ 2023 ਨੂੰ ਪੁਲਿਸ ਨੂੰ ਪੇਨੇਲੋਪ ਦੀ ਲਾਸ਼ ਇੱਕ ਚਾਦਰ ਵਿੱਚ ਲਪੇਟੀ ਹੋਈ ਮਿਲੀ ਸੀ, ਜਿਸਦੀ ਗਰਦਨ 'ਤੇ ਸੱਟ ਲੱਗੀ ਹੋਈ ਸੀ। ਪੋਸਟਮਾਰਟਮ ਦੀ ਰਿਪੋਰਟ ਮੁਤਾਬਿਕ ਮੌਤ ਦਾ ਕਾਰਨ ਕੁਪੋਸ਼ਣ ਪਾਇਆ ਗਿਆ। ਅਦਾਲਤ ਵਿੱਚ ਦੱਸਿਆ ਗਿਆ ਕਿ ਗਰਦਨ 'ਤੇ ਕੁਝ ਨਿਸ਼ਾਨ ਵੀ ਸਨ, ਅਤੇ ਹੱਥਾਂ 'ਤੇ ਚਾਕੂ ਵਰਗੀ ਤਿੱਖੀ ਚੀਜ਼ ਨਾਲ ਮੇਲ ਖਾਂਦੇ ਸੱਟਾਂ ਦੇ ਨਿਸ਼ਾਨ ਸਨ। ਜਸਕੀਰਤ ਅਤੇ ਮਨਪ੍ਰੀਤ ਜਟਾਣਾ ਨੇ ਬੱਚੀ ਦੀ ਹੱਤਿਆ ਕਰਨ ਜਾਂ ਮੌਤ ਦੇ ਕਾਰਨ ਬਣਨ ਤੋਂ ਇਨਕਾਰ ਕੀਤਾ ਹੈ। ਉਕਤ ਕੇਸ ਦੀ ਸੁਣਵਾਈ 11 ਜਨਵਰੀ 2027 ਨਿਰਧਾਰਤ ਕੀਤੀ ਗਈ ਹੈ। ਅਦਾਲਤ ਵਿੱਚ ਸਰਕਾਰੀ ਵਕੀਲ ਫਿਲਪ ਮੈਕਗੀ ਨੇ ਇਹ ਵੀ ਦੱਸਿਆ ਕਿ ਬੱਚੀ ਨਾਲ ਦੁਰਵਿਵਹਾਰ ਕੀਤਾ ਗਿਆ ਅਤੇ ਉਸ ਨੂੰ ਜਾਣਬੁੱਝ ਕੇ ਭੁੱਖਾ ਰੱਖਿਆ ਗਿਆ। ਜੋੜਾ ਬੱਚੀ ਦੇ ਜਨਮ ਨੂੰ ਰਜਿਸਟਰ ਕਰਨ, ਦੇਖਭਾਲ ਲਈ ਡਾਕਟਰ ਦੀ ਸੁਵਿਧਾ ਅਤੇ ਸਿੱਖਿਆ ਪ੍ਰਦਾਨ ਕਰਨ ਵਿੱਚ ਅਸਫ਼ਲ ਰਿਹਾ। ਉਸ ਨੂੰ ਦੁਨੀਆਂ ਤੋਂ ਹੀ ਦੂਰ ਰੱਖਿਆ।

ਜੋੜਾ ਜੋ ਯੂਨੀਵਰਸਿਟੀ ਵਿੱਚ ਇੱਕ ਦੂਜੇ ਨੂੰ ਮਿਲਿਆ ਸੀ, ਕਈ ਵਾਰ ਕੰਮ ਨਹੀਂ ਕਰਦੇ ਸਨ ਅਤੇ ਉਹ ਜਸਕੀਰਤ ਸਿੰਘ ਉੱਪਲ ਦੇ ਪਿਤਾ ਦੇ ਘਰ ਵਿੱਚ ਹੇਜ਼ ਵਿਖੇ ਰਹਿੰਦੇ ਸਨ।

# ਯੂ ਕੇ ਵਿੱਚ ਨੌਕਰੀ ਲੈਣ ਲਈ ਹੁਣ ਡਿਜ਼ੀਟਲ ਪਹਿਚਾਣ ਪੱਤਰ ਲਾਜ਼ਮੀ ਨਹੀਂ ਹੋਵੇਗਾ - ਸਰਕਾਰ ਨੇ ਲਿਆ ਯੂ ਟਰਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਸਰਕਾਰ ਨੇ ਯੂ ਕੇ ਵਿੱਚ ਨੌਕਰੀ ਲੈਣ ਲਈ ਕੰਮ ਕਰਨ ਦੇ ਆਪਣੇ ਅਧਿਕਾਰ ਨੂੰ ਸਾਬਤ ਕਰਨ ਲਈ ਕਰਮਚਾਰੀਆਂ ਨੂੰ ਆਪਣੀ ਡਿਜ਼ੀਟਲ ਆਈ ਡੀ (ਡਿਜ਼ੀਟਲ ਪਹਿਚਾਣ ਪੱਤਰ) ਸਕੀਮ ਨੂੰ ਲਾਜ਼ਮੀ ਕਰਨ ਦੀ ਨੀਤੀ ਹੁਣ ਰੱਦ ਕਰ ਦਿੱਤਾ ਹੈ। ਬੀਤੇ ਵਰ੍ਹੇ ਹੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਐਲਾਨ ਕੀਤਾ ਸੀ ਕਿ ਡਿਜ਼ੀਟਲ ਆਈ ਡੀ ਤੋਂ ਬਿਨ੍ਹਾਂ ਯੂ ਕੇ ਵਿੱਚ ਕੋਈ ਕੰਮ ਨਹੀਂ ਕਰ ਸਕੇਗਾ। ਵਿਰੋਧੀ ਧਿਰ ਕੰਜ਼ਰਵੇਟਿਵ ਦੀ ਨੇਤਾ ਕੇਮੀ ਬੈਡੇਨੋਚ ਨੇ ਕਿਹਾ ਚੰਗਾ ਛੁਟਕਾਰਾ ਮਿਲ ਗਿਆ, ਇਹ ਵੈਸੇ ਵੀ ਇੱਕ ਭਿਆਨਕ ਨੀਤੀ ਸੀ।



ਦੂਜੇ ਪਾਸੇ ਨਵੀਂ ਨੀਤੀ ਤਹਿਤ 2029 ਤੱਕ, ਕੰਮ ਕਰਨ ਦੇ ਅਧਿਕਾਰ ਦੀ ਜਾਂਚ ਡਿਜੀਟਲ ਤੌਰ 'ਤੇ ਕੀਤੀ ਜਾਇਆ ਕਰੇਗੀ। ਜਿਸ ਲਈ ਬਾਇਓਮੈਟ੍ਰਿਕ ਪਾਸਪੋਰਟਾਂ ਦੀ ਵਰਤੋਂ ਕੀਤੀ ਜਾਵੇਗੀ, ਪਰ ਨਵੇਂ ਡਿਜੀਟਲ ਆਈ ਡੀ ਪ੍ਰੋਗਰਾਮ ਨਾਲ ਰਜਿਸਟਰ ਕਰਨਾ ਇੱਕ ਵਿਕਲਪਿਕ ਹੋਵੇਗਾ।

ਸੱਤਾ ਵਿੱਚ ਆਉਣ ਤੋਂ ਬਾਅਦ ਲੇਬਰ ਸਰਕਾਰ ਨੇ ਕਈ ਯੂ ਟਰਨ ਲਏ ਹਨ। ਜਿਸ ਵਿੱਚ ਭਲਾਈ ਸੁਧਾਰ ਨੀਤੀ, ਸਰਦੀਆਂ ਦੇ ਊਰਜ਼ਾ ਭੁਗਤਾਨਾਂ ਨੂੰ ਘਟਾਉਣਾ ਅਤੇ ਕਿਸਾਨਾਂ ਲਈ ਵਿਰਾਸਤੀ ਟੈਕਸ ਆਦਿ ਸ਼ਾਮਲ ਹਨ।ਜਦੋਂ ਸਰਕਾਰ ਨੇ ਪਹਿਲੀ ਵਾਰ ਨੀਤੀ ਯੋਜਨਾ ਦਾ ਐਲਾਨ ਕੀਤਾ ਸੀ, ਤਾਂ ਦਲੀਲ ਦਿੱਤੀ ਸੀ ਕਿ ਕਾਮਿਆਂ ਲਈ ਲਾਜ਼ਮੀ ਡਿਜੀਟਲ ਆਈ ਡੀ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਵਾਲੇ ਪ੍ਰਵਾਸੀਆਂ 'ਤੇ ਸ਼ਿਕੰਜਾ ਕੱਸਣਾ ਆਸਾਨ ਬਣਾ ਦੇਵੇਗਾ। ਜਦ ਕਿ ਸਰਕਾਰ ਦੇ ਇਸ ਦਾਅਵੇ ਦੀ ਹੁਣ ਫੂਕ ਨਿਕਲ ਗਈ ਹੈ।ਟਰਾਂਸਪੋਰਟ ਮੰਤਰੀ ਹੈਡੀ ਅਲੈਗਜ਼ੈਂਡਰ ਨੇ ਕਿਹਾ ਕਿ ਸਰਕਾਰ ਅਜੇ ਵੀ ਬਾਇਓਮੈਟ੍ਰਿਕ ਪਾਸਪੋਰਟਾਂ ਸਮੇਤ, ਲਾਜ਼ਮੀ ਡਿਜੀਟਲ ਕੰਮ ਕਰਨ ਦੇ ਅਧਿਕਾਰ ਦੀ ਜਾਂਚ ਲਈ "ਪੂਰੀ ਤਰ੍ਹਾਂ ਵਚਨਬੱਧ" ਹੈ। ਸਰ ਕੀਰ ਸਟਾਰਮਰ ਦੇ ਐਲਾਨ ਤੋਂ ਬਾਅਦ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਲਗਭਗ ਤੀਹ ਲੱਖ ਲੋਕਾਂ ਨੇ ਡਿਜੀਟਲ ਆਈ ਡੀ ਦੀ ਸ਼ੁਰੂਆਤ ਦਾ ਵਿਰੋਧ ਕਰਨ ਵਾਲੀ ਸੰਸਦੀ ਪਟੀਸ਼ਨ 'ਤੇ ਦਸਤਖਤ ਕੀਤੇ ਸਨ।

# ਯੂ ਕੇ ਭਾਰਤ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਬਰਤਾਨਵੀ ਫੌਜੀ ਦਸਤਾ ਗਣਤੰਤਰ ਦਿਵਸ ਕੈਂਪ ਵਿਚ ਹਿਸਾ ਲਵੇਗਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਅਤੇ ਭਾਰਤ ਵਿਚਕਾਰ ਚੱਲ ਰਹੀ ਮੁਕਤ ਵਪਾਰ ਸਮਝੌਤੇ ਦੌਰਾਨ ਹੀ ਦੋਵਾਂ ਦੇਸ਼ਾਂ ਦੇ ਸਬੰਧਾਂ ਦੀ ਮਜ਼ਬੂਤੀ ਲਈ ਵੱਖ ਵੱਖ ਪ੍ਰਕ੍ਰਿਆਵਾਂ ਚੱਲ ਦੀਆਂ ਰਹਿੰਦੀਆਂ ਹਨ। ਭਾਰਤ ਅਤੇ ਨੂ ਕੇ ਵਿੱਚਕਾਰ ਬੀਤੇ ਕੁੱਝ ਸਮੇਂ ਤੋਂ ਯੂਥ ਅਕਸਚੇਜ਼ ਪ੍ਰੋਗਰਾਮ ਤਹਿਤ ਦੋਵਾਂ ਦੇਸ਼ਾਂ ਦੇ ਹੋਣਹਾਰ ਨੌਜਵਾਨਾਂ ਇੱਕ ਦੂਜੇ ਦੇਸ਼ ਵਿੱਚ ਆਉਂਦੇ ਜਾਂਦੇ ਹਨ। ਇਸੇ ਕੜੀ ਦੇ ਤਹਿਤ ਹੀ ਬ੍ਰਿਟਿਸ਼ ਫੌਜ ਦਾ 12 ਮੈਂਬਰੀ ਕੈਡੇਟ ਵਫ਼ਦ ਭਾਰਤ-ਯੂ ਕੇ ਯੂਥ ਐਕਸਚੇਂਜ ਪ੍ਰੋਗਰਾਮ ਦੇ ਤਹਿਤ ਗਣਤੰਤਰ ਦਿਵਸ ਕੈਂਪ ਵਿੱਚ ਹਿੱਸਾ ਲਵੇਗਾ। ਬਰਤਾਨਵੀ ਫੌਜੀ ਅਧਿਕਾਰੀਆਂ ਦੇ ਵਫਦ ਨੇ ਭਾਰਤ ਜਾਣ ਤੋਂ ਪਹਿਲਾਂ ਯੂ ਕੇ ਵਿੱਚ ਭਾਰਤੀ ਹਾਈ ਕਮਿਸ਼ਨ, ਲੰਡਨ ਵਿੱਚ ਡਿਪਟੀ ਹਾਈ ਕਮਿਸ਼ਨਰ ਕਾਰਤਿਕ ਪਾਂਡੇ ਨਾਲ ਗੱਲਬਾਤ ਅਤੇ ਇਤਿਹਾਸਕ ਇੰਡੀਆ ਹਾਊਸ ਦਾ ਦੌਰਾ ਕੀਤਾ।



ਬ੍ਰਿਟਿਸ਼ ਫੌਜ ਦੇ ਅਧਿਕਾਰੀਆਂ ਨਾਲ ਭਾਰਤੀ ਡਿਪਟੀ ਹਾਈਕਮਿਸ਼ਨਰ ਕਾਰਤਿਕ ਪਾਂਡੇ ਅਤੇ ਹੋਰ

# ਸ਼੍ਰੋਮਣੀ ਕਮੇਟੀ ਵਫ਼ਦ ਨੇ ਦਿੱਲੀ ਪੁਲਿਸ ਕਮਿਸ਼ਨਰ ਨੂੰ ਮਿਲ ਕੇ ਆਪ ਆਗੂ ਆਤਿਸ਼ੀ ਵਿਰੁੱਧ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ’ਤੇ ਕਾਰਵਾਈ ਦੀ ਕੀਤੀ ਮੰਗ

## ਦਿੱਲੀ ਵਿਧਾਨ ਸਭਾ ’ਚ ਗੁਰੂ ਸਾਹਿਬਾਨ ਬਾਰੇ ਵਰਤੇ ਸ਼ਬਦਾਂ ਲਈ ਪਰਚਾ ਦਰਜ ਕਰਨ ਲਈ ਦਿੱਤੀ ਦਰਖ਼ਾਸਤ



ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਵਫ਼ਦ ਨੇ ਦਿੱਲੀ ਦੇ ਪੁਲਿਸ ਕਮਿਸ਼ਨਰ ਨੂੰ ਮਿਲ ਕੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਮਾਰਲੇਨਾ ਵੱਲੋਂ ਗੁਰੂ ਸਾਹਿਬਾਨ ਬਾਰੇ ਅਪਮਾਨਜਨਕ ਟਿੱਪਣੀਆਂ ਕਰਨ ’ਤੇ ਉਸ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ’ਤੇ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪੁਲਿਸ ਕਮਿਸ਼ਨਰ ਨੂੰ ਮਿਲਣ ਲਈ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ ਦੀ ਅਗਵਾਈ ’ਚ ਪੁੱਜੇ ਵਫ਼ਦ ਵਿਚ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, ਹਰਿਆਣਾ ਸਿੱਖ ਮਿਸ਼ਨ ਦੇ ਇੰਚਾਰਜ ਸ. ਸੁਖਵਿੰਦਰ ਸਿੰਘ ਅਤੇ ਦਿੱਲੀ ਸਿੱਖ ਮਿਸ਼ਨ ਦੇ ਇੰਚਾਰਜ ਸ. ਮਨਵੀਤ ਸਿੰਘ ਸ਼ਾਮਲ ਸਨ। ਸ਼੍ਰੋਮਣੀ ਕਮੇਟੀ ਵਫ਼ਦ ਵੱਲੋਂ ਪੁਲਿਸ ਕਮਿਸ਼ਨਰ ਨੂੰ ਦਿੱਤੀ ਦਰਖ਼ਾਸਤ ਵਿਚ ਕਿਹਾ ਗਿਆ ਕਿ 6 ਜਨਵਰੀ ਨੂੰ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਨੇ ਵਿਧਾਨ ਸਭਾ ਅੰਦਰ ਗੁਰੂ ਸਾਹਿਬਾਨ ਪ੍ਰਤੀ ਅਪਮਾਨਜਨਤਕ ਸ਼ਬਦ ਵਰਤਦਿਆਂ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਹੈ। ਉਸ ਵੱਲੋਂ ਵਰਤੇ ਗਏ ਸ਼ਬਦ ਵਿਧਾਨ ਸਭਾ ਦੀ ਕਾਰਵਾਈ ਵਿਚ ਵੀ ਦਰਜ ਹਨ। ਪੱਤਰ ਵਿਚ ਕਿਹਾ ਗਿਆ ਹੈ ਕਿ ਸਿੱਖ ਗੁਰੂ ਸਾਹਿਬਾਨ ਦੇ ਉਪਦੇਸ਼ ਸਮੁੱਚੀ ਮਾਨੁੱਖਤਾ ਲਈ ਰਾਹ-ਦਸੇਰਾ ਹਨ। ਸਿੱਖ ਕੌਮ ਹਮੇਸ਼ਾਂ ਹੀ ਗੁਰੂ ਸਾਹਿਬਾਨ ਦੇ ਸਿਧਾਂਤਾਂ ਅਨੁਸਾਰ ਜਾਤ, ਪਾਤ, ਨਸਲ, ਭੇਦ ਤੋਂ ਉਪਰ ਉੱਠ ਕੇ ਭਾਈਚਾਰਕ ਸਾਂਝ ਦੀ ਗੱਲ ਕਰਦੀ ਹੈ। ਦਿੱਲੀ ਦੀ ਆਪ ਆਗੂ ਵੱਲੋਂ ਗੁਰੂ ਸਾਹਿਬਾਨ ਵਿਰੁੱਧ ਟਿੱਪਣੀਆਂ ਨੇ ਦੁਨੀਆ ਭਰ ਅੰਦਰ ਵੱਸੇ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਬੁਰੀ ਤਰ੍ਹਾਂ ਠੇਸ ਪਹੁੰਚਾਈ ਹੈ। ਉਸ ਵੱਲੋਂ ਇਹ ਟਿੱਪਣੀਆਂ ਜਾਣਬੁਝ ਕੇ ਕੀਤੀਆਂ ਗਈਆਂ ਹਨ, ਜੋ ਉਸ ਦੀ ਸਿੱਖਾਂ ਪ੍ਰਤੀ ਮਾਨਸਿਕਤਾ ਨੂੰ ਬਿਆਨ ਕਰਦੀਆਂ ਹਨ। ਪੁਲਿਸ ਕਮਿਸ਼ਨਰ ਨੂੰ ਲਿਖੇ ਪੱਤਰ ਵਿਚ ਜ਼ਿਕਰ ਕੀਤਾ ਗਿਆ ਕਿ ਇਸ ਸਮੇਂ ਜਦੋਂ ਭਾਰਤ ਸਮੇਤ ਪੂਰੀ ਦੁਨੀਆ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਮਨਾ ਕੇ ਉਨ੍ਹਾਂ ਵੱਲੋਂ ਕੀਤੀ ਕੁਰਬਾਨੀ ਨੂੰ ਯਾਦ ਕੀਤਾ ਜਾ ਰਿਹਾ ਹੈ ਤਾਂ ਅਜਿਹੇ ਸਮੇਂ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਦੁਆਰਾ ਗੁਰੂ ਸਾਹਿਬਾਨ ਪ੍ਰਤੀ ਅਜਿਹੀ ਸ਼ਬਦਾਵਲੀ ਵਰਤਣੀ ਬੇਹੱਦ ਮੰਦਭਾਗੀ ਹੈ। ਵਫ਼ਦ ਨੇ ਪੁਲਿਸ ਕਮਿਸ਼ਨਰ ਪਾਸੋਂ ਆਪ ਆਗੂ ਆਤਿਸ਼ੀ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਬਦਲੇ ਪਰਚਾ ਦਰਜ ਕਰਦਿਆਂ ਸਖ਼ਤ ਕਾਰਵਾਈ ਦੀ ਮੰਗ ਕੀਤੀ, ਤਾਂ ਜੋ ਅੱਗੇ ਤੋਂ ਕੋਈ ਵੀ ਸਿਆਸੀ ਆਗੂ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਹਰਕਤ ਨਾ ਕਰੇ।

# ਫਰਾਂਸ ਵੱਲੋਂ ਸਮੁੰਦਰ ਰਾਹੀਂ ਬਰਤਾਨੀਆ ਚ ਦਾਖਲ ਹੋ ਰਹੇ ਗੈਰ ਕਾਨੂੰਨੀ ਵਿਅਕਤੀਆਂ ਨਾਲ ਭਰੀ ਕਿਸ਼ਤੀ ਨੂੰ ਪੁਲਿਸ ਨੇ ਸਮੁੰਦਰ ਵਿੱਚ ਹੀ ਦਬੋਚਿਆ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਵੱਲ ਸਮੁੰਦਰੀ ਰਸਤੇ ਰਾਹੀਂ ਹੋ ਰਹੀ ਗੈਰਕਾਨੂੰਨੀ ਪ੍ਰਵਾਸੀ ਆਵਾਜਾਈ ਨੂੰ ਰੋਕਣ ਲਈ ਫਰਾਂਸ ਨੇ ਇਕ ਇਤਿਹਾਸਕ ਕਦਮ ਚੁੱਕਦਿਆਂ ਸਮੁੰਦਰ ਵਿੱਚ ਹੀ ਛੋਟੀ ਕਿਸ਼ਤੀ ਨੂੰ ਰੋਕ ਕੇ ਪਹਿਲੀ ਵਾਰ ਸਿੱਧੀ ਕਾਰਵਾਈ ਕੀਤੀ ਹੈ। ਇਹ ਕਾਰਵਾਈ ਉਸ ਨਵੀਂ ਨੀਤੀ ਤਹਿਤ ਕੀਤੀ ਗਈ ਹੈ, ਜਿਸਦਾ ਮਕਸਦ ਗੈਰਕਾਨੂੰਨੀ ਤਰੀਕੇ ਨਾਲ ਬਰਤਾਨੀਆ ਪਹੁੰਚਣ ਵਾਲੇ ਲੋਕਾਂ ਦੀ ਆਵਾਜਾਈ ‘ਤੇ ਨਕੇਲ ਕਸਣਾ ਹੈ।

ਜਾਣਕਾਰੀ ਮੁਤਾਬਕ ਫਰਾਂਸ ਦੀ ਪੁਲਿਸ ਅਤੇ ਸੁਰੱਖਿਆ ਬਲਾਂ ਨੇ ਸਮੁੰਦਰ ਵਿੱਚ ਦਾਖ਼ਲ ਹੋ ਚੁੱਕੀ ਇਕ ਫੁਲਣ ਵਾਲੀ ਕਿਸ਼ਤੀ ਨੂੰ ਘੇਰ ਲਿਆ, ਜਿਸ ਵਿੱਚ ਕਈ ਲੋਕ ਸਵਾਰ ਸਨ। ਇਹ ਕਿਸ਼ਤੀ ਤੱਟ ਤੋਂ ਕੁਝ ਦੂਰੀ ‘ਤੇ ਪਹੁੰਚ ਚੁੱਕੀ ਸੀ ਅਤੇ ਬਰਤਾਨੀਆ ਵੱਲ ਰੁਖ ਕਰ ਰਹੀ ਸੀ। ਕਾਰਵਾਈ ਦੌਰਾਨ ਕਿਸ਼ਤੀ ਵਿੱਚ ਸਵਾਰ ਸਾਰੇ ਲੋਕਾਂ ਨੂੰ ਸੁਰੱਖਿਅਤ ਤਰੀਕੇ ਨਾਲ ਰੋਕ ਕੇ ਵਾਪਸ ਤੱਟ ਵੱਲ ਲਿਆਂਦਾ ਗਿਆ। ਫਰਾਂਸੀਸੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਹਿਲਾਂ ਤੱਕ ਸਿਰਫ਼ ਤੱਟੀ ਇਲਾਕਿਆਂ ਵਿੱਚ ਹੀ ਅਜਿਹੀਆਂ ਕਿਸ਼ਤੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ, ਪਰ ਨਵੇਂ ਨਿਯਮਾਂ ਅਧੀਨ ਹੁਣ ਸਮੁੰਦਰ ਵਿੱਚ ਦਾਖ਼ਲ ਹੋਣ ਮਗਰੋਂ ਵੀ ਦਖ਼ਲ ਦੇਣ ਦੀ ਆਗਿਆ ਦਿੱਤੀ ਗਈ ਹੈ। ਇਸ ਨਾਲ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ਨੂੰ ਵੱਡਾ ਝਟਕਾ ਲੱਗਣ ਦੀ ਉਮੀਦ ਹੈ, ਜੋ ਗਰੀਬ ਅਤੇ ਬੇਸਹਾਰਾ ਲੋਕਾਂ ਨੂੰ ਝੂਠੇ ਸੁਪਨੇ ਦਿਖਾ ਕੇ ਖ਼ਤਰਨਾਕ ਸਮੁੰਦਰੀ ਯਾਤਰਾ ਲਈ ਮਜਬੂਰ ਕਰਦੇ ਹਨ। ਅਧਿਕਾਰੀਆਂ ਅਨੁਸਾਰ ਇਹ ਨਵੀਂ ਨੀਤੀ ਮਨੁੱਖੀ ਜਾਨਾਂ ਦੀ ਰੱਖਿਆ ਲਈ ਵੀ ਬਹੁਤ ਅਹਿਮ ਹੈ, ਕਿਉਂਕਿ ਛੋਟੀਆਂ ਅਤੇ ਅਸੁਰੱਖਿਅਤ ਕਿਸ਼ਤੀਆਂ ਰਾਹੀਂ ਸਮੁੰਦਰ ਪਾਰ ਕਰਨਾ ਜਾਨਲੇਵਾ ਸਾਬਤ ਹੋ ਸਕਦਾ ਹੈ। ਪਿਛਲੇ ਸਾਲਾਂ ਦੌਰਾਨ ਅਜਿਹੀਆਂ ਕੋਸ਼ਿਸ਼ਾਂ ਵਿੱਚ ਕਈ ਲੋਕ ਸਮੁੰਦਰ ਵਿੱਚ ਡੁੱਬ ਕੇ ਆਪਣੀ ਜਾਨ ਗੁਆ ਚੁੱਕੇ ਹਨ।ਇਸ ਕਾਰਵਾਈ ਤੋਂ ਬਾਅਦ ਬਰਤਾਨੀਆ ਅਤੇ ਫਰਾਂਸ ਦਰਮਿਆਨ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਮੁੰਦਰੀ ਰਸਤੇ ਰਾਹੀਂ ਗੈਰਕਾਨੂੰਨੀ ਆਵਾਜਾਈ ਨੂੰ ਰੋਕਣ ਲਈ ਸਾਂਝੀ ਰਣਨੀਤੀ ਬਹੁਤ ਜ਼ਰੂਰੀ ਹੈ ਅਤੇ ਅੱਗੇ ਵੀ ਅਜਿਹੀਆਂ ਕਾਰਵਾਈਆਂ ਜਾਰੀ ਰਹਿਣਗੀਆਂ। ਮਾਹਿਰਾਂ ਦਾ ਮਤ ਹੈ ਕਿ ਜੇ ਫਰਾਂਸ ਵੱਲੋਂ ਸਮੁੰਦਰ ਵਿੱਚ ਦਖ਼ਲ ਦੇਣ ਦੀ ਇਹ ਨੀਤੀ ਲਗਾਤਾਰ ਲਾਗੂ ਰਹੀ, ਤਾਂ ਬਰਤਾਨੀਆ ਵੱਲ ਆਉਣ ਵਾਲੀਆਂ ਛੋਟੀਆਂ ਕਿਸ਼ਤੀਆਂ ਦੀ ਗਿਣਤੀ ਵਿੱਚ ਵੱਡੀ ਕਮੀ ਆ ਸਕਦੀ ਹੈ। ਹਾਲਾਂਕਿ ਕੁਝ ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਇਹ ਚਿੰਤਾ ਵੀ ਜਤਾਈ ਗਈ ਹੈ ਕਿ ਹਰ ਕਾਰਵਾਈ ਦੌਰਾਨ ਲੋਕਾਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ।ਫਰਾਂਸ ਦੀ ਇਹ ਪਹਿਲੀ ਸਮੁੰਦਰੀ ਕਾਰਵਾਈ ਅੰਤਰਰਾਸ਼ਟਰੀ ਪੱਧਰ ‘ਤੇ ਵੀ ਚਰਚਾ ਦਾ ਵਿਸ਼ਾ ਬਣ ਗਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਯੂਰਪੀ ਦੇਸ਼ ਵੀ ਇਸ ਤਰ੍ਹਾਂ ਦੇ ਕਦਮ ਚੁੱਕ ਸਕਦੇ ਹਨ।

# ਇੰਗਲੈਂਡ ਚ ਤਿਲਕ ਕਾਰਨ 8 ਸਾਲਾ ਬੱਚਾ ਸਕੂਲ ਛੱਡਣ ਲਈ ਮਜਬੂਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਵਿੱਚ ਧਾਰਮਿਕ ਅਸਹਿਣਸ਼ੀਲਤਾ ਦਾ ਇਕ ਚਿੰਤਾਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਅੱਠ ਸਾਲਾ ਹਿੰਦੂ ਵਿਦਿਆਰਥੀ ਨੂੰ ਮੱਥੇ ’ਤੇ ਤਿਲਕ ਲਗਾਉਣ ਕਾਰਨ ਆਪਣਾ ਸਕੂਲ ਬਦਲਣ ਲਈ ਮਜਬੂਰ ਹੋਣਾ ਪਿਆ। ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਬ੍ਰਿਟਿਸ਼ ਹਿੰਦੂ ਅਤੇ ਭਾਰਤੀ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੀ ਇਕ ਸਮਾਜਿਕ ਸੰਸਥਾ ਨੇ ਇਸ ਸੰਬੰਧੀ ਗੰਭੀਰ ਦੋਸ਼ ਲਗਾਏ।

ਜਾਣਕਾਰੀ ਮੁਤਾਬਕ ਇੰਗਲੈਂਡ ਦੇ ਇੱਕ ਸ਼ਹਿਰ ਚ ਸਥਿਤ ਵਿਕਾਰਜ਼ ਗ੍ਰੀਨ ਪ੍ਰਾਇਮਰੀ ਸਕੂਲ ਦੇ ਅਧਿਆਪਕ ਸਟਾਫ ਨੇ ਬੱਚੇ ਨੂੰ ਉਸ ਦੀ ਧਾਰਮਿਕ ਰਵਾਇਤ ਬਾਰੇ ਵਾਰ-ਵਾਰ ਸਵਾਲ ਕੀਤੇ ਅਤੇ ਤਿਲਕ ਲਗਾਉਣ ਦੀ ਵਜ੍ਹਾ ਸਮਝਾਉਣ ਲਈ ਕਿਹਾ। ਸੰਸਥਾ ਦਾ ਦੋਸ਼ ਹੈ ਕਿ ਸਕੂਲ ਪ੍ਰਬੰਧਨ ਵੱਲੋਂ ਬੱਚੇ ਦੀ ਇਸ ਧਾਰਮਿਕ ਪਛਾਣ ਨੂੰ ਸਵੀਕਾਰ ਕਰਨ ਦੀ ਥਾਂ ਉਸ ’ਤੇ ਮਨੋਵਿਗਿਆਨਕ ਦਬਾਅ ਬਣਾਇਆ ਗਿਆ, ਜੋ ਪੂਰੀ ਤਰ੍ਹਾਂ ਗੈਰਵਾਜਬ ਹੈ। ਰਿਪੋਰਟ ਅਨੁਸਾਰ ਛੁੱਟੀ ਦੇ ਸਮੇਂ ਦੌਰਾਨ ਸਕੂਲ ਦੇ ਮੁਖ ਅਧਿਆਪਕ ਵੱਲੋਂ ਬੱਚੇ ’ਤੇ ਖਾਸ ਨਜ਼ਰ ਰੱਖੀ ਗਈ, ਜਿਸ ਕਾਰਨ ਬੱਚਾ ਡਰ ਦੇ ਮਾਹੌਲ ਵਿੱਚ ਆ ਗਿਆ। ਇਸ ਡਰ ਦਾ ਅਸਰ ਇਹ ਹੋਇਆ ਕਿ ਉਸ ਨੇ ਖੇਡਣਾ ਛੱਡ ਦਿੱਤਾ ਅਤੇ ਆਪਣੇ ਸਹਿਯੋਗੀ ਬੱਚਿਆਂ ਤੋਂ ਖੁਦ ਨੂੰ ਅਲੱਗ ਕਰ ਲਿਆ। ਦੱਸਿਆ ਗਿਆ ਹੈ ਕਿ ਬੱਚੇ ਦੀ ਮਨੋਦਸ਼ਾ ਇਸ ਹੱਦ ਤੱਕ ਪ੍ਰਭਾਵਿਤ ਹੋਈ ਕਿ ਮਾਪਿਆਂ ਨੂੰ ਆਖ਼ਰਕਾਰ ਉਸ ਨੂੰ ਸਕੂਲ ਤੋਂ ਹਟਾਉਣ ਦਾ ਫ਼ੈਸਲਾ ਕਰਨਾ ਪਿਆ।

ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਬੱਚੇ ਨੂੰ ਸਕੂਲ ਵਿੱਚ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਤੋਂ ਵੀ ਹਟਾ ਦਿੱਤਾ ਗਿਆ, ਜਿਸ ਦੀ ਇਕੋ ਇਕ ਵਜ੍ਹਾ ਉਸ ਦੀ ਧਾਰਮਿਕ ਰੀਤੀ-ਰਿਵਾਜਾਂ ਨਾਲ ਜੁੜੀ ਪਛਾਣ ਸੀ। ਸਮਾਜਿਕ ਸੰਸਥਾ ਦਾ ਕਹਿਣਾ ਹੈ ਕਿ ਜੇ ਇਹ ਦੋਸ਼ ਸਾਬਤ ਹੋ ਜਾਂਦੇ ਹਨ ਤਾਂ ਇਹ ਬਰਤਾਨੀਆ ਦੇ ਸਮਾਨਤਾ ਕਾਨੂੰਨ ਅਧੀਨ ਸਿੱਧਾ ਧਾਰਮਿਕ ਵਿਤਕਰਾ ਬਣਦਾ ਹੈ।

ਇਸ ਘਟਨਾ ਤੋਂ ਬਾਅਦ ਬ੍ਰਿਟਿਸ਼ ਹਿੰਦੂ ਭਾਈਚਾਰੇ ਵਿੱਚ ਗਹਿਰਾ ਰੋਸ ਵੇਖਣ ਨੂੰ ਮਿਲ ਰਿਹਾ ਹੈ ਅਤੇ ਮੰਗ ਕੀਤੀ ਜਾ ਰਹੀ ਹੈ ਕਿ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਭਾਈਚਾਰੇ ਦੇ ਆਗੂਆਂ ਦਾ ਕਹਿਣਾ ਹੈ ਕਿ ਬਰਤਾਨੀਆ ਵਰਗੇ ਬਹੁ-ਸੰਸਕ੍ਰਿਤਕ ਦੇਸ਼ ਵਿੱਚ ਇਸ ਤਰ੍ਹਾਂ ਦੀ ਘਟਨਾ ਸਹਿਣਯੋਗ ਨਹੀਂ ਅਤੇ ਹਰ ਬੱਚੇ ਨੂੰ ਆਪਣੀ ਧਾਰਮਿਕ ਆਜ਼ਾਦੀ ਨਾਲ ਜੀਉਣ ਦਾ ਹੱਕ ਮਿਲਣਾ ਚਾਹੀਦਾ ਹੈ।

# ਯੂ,ਕੇ ਵਿੱਚ ਸਰਬੱਤ ਖਾਲਸਾ ਦੀ 40 ਵੀਂ ਵਰੇਗੰਢ ਤੇ ਹੋਵੇਗਾ ਮਹਾਨ ਸਮਾਗਮ- ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼

## " 25 ਜਨਵਰੀ ਨੂੰ ਸਾਊਥਾਲ ਅਤੇ 26 ਜਨਵਰੀ ਨੂੰ ਸ੍ਰੀ ਅਕਾਲ ਤਖਤ ਤੇ ਵਹੀਰਾਂ ਘੱਤ ਕੇ ਪੁੱਜੋ "

ਲੰਡਨ- ਭਾਰਤ ਦੇ ਅਖੌਤੀ ਗਣਤੰਤਰ ਦਿਵਸ ਮੌਕੇ 26 ਜਨਵਰੀ 1986 ਨੂੰ ਹੋਏ ਸਰਬੱਤ ਖਾਲਸਾ ਦੀ 40 ਵੀਂ ਵਰੇਗੰਢ ਤੇ ਜਿੱਥੇ ਪੰਥਕ ਜਥੇਬੰਦੀਆਂ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਇਕੱਤਰਤਾ ਕੀਤੀ ਜਾ ਰਹੀ ਹੈ । ਉੱਥੇ ਇੰਗਲੈਂਡ ਦੀਆਂ ਪੰਥਕ ਜਥੇਬੰਦੀਆਂ,ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਨੌਜਵਾਨ ਵਲੋਂ 25 ਜਨਵਰੀ ਐਤਵਾਰ ਨੂੰ ਗੁਰਦਵਾਰਾ ਸਿੰਘ ਸਭਾ ਪਾਰਕ ਐਵੇਨਿਊ ਸਾਊਥਾਲ ਵਿਖੇ ਵਿਸ਼ਾਲ ਸਮਾਗਮ ਕਰਵਾਇਆ ਜਾ ਰਿਹਾ ਹੈ। ਯੂ,ਕੇ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਕੌਮੀ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਵਲੋਂ ਸਿੱਖ ਸੰਗਤਾਂ ਨੂੰ ਇਹਨਾਂ ਦੋਹਾਂ ਸਮਾਗਮਾਂ ਵਿੱਚ ਵਧ ਚੜ ਕੇ ਸ਼ਮੂਲੀਅਤ ਕਰਨ ਦੀ ਸਨਿਮਰ ਅਪੀਲ ਕੀਤੀ ਗਈ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਬਿਆਨ ਵਿੱਚ ਆਖਿਆ ਕਿ 25 ਜਨਵਰੀ ਐਤਵਾਰ ਨੂੰ ਯੂ,ਕੇ ਵਿੱਚ ਹੋ ਰਹੇ ਇਸ ਸਮਾਗਮ ਵਿੱਚ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਤ ਕਰਦਿਆਂ ਉਹਨਾਂ ਵਲੋਂ ਅਰੰਭੇ ਹੋਏ ਸੰਘਰਸ਼ ਬਾਰੇ ਉਸਾਰੂ ਅਤੇ ਸਾਰਥਕ ਵਿਚਾਰਾਂ ਕੀਤੀਆਂ ਜਾਣਗੀਆਂ । ਜਿਕਰਯੋਗ ਹੈ ਜੂਨ 1984 ਨੂੰ ਸਿੱਖ ਤਵਾਰੀਖ ਵਿੱਚ ਵਾਪਰੇ ਤੀਸਰੇ ਖੂਨੀ ਘੱਲੂਘਾਰੇ ਅਤੇ ਨਵੰਬਰ 1984 ਦੌਰਾਨ ਭਾਰਤ ਦੇ ਹਿੰਦੂ ਬਹੁਗਿਣਤੀ ਵਸੋਂ ਵਾਲੇ ਇਲਾਕਿਆਂ ਵਿੱਚ ਸਰਕਾਰੀ ਸ਼ਹਿ ਤੇ ਵੱਡੀ ਪੱਧਰ ਤੇ ਹੋਈ ਸਿੱਖ ਨਸਲਕੁਸ਼ੀ ਬਾਅਦ 26 ਜਨਵਰੀ 1986 ਨੂੰ ਲੱਖਾਂ ਸਿੱਖਾਂ ਦੀ ਤਦਾਦ ਵਿੱਚ ਹੋਇਆ ਸਰਬੱਤ ਖਾਲਸਾ ਇਤਿਹਾਸਿਕ ਇਕੱਠ ਸੀ। ਇਸ ਸਮਾਗਮ ਵਿੱਚ ਪੇਸ਼ ਕੀਤੇ ਗਏ ਗੁਰਮਤੇ ਸੁਹਿਰਦ ਸਿੱਖਾਂ ਦੀ ਕਈ ਦਿਨਾਂ ਦੀ ਦੀਰਘ ਵਿਚਾਰ ਤੋਂ ਬਾਅਦ ਲਿਖੇ ਗਏ ਸਨ ।





ਸਰਬੱਤ ਖ਼ਾਲਸਾ ਵਲੋਂ ਪਾਸ ਕੀਤੇ ਗਏ ਮਤਿਆਂ ਵਿੱਚ ਉਸ ਸਮੇਂ ਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਭੰਗ ਕੀਤਾ ਗਿਆ, ਸ੍ਰੀ ਅਕਾਲ ਤਖ਼ਤ ਸਾਹਿਬ , ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰਾਂ ਨੂੰ ਸੇਵਾ ਮੁਕਤ ਕਰਕੇ ਨਵੇਂ ਜਥੇਦਾਰ ਨਿਯੁਕਤ ਕੀਤੇ ਗਏ, ਸੰਘਰਸ਼ ਦੀ ਅਗਵਾਈ ਵਾਸਤੇ ਪੰਜ ਮੈਂਬਰੀ ਪੰਥਕ ਕਮੇਟੀ ਅਤੇ ਡੇਢ ਸੌ ਮੈਂਬਰੀ ਸਲਾਹਕਾਰ ਕਮੇਟੀ ਕਾਇਮ ਕਰਨ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਲਈ ਕਾਰ ਸੇਵਾ ਦਮਦਮੀ ਟਕਸਾਲ ਨੂੰ ਸੌਂਪਣਾ ਇਸ ਸਰਬੱਤ ਖ਼ਾਲਸਾ ਦੇ ਅਹਿਮ ਗੁਰਮਤੇ ਸਨ।

## ਲੰਡਨ ਬਣਿਆਂ ਦੁਨੀਆ ਦਾ 'ਸਭ ਤੋਂ ਸ਼ਕਤੀਸ਼ਾਲੀ ਸ਼ਹਿਰ'



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 'ਗਲੋਬਲ ਪਾਵਰ ਸਿਟੀ ਇੰਡੈਕਸ' ਦੇ 2026 ਐਡੀਸ਼ਨ ਵਿੱਚ ਲੰਡਨ ਨੂੰ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਸ਼ਹਿਰ ਦਾ ਨਾਮ ਦਿੱਤਾ ਗਿਆ ਹੈ। ਇਹ ਸੂਚੀ ਦੁਨੀਆ ਭਰ ਦੇ ਮਹੱਤਵਪੂਰਨ ਸ਼ਹਿਰਾਂ ਦੀ ਅਕ੍ਰਸ਼ਿਕਤਾ ਦੇ ਵੱਖ ਵੱਖ ਕਾਰਨਾਂ ਨੂੰ ਲੈ ਕੇ ਦਰਜਾਬੰਦੀ ਦਿੰਦੀ ਹੈ।ਲੰਡਨ ਵਾਸੀ ਆਪਣੀ ਤੇਜ਼ ਰਫ਼ਤਾਰ ਜੀਵਨ ਲਈ ਜਾਣੇ ਜਾਂਦੇ ਹਨ, ਜਿਸ ਕਰਕੇ ਉਹ ਅਕਸਰ ਬੇਸਬਰੇ ਅਤੇ ਥੋੜੇ ਰੁੱਖੇ ਵੀ ਕਹੇ ਜਾਂਦੇ ਹਨ। ਅੰਡਰਗਰਾਊਂਡ 'ਤੇ ਭੀੜ-ਭੜੱਕੇ ਵਾਲੀਆਂ ਰੇਲਗੱਡੀਆਂ 'ਤੇ ਚੜ੍ਹਨ ਤੋਂ ਲੈ ਕੇ, ਸੜਕਾਂ 'ਤੇ ਹੌਲੀ ਪੈਦਲ ਚੱਲਣ ਵਾਲਿਆਂ ਤੋਂ ਅੱਗੇ ਲੰਘਣ ਵਿੱਚ ਤੇਜ਼ੀ ਵਿਖਾਉਂਦੇ ਹਨ। ਗਲੋਬਲ ਪਾਵਰ ਸਿਟੀ ਇੰਡੈਕਸ ਨੇ ਲੰਡਨ ਦੀਆਂ ਸਾਰੀਆਂ ਚੀਜ਼ਾਂ ਦਾ ਮੁਲਾਂਕਣ ਕਰਕੇ ਇਸਨੂੰ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਸ਼ਹਿਰ ਦਾ ਦਰਜ਼ਾ ਦਿੱਤਾ ਹੈ। ਇਸ ਸੂਚੀ ਵਿੱਚ ਲੰਡਨ ਨੂੰ ਦੁਨੀਆ ਭਰ ਦੇ ਲੋਕਾਂ, ਪੂੰਜੀ ਅਤੇ ਉੱਦਮਾਂ ਨੂੰ ਆਕਰਸ਼ਿਤ ਕਰਨ ਦੀ ਸ਼ਕਤੀ ਵਜੋਂ ਵੇਖਿਆ ਗਿਆ ਹੈ।

ਸੂਚੀ ਵਿੱਚ ਸ਼ਹਿਰ ਦੀ ਅਰਥਵਿਵਸਥਾ, ਖੋਜ ਅਤੇ ਵਿਕਾਸ, ਸੱਭਿਆਚਾਰਕ ਆਪਸੀ ਤਾਲਮੇਲ, ਰਹਿਣਯੋਗਤਾ, ਵਾਤਾਵਰਣ ਅਤੇ ਪਹੁੰਚਯੋਗਤਾ ਅਨੁਸਾਰ ਦਰਜਾ ਬੰਦੀ ਕੀਤੀ ਗਈ। ਰਹਿਣ-ਸਹਿਣ ਕਿਰਾਏ ਦੀਆਂ ਕੀਮਤਾਂ ਵਰਗੇ ਕਾਰਕਾਂ 'ਤੇ ਨਿਰਭਰ ਕਰਦਾ ਹੈ, ਜਦੋਂ ਕਿ ਵਾਤਾਵਰਣ ਹਵਾ ਦੀ ਗੁਣਵੱਤਾ ਅਤੇ ਰਹਿੰਦ-ਖੂੰਹਦ ਦੀ ਰੀਸਾਈਕਲ ਦਰ ਵਰਗੇ ਮੁੱਦਿਆਂ ਨਾਲ ਸਬੰਧਤ ਹੈ।ਲੰਡਨ ਨੂੰ ਇਹ ਰੁਤਬਾ 14ਵੀਂ ਵਾਰ ਮਿਲਿਆ ਹੈ, ਉਹ ਲਗਾਤਾਰ ਸੂਚੀ ਵਿੱਚ ਸਿਖਰ 'ਤੇ ਹੈ, ਜਿਸਦੇ ਕੁੱਲ ਨੰਬਰ 2,700 ਵਿੱਚੋਂ 1,642.2 ਸਨ।ਸੱਭਿਆਚਾਰਕ ਪ੍ਰਭਾਵ ਸ਼੍ਰੇਣੀ ਵਿੱਚ ਲੰਡਨ ਆਪਣੇ ਅਜਾਇਬ ਘਰਾਂ, ਰਾਤ ਦੀ ਜ਼ਿੰਦਗੀ, ਹੋਟਲ ਅਤੇ ਰੈਸਟੋਰੈਂਟਾਂ ਦੇ ਕਾਰਨ ਖਿਚ ਦਾ ਕੇਂਦਰ ਰਿਹਾ। ਆਰਥਿਕਤਾ, ਪਹੁੰਚਯੋਗਤਾ ਅਤੇ ਖੋਜ ਅਤੇ ਵਿਕਾਸ ਸ਼੍ਰੇਣੀਆਂ ਵਿੱਚ ਵੀ ਲੰਡਨ ਦਾ ਪ੍ਰਦਰਸ਼ਨ ਠੀਕ ਰਿਹਾ। ਹਾਲਾਂਕਿ, ਲੰਡਨ ਲਈ ਸਭ ਤੋਂ ਮਾੜਾ ਪ੍ਰਦਰਸ਼ਨ ਕਰਨ ਵਾਲੀਆਂ ਸ਼੍ਰੇਣੀਆਂ ਰਹਿਣ-ਸਹਿਣ ਅਤੇ ਵਾਤਾਵਰਣ ਸਨ। ਜਿਸ ਦਾ ਕਾਰਨ ਰਹਿਣ ਲਈ ਕਿਰਾਇਆ ਅਤੇ ਰਹਿਣ-ਸਹਿਣ ਲਈ ਮਹਿੰਗਾਈ ਦਾ ਸੰਕਟ ਸੀ।ਉਕਤ ਸੂਚੀ ਵਿੱਚ ਦੂਜੇ ਸਥਾਨ ‘ਤੇ ਟੋਕੀਓ, ਤੀਜੇ ‘ਤੇ ਨਿਊਯਾਰਕ, ਚੌਥੇ ਤੇ ਪੈਰਿਸ ਅਤੇ ਪੰਜਵੇਂ ਤੇ ਸਿੰਗਾਪੁਰ ਰਹੇ ਹਨ।

## ਯੂ ਕੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਬਾਰੇ ਵਿਚਾਰ ਕਰ ਰਹੀ ਹੈ ਸਰਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸਰਕਾਰ ਸਲਾਹ ਕਰ ਰਹੀ ਹੈ ਕਿ ਕੀ ਯੂ ਕੇ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ? ਇਸਦੇ ਨਾਲ ਹੀ "ਤੁਰੰਤ ਪ੍ਰਭਾਵ ਨਾਲ" ਆਫਸਟੇਡ ਨੂੰ ਸਕੂਲਾਂ ਵਿੱਚ ਫ਼ੋਨ ਦੀ ਵਰਤੋਂ ਬਾਰੇ ਨੀਤੀਆਂ ਦੀ ਜਾਂਚ ਕਰਨ ਦੀ ਸ਼ਕਤੀ ਦੇਵੇਗੀ, ਅਤੇ ਇਸ ਐਲਾਨ ਦੇ ਨਤੀਜੇ ਵਜੋਂ ਸਕੂਲ "ਡਿਫਾਲਟ ਤੌਰ 'ਤੇ ਫ਼ੋਨ-ਮੁਕਤ" ਹੋਣ ਦੀ ਉਮੀਦ ਕਰਦੇ ਹਨ। ਇਸ ਤਰ੍ਹਾਂ ਦੀ ਪਾਬੰਦੀ ਦਸੰਬਰ 2025 ਵਿੱਚ ਆਸਟ੍ਰੇਲੀਆ ਵਿੱਚ ਲਾਗੂ ਹੋਈ, ਜੋ ਕਿ ਦੁਨੀਆ ਵਿੱਚ ਆਪਣੀ ਕਿਸਮ ਦੀ ਪਹਿਲੀ ਸੀ। ਕਿਹਾ ਜਾਂਦਾ ਹੈ ਕਿ ਹੋਰ ਦੇਸ਼ ਅਜਿਹੇ ਕਾਨੂੰਨ 'ਤੇ ਵਿਚਾਰ ਕਰ ਰਹੇ ਹਨ। ਯੂ ਕੇ ਦੇ 60 ਤੋਂ ਵੱਧ ਲੇਬਰ ਸੰਸਦ ਮੈਂਬਰਾਂ ਦੁਆਰਾ ਇਸ ਮੁੱਦੇ ਬਾਰੇ ਪ੍ਰਧਾਨ ਮੰਤਰੀ ਨੂੰ ਲਿਖਿਆ ਹੈ। ਬੀਤੇ ਸਮੇਂ ਦੌਰਾਨ ਕਤਲ ਕੀਤੇ ਗਏ ਨੌਜਵਾਨ ਬ੍ਰਾਇਨਾ ਘੇ ਦੀ ਮਾਂ ਨੇ ਵੀ ਸਰਕਾਰ ਨੂੰ ਕਾਰਵਾਈ ਕਰਨ ਦੀ ਮੰਗ ਕੀਤੀ ਹੈ।ਬ੍ਰਾਇਨਾ ਦੀ ਮਾਂ ਐਸਥਰ ਘੇ ਨੇ ਲਿਖਿਆ ਕਿ ਕੁਝ ਲੋਕ ਦਲੀਲ ਦਿੰਦੇ ਹਨ ਕਿ ਕਮਜ਼ੋਰ ਬੱਚਿਆਂ ਨੂੰ ਆਪਣੇ ਭਾਈਚਾਰੇ ਨੂੰ ਲੱਭਣ ਲਈ ਸੋਸ਼ਲ ਮੀਡੀਆ ਤੱਕ ਪਹੁੰਚ ਦੀ ਲੋੜ ਹੈ।ਪਰ ਇੱਕ ਬਹੁਤ ਹੀ ਕਮਜ਼ੋਰ ਅਤੇ ਟ੍ਰਾਂਸ ਬੱਚੇ ਦੇ ਮਾਤਾ-ਪਿਤਾ ਹੋਣ ਦੇ ਨਾਤੇ, ਮੈਂ ਪੂਰੀ ਤਰ੍ਹਾਂ ਅਸਹਿਮਤ ਹਾਂ।ਬ੍ਰਾਇਨਾ ਦੇ ਮਾਮਲੇ ਵਿੱਚ, ਸੋਸ਼ਲ ਮੀਡੀਆ ਨੇ ਅਸਲ-ਸੰਸਾਰ ਸਮਾਜਿਕ ਪਰਸਪਰ ਪ੍ਰਭਾਵ ਵਿੱਚ ਸ਼ਾਮਲ ਹੋਣ ਦੀ ਉਸਦੀ ਯੋਗਤਾ ਨੂੰ ਸੀਮਤ ਕਰ ਦਿੱਤਾ ਸੀ। ਉਸ ਦੇ ਅਸਲ ਦੋਸਤ ਸਨ, ਪਰ ਉਸਨੇ ਇਸਦੀ ਬਜਾਏ ਔਨਲਾਈਨ ਰਹਿਣਾ ਚੁਣਿਆ।ਬਰਤਾਨੀਆ ਦੀ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਵੀ ਇਸ ਪਾਬੰਦੀ ਦਾ ਸਮਰਥਨ ਕਰਦੀ ਹੈ।

## ਹੇਜ਼ ਅਤੇ ਸਾਊਥਾਲ ਇਲਾਕੇ ਦੀਆਂ ਦੋ ਵਾਇਰਲ ਵੀਡੀਓ ਕਾਰਨ ਲੋਕਾਂ ‘ਚ ਦਹਿਸ਼ਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇਲਾਕੇ ਇੱਕ ਚੋਰੀ ਅਤੇ ਇੱਕ ਬਜ਼ੁਰਗ ਤੋਂ ਲੁੱਟਖੋਹ ਦੀ ਘਟਨਾ ਦੀਆਂ ਦੋ ਵੀਡੀਓ ਵਾਇਰਲ ਹੋ ਰਹੀਆਂ ਹਨ, ਜਿਹਨਾਂ ਵਿੱਚੋਂ ਚੋਰੀ ਦੀ ਘਟਨਾਂ ਨੂੰ ਹੇਜ਼ ਅਤੇ ਲੁੱਟ ਖੋਹ ਦੀ ਘਟਨਾਂ ਨੂੰ ਸਾਊਥਾਲ ਦੀ ਬੇਕਨਜ਼ਫੀਲਡ ਦੀ ਦੱਸੀ ਜਾ ਰਹੀ ਹੈ। ਹੇਜ਼ ਵਿੱਚ ਵਾਪਰੀ ਘਟਨਾਂ ਵਿੱਚ ਇੱਕ ਭਾਰਤੀ ਦੇ ਘਰ ਵਿੱਚੋਂ ਗਹਿਣੇ ਚੋਰੀ ਕੀਤੇ ਗਏ ਹਨ, ਸੀ ਸੀ ਟੀ ਵੀ ਫੁਟਏਜ਼ ਵਿੱਚ ਚੋਰਾਂ ਨੇ ਆਪਣੇ ਚਿਹਰੇ ਢਕੇ ਹੋਏ ਸਨ, ਅਤੇ ਘਟਨਾਂ ਮੌਕੇ ਪ੍ਰੀਵਾਰ ਦਾ ਕੋਈ ਮੈਂਬਰ ਘਰ ਵਿੱਚ ਨਹੀਂ ਸੀ। ਜਦ ਕਿ ਦੂਜੀ ਵੀਡੀਓ ਵਿੱਚ ਸਾਊਥਾਲ ਦੀ ਬੇਕਨਜ਼ਫੀਲਡ ਰੋਡ ਤੇ ਇੱਕ ਬਜ਼ੁਰਗ ਤੋਂ ਲੁਟਖੋਹ ਕੀਤੀ ਗਈ ਹੈ, ਕੁਝ ਨੌਜਵਾਨ ਬਜ਼ੁਰਗ ਨਾਲ ਧੱਕਾਮੁੱਕੀ ਕਰਦੇ ਹਨ। ਲੇਕਨ ਅਫਸੋਸ ਇਸ ਗੱਲ ਦਾ ਹੈ ਕਿ ਕੋਲੋਂ ਲੰਘ ਰਹੇ ਕਿਸੇ ਵੀ ਰਾਹਗੀਰ ਨੇ ਇਸ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਆਖਿਰ ਇੱਕ ਘਰ ਵਿੱਚੋਂ ਨਿਕਲੇ ਵਿਅਕਤੀ ਨੇ ਲੁਟੇਰਿਆਂ ਨੂੰ ਖਿਦੇੜ੍ਹਨ ਦੀ ਕੋਸ਼ਿਸ਼ ਕੀਤੀ, ਪਰ ਤਦ ਤੱਕ ਉਹ ਲੁੱਟਖੋਹ ਕਰ ਚੁੱਕੇ ਸੀ। ਜਿਕਰਯੋਗ ਹੈ ਕਿ ਲੰਡਨ ਦੇ ਇਲਾਕੇ ਵਿੱਚ ਹੋਈਆਂ ਇਹਨਾਂ ਘਟਨਾਵਾਂ ਨੇ ਲੋਕਾਂ ਦੇ ਸਾਹ ਸੂਤ ਕੇ ਰੱਖੇ ਹੋਏ ਹਨ।

# ਟਰੰਪ ਦਾ ਨਵਾਂ ਬੈਨ: 75 ਦੇਸ਼ਾਂ ਨੂੰ ਵੀਜ਼ਾ ਨਹੀਂ !

## ✪ ਰੂਸ, ਈਰਾਨ, ਪਾਕਿਸਤਾਨ ਸਮੇਤ ਬਹੁਤ ਸਾਰੇ ਦੇਸ਼ ਪ੍ਰਭਾਵਿਤ ਹੋਣਗੇ ✪ 21 ਜਨਵਰੀ ਤੋਂ ਸਖ਼ਤ ਰੋਕ - ਬਜ਼ੁਰਗਾਂ ਤੇ ਗਰੀਬਾਂ ਲਈ ਮੁਸੀਬਤ ਵਧੀ ✪ ਵੈਲਫੇਅਰ ਲੈਣ ਵਾਲਿਆਂ ਨੂੰ ਰੋਕਣ ਲਈ ਅਮਰੀਕਾ ਦੀ ਸਖ਼ਤ ਕਾਰਵਾਈ

ਖਾਸ ਖ਼ਬਰ

ਅਮਰੀਕਾ ਨੇ 75 ਦੇਸ਼ਾਂ ਲਈ ਇਮੀਗ੍ਰੈਂਟ ਵੀਜ਼ਾ ਜਾਰੀ ਕਰਨ 'ਤੇ ਰੋਕ ਲਗਾ ਦਿੱਤੀ ਹੈ। ਇਹ ਫੈਸਲਾ ਟਰੰਪ ਪ੍ਰਸ਼ਾਸਨ ਨੇ ਲਿਆ ਹੈ ਅਤੇ ਇਹ 21 ਜਨਵਰੀ 2026 ਤੋਂ ਲਾਗੂ ਹੋ ਜਾਵੇਗਾ। ਇਸ ਰੋਕ ਨਾਲ ਬਹੁਤ ਸਾਰੇ ਲੋਕ ਪ੍ਰਭਾਵਿਤ ਹੋਣਗੇ ਜੋ ਅਮਰੀਕਾ ਵਿੱਚ ਸਥਾਈ ਰਿਹਾਇਸ਼ (ਗ੍ਰੀਨ ਕਾਰਡ) ਲਈ ਅਰਜ਼ੀ ਦੇ ਰਹੇ ਹਨ।

ਅਮਰੀਕੀ ਵਿਦੇਸ਼ ਵਿਭਾਗ (ਸਟੇਟ ਡਿਪਾਰਟਮੈਂਟ) ਨੇ 14 ਜਨਵਰੀ 2026 ਨੂੰ ਇਹ ਐਲਾਨ ਕੀਤਾ ਕਿ ਉਹ 75 ਦੇਸ਼ਾਂ ਦੇ ਨਾਗਰਿਕਾਂ ਲਈ ਇਮੀਗ੍ਰੈਂਟ ਵੀਜ਼ਾ (ਜਿਨ੍ਹਾਂ ਨਾਲ ਲੋਕ ਅਮਰੀਕਾ ਵਿੱਚ ਪੱਕੇ ਤੌਰ 'ਤੇ ਰਹਿ ਸਕਦੇ ਹਨ) ਜਾਰੀ ਕਰਨਾ ਬੰਦ ਕਰ ਰਿਹਾ ਹੈ। ਇਹ ਰੋਕ ਉਦੋਂ ਤੱਕ ਰਹੇਗੀ ਜਦੋਂ ਤੱਕ ਵਿਭਾਗ ਪੂਰੀ ਤਰ੍ਹਾਂ ਨਵੇਂ ਨਿਯਮਾਂ ਦੀ ਜਾਂਚ ਅਤੇ ਮੁੜ ਮੁਲਾਂਕਣ ਨਹੀਂ ਕਰ ਲੈਂਦਾ।

ਇਸ ਫੈਸਲੇ ਦਾ ਮੁੱਖ ਕਾਰਨ "ਪਬਲਿਕ ਚਾਰਜ" ਨਿਯਮ ਹੈ। ਅਮਰੀਕੀ ਕਾਨੂੰਨ ਮੁਤਾਬਕ ਜੇ ਕੋਈ ਵਿਦੇਸ਼ੀ ਅਮਰੀਕਾ ਆ ਕੇ ਸਰਕਾਰੀ ਸਹਾਇਤਾ (ਵੈਲਫੇਅਰ, ਮੈਡੀਕਲ, ਭੋਜਨ ਸਹਾਇਤਾ ਆਦਿ) 'ਤੇ ਨਿਰਭਰ ਹੋਣ ਦੀ ਸੰਭਾਵਨਾ ਰੱਖਦਾ ਹੈ ਤਾਂ ਉਸ ਨੂੰ ਵੀਜ਼ਾ ਨਹੀਂ ਦਿੱਤਾ ਜਾ ਸਕਦਾ। ਟਰੰਪ ਪ੍ਰਸ਼ਾਸਨ ਦਾ



ਕਹਿਣਾ ਹੈ ਕਿ ਇਨ੍ਹਾਂ 75 ਦੇਸ਼ਾਂ ਤੋਂ ਆਉਣ ਵਾਲੇ ਬਹੁਤ ਸਾਰੇ ਲੋਕ ਅਮਰੀਕਾ ਵਿੱਚ ਆ ਕੇ ਸਰਕਾਰੀ ਫੰਡਾਂ ਦਾ ਬਹੁਤ ਜ਼ਿਆਦਾ ਇਸਤੇਮਾਲ ਕਰਦੇ ਹਨ, ਜੋ ਅਮਰੀਕੀ ਟੈਕਸ ਦੇਣ ਵਾਲਿਆਂ ਉਪਰ ਭਾਰ ਪੈਂਦਾ ਹੈ।

ਇਸ ਲਈ ਵਿਦੇਸ਼ ਵਿਭਾਗ ਨੇ ਕੌਂਸਲਰ ਅਫਸਰਾਂ (ਜੋ ਵੀਜ਼ਾ ਦਿੰਦੇ ਹਨ) ਨੂੰ ਸਖ਼ਤ ਹਦਾਇਤਾਂ ਦਿੱਤੀਆਂ ਹਨ। ਹੁਣ ਵੀਜ਼ਾ ਅਰਜ਼ੀਆਂ ਤਾਂ ਸਵੀਕਾਰ ਕੀਤੀਆਂ ਜਾਣਗੀਆਂ ਅਤੇ ਇੰਟਰਵਿਊ ਵੀ ਹੋ ਸਕਦੇ ਹਨ, ਪਰ ਵੀਜ਼ਾ ਜਾਰੀ ਨਹੀਂ ਕੀਤਾ ਜਾਵੇਗਾ।

ਅਫਸਰਾਂ ਨੂੰ ਇਹ ਵੇਖਣਾ ਹੈ ਕਿ ਅਰਜ਼ੀਦਾਰ ਦੀ ਉਮਰ, ਸਿਹਤ, ਅੰਗਰੇਜ਼ੀ ਦੀ ਜਾਣਕਾਰੀ, ਪੈਸੇ ਦੀ ਹਾਲਤ, ਨੌਕਰੀ ਦੀ ਸੰਭਾਵਨਾ ਅਤੇ ਭਵਿੱਖ ਵਿੱਚ ਮੈਡੀਕਲ ਖਰਚੇ ਵਰਗੇ ਬਹੁਤ ਸਾਰੇ ਫੈਕਟਰ। ਜੇ ਲੱਗੇ ਕਿ ਵਿਅਕਤੀ ਸਰਕਾਰੀ ਮਦਦ 'ਤੇ ਨਿਰਭਰ ਹੋ ਸਕਦਾ ਹੈ ਤਾਂ ਵੀਜ਼ਾ ਰੱਦ ਕਰ ਦਿੱਤਾ ਜਾਵੇਗਾ। ਖਾਸ ਤੌਰ 'ਤੇ ਬਜ਼ੁਰਗ ਲੋਕਾਂ, ਜਿਨ੍ਹਾਂ ਦਾ ਵਜ਼ਨ ਜ਼ਿਆਦਾ ਹੈ ਜਾਂ ਜਿਨ੍ਹਾਂ ਨੇ ਪਹਿਲਾਂ ਕਦੇ ਸਰਕਾਰੀ ਸਹਾਇਤਾ ਲਈ ਹੋਵੇ, ਉਨ੍ਹਾਂ ਨੂੰ ਵੀ ਮੁਸ਼ਕਲ ਹੋ ਸਕਦੀ ਹੈ।

ਪ੍ਰਭਾਵਿਤ 75 ਦੇਸ਼ਾਂ ਵਿੱਚ ਅਫਗਾਨਿਸਤਾਨ, ਰੂਸ, ਈਰਾਨ, ਇਰਾਕ, ਸੋਮਾਲੀਆ, ਨਾਈਜੀਰੀਆ, ਮਿਸਰ, ਬ੍ਰਾਜ਼ੀਲ, ਪਾਕਿਸਤਾਨ, ਬੰਗਲਾਦੇਸ਼, ਥਾਈਲੈਂਡ, ਯਮਨ, ਹੈਤੀ, ਨੇਪਾਲ, ਗੁਆਟੇਮਾਲਾ, ਕੋਲੰਬੀਆ ਅਤੇ ਬਹੁਤ ਸਾਰੇ ਅਫਰੀਕੀ, ਏਸ਼ੀਆਈ, ਲਾਤੀਨੀ ਅਮਰੀਕੀ ਅਤੇ ਕੈਰੇਬੀਅਨ ਦੇਸ਼ ਸ਼ਾਮਲ ਹਨ। ਭਾਰਤ ਇਸ ਸੂਚੀ ਵਿੱਚ ਨਹੀਂ ਹੈ, ਪਰ ਪਾਕਿਸਤਾਨ ਅਤੇ ਬੰਗਲਾਦੇਸ਼ ਵਰਗੇ ਗੁਆਂਢੀ ਦੇਸ਼ ਇਸ ਵਿਚ ਸ਼ਾਮਿਲ ਹਨ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟਾਮੀ ਪਿਗੋਟ ਨੇ ਕਿਹਾ, "ਅਸੀਂ ਆਪਣੀ ਪੁਰਾਣੀ ਅਧਿਕਾਰ ਦੀ ਵਰਤੋਂ ਕਰਕੇ ਉਨ੍ਹਾਂ ਲੋਕਾਂ ਨੂੰ ਅਯੋਗ ਘੋਸ਼ਿਤ ਕਰਾਂਗੇ ਜੋ ਅਮਰੀਕਾ 'ਤੇ ਬੋਝ ਬਣਨਗੇ ਅਤੇ ਅਮਰੀਕੀ ਲੋਕਾਂ ਦੀ ਉਦਾਰਤਾ ਦਾ ਫਾਇਦਾ ਉਠਾਉਣਗੇ।" ਉਨ੍ਹਾਂ ਕਿਹਾ ਕਿ ਇਹ ਰੋਕ ਅਜਿਹੇ ਵਿਦੇਸ਼ੀਆਂ ਨੂੰ ਰੋਕਣ ਲਈ ਹੈ ਜੋ ਵੈਲਫੇਅਰ ਅਤੇ ਸਰਕਾਰੀ ਲਾਭ ਲੈਣਗੇ।

ਇਹ ਫੈਸਲਾ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਦਾ ਇੱਕ ਵੱਡਾ ਹਿੱਸਾ ਹੈ। ਉਹ ਚਾਹੁੰਦੇ ਹਨ ਕਿ ਸਿਰਫ਼ ਉਹ ਲੋਕ ਅਮਰੀਕਾ ਆਉਣ ਜੋ ਆਰਥਿਕ ਤੌਰ ਉਪਰ ਮਜ਼ਬੂਤ ਹੋਣ ਅਤੇ ਦੇਸ਼ 'ਤੇ ਬੋਝ ਨਾ ਪਾਉਣ। ਇਸ ਨਾਲ ਬਹੁਤ ਸਾਰੇ ਪਰਿਵਾਰਾਂ ਦੀਆਂ ਯੋਜਨਾਵਾਂ 'ਤੇ ਅਸਰ ਪਵੇਗਾ। ਜਿਹੜੇ ਲੋਕ ਪਹਿਲਾਂ ਤੋਂ ਅਰਜ਼ੀ ਦੇ ਚੁੱਕੇ ਹਨ, ਉਨ੍ਹਾਂ ਨੂੰ ਇੰਤਜ਼ਾਰ ਕਰਨਾ ਪਵੇਗਾ।

ਇਹ ਰੋਕ ਸਿਰਫ਼ ਇਮੀਗ੍ਰੈਂਟ ਵੀਜ਼ਾ (ਪੱਕੇ ਰਹਿਣ ਵਾਲੇ) 'ਤੇ ਹੈ। ਟੂਰਿਸਟ ਵੀਜ਼ਾ (ਬੀ), ਸਟੂਡੈਂਟ ਵੀਜ਼ਾ (ਐਫ), ਵਰਕ ਵੀਜ਼ਾ (ਐਚ-1ਬੀ) ਆਦਿ ਤੇ ਕੋਈ ਅਸਰ ਨਹੀਂ ਪਵੇਗਾ।

# ਅੰਮ੍ਰਿਤਸਰ 'ਚ ਹਥਿਆਰ-ਡਰਗ ਤਸਕਰੀ ਦੇ ਦੋਸ਼ ਵਿਚ ਔਰਤ ਸਮੇਤ ਤਿੰਨ ਗ੍ਰਿਫ਼ਤਾਰ

## ✪ ਪੁਲਿਸ ਅਨੁਸਾਰ 4.8 ਕਿਲੋ ਹੈਰੋਇਨ ਤੇ ਹਥਿਆਰ ਫੜੇ

ਅੰਮ੍ਰਿਤਸਰ-ਅੰਮ੍ਰਿਤਸਰ ਦਿਹਾਤੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਇੱਕ ਵਾਰ ਫਿਰ ਪਾਕਿਸਤਾਨ ਨਾਲ ਜੁੜੇ ਹੈਰੋਇਨ ਅਤੇ ਹਥਿਆਰ ਤਸਕਰੀ ਨੈੱਟਵਰਕ 'ਤੇ ਵੱਡੀ ਕਾਰਵਾਈ ਕਰਦਿਆਂ ਇੱਕ ਔਰਤ ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ 4 ਕਿਲੋ 800 ਗ੍ਰਾਮ ਹੈਰੋਇਨ, ਚਾਰ ਵਿਦੇਸ਼ੀ ਪਿਸਤੌਲ, 84 ਜ਼ਿੰਦਾ ਕਾਰਤੂਸ ਅਤੇ ਤਿੰਨ ਕਾਰਾਂ ਬਰਾਮਦ ਕੀਤੀਆਂ ਹਨ।

ਡੀਆਈਜੀ ਨੇ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਦੀ ਪਛਾਣ ਅਜੁਲ ਅਰੋੜਾ (ਨਿਵਾਸੀ ਘਿਓ ਮੰਡੀ), ਦਿਲਪ੍ਰੀਤ ਕੌਰ (ਨਿਵਾਸੀ ਐਵਰੀ) ਅਤੇ ਪ੍ਰਥਮ ਸ਼ਰਮਾ (ਨਿਵਾਸੀ ਪਿੰਡ ਮਹਿਲ) ਵਜੋਂ ਹੋਈ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਸ ਨੈੱਟਵਰਕ ਵਿੱਚ ਦਿਲਪ੍ਰੀਤ ਕੌਰ ਅਹਿਮ ਭੂਮਿਕਾ ਨਿਭਾ ਰਹੀ ਸੀ, ਜੋ ਆਪਣੇ ਪੁੱਤਰ ਅਭਿਰਾਜ ਉਰਫ਼ ਅਭੀ ਨਾਲ ਮਿਲ ਕੇ ਪੂਰੇ ਤਸਕਰੀ ਆਪਰੇਸ਼ਨ ਨੂੰ ਚਲਾਉਂਦੀ ਸੀ। ਅਭਿਰਾਜ ਇਸ ਸਮੇਂ ਫਰਾਰ ਹੈ, ਜਿਸ ਦੀ ਗ੍ਰਿਫ਼ਤਾਰੀ ਲਈ ਪੁਲਿਸ ਲਗਾਤਾਰ ਛਾਪੇਮਾਰੀ ਕਰ ਰਹੀ ਹੈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਤਸਕਰੀ ਦਾ ਇਹ ਗਿਰੋਹ ਪਾਕਿਸਤਾਨ ਤੋਂ ਡਰੋਨ ਰਾਹੀਂ ਭੇਜੇ ਜਾਣ ਵਾਲੇ ਕੰਸਾਈਨਮੈਂਟ (ਖੇਪ) ਨੂੰ ਪੰਜਾਬ ਦੇ ਵੱਖ-ਵੱਖ ਸਥਾਨਾਂ 'ਤੇ ਰਿਸੀਵ ਕਰਦਾ ਸੀ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਚਾਰ ਉੱਚ ਗੁਣਵੱਤਾ ਵਾਲੇ ਵਿਦੇਸ਼ੀ ਪਿਸਤੌਲ ਸ਼ਾਮਲ ਹਨ, ਜਿਨ੍ਹਾਂ ਦੀ ਵਰਤੋਂ ਪੰਜਾਬ ਵਿੱਚ ਸਰਗਰਮ ਵੱਡੇ ਗੈਂਗਸਟਰ ਅਪਰਾਧਿਕ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਕਰਨ ਵਾਲੇ ਸਨ। ਡੀਆਈਜੀ ਨੇ ਕਿਹਾ ਕਿ ਫਰਾਰ ਅਭਿਰਾਜ ਨੂੰ ਜਲਦ ਗ੍ਰਿਫ਼ਤਾਰ ਕਰਕੇ ਪੂਰੇ ਨੈੱਟਵਰਕ ਦਾ ਖੁਲਾਸਾ ਕੀਤਾ ਜਾਵੇਗਾ।

# ਸੰਗਰੂਰ ਦੀ ਮੁਟਿਆਰ ਦਾ ਕੈਨੇਡਾ ਵਿਚ ਕਤਲ ਕਰਨ ਵਾਲਾ ਗ੍ਰਿਫ਼ਤਾਰ

## ✪ ਵਿਆਹ ਕਰਵਾਉਣ ਦਾ ਪਾ ਰਿਹਾ ਸੀ ਦਬਾਅ, ਕੁੜੀ ਨੇ ਕੀਤੀ ਸੀ ਨਾਂਹ

ਸੰਗਰੂਰ-ਲੰਘੇ ਵਰ੍ਹੇ ਅਕਤੂਬਰ ਮਹੀਨੇ ਸੰਗਰੂਰ ਦੀ ਕੁੜੀ ਦਾ ਕੈਨੇਡਾ 'ਚ ਕਤਲ ਕਰਨ ਵਾਲੇ ਮੁਲਜ਼ਮ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਦਰਅਸਲ, ਕੁੜੀ 'ਤੇ ਉਕਤ ਨੌਜਵਾਨ ਵਿਆਹ ਕਰਵਾਉਣ ਦਾ ਦਬਾਅ ਪਾ ਰਿਹਾ ਸੀ, ਪਰ ਕੁੜੀ ਵੱਲੋਂ ਇਨਕਾਰ ਕੀਤੇ ਜਾਣ 'ਤੇ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਤੇ ਕੈਨੇਡਾ ਤੋਂ ਫ਼ਰਾਰ ਹੋ ਗਿਆ ਸੀ। ਐੱਸਐੱਸਪੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਸਥਾਨਕ ਪ੍ਰੇਮ ਬਸਤੀ ਵਾਸੀ ਇੰਦਰਜੀਤ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਨ੍ਹਾਂ ਦੀਆਂ 2 ਲੜਕੀਆਂ ਗੁਰਸਿਮਰਨ ਕੌਰ ਤੇ ਅਮਨਪ੍ਰੀਤ ਕੌਰ ਕੈਨੇਡਾ ਵਿਚ ਰਹਿੰਦੀਆਂ ਹਨ।

ਅਮਨਪ੍ਰੀਤ ਕੌਰ ਟੋਰਾਂਟੋ ਈਸਟ ਯੋਰਕ 'ਚ ਕਿਰਾਏ ਦੇ ਮਕਾਨ ਵਿਚ ਰਹਿੰਦੀ ਸੀ ਤੇ ਹਸਪਤਾਲ 'ਚ ਬਤੌਰ ਨਿੱਜੀ ਸਹਾਇਕ ਵਰਕਰ ਕੰਮ ਕਰਦੀ ਸੀ। 20 ਅਕਤੂਬਰ 2025 ਤੋਂ ਤਿੰਨ-ਚਾਰ ਦਿਨ ਪਹਿਲਾਂ ਅਮਨਪ੍ਰੀਤ ਕੌਰ ਨੇ ਫੋਨ ਕਰ ਕੇ ਦੱਸਿਆ ਕਿ ਮਨਪ੍ਰੀਤ ਸਿੰਘ ਵਾਸੀ ਬਸਲੀਪੁਰ ਥਾਣਾ ਗੋਕਰਨਾਥ ਜ਼ਿਲ੍ਹਾ ਲਖੀਮਪੁਰ ਖੀਰੀ (ਯੂਪੀ), ਜੋ ਕੈਨੇਡਾ 'ਚ ਹੀ ਰਹਿੰਦਾ ਹੈ ਤੇ ਉਹ ਟੈਕਸੀ ਚਾਲਕ ਹੈ। ਉਹ ਆਪਣੀ ਡਿਊਟੀ ਵੀ ਉਸ ਦੀ ਗੱਡੀ ਵਿਚ ਜਾਂਦੀ ਹੈ। ਜਾਣ-ਪਛਾਣ ਹੋਣ ਕਾਰਨ ਮਨਪ੍ਰੀਤ ਸਿੰਘ ਉਸ ਨੂੰ ਵਿਆਹ ਕਰਵਾਉਣ ਲਈ ਦਬਾਅ ਬਣਾ ਰਿਹਾ ਹੈ। ਪਰ ਉਸ ਨੇ ਸਾਫ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਅਮਨਪ੍ਰੀਤ ਕੌਰ ਨਾਲ ਘਰਦਿਆਂ ਦਾ ਕੋਈ ਸੰਪਰਕ ਨਾ ਹੋਇਆ ਤੇ ਉਸ ਦਾ ਫੋਨ ਬੰਦ ਆ ਰਿਹਾ ਸੀ। ਇਸ ਤੋਂ ਬਾਅਦ ਉਨ੍ਹਾਂ ਆਪਣੀ ਦੂਸਰੀ ਧੀ ਗੁਰਸਿਮਰਨ ਕੌਰ ਨੂੰ ਅਮਨਪ੍ਰੀਤ ਬਾਰੇ ਪਤਾ ਕਰਨ ਲਈ ਕਿਹਾ, ਪਰ ਅਮਨਪ੍ਰੀਤ ਨਾ ਘਰ ਪੁੱਜੀ ਤੇ ਨਾ ਹੀ ਆਪਣੇ ਕੰਮ 'ਤੇ। ਜਿਸ 'ਤੇ ਉਸ ਦੀ ਗੁੰਮਸ਼ੁਦਗੀ ਦੀ ਰਿਪੋਰਟ ਕੈਨੇਡਾ ਪੁਲਿਸ ਨੂੰ ਦਿੱਤੀ ਤੇ 21 ਅਕਤੂਬਰ ਨੂੰ ਗੁਰਸਿਮਰਨ ਕੌਰ ਨੂੰ ਕੈਨੇਡਾ ਪੁਲਿਸ ਨੇ ਫੋਨ ਕਰ ਕੇ ਦੱਸਿਆ ਕਿ ਅਮਨਪ੍ਰੀਤ ਕੌਰ ਦੀ ਲਾਸ਼ ਨਿਆਗਰਾ ਝੀਲ ਨੇੜੇ ਬਰਾਮਦ ਹੋਈ। ਕੈਨੇਡਾ ਪੁਲਿਸ ਅਨੁਸਾਰ ਟੈਕਸੀ ਚਾਲਕ ਮਨਪ੍ਰੀਤ ਸਿੰਘ (27), ਜੋ ਅਮਨਪ੍ਰੀਤ ਦਾ ਕਤਲ ਕਰ ਕੇ ਭਾਰਤ ਭੱਜ ਗਿਆ।

ਐੱਸਐੱਸਪੀ ਚਾਹਲ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਨੇ ਕੈਨੇਡਾ ਰਹਿੰਦੀ ਗੁਰਸਿਮਰਨ ਕੌਰ ਨੂੰ ਵ੍ਹਾਟਸਐਪ ਤੇ ਇੰਸਟਾਗ੍ਰਾਮ 'ਤੇ ਫੋਨ ਕਰ ਕੇ ਕੈਨੇਡਾ ਕੇਸ ਦੀ ਪੈਰਵਾਈ ਨਾ ਕਰਨ ਦੀਆਂ ਧਮਕੀਆਂ ਦਿੱਤੀਆਂ। ਇੱਥੋ ਤਕ ਕਿ ਅਕਤੂਬਰ ਮਹੀਨੇ ਹੀ ਸੰਗਰੂਰ ਰਹਿੰਦੇ ਪਰਿਵਾਰ ਦਾ ਪਤਾ ਲੈ ਕੇ ਉਨ੍ਹਾਂ ਦੇ ਘਰ ਪੁੱਜ ਕੇ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ ਤੇ ਫ਼ਰਾਰ ਹੋ ਗਿਆ। ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਪੁਲਿਸ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਮਨਪ੍ਰੀਤ ਸਿੰਘ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ।

# ਲੰਡਨ ਵਿੱਚ ਸਿੱਖ ਬੱਚੀ ਨਾਲ ਵਾਪਰੀ ਗਰੂਮਿੰਗ ਗੈਂਗ ਦੀ ਘਟਨਾ ਅਤਿਨਿੰਦਣਯੋਗ – ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਦਿਨੀਂ ਲੰਡਨ ਦੇ ਸ਼ਹਿਰ ਹੰਸਲੋ ਵਿੱਚ ਇੱਕ ਸਿੱਖ ਬੱਚੀ ਨੂੰ ਗੁੰਮਰਾਹ ਕਰਨ ਦੀ ਗੰਭੀਰ ਘਟਨਾ ਨੇ ਪੂਰੀ ਸਿੱਖ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਮਾਮਲੇ ਵਿੱਚ ਜਿੱਥੇ ਦੋਸ਼ੀ ਅਨਸਰਾਂ ਦੀ ਕਰਤੂਤ ਅੱਤਨਿੰਦਣਯੋਗ ਹੈ, ਉੱਥੇ ਹੀ ਸਿੱਖ ਨੌਜਵਾਨਾਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਅੱਗੇ ਆ ਕੇ ਸਿੱਖ ਬੱਚੀ ਨੂੰ ਸੁਰੱਖਿਅਤ ਤਰੀਕੇ ਨਾਲ ਉਸਦੇ ਪਰਿਵਾਰ ਤੱਕ ਪਹੁੰਚਾਇਆ ਗਿਆ।

ਇਸ ਸੰਬੰਧ ਵਿੱਚ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਕਿਹਾ ਕਿ ਲੰਡਨ ਵਿੱਚ ਵਾਪਰੀ ਇਹ ਘਟਨਾ ਬਹੁਤ ਹੀ ਗੰਭੀਰ ਅਤੇ ਚਿੰਤਾਜਨਕ ਹੈ, ਜੋ ਵਿਦੇਸ਼ਾਂ ਵਿੱਚ ਵੱਸ ਰਹੀ ਸਿੱਖ ਕੌਮ ਲਈ ਵੱਡੀ ਚੇਤਾਵਨੀ ਹੈ।

ਸੰਤ ਗਿਆਨੀ ਹਰਨਾਮ ਸਿੰਘ ਜੀ ਨੇ ਕਿਹਾ ਏ ਕੇ ਮੀਡੀਆ ਦੇ ਭਾਈ ਜੱਸਾ ਸਿੰਘ, ਸ਼ੇਰੇ ਪੰਜਾਬ ਲੰਡਨ ਦੇ ਸਮੂਹ ਨੌਜਵਾਨਾਂ ਅਤੇ ਸਿੱਖ ਯੂਥ ਯੂ.ਕੇ ਦੇ ਭਾਈ ਦੀਪਾ ਸਿੰਘ ਸਮੇਤ ਹੋਰ ਸਿੱਖ ਨੌਜਵਾਨਾਂ ਵੱਲੋਂ ਨਿਭਾਇਆ ਗਿਆ ਰੋਲ ਬੇਹੱਦ ਸਲਾਹੁਣਯੋਗ ਹੈ। ਉਹਨਾਂ ਨੌਜਵਾਨਾਂ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਅੱਗੇ ਆ ਕੇ ਸਿੱਖ ਬੱਚੀ ਦੇ ਹੱਕ ਵਿੱਚ ਖੜ੍ਹ ਕੇ ਉਸਨੂੰ ਸੁਰੱਖਿਅਤ ਉਸਦੇ ਘਰ ਤੱਕ ਪਹੁੰਚਾਇਆ।

ਉਹਨਾਂ ਨੇ ਕਿਹਾ ਕਿ ਜਿਹੜੇ ਨੌਜਵਾਨਾਂ ਨੇ ਦੋਸ਼ੀਆਂ ਦੇ ਖ਼ਿਲਾਫ਼ ਆਵਾਜ਼ ਉਠਾਈ ਅਤੇ ਬੱਚੀ


ਸੰਤ ਬਾਬਾ ਹਰਨਾਮ ਸਿੰਘ ਭਿੰਡਰਾਂਵਾਲੇ

ਦੀ ਰੱਖਿਆ ਲਈ ਕਦਮ ਚੁੱਕੇ, ਉਹ ਨੌਜਵਾਨ ਪੂਰੀ ਸਿੱਖ ਕੌਮ ਵੱਲੋਂ ਸ਼ਾਬਾਸ਼ ਦੇ ਹੱਕਦਾਰ ਹਨ। ਨਾਲ ਹੀ ਉਹਨਾਂ ਨੇ ਗਰੂਮਿੰਗ ਵਰਗੀਆਂ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਸਮੇਂ-ਸਮੇਂ ਤੇ ਸਰਗਰਮ ਹੋ ਕੇ ਕੰਮ ਕਰਨ ਵਾਲੀਆਂ ਹੋਰ ਸਿੱਖ ਜਥੇਬੰਦੀਆਂ ਦੀ ਵੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ।

ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਨੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੋ ਨੌਜਵਾਨ ਕੌਮ ਦੀ ਰੱਖਿਆ ਲਈ ਆਪਣੀ ਜਾਨ ਹਥੇਲੀ 'ਤੇ ਰੱਖ ਕੇ ਸੰਘਰਸ਼ ਕਰ ਰਹੇ ਹਨ, ਸਾਨੂੰ ਡੱਟ ਕੇ ਉਹਨਾਂ ਦਾ ਸਾਥ ਦੇਣਾ ਚਾਹੀਦਾ ਹੈ। ਗੁਰਦੁਆਰਿਆਂ ਵਿੱਚ ਜਾਗਰੂਕਤਾ ਕੈਂਪ ਲਗਾ ਕੇ ਨੌਜਵਾਨਾਂ ਬੱਚਿਆਂ ਅਤੇ ਮਾਪਿਆਂ ਨੂੰ ਗਰੂਮਿੰਗ ਵਰਗੀਆਂ ਘਟਨਾਵਾਂ ਤੋਂ ਸੁਚੇਤ ਕਰਨਾ ਸਮੇਂ ਦੀ ਵੱਡੀ ਲੋੜ ਹੈ।

ਆਖਰ ਵਿੱਚ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਸਪਸ਼ਟ ਕੀਤਾ ਕਿ ਦਮਦਮੀ ਟਕਸਾਲ ਪਹਿਲਾਂ ਵੀ ਇਨ੍ਹਾਂ ਨੌਜਵਾਨਾਂ ਦੇ ਨਾਲ ਖੜੀ ਸੀ ਅਤੇ ਭਵਿੱਖ ਵਿੱਚ ਵੀ ਪੂਰੀ ਤਾਕਤ ਨਾਲ ਉਹਨਾਂ ਦਾ ਸਾਥ ਦੇਵੇਗੀ। ਉਹਨਾਂ ਨੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਇੰਗਲੈਂਡ ਹੀ ਨਹੀਂ, ਸਗੋਂ ਅਮਰੀਕਾ, ਕਨੇਡਾ, ਜਰਮਨੀ ਅਤੇ ਯੂਰਪ ਦੇ ਹੋਰ ਦੇਸ਼ਾਂ ਵਿੱਚ ਵੀ ਜਿੱਥੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਸਿੱਖ ਅੱਗੇ ਆ ਕੇ ਆਪਣੇ ਬੱਚਿਆਂ ਦੀ ਰੱਖਿਆ ਲਈ ਸਾਂਝਾ ਰੋਲ ਅਦਾ ਕਰਨ।

ਉਹਨਾਂ ਨੇ ਮਾਪਿਆਂ ਨੂੰ ਵੀ ਕਿਹਾ ਕਿ ਆਪਣੇ ਬੱਚਿਆਂ, ਖ਼ਾਸ ਕਰਕੇ ਬੱਚੀਆਂ ਨੂੰ ਸਿੱਖੀ ਅਤੇ ਗੁਰਸਿੱਖੀ ਦੀ ਮਜ਼ਬੂਤ ਸਿੱਖਿਆ ਦੇ ਕੇ ਮਾੜੇ ਅਨਸਰਾਂ ਦੇ ਬਹਿਕਾਵੇ ਤੋਂ ਬਚਾਇਆ ਜਾਵੇ ਅਤੇ ਹਰ ਪੱਖੋਂ ਜਾਗਰੂਕ ਕੀਤਾ ਜਾਵੇ।

# ਬਰਤਾਨਵੀ ਕਿਸਾਨਾਂ ਦੇ ਹੱਕ ਵਿੱਚ ਬੋਲੇ ਐਮ ਪੀ ਤਨਮਨਜੀਤ ਸਿੰਘ ਢੇਸੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕਿਸਾਨਾਂ ਨੂੰ ਲੈ ਕੇ ਵਿਸ਼ਵ ਭਰ ਵਿੱਚ ਕੋਈ ਨਾ ਕੋਈ ਮੁੱਦਾ ਉੱਠਦਾ ਰਹਿੰਦਾ ਹੈ। ਬਰਤਾਨੀਆ ਸਰਕਾਰ ਦੀਆਂ ਟੈਕਸ ਨੀਤੀਆਂ ਖ਼ਿਲਾਫ਼ ਬੀਤੇ ਸਾਲ ਬਰਤਾਨਵੀ ਕਿਸਾਨ ਲੰਡਨ ਦੀਆਂ ਸੜਕਾਂ ਤੇ ਰੋਸ ਪ੍ਰਦਰਸ਼ਨ ਕਰਦੇ ਰਹੇ। ਬੀਤੇ ਕੱਲ ਬਰਤਾਨੀਆ ਦੀ ਸੰਸਦ ਵਿੱਚ ਕਿਸਾਨਾਂ ਦੀਆਂ ਫਸਲਾਂ ਅਤੇ ਉਹਨਾਂ ਵੱਲੋਂ ਤਿਆਰ ਕੀਤੇ ਸਮਾਨ ਨੂੰ ਅੰਤਰਰਾਸ਼ਟਰੀ ਮੰਡੀ ਵਿੱਚ ਵੇਚਣ ਲਈ ਸਰਕਾਰ ਦੀ ਨੀਤੀ ਬਾਰੇ ਐਮ ਪੀ ਤਨਮਨਜੀਤ ਸਿੰਘ ਢੇਸੀ ਪੁੱਛਿਆ ਕਿ ਬਰਤਾਨਵੀ ਸਰਕਾਰ ਕੀ ਕਰ ਰਹੀ ਹੈ? ਉਹਨਾਂ ਕਿਹਾ ਕਿ ਮੈਂ ਕਿਸਾਨ ਪੁੱਤ ਹਾਂ ਅਤੇ ਕਿਸਾਨਾਂ ਦੀ ਹਮਾਇਤ ਕਰਦਾ ਹਾਂ। ਸਬੰਧਿਤ ਮੰਤਰੀ ਨੇ ਕਿਹਾ ਕਿ ਬਰਤਾਨਵੀ ਕਿਸਾਨਾਂ ਨੂੰ ਉਤਸ਼ਾਹਿਤ ਅਤੇ ਹੋਰ ਮਜ਼ਬੂਤ ਕਰਨ ਲਈ ਉਹਨਾਂ ਵੱਲੋਂ ਤਿਆਰ ਕੀਤਾ ਸਮਾਨ ਅੰਤਰਰਾਸ਼ਟਰੀ ਪੱਧਰ ਉੱਤੇ ਵੇਚਣ ਲਈ ਭਾਰਤ, ਨਿਊਜ਼ੀਲੈਂਡ, ਆਸਟਰੇਲੀਆ ਆਦਿ ਦੇਸ਼ਾਂ ਨਾਲ ਹੋ ਰਹੇ ਵਪਾਰਕ ਸਮਝੌਤਿਆਂ ਦਾ ਹਿੱਸਾ ਹਨ। ਬਰਤਾਨੀਆ ਸਰਕਾਰ ਹਰ ਪੱਖੋਂ ਕਿਸਾਨਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ।


ਐਮ ਪੀ ਤਨਮਨਜੀਤ ਸਿੰਘ ਢੇਸੀ

# ਯੂ ਕੇ ਵਿੱਚ ਸਿੱਖ ਬੱਚੀਆਂ ਨੂੰ ਵਰਗਲਾਉਣ ਖਿਲਾਫ ਚੇਤਨਾ ਮੁਹਿੰਮ ਆਪਣੀਆਂ ਬੱਚੀਆਂ ਦੇ ਸੁਭਾਅ ਵਿੱਚ ਅਡੋਲਤਾ, ਨਿੱਡਰਤਾ ਅਤੇ ਆਤਮ ਵਿਸ਼ਵਾਸ਼ ਪੈਦਾ ਕਰੋ – ਭਾਈ ਡੱਲੇਵਾਲ, ਭਾਈ ਦੀਪਾ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਸਿੱਖ ਬੱਚੀਆਂ ਨੂੰ ਵਰਗਲਾ ਕੇ ਆਪਣੇ ਝਾਂਸੇ ਵਿੱਚ ਫਸਾਉਣ ਦਾ ਗੈਰ ਸਮਾਜਿਕ ਧੰਦਾ ਪਾਕਿਸਤਾਨੀ ਮੁਸਲਮਾਨ ਗ੍ਰੋਹਾਂ ਵਲੋਂ ਲਗਾਤਾਰ ਕੀਤਾ ਜਾ ਰਿਹਾ ਹੈ, ਇਸ ਕਾਲੇ ਅਤੇ ਗੈਰ ਸਮਾਜਿਕ ਕਾਲੇ ਧੰਦੇ ਵਿੱਚ ਕੁੱਝ ਗਰੂਮਿੰਗ ਗੈਂਗ ਲੱਗੇ ਹੋਏ ਹਨ। ਪਿਛਲੇ ਦਿਨੀਂ ਹੰਸਲੋ ਵਿੱਚ ਇੱਕ ਨਬਾਲਗ ਲੜਕੀ ਨੂੰ ਅਜਿਹੇ ਗ੍ਰੋਹ ਵਲੋਂ ਆਪਣੀ ਗਿਰਫਤ ਵਿੱਚ ਰੱਖਿਆ ਹੋਇਆ ਸੀ। ਇਸੇ ਮੁਹਿੰਮ ਤਹਿਤ ਸਿੱਖ ਯੂਥ ਯੂ ਕੇ ਦੇ ਮੁੱਖੀ ਭਾਈ ਦੀਪਾ ਸਿੰਘ ਵਲੋਂ ਆਪਣੇ ਸਾਥੀਆਂ ਨਾਲ ਵੱਖ ਵੱਖ ਗਰਦਵਾਰਿਆਂ ਵਿੱਚ ਜਾ ਕੇ ਸਿੱਖ ਸੰਗਤਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕਵੈਂਟਰੀ ਵਿੱਚ ਭਾਈ ਦੀਪਾ ਸਿੰਘ ਨੇ ਸਿੱਖ ਸੰਗਤਾਂ ਨੂੰ ਬਹੁਤ ਹੀ ਭਾਵੁਕਤਾ ਅਤੇ ਜਜ਼ਬਾਤੀ ਹੁੰਦਿਆਂ ਇਸ ਕਾਲੇ ਧੰਦੇ ਬਾਰੇ ਜਾਗਰੂਕ ਕੀਤਾ। ਉਹਨਾਂ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਖਾਸਕਰ ਬੱਚੀਆਂ ਤੇ ਪੂਰੀ ਨਿਗਾਹ ਰੱਖਣ। ਆਪਣੀਆਂ ਬੱਚੀਆਂ ਨੂੰ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਸੁਣਾ ਕੇ ਉਹਨਾਂ ਇਰਾਦੇ ਅਤੇ ਸੁਭਾਅ ਵਿੱਚ ਅਡੋਲਤਾ, ਨਿੱਡਰਤਾ ਅਤੇ ਆਤਮ ਵਿਸ਼ਵਾਸ਼ ਪੈਦਾ ਕਰਨ। ਕਿਸੇ ਵੀ ਗੱਲ ਨੂੰ ਛੁਪਾਉਣ ਤੋਂ ਗੁਰੇਜ ਨਾ ਕੀਤਾ ਜਾਵੇ। ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕਵੈਂਟਰੀ ਦੀ ਪ੍ਰਬੰਧਕ ਕਮੇਟੀ ਅਤੇ ਯੂਨਾਈਟਿਡ ਖਾਲਸਾ ਦਲ ਯੂ ਕੇ ਵਲੋਂ ਭਾਈ ਦੀਪਾ ਸਿੰਘ ਦੀਆਂ ਪੰਥਕ ਸੇਵਾਵਾਂ ਦੀ ਹਾਰਦਿਕ ਪ੍ਰਸੰਸਾ ਕੀਤੀ ਗਈ। ਸਿੱਖ ਯੂਥ ਯੂ ਕੇ ਦੇ ਮੁਖੀ ਭਾਈ ਦੀਪਾ ਸਿੰਘ ਅਤੇ ਯੂਨਾਈਟਿਡ ਖਾਲਸਾ ਦਲ ਯੂ ਕੇ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਇਸ ਸਬੰਧੀ ਖਾਸ ਪੋਸਟਰ ਜਾਰੀ ਕੀਤਾ ਗਿਆ। ਸਿੱਖ ਪਰਿਵਾਰਾਂ ਨੂੰ ਆਪਣੇ ਬੱਚਿਆਂ ਵੱਲ ਖਾਸ ਧਿਆਨ ਦੇਣ ਦੀ ਅਪੀਲ ਕੀਤੀ ਗਈ ਹੈ।




ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਦੀਪਾ ਸਿੰਘ


JSR CONTRACTS LTD T/A
JSR 247 RECOVERY

Reliable Vehicle Transport & Recovery Services – Local and Nationwide

We provide professional and efficient vehicle transport solutions tailored to your needs:



- Local and Nationwide Vehicle Transport – Single or multiple vehicles
- Trade Plate Deliveries & Collections – Fast and compliant vehicle movements
- Auction Collections & Dealership Transfers – Safe and timely service
- Transport for Non-Runners & Damaged Vehicles – Secure and careful handling
- Customer Handovers, Scheduled Deliveries, Professional presentation every time
- Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

Contact us today for a reliable quote and hassle-free service!

We are available 24X7 and cover Bilston, West Bromwich, Dalston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

ਜੇ. ਐਸ. ਆਰ. 247 ਰਿਕਵਰੀ

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।


ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਨ।
* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫ਼ੀਲਡ, ਵਿਲਨਹਾਲ, ਵੂਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।
* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ।
ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

FOR MORE INFO CALL OR SEND MESSAGE TO:
WhatsApp Phone: 07462 760 215
Email:info@jsr247recovery.com
www.jsr247recovery.com



# ਲੰਡਨ ਦੇ ਮੰਦਰ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਜਾਣ ਦੇ ਮਾਮਲੇ ਦੀ ਸੁਣਵਾਈ ਅੱਜ ਤੋਂ ਲੰਡਨ ਦੇ ਅਦਾਲਤ ਵਿੱਚ ਹੋਵੇਗੀ ਸ਼ੁਰੂ

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖਾਂ ਨੂੰ ਮਦਦ ਦੇ ਆਦੇਸ਼ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸਤਿਕਾਰ ਕਮੇਟੀ ਦੇ ਹੱਕ ਵਿੱਚ ਅਦਾਲਤ ਵਿੱਚ ਆਪਣਾ ਪੱਖ ਪੇਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇੱਕ ਮੰਦਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਸਾਂਭ ਸੰਭਾਲ ਸਿੱਖ ਮਰਿਯਾਦਾ ਅਨੁਸਾਰ ਨਾ ਕੀਤੇ ਜਾਣ ਦਾ ਇੱਕ ਮਾਮਲਾ ਸਾਲ 2018 ਨੂੰ ਸਾਹਮਣੇ ਆਇਆ ਸੀ, ਜਦ ਕਿ 7 ਜਨਵਰੀ 2019 ਨੂੰ 13 ਦੇ ਕਰੀਬ ਸਰੂਪ ਗੁਰ-ਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਲਿਆਂਦੇ ਗਏ। ਜਦ ਕਿ ਇਹ ਮਾਮਲਾ ਮੁੜ 2021-22 ਵਿੱਚ ਸਾਹਮਣੇ ਆਇਆ ਕਿ ਮੰਦਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਅਤੇ ਸੁੱਖ ਆਸਨ ਲਈ ਢੁਕਵੇਂ ਪ੍ਰਬੰਧ ਨਹੀਂ ਹਨ। ਜਿਸ ਤੋਂ ਬਾਅਦ 8 ਜਨਵਰੀ 2022 ਨੂੰ ਸਤਿਕਾਰ ਕਮੇਟੀ ਦੀ ਅਗਵਾਈ ਵਿੱਚ ਸਿੱਖ ਭਾਈਚਾਰੇ ਦੇ ਆਗੂਆਂ ਵੱਲੋਂ ਪੁਲਿਸ ਦੀ ਮੌਜੂਦਗੀ ਵਿੱਚ ਮੁੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸਰੂਪ ਬ੍ਰਮਿੰਘਮ ਲਿਜਾਏ ਗਏ। ਇਹਨਾਂ ਸਰੂਪਾਂ ਵਿੱਚ ਦੋ ਸਰੂਪ ਸਿੰਧੀ ਭਾਸ਼ਾ ਵਿੱਚ, ਇੱਕ ਸਰੂਪ ਹਿੰਦੀ ਅਤੇ ਇੱਕ ਸਰੂਪ ਗੁਰਮੁੱਖੀ ਲਿੱਪੀ ਵਿੱਚ ਸਨ। ਜਦ ਕਿ ਉਸ ਸਮੇਂ ਇੱਕ ਹੋਰ ਨੀਲ ਗ੍ਰੰਥ ਉਸ ਸਮੇਂ ਪ੍ਰਬੰਧਕਾਂ ਨੂੰ ਵਾਪਿਸ ਕਰ ਦਿੱਤਾ ਗਿਆ ਸੀ। ਲੇਕਨ ਉਕਤ ਮਾਮਲੇ ਨੂੰ ਇੱਕ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਮੰਦਰ ਦੇ ਪ੍ਰਬੰਧਕਾਂ ਨੇ ਅਦਾਲਤ ਵਿੱਚ ਚਣੌਤੀ ਦੇ ਦਿੱਤੀ। ਜਿਸ ਵਿੱਚ ਕਿਹਾ ਗਿਆ ਕਿ ਸਰੂਪ ਸਤਿਕਾਰ ਕਮੇਟੀ ਵੱਲੋਂ ਧੱਕੇ ਨਾਲ ਲਿਜਾਏ ਗਏ ਹਨ। ਹੁਣ ਤੱਕ ਇਸ ਸਬੰਧੀ ਤਿੰਨ ਪੇਸ਼ੀਆਂ ਹੋ ਚੁੱਕੀਆਂ ਹਨ। ਜਦ ਕਿ ਅੱਜ 19 ਜਨਵਰੀ ਤੋਂ ਇਹ ਕੇਸ ਦੀ ਸੁਣਵਾਈ ਲੰਡਨ ਦੀ ਵਿਲਸਡਨ ਮੈਜਿਸਟਰੇਟ ਅਦਾਲਤ ਵਿੱਚ ਸ਼ੁਰੂ ਹੋ ਰਹੀ ਹੈ। ਇਹ ਕੇਸ ਕਰੀਬ 10 ਦਿਨ ਤੱਕ ਚੱਲਣ ਦਾ ਅਨੁਮਾਨ ਹੈ। ਉਕਤ ਕੇਸ ਦੇ ਸਬੰਧ ਵਿੱਚ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਤਿਕਾਰ ਕਮੇਟੀ ਦੇ ਹੱਕ ਵਿੱਚ ਪੱਤਰ ਜਾਰੀ ਕੀਤਾ ਗਿਆ ਹੈ, ਉੱਥੇ ਹੀ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਪੱਤਰ ਵਿੱਚ ਯੂ ਕੇ ਦੇ ਸਿੱਖਾਂ ਨੂੰ ਸਤਿਕਾਰ ਕਮੇਟੀ ਦੇ ਭਾਈ ਮਨਵੀਰ ਸਿੰਘ ਦੀ ਹਮਾਇਤ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਪੱਤਰ ਵਿੱਚ ਭਾਈ ਮਨਵੀਰ ਸਿੰਘ ਖਿਲਾਫ ਕੀਤੀ ਇੱਕ ਸ਼ਿਕਾਇਤ ਸਬੰਧੀ 16 ਜੂਨ 2022 ਨੂੰ ਬਣਾਈ ਕਮੇਟੀ ਦੀਆਂ ਸ਼ਿਫ਼ਾਰਸ਼ਾਂ ਅਧਾਰਿਤ 6 ਦਸੰਬਰ 2022 ਨੂੰ ਦੋਸ਼ੀ ਠਹਿਰਾਇਆ ਗਿਆ ਸੀ, ਪਰ ਭਾਈ ਮਨਵੀਰ ਸਿੰਘ ਨੇ ਇਸ ਨੂੰ ਇੱਕ ਪਾਸੜ ਫੈਸਲਾ ਦੱਸਿਆ। ਪਰ 12 ਦਸੰਬਰ 2025 ਵਿੱਚ ਬਣਾਈ ਇੱਕ ਹੋਰ ਕਮੇਟੀ ਦੀ ਰਿਪੋਰਟ ਵਿੱਚ ਭਾਈ ਮਨਵੀਰ ਸਿੰਘ ਤੇ ਲੱਗੇ ਦੋਸ਼ ਬੇਬੁਨਿਆਦ ਪਾਏ ਗਏ। ਹੁਣ 6 ਦਸੰਬਰ 2022 ਨੂੰ ਜਾਰੀ ਹੋਏ ਆਦੇਸ਼ ਦਾ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਲੀ ਇਕੱਤਰਤਾ ਵਿੱਚ ਕੀਤਾ ਜਾਵੇਗਾ। ਪਰ ਸਿੰਘ ਸਾਹਿਬ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਜਾਰੀ ਆਦੇਸ਼ ਵਿੱਚ ਯੂ ਕੇ ਦੇ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਲੈ ਕੇ ਲੰਡਨ ਅਦਾਲਤ ਵਿੱਚ ਚੱਲ ਰਹੇ ਕੇਸ ਵਿੱਚ ਭਾਈ ਮਨਵੀਰ ਸਿੰਘ ਨੂੰ ਪੂਰਨ ਸਹਿਯੋਗ ਦੇਣ ਲਈ ਕਿਹਾ ਗਿਆ ਹੈ।

## ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਲੋੜੀਂਦੀ ਮਰਿਯਾਦਾ ਬਹਾਲ ਕਰਨੀ ਜਰੂਰੀ ਹੈ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਤਿਕਾਰ ਸਬੰਧੀ ਸਿੱਖ ਜਥੇਬੰਦੀਆਂ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਦੀ ਵਿਸ਼ੇਸ਼ ਇਕੱਤਰਤਾ ਗੁਰੂ ਨਾਨਕ ਗੁਰਦਵਾਰਾ ਵਿਲਨਹਾਲ ਵਿਖੇ ਹੋਈ। ਸਿੰਧੀ ਮੰਦਰ ਵਿੱਚੋਂ ਗੁਰੂ ਸਾਹਿਬ ਦੇ ਜੋ ਸਰੂਪ ਲਿਆਂਦੇ ਗਏ ਸਨ, ਉਹਨਾਂ ਬਾਬਤ ਸਿੰਧੀ ਮੰਦਿਰ ਵਾਲਿਆਂ ਵੱਲੋਂ ਇੱਕ ਬੀਬੀ ਅਤੇ ਦੋ ਸਿੰਘਾਂ ਖਿਲਾਫ ਅਦਾਲਤ ਵਿੱਚ ਕੇਸ ਦਾਇਰ ਕੀਤਾ ਗਿਆ ਸੀ। ਜਿਸ ਦੀ ਸੁਣਵਾਈ 19 ਜਨਵਰੀ ਸੋਮਵਾਰ ਨੂੰ ਵਿੱਲਸਡਨ ਮੈਜਿਸਟਰੇਟ ਅਦਾਲਤ ਲੰਡਨ ਵਿੱਚ ਸ਼ੁਰੂ ਹੋ ਰਿਹਾ ਹੈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜਿੰਨਾ ਚਿਰ ਸਿੰਧੀ ਮੰਦਿਰ ਵਾਲੇ ਗੁਰੂ ਸਾਹਿਬ ਵਾਸਤੇ ਲੋੜੀਦੀਂ ਗੁਰ ਮਰਿਆਦਾ ਬਹਾਲ ਨਹੀਂ ਕਰਦੇ ਉਹਨਾ ਚਿਰ ਗੁਰੂ ਸਾਹਿਬ ਦੇ ਸਰੂਪ ਉਹਨਾਂ ਨੂੰ ਵਾਪਸ ਨਹੀਂ ਦਿੱਤੇ ਜਾਣਗੇ।

ਇਸ ਮੌਕੇ ਮੰਦਰ ਵੱਲੋਂ ਕੇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਵਸਤੂ (ਆਈਟਮ) ਵਜੋਂ ਦਰਸਾਉਣ ਦੀ ਨਿੰਦਾ ਕੀਤੀ ਗਈ। ਸਿੱਖ ਆਗੂਆਂ ਨੇ ਕਿਹਾ ਕਿ ਅਦਾਲਤ ਦਾ ਜੋ ਵੀ ਫੈਸਲਾ ਆਵੇ, ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਨੂੰ ਠੇਸ ਲੱਗੀ ਤਾਂ ਉਸਦਾ ਡੱਟ ਕੇ ਸਾਹਮਣਾ ਕੀਤਾ ਜਾਵੇਗਾ। ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਇਹ ਕੇਸ ਸਿੱਖ ਜਜ਼ਬਾਤਾਂ, ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਅਤੇ ਭਵਿੱਖ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਤਿਕਾਰ ਪ੍ਰਭਾਵਿਤ ਕਰਨ ਵਾਲਾ ਸਮਝਦਿਆਂ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਮਾਮਲੇ ਦੀ ਪਹਿਲੇ ਦਿਨ ਦੀ ਸੁਣਵਾਈ ਮੌਕੇ ਅਦਾਲਤ 'ਚ ਲੱਗਿਆ ਲੰਗਰ





ਲੰਡਨ ਅਦਾਲਤ ਵਿੱਚ ਕੇਸ ਦੀ ਸੁਣਵਾਈ ਦੌਰਾਨ ਲੱਗੇ ਲੰਗਰ ਦਾ ਦ੍ਰਿਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਹਿੰਦੂ ਮੰਦਰ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਜਾਣ ਦੇ ਮਾਮਲੇ ਦੀ ਪਹਿਲੇ ਦਿਨ ਦੀ ਸੁਣਵਾਈ ਲੰਡਨ ਦੀ ਵਿਲਡਸਨ ਮੈਜਿਸਟਰੇਟ ਅਦਾਲਤ ਵਿੱਚ ਹੋਈ। ਇਸ ਵੱਡੀ ਗਿਣਤੀ ਵਿੱਚ ਯੂ ਕੇ ਭਰ ਤੋਂ ਸਿੱਖ ਸੰਸਥਾਵਾਂ, ਸਿੱਖ ਜੱਥੇਬੰਦੀਆਂ ਦੇ ਨੁਮਾਇੰਦੇ ਅਤੇ ਸਿੱਖ ਆਗੂ ਪਹੁੰਚੇ ਹੋਏ ਸਨ। ਪਹਿਲੇ ਦਿਨ ਦੀ ਬਹਿਸ ਦੌਰਾਨ ਸ਼ਿਕਾਇਤ ਕਰਤਾ ਧਿਰ ਦਾ ਪੱਖ ਸੁਣਿਆ ਗਿਆ। ਖਾਸ ਤੌਰ ਤੇ ਸ਼ਿਕਾਇਤ ਕਰਤਾ ਧਿਰ ਵੱਲੋਂ ਘਟਨਾ ਵਾਲੇ ਦਿਨ ਮਦਦ ਲਈ ਪੁਲਿਸ ਨੂੰ ਕੀਤੀਆਂ ਫੋਨ ਕਾਲਾਂ ਦੀ ਰਿਕਾਰਡਿੰਗ ਸੁਣੀ ਗਈ। ਇਹ ਕੇਸ ਲੱਗਭੱਗ 10 ਦਿਨ ਚੱਲਣ ਦੀ ਸੰਭਾਵਨਾ ਹੈ। 12 ਮੈਂਬਰੀ ਜਿਊਰੀ ਨੂੰ ਸੌਂਹ ਚੁਕਾਈ ਗਈ, ਜਿਸ ਅੱਗੇ ਇਹ ਕੇਸ ਚੱਲੇਗਾ। ਲੇਕਨ ਇਸ ਮੌਕੇ ਦਿਲਚਸਪ ਗੱਲ ਇਹ ਰਹੀ ਸਿੱਖ ਭਾਈਚਾਰੇ ਵੱਲੋਂ ਅਦਾਲਤ ਵਿੱਚ ਲੰਗਰ ਲਗਾ ਦਿੱਤੇ ਗਏ। ਜਿਸ ਨੂੰ ਸਿੱਖਾਂ ਦੇ ਨਾਲ ਨਾਲ ਅਦਾਲਤ ਦੇ ਅਧਿਕਾਰੀਆਂ, ਹੋਰ ਭਾਈਚਾਰਿਆਂ ਦੇ ਲੋਕਾਂ ਨੇ ਅਦਬ ਸਤਿਕਾਰ ਨਾਲ ਛਕਿਆ। ਅਗਲੇ ਕੁਝ ਦਿਨ ਸ਼ਿਕਾਇਤ ਕਰਤਾ ਧਿਰ ਦਾ ਪੱਖ ਸੁਣੇ ਜਾਣ ਤੋਂ ਬਾਅਦ ਸਵਾਲ ਜਵਾਬ ਸ਼ੁਰੂ ਹੋਣਗੇ।

## ਦੂਜੇ ਵਿਸ਼ਵ ਯੁੱਧ ਦੇ ਦੋ ਅਣਚੱਲੇ ਜਰਮਨੀ ਬੰਬਾਂ ਨੇ ਪਾਈਆਂ ਭਾਜੜਾਂ




ਦੂਜੇ ਵਿਸ਼ਵ ਯੁੱਧ ਦੇ ਬੰਬ ਮਿਲਣ ਵਾਲੀ ਥਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੂਜੇ ਵਿਸ਼ਵ ਯੁੱਧ ਦੇ ਕਹਿਰ ਦੀ ਦਾਸਤਾਨ ਦੇ ਨਿਸ਼ਾਨ ਅੱਜ ਵੀ ਇੰਗਲੈਂਡ ਵਿੱਚ ਵੇਖੇ ਜਾ ਸਕਦੇ ਹਨ। ਇਸ ਯੁੱਧ ਦੌਰਾਨ ਸੁੱਟੇ ਗਏ ਦੋ ਅਣਚੱਲੇ ਜਰਮਨੀ ਬੰਬ ਪੋਲੀਮਾਊਥ ਅਤੇ ਐਕਸਮਾਊਥ ਤੋਂ ਬਰਾਮਦ ਹੋਏ ਹਨ। ਉਤਕ ਬੰਬਾਂ ਬਾਰੇ ਪਤਾ ਚੱਲਣ ਤੋਂ ਬਾਅਦ ਪੁਲਿਸ ਨੇ ਇਲਾਕੇ ਨੂੰ ਵੱਡੀ ਘਟਨਾਂ ਦਾ ਐਲਾਨ ਕਰਦਿਆਂ 2000 ਘਰ ਖਾਲੀ ਕਰਵਾਏ ਅਤੇ 5000 ਦੇ ਕਰੀਬ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਭੇਜਿਆ ਗਿਆ। ਪੁਲਿਸ ਮੁਤਾਬਿਕ ਬੁੱਧਵਾਰ ਦੁਪਹਿਰ ਨੂੰ ਮਾਰਟਿਨ ਸਟਰੀਟ ਪੋਲੀਮਾਊਥ ਵਿਖੇ ਇੱਕ ਵੱਡ ਅਕਾਰੀ ਸ਼ੱਕੀ ਚੀਜ਼ ਮਿਲਣ ਤੇ ਬੁਲਾਇਆ ਗਿਆ। ਜਦ ਕਿ ਐਕਸਮਾਊਥ ਇਲਾਕੇ ਵਿੱਚ ਮਿਲਿਆ ਬੰਬ ਪੋਲੀਮਾਊਥ ਵਾਲੇ ਤੋਂ ਵੀ ਵੱਡਾ ਹੈ। ਦੋਵੇਂ ਬੰਬਾਂ ਨੂੰ ਨਕਾਰਾ ਕਰਨ ਲਈ ਰੋਇਲ ਨੇਵੀ ਬੰਬ ਨਿਰੋਧਕ ਦਸਤੇ ਪਹੁੰਚ ਗਏ ਹਨ ਅਤੇ ਇਲਾਕੇ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਹੈ।

# ਜਥੇਦਾਰ ਕੁਲਦੀਪ ਸਿੰਘ ਗੜਗੱਜ ਮਰਿਆਦਾ ਦੀ ਉਲੰਘਣਾ ਦੇ ਇੱਕ ਹੋਰ ਵਿਵਾਦ ਵਿੱਚ ਬੁਰੀ ਤਰ੍ਹਾਂ ਫਸੇ ਪੰਜ ਸਿੰਘ ਸਾਹਿਬਾਨਾਂ ਦੇ ਫ਼ੈਸਲੇ ਨੂੰ ਕੇਵਲ ਇੱਕ ਜਥੇਦਾਰ ਕਿਵੇਂ ਬਦਲ ਸਕਦਾ ਹੈ: ਪ੍ਰੋ. ਸਰਚਾਂਦ ਸਿੰਘ ਖਿਆਲਾ

## ਗੜਗੱਜ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਬੇਢੰਗੀ ਕਟਿੰਗ ਕਰਨ ਵਾਲੇ ਮਨਵੀਰ ਸਿੰਘ ਨੂੰ ਨਿਰਦੋਸ਼ ਕਰਾਰ

*ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਸਿੱਖ ਪਰੰਪਰਾ, ਸਿਧਾਂਤ ਅਤੇ ਮਰਿਆਦਾ ਦੀ ਉਲੰਘਣਾ ਨਾਲ ਜੁੜੇ ਇੱਕ ਹੋਰ ਗੰਭੀਰ ਵਿਵਾਦ ਵਿੱਚ ਬੁਰੀ ਤਰ੍ਹਾਂ ਫਸ ਗਏ ਹਨ। ਸਿੱਖ ਚਿੰਤਕ ਅਤੇ ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬਿਠਾਏ ਗਏ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇੱਕ ਹੋਰ ਗੈਰ-ਸਿਧਾਂਤਕ ਅਤੇ ਆਪਹੁਦਰੀ ਕਾਰਵਾਈ ਸਾਹਮਣੇ ਆਈ ਹੈ, ਜਿਸ ਨੂੰ ਲੈ ਕੇ ਯੂ. ਕੇ. ਦੀਆਂ ਸਮੂਹ ਸਿੱਖ ਜਥੇਬੰਦੀਆਂ ਵਿੱਚ ਭਾਰੀ ਰੋਸ ਵਿਆਪਕ ਹੋ ਗਿਆ ਹੈ।*









ਪ੍ਰੋ. ਖਿਆਲਾ ਨੇ ਦੱਸਿਆ ਕਿ ਸਤਿਕਾਰ ਕਮੇਟੀ ਯੂ. ਕੇ. ਦੇ ਮੁਖੀ ਮਨਵੀਰ ਸਿੰਘ ਮੰਨਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ 'ਤੇ ਪੰਛੀਆਂ ਦੇ ਚਿੱਤਰ ਬਣਾਉਣੇ, ਟਰੈਕਰ ਲਗਾਉਣੇ, ਸਤਿਕਾਰ ਕਮੇਟੀ ਦੀਆਂ ਮੋਹਰਾਂ ਲਗਾਉਣ ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਇੱਕ ਕਟਰ ਰਾਹੀਂ ਬੇਢੰਗੀ ਕਟਿੰਗ ਕੀਤੀ ਗਈ, ਜਿਨ੍ਹਾਂ ਨੂੰ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ, ਯੂ. ਕੇ. ਦੇ ਗੁਰਦੁਆਰਾ ਬਾਬਾ ਸੰਗ ਜੀ ਵਿਖੇ ਜਦੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਸਨ, ਤਾਂ ਭਾਈ ਮਨਵੀਰ ਸਿੰਘ ਵੱਲੋਂ ਚੱਲਦੇ ਅਖੰਡ ਪਾਠ ਸਾਹਿਬ ਦੌਰਾਨ ਹੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੇਠੋਂ ਗੱਦੀਆਂ ਕੱਢ ਦਿੱਤੀਆਂ ਗਈਆਂ, ਜੋ ਗੰਭੀਰ ਮਰਿਆਦਾ ਉਲੰਘਣਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨਾਲ ਮਰਿਆਦਾਹੀਣ ਵਰਤਾਰਾ, ਬੇਅਦਬੀ ਅਤੇ ਸੰਗਤਾਂ ਨੂੰ ਗੁਮਰਾਹ ਕਰਕੇ ਮਾਇਆ ਇਕੱਤਰ ਕਰਨ ਸੰਬੰਧੀ ਸ਼ਿਕਾਇਤਾਂ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 16 ਜੂਨ 2022 ਨੂੰ ਪੰਜ ਮੈਂਬਰੀ ਪੜਤਾਲ ਕਮੇਟੀ ਗਠਿਤ ਕੀਤੀ ਗਈ ਸੀ। ਮਨਵੀਰ ਸਿੰਘ ਮੰਨਾ ਨੇ ਨਾ ਸਿਰਫ਼ ਇਸ ਕਮੇਟੀ ਨੂੰ ਹੀ ਗਲਤ ਠਹਿਰਾਇਆ, ਸਗੋਂ ਕਿਸੇ ਕਿਸਮ ਦਾ ਸਹਿਯੋਗ ਵੀ ਨਹੀਂ ਕੀਤਾ। ਪੜਤਾਲ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਮਨਵੀਰ ਸਿੰਘ ਨੂੰ ਦੋਸ਼ੀ ਪਾਇਆ ਗਿਆ ਅਤੇ 6 ਦਸੰਬਰ 2022 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਯੂ. ਕੇ. ਦੀਆਂ ਸੰਗਤਾਂ ਨੂੰ ਉਸ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ ਜਾਂ ਸਹਿਯੋਗ ਨਾ ਕਰਨ ਦੇ ਸਪੱਸ਼ਟ ਹੁਕਮ ਜਾਰੀ ਕੀਤੇ ਗਏ।

ਇਸ ਮਾਮਲੇ ਵਿੱਚ ਹੁਣ ਗਿਆਨੀ ਗੜਗੱਜ ਵੱਲੋਂ ਉਸੇ ਦੋਸ਼ੀ ਮਨਵੀਰ ਸਿੰਘ ਦੇ ਹੱਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨਾਲ ਸੰਬੰਧਿਤ ਯੂ. ਕੇ. ਦੀ ਅਦਾਲਤ ਵਿੱਚ ਚੱਲ ਰਹੇ ਕੇਸ ਦੌਰਾਨ ਪੂਰਨ ਸਹਿਯੋਗ ਦੇਣ ਲਈ ਯੂ. ਕੇ. ਦੀਆਂ ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਸਥਾਵਾਂ ਨੂੰ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਨਾਲ ਹੀ ਇਹ ਕਿਹਾ ਗਿਆ ਹੈ ਕਿ 12 ਦਸੰਬਰ 2025 ਨੂੰ ਗਠਿਤ ਕਮੇਟੀ ਦੀ ਰਿਪੋਰਟ 'ਤੇ ਪੰਜ ਸਿੰਘ ਸਾਹਿਬਾਨਾਂ ਦੀ ਅਗਲੀ ਇਕੱਤਰਤਾ ਵਿੱਚ ਵਿਚਾਰ ਕਰਕੇ ਫ਼ੈਸਲਾ ਲਿਆ ਜਾਵੇਗਾ।

ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸਵਾਲ ਉਠਾਇਆ ਕਿ ਪੰਜ ਸਿੰਘ ਸਾਹਿਬਾਨਾਂ ਦੀ ਇਕੱਤਰਤਾ ਵਿੱਚ ਮਾਮਲੇ ਨੂੰ ਵਿਚਾਰੇ ਬਿਨਾਂ ਆਪਣੇ ਤੌਰ 'ਤੇ ਫ਼ੈਸਲਾ ਲੈ ਲੈਣਾ ਕੀ ਮਰਿਆਦਾ ਦਾ ਘਾਣ ਅਤੇ ਗੈਰ-ਸਿਧਾਂਤਕ ਕਦਮ ਨਹੀਂ? ਜਿਹੜਾ ਹੁਕਮ ਪੰਜ ਸਿੰਘ ਸਾਹਿਬਾਨਾਂ ਵੱਲੋਂ ਜਾਰੀ ਕੀਤਾ ਗਿਆ ਹੋਵੇ, ਕੀ ਉਸ ਅਹਿਮ ਪੰਥਕ ਫ਼ੈਸਲੇ ਨੂੰ ਕੇਵਲ ਇੱਕ ਜਥੇਦਾਰ ਬਦਲਣ ਦੀ ਹੈਸੀਅਤ ਰੱਖਦਾ ਹੈ? ਕੀ ਇਹ ਪੰਜ-ਪ੍ਰਧਾਨੀ ਸੰਸਥਾ ਦਾ ਸਿੱਧਾ ਅਪਮਾਨ ਨਹੀਂ?

ਉਨ੍ਹਾਂ ਨੇ ਅੱਗੇ ਕਿਹਾ ਕਿ ਜੇਕਰ ਮਨਵੀਰ ਸਿੰਘ ਸਬੰਧੀ ਦੁਬਾਰਾ ਕਰਵਾਈ ਗਈ ਜਾਂਚ ਵਿੱਚ ਉਸ 'ਤੇ ਲਗਾਏ ਦੋਸ਼ ਬੇਬੁਨਿਆਦ ਪਾਏ ਗਏ ਹਨ, ਤਾਂ ਕੀ ਪਹਿਲੀ ਰਿਪੋਰਟ ਗਲਤ ਸੀ? ਅਤੇ ਜੇ ਗਲਤ ਸੀ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗਲਤ ਰਿਪੋਰਟ ਸੌਂਪਣ ਵਾਲਿਆਂ ਖ਼ਿਲਾਫ਼ ਕੀ ਕਾਰਵਾਈ ਕੀਤੀ ਜਾਵੇਗੀ?

ਮਾਮਲੇ ਦੇ ਪਿਛੋਕੜ ਬਾਰੇ ਪ੍ਰੋ. ਖਿਆਲਾ ਨੇ ਦੱਸਿਆ ਕਿ ਬਰਤਾਨੀਆ ਦੀਆਂ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸਿੱਖ ਪ੍ਰਚਾਰਕਾਂ ਵੱਲੋਂ ਜੂਨ 2022 ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸ਼ਿਕਾਇਤ ਪੱਤਰ ਦੇਣ ਤੋਂ ਪਹਿਲਾਂ 29 ਮਈ 2022 ਦਿਨ ਐਤਵਾਰ ਨੂੰ ਯੂ. ਕੇ. ਦੇ ਗੁਰਦੁਆਰਾ ਬਾਬਾ ਸੰਗ ਜੀ ਵਿਖੇ ਪੰਥਕ ਇਕੱਠ ਕੀਤਾ ਗਿਆ। ਇੱਥੇ ਮਤਿਆਂ ਰਾਹੀਂ ਸਤਿਕਾਰ ਕਮੇਟੀ ਯੂ. ਕੇ. ਦੇ ਮੁਖੀ ਮਨਵੀਰ ਸਿੰਘ ਉਰਫ਼ ਮੰਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਲਈ ਦੋਸ਼ੀ ਕਰਾਰ ਦਿੱਤਾ ਗਿਆ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗੁਰਮਤਿ ਮਰਿਆਦਾ ਅਨੁਸਾਰ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ।

ਜਥੇਬੰਦੀਆਂ ਵਿੱਚ ਇੰਗਲੈਂਡ ਦੇ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ, ਪੰਥਕ ਜਥੇਬੰਦੀਆਂ ਜਿਨ੍ਹਾਂ ਵਿੱਚ ਸੁਪਰੀਮ ਸਿੱਖ ਕੌਂਸਲ, ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜ਼ੇਸ਼ਨ (FSO), ਯੂਨਾਈਟਿਡ ਖ਼ਾਲਸਾ ਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਰਜਿਸਟਰਡ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਧਰਮਯੁੱਧ ਜਥਾ ਯੂ ਕੇ, ਇੰਟਰਨੈਸ਼ਨਲ ਪੰਥਕ ਦਲ, ਸਿੱਖ ਕੌਂਸਲ ਯੂ ਕੇ, ਬ੍ਰਿਟਿਸ਼ ਸਿੱਖ ਕੌਂਸਲ ਯੂ ਕੇ, ਬ੍ਰਿਟਿਸ਼ ਸਿੱਖ ਕੌਂਸਲਿਟਟਿਵ ਫੋਰਮ ਅਤੇ ਰਾਮਗੜ੍ਹੀਆ ਕੌਂਸਲ ਯੂ ਕੇ ਦੀ ਸ਼ਮੂਲੀਅਤ ਰਹੀ। ਮੀਟਿੰਗ ਵਿਚ ਸਤਿਕਾਰ ਕਮੇਟੀ ਯੂ ਕੇ ਦੇ ਮੁਖੀ ਭਾਈ ਮਨਵੀਰ ਸਿੰਘ ਵੱਲੋਂ ਕੀਤੀਆਂ ਆਪ ਹੁਦਰੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਬੇਅਦਬੀ ਬਾਰੇ ਵੀਡੀਓ ਰਾਹੀ ਸਬੂਤਾਂ ਸਮੇਤ ਜਾਣਕਾਰੀ ਦਿੱਤੀ । ਇਹ ਕਿ ਪਿਛਲੇ ਕਾਫ਼ੀ ਸਮੇਂ ਤੋਂ ਗੁਰਦੁਆਰਾ ਬਾਬਾ ਸੰਗ ਦੇ ਪ੍ਰਬੰਧਕਾਂ ਅਤੇ ਸਤਿਕਾਰ ਕਮੇਟੀ ਯੂ ਕੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਚੱਲ ਰਹੀਆਂ ਸੇਵਾਵਾਂ ਨੂੰ ਲੈ ਕੇ ਮਾਮਲਾ ਭਖਿਆ ਹੋਇਆ ਸੀ। ਜਿਸ ਨੂੰ ਲੈ ਕੇ ਪ੍ਰਬੰਧਕਾਂ ਨੇ ਸਤਿਕਾਰ ਕਮੇਟੀ ਦੇ ਮੁਖੀ ਮਨਵੀਰ ਸਿੰਘ ਨਾਲ ਬੈਠ ਕੇ ਮਾਮਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਮਨਬੀਰ ਸਿੰਘ ਵੱਲੋਂ ਸਹਿਯੋਗ ਦੇਣ ਦੀ ਬਜਾਏ ਪ੍ਰਬੰਧਕਾਂ ਨੂੰ ਮੀਣੇ, ਮਸੰਦ, ਗੋਲਕ ਚੋਰ ਅਤੇ ਕਾਤਲ ਕਹਿਣਾ ਸ਼ੁਰੂ ਕਰ ਦਿੱਤਾ।

ਇਸ ਤੋਂ ਬਾਅਦ ਯੂ ਕੇ 'ਚ ਪੰਥਕ ਇਕੱਠ ਨੇ ਸਮੁੱਚੇ ਰੂਪ ਵਿੱਚ ਮਨਵੀਰ ਸਿੰਘ ਉਰਫ਼ ਮਨੀਪਾਲ ਸਿੰਘ ਸਤਿਕਾਰ ਕਮੇਟੀ ਯੂ. ਕੇ. ਦੇ ਮੁਖੀ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਕਾਰਨ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦਾ ਦੋਸ਼ੀ ਮੰਨਿਆ ਅਤੇ ਸਾਂਝੇ ਰੂਪ ਵਿੱਚ ਮਤੇ ਪਾਸ ਕਰਕੇ ਸਮੁੱਚੇ ਰੂਪ ਵਿੱਚ ਸਤਿਕਾਰ ਕਮੇਟੀ ਯੂ. ਕੇ. ਨੂੰ ਰੱਦ ਕਰਨ ਦਾ ਫ਼ੈਸਲਾ ਕੀਤਾ। ਅਤੇ ਮਨਵੀਰ ਸਿੰਘ ਉਰਫ਼ ਮਨੀਪਾਲ ਸਿੰਘ ਸਤਿਕਾਰ ਕਮੇਟੀ ਯੂ. ਕੇ. ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਹੇਠ ਕੀਤੀਆਂ ਜਾਂਦੀਆਂ ਸਾਰੀਆਂ ਕਾਰਵਾਈਆਂ 'ਤੇ ਤੁਰੰਤ ਰੋਕ ਲਾਈ ਗਈ। ਇਹ ਫ਼ੈਸਲਾ ਵੀ ਲਿਆ ਗਿਆ ਕਿ ਸਤਿਕਾਰ ਕਮੇਟੀ ਯੂ ਕੇ ਜਾਂ ਕਿਸੇ ਵੀ ਇਕੱਲੇ ਵਿਅਕਤੀ ਜਾਂ ਸੰਸਥਾ ਨੂੰ ਅਧਿਕਾਰ ਨਹੀਂ ਹੈ ਕਿ ਗੁਰਦੁਆਰਾ ਸਾਹਿਬ ਤੋਂ ਬਾਹਰ ਦੁਨੀਆ ਵਿੱਚ ਕਿਸੇ ਵੀ ਦੇਸ਼ ਵਿੱਚ ਸੱਚਖੰਡ ਬਣਾਵੇ। ਇਸ ਦੇ ਨਾਲ ਹੀ ਉਸ ਵਕਤ ਸਤਿਕਾਰ ਕਮੇਟੀ ਯੂ. ਕੇ. ਦੇ ਸਾਰੇ ਮੈਂਬਰਾਂ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤੁਰੰਤ ਕਾਰਵਾਈ ਕਰਨ ਦੀ ਵੀ ਮੰਗ ਕੀਤੀ ਗਈ ਸੀ।

# ਲੰਡਨ ਦੀਆਂ 117 ਕੰਪਨੀਆਂ ਨੂੰ ਗੈਰ-ਕਾਨੂੰਨੀ ਕਰਮਚਾਰੀ ਰੱਖਣ 'ਤੇ £6.7 ਮਿਲੀਅਨ ਤੋਂ ਵੱਧ ਦੇ ਜੁਰਮਾਨੇ

**ਲੰਡਨ- ਸਰਕਾਰ ਦੇ ਸਖ਼ਤ ਕਦਮ ਨੇ ਕਈ ਰੈਸਟੋਰੈਂਟ, ਹੋਟਲ, ਦੁਕਾਨਾਂ ਤੇ ਕਾਰ ਵਾਸ਼ ਨੂੰ ਨਿਸ਼ਾਨਾ ਬਣਾਇਆ। ਲੰਡਨ ਦੀਆਂ ਕੰਪਨੀਆਂ ਨੂੰ 6.7 ਮਿਲੀਅਨ ਪੌਂਡ ਦੇ ਜੁਰਮਾਨੇ ਹੋਏ।ਲੰਡਨ ਵਿਚ 117 ਵਪਾਰੀਆਂ ਨੂੰ ਇਸ ਗੱਲ ਲਈ ਦੰਡ ਦਿੱਤਾ ਗਿਆ ਕਿ ਉਹਨਾਂ ਨੇ ਲੋਕਾਂ ਨੂੰ ਨੌਕਰੀ ਤੇ ਰੱਖਿਆ ਜੋ ਬ੍ਰਿਟੇਨ ਵਿੱਚ ਕੰਮ ਕਰਨ ਦਾ ਕਾਨੂੰਨੀ ਹੱਕ ਨਹੀਂ ਰੱਖਦੇ ਸਨ। ਇਹ ਜੁਰਮਾਨਿਆਂ ਦੀ ਕੁੱਲ ਰਕਮ ਲਗਭਗ £6.7 ਮਿਲੀਅਨ ਹੈ ਅਤੇ ਇਹ ਸਭ ਦੰਡ ਸਿਰਫ ਪਿਛਲੇ ਛੇ ਮਹੀਨਿਆਂ ਵਿੱਚ ਜਾਰੀ ਕੀਤੇ ਗਏ।**

**ਹੋਮ ਆਫ਼ਿਸ ਨੇ ਜਾਂਚ ਕਈ ਸੈਕਟਰਾਂ ਚ ਵਧਾਈ**

ਘੱਟੋ ਘੱਟ 44 ਕੰਪਨੀਆਂ ਰੈਸਟੋਰੈਂਟਾਂ ਅਤੇ ਬਾਰਾਂ ਸਨ। ਛੋਟੇ ਦੁਕਾਨਾਂ, ਸੁਪਰਮਾਰਕੀਟਾਂ, ਕਾਰ ਵਾਸ਼, ਨੇਲ ਬਾਰ ਅਤੇ ਨਿਰਮਾਣ ਕੰਪਨੀਆਂ ਨੂੰ ਵੀ ਜੁਰਮਾਨੇ ਦਿੱਤੇ ਗਏ।

**◇ ਸਜ਼ਾਵਾਂ ਹੋ ਰਹੀਆਂ ਕਠੋਰ**

ਘਟੋ ਘਟ ਪਹਿਲੀ ਵਾਰ ਦੋਸ਼ ਸਾਬਤ ਹੋਣ 'ਤੇ ਹਰ ਗ਼ੈਰਕਾਨੂੰਨੀ ਕਰਮਚਾਰੀ ਲਈ £45,000 ਤੱਕ ਜੁਰਮਾਨਾ ਹੁੰਦਾ ਹੈ ਅਤੇ ਦੁਹਰਾਏ ਜਾਣ 'ਤੇ ਇਹ £60,000 ਵੀ ਹੋ ਸਕਦਾ ਹੈ। ਹੋਮ ਆਫ਼ਿਸ ਦਾ ਕਹਿਣਾ ਹੈ ਕਿ ਗ਼ੈਰਕਾਨੂੰਨੀ ਕਰਮਚਾਰੀ ਭਰਤੀ ਕਰਨ ਨਾਲ ਮਜ਼ਦੂਰਾਂ ਦੀਆਂ ਤਨਖ਼ਾਹਾਂ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਇਹ ਅਣਅਧਿਕਾਰਤ ਆਯਾਤ ਜਾਂ ਅਪਰਾਧੀ ਕੰਮ ਦੀ ਸਹੂਲਤ ਵਧਾਉਂਦਾ ਹੈ, ਇਸ ਲਈ ਇਹ ਕਾਰਵਾਈ ਜ਼ਰੂਰੀ ਹੈ।

# ਸਰਪੰਚ ਕਤਲ ਕੇਸ ਦਾ ਮੁੱਖ ਸ਼ੂਟਰ ਗੂੰਗਾ ਪੁਲਸ ਮੁਕਾਬਲੇ ਵਿੱਚ ਹਲਾਕ

## ਵਾਰਦਾਤ ਦੌਰਾਨ ਵਰਤੀ ਗਈ ਪਿਸਤੌਲ ਦੀ ਬਰਾਮਦਗੀ ਲਈ ਲਿਜਾ ਰਹੀ ਸੀ ਪੁਲਸ-ਸਾਥੀਆਂ ਵੱਲੋਂ ਛੁਡਵਾਉਣ ਦੀ ਕੋਸ਼ਿਸ਼ ਦੌਰਾਨ ਵਾਪਰੀ ਘਟਨਾ



ਅੰਮ੍ਰਿਤਸਰ-ਆਮ ਆਦਮੀ ਪਾਰਟੀ ਦੇ ਸਮਰਥੱਕ ਸਰਪੰਚ ਜਰਮਲ ਸਿੰਘ ਦੇ ਕਤਲ ਕੇਸ ਵਿੱਚ ਮੁੱਖ ਸ਼ੂਟਰ ਸੁਖਰਾਜ ਸਿੰਘ ਉਰਫ਼ ਗੂੰਗਾ ਪੁਲਸ ਮੁਕਾਬਲੇ ਵਿੱਚ ਮ੍ਰਿਤਕ ਪਾਇਆ ਗਿਆ। ਇਹ ਮੁਕਾਬਲਾ ਅੰਮ੍ਰਿਤਸਰ ਦੇ ਵੱਲਾ ਇਲਾਕੇ ਵਿੱਚ ਹੋਇਆ। ਪੁਲਸ ਮੁਲਜ਼ਮ ਨੂੰ ਇਲਾਕੇ ਵਿੱਚ ਲੁਕੋਏ ਪਿਸਤੌਲ ਦੀ ਬਰਾਮਦਗੀ ਲਈ ਲਿਜਾ ਰਹੀ ਸੀ ਕਿ ਬਾਈਕ ਸਵਾਰ ਦੋ ਮੁਲਮਜ਼ਾਂ ਨੇ ਪੁਲਸ ਟੀਮ 'ਤੇ ਗੋਲੀਆਂ ਚਲਾ ਕੇ ਹਮਲਾ ਕਰਦਿਆਂ ਆਪਣੇ ਸਾਥੀ ਸੁਖਰਾਜ ਸਿੰਘ ਨੂੰ ਛੁਡਵਾਉਣ ਦੀ ਕੋਸ਼ਿਸ਼ ਕੀਤੀ। ਦੋਵਾਂ ਪਾਸਿਉਂ ਚੱਲੀਆਂ ਗੋਲੀਆਂ ਕਾਰਨ ਕਾਂਸਟੇਬਲ ਵਰੁਣ ਅਤੇ ਗੈਂਗਸਟਰ ਸੁਖਰਾਜ ਜ਼ਖਮੀ ਹੋ ਗਏ। ਹਸਪਤਾਲ ਲਿਜਾਂਦੇ ਸਮੇਂ ਰਸਤੇ ਵਿੱਚ ਹੀ ਗੈਂਗਸਟਰ ਸੁਖਰਾਜ ਨੇ ਦਮ ਤੋੜ ਦਿੱਤਾ। ਗੋਲੀਆਂ ਚਲਾਉਣ ਵਾਲੇ ਬਾਈਕ ਸਵਾਰ ਮੌਕੇ ਤੋਂ ਫਰਾਰ ਹੋ ਗਏ। ਇਸ ਤੋਂ ਪਹਿਲਾਂ ਪੁਲਸ ਮੁਕਾਬਲੇ ਵਿੱਚ ਹਰਨੂਰ ਸਿੰਘ ਉਰਫ਼ ਨੂਰ ਮਾਰਿਆ ਗਿਆ ਸੀ। ਹਰਨੂਰ ਨੇ ਗੈਂਗਸਟਰਾਂ ਪ੍ਰਭ ਦਾਸੂਵਾਲ ਅਤੇ ਅਫਰੀ- ਦੀ ਤੂਤ ਦੇ ਇਸ਼ਾਰੇ 'ਤੇ ਸਰਪੰਚ ਦੇ ਕਤਲ ਲਈ ਰੇਕੀ ਕੀਤੀ ਸੀ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਪੁਲਸ ਨੇ ਇਕ ਮੈਰਿਜ ਪੈਲੇਸ ਵਿੱਚ ਸਰਪੰਚ ਜਰਮਲ ਸਿੰਘ ਦੇ ਕਤਲ ਦੇ ਦੋਸ਼ ਵਿੱਚ ਸੁਖਰਾਜ ਸਮੇਤ ਸੱਤ ਮੁਲਜ਼ਮਾਂ ਨੂੰ ਕਾਬੂ ਕੀਤਾ ਸੀ। ਪੁਲਸ ਸੁਖਰਾਜ ਨੂੰ ਕਤਲ ਵਿੱਚ ਵਰਤੇ ਪਿਸਤੌਲ ਬਰਾਮਦ ਕਰਨ ਲਈ ਲੈ ਕੇ ਜਾ ਰਹੀ ਸੀ ਅਤੇ ਪਿਸਤੌਲ ਬਰਾਮਦ ਵੀ ਕਰ ਲਿਆ ਸੀ। ਜਿਸ ਪਿੱਛੋਂ ਬਾਈਕ ਸਵਾਰ ਦੋ ਬਦਮਾਸ਼ਾਂ ਨੇ ਪੁਲਸ ਗੱਡੀ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਪੁਲਸ ਗੱਡੀ ਦਾ ਟਾਇਰ ਫੱਟ ਗਿਆ ਅਤੇ ਗੱਡੀ ਉਥੇ ਹੀ ਰੁੱਕ ਗਈ। ਇਸ ਦੌਰਾਨ ਬਦਮਾਸ਼ਾਂ ਨੇ ਪੁਲਸ 'ਤੇ ਗੋਲੀਬਾਰੀ ਜਾਰੀ ਰੱਖੀ ਅਤੇ ਪੁਲਸ ਨੇ ਵੀ ਜਵਾਬੀ ਕਾਰਵਾਈ ਕੀਤੀ। ਇਸ ਦੌਰਾਨ ਸੁਖਰਾਜ ਨੇ ਪੁਲਸ ਹਿਰਾਸਤ ਵਿੱਚੋਂ ਭੱਜਣ ਦੀ ਕੋਸ਼ਿਸ਼ ਕੀਤੀ ਤੇ ਪੁਲਸ ਮੁਲਾਜ਼ਮ ਦਾ ਪਿਸਤੌਲ ਖੋਹਣ ਦੀ ਵੀ ਕੋਸ਼ਿਸ਼ ਕੀਤੀ। ਹੱਥੋਪਾਈ ਵਿੱਚ ਗੋਲੀ ਚੱਲ ਗਈ ਅਤੇ ਸੁਖਰਾਜ ਸਿੰਘ ਮੌਕੇ 'ਤੇ ਹੀ ਮਾਰਿਆ ਗਿਆ।

# ਵਟਸਐਪ 'ਤੇ ਦੋਸਤੀ ਪਈ ਮਹਿੰਗੀ-1.92 ਕਰੋੜ ਰੁਪਏ ਦੀ ਹੋਈ ਸਾਈਬਰ ਠੱਗੀ

## ਜਿਸ ਔਰਤ ਨਾਲ ਪੀੜਤ ਗੱਲ ਕਰ ਰਿਹਾ ਸੀ, ਉਹ ਅਸਲ ਵਿੱਚ ਮਰਦ ਸੀ-ਮੁਲਜ਼ਮ ਕਾਬੂ

ਲਖਨਊ-ਵਟਸਐਪ 'ਤੇ ਦੋਸਤੀ ਦੀ ਆੜ ਹੇਠ 1.92 ਕਰੋੜ ਰੁਪਏ ਦੀ ਸਾਈਬਰ ਠੱਗੀ ਦੇ ਦੋਸ਼ ਵਿੱਚ ਪੁਲਸ ਨੇ ਇਕ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਦੀ ਪਛਾਣ ਇਮਰਾਨ ਗਾਜ਼ੀ (34 ਸਾਲ) ਨਿਵਾਸੀ ਗੁਡੰਬਾ ਥਾਣੇ ਅਧੀਨ ਪੈਂਦੇ ਇਲਾਕੇ ਮਿਸ਼ਰੀਪੁਰ ਡਿਪੋ ਵਜੋਂ ਹੋਈ ਹੈ। ਪੀੜਤ ਸ਼ਲਭ ਪਾਂਡੇ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਭਾਵਿਕਾ ਸ਼ੈਟੀ ਨਾਂ ਦੀ ਔਰਤ ਨੇ ਵਟਸਐਪ 'ਤੇ ਉਸ ਨਾਲ ਦੋਸਤੀ ਕੀਤੀ ਅਤੇ ਵੱਧ ਮੁਨਾਫੇ ਦਾ ਲਾਲਚ ਦੇ ਕੇ ਨਿਵੇਸ਼ ਲਈ ਪ੍ਰੇਰਿਤ ਕੀਤਾ। ਮੁਲਜ਼ਮ ਦੀਆਂ ਗੱਲਾਂ ਵਿੱਚ ਆ ਕੇ ਪੀੜਤ ਨੇ ਵੱਖ-ਵੱਖ ਬੈਂਕ ਖਾਤਿਆਂ ਵਿੱਚ ਉਕਤ ਰਾਸ਼ੀ ਟਰਾਂਸਫਰ ਕਰ ਦਿੱਤੀ। ਜਾਂਚ ਵਿੱਚ ਪਤਾ ਲੱਗਾ ਕਿ ਜਿਸ ਔਰਤ ਨਾਲ ਪੀੜਤ ਗੱਲ ਕਰ ਰਿਹਾ ਸੀ, ਉਹ ਅਸਲ ਵਿੱਚ ਇਕ ਮਰਦ ਸੀ। ਸਾਈਬਰ ਕ੍ਰਾਈਮ ਥਾਣੇ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਜਾਅਲੀ ਆਧਾਰ ਅਤੇ ਪੈਨ ਕਾਰਡ ਰਾਹੀਂ ਕਈ ਬੈਂਕ ਖਾਤੇ ਖੁੱਲ੍ਹਵਾਉਣ ਦੀ ਗੱਲ ਮੰਨੀ ਹੈ। ਉਸ ਕੋਲੋਂ ਕਈ ਜਾਅਲੀ ਦਸਤਾਵੇਜ਼ ਵੀ ਬਰਾਮਦ ਕੀਤੇ ਗਏ ਹਨ। ਪੁਲਸ ਗਿਰੋਹ ਦੇ ਬਾਕੀ ਮੈਂਬਰਾਂ ਦੀ ਭਾਲ ਕਰ ਰਹੀ ਹੈ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com


# ਭ੍ਰਿਸ਼ਟਾਚਾਰ ਦੀ ਹੱਦ : ਮ੍ਰਿਤਕ ਵਿਅਕਤੀ ਨੂੰ ਜ਼ਿੰਦਾ ਦਿਖਾ ਕੇ ਕਰਵਾਈ ਰਜਿਸਟਰੀ

***ਮ੍ਰਿਤਕ ਦੇ 17 ਮਰਲੇ ਦੇ ਪਲਾਟ ਨੂੰ ਹੜੱਪਣ ਦਾ ਮਾਮਲਾ**

***ਸਬ-ਰਜਿਸਟਰਾਰ ਦਫ਼ਤਰ ਦੀ ਮਿਲੀਭੁਗਤ ਨਾਲ ਭੂ-ਮਾਫੀਆ ਨੇ ਰਚੀ ਵੱਡੀ ਸਾਜਿਸ਼-ਡੀਸੀ ਵੱਲੋਂ ਕੇਸ ਦਰਜ ਕਰਨ ਦੇ ਹੁਕਮ**

ਜਲੰਧਰ-ਜਲੰਧਰ ਵਿਖੇ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਭ੍ਰਿਸ਼ਟਾਚਾਰ ਕਿਸ ਹੱਦ ਤੱਕ ਆਪਣੀਆਂ ਜੜ੍ਹਾਂ ਫੈਲਾ ਚੁੱਕਾ ਹੈ। ਸਰਕਾਰੀ ਸਿਸਟਮ ਨੂੰ ਟਿੱਚ ਜਾਣਦਿਆਂ ਇਥੇ ਇਕ ਮ੍ਰਿਤਕ ਵਿਅਕ- ਤੀ ਨੂੰ ਜ਼ਿੰਦਾ ਦਿਖਾ ਕੇ ਉਸ ਦੀ 17 ਮਰਲੇ ਜ਼ਮੀਨ ਦੀ ਰਜਿਸਟਰੀ ਕਰਵਾ ਕੇ ਭੂ-ਮਾਫੀਆ ਨੇ ਪਲਾਟ 'ਤੇ ਕਬਜ਼ਾ ਕਰ ਲਿਆ ਹੈ। ਜਿਸ ਦਾ ਪਤਾ ਲੱਗਣ 'ਤੇ ਡਿਪਟੀ ਕਮਿਸ਼ਨਰ ਨੇ ਰਾਮਾਮੰਡੀ ਵਾਸੀ ਮਨਦੀਪ ਕੁਮਾਰ ਖਿਲਾਫ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਹਨ। ਇਸ ਘਪਲੇ ਦਾ ਉਦੋਂ ਪਤਾ ਲੱਗਾ ਜਦੋਂ ਮ੍ਰਿਤਕ ਵਿਅਕਤੀ ਜਮੁਨਾ ਦਾਸ ਦੇ ਰਿਸ਼ਤੇਦਾਰ ਵਿਜੇ ਕੁਮਾਰ ਨੇ ਡਿਪਟੀ ਕਮਿਸ਼ਨਰ ਨੂੰ ਸ਼ਿਕਾਇਤ ਕੀਤੀ। ਸ਼ਿਕਾਇਤ ਵਿੱਚ ਦੱਸਿਆ ਗਿਆ ਕਿ ਜਮੁਨਾ ਦਾਸ ਦਾ ਨੰਗਲਸ਼ਾਮਾ ਇਲਾਕੇ ਵਿੱਚ ਸਥਿਤ 17 ਮਰਲੇ ਦਾ ਪਲਾਟ ਮਈ 2024 ਵਿੱਚ ਰਜਿਸਟਰਡ ਕਰ ਦਿੱਤਾ ਗਿਆ, ਜਦਕਿ ਜਮੁਨਾ ਦਾਸ ਦੀ ਸਾਲ 2023 ਵਿੱਚ ਮੌਤ ਹੋ ਗਈ ਸੀ। ਯਾਨੀ ਇਕ ਅਜਿਹਾ ਵਿਅਕਤੀ ਜੋ ਮਰ ਚੁੱਕਾ ਸੀ, ਉਸ ਨੂੰ ਕਾਗਜ਼ਾਂ ਵਿੱਚ ਜ਼ਿੰਦਾ ਦਿਖਾ ਕੇ ਉਸ ਦੀ ਜਾਇਦਾਦ ਕਿਸੇ ਹੋਰ ਦੇ ਨਾਂ ਚੜ੍ਹਾ ਦਿੱਤੀ। ਜਾਂਚ ਦੌਰਾਨ ਪਤਾ ਲੱਗਾ ਕਿ ਮਈ 2024 ਵਿੱਚ ਕਰਵਾਈ ਰਜਿਸਟਰੀ ਵਿੱਚ ਜਮੁਨਾ ਦਾਸ ਦੀ ਥਾਂ ਇਕ ਫਰਜ਼ੀ ਵਿਅਕਤੀ ਖੜ੍ਹਾ ਕੀਤਾ ਗਿਆ ਅਤੇ ਉਸ ਦੇ ਸਾਰੇ ਲੋੜੀਂਦੇ ਦਸਤਾਵੇਜ਼ ਨਕਲੀ ਬਣਾਏ ਗਏ ਸਨ। ਰਜਿਸਟਰੀ ਦੌਰਾਨ ਖਰੀਦਦਾਰ, ਗਵਾਹ ਅਤੇ ਨੰਬਰਦਾਰ ਵੀ ਪੂਰੀ ਤਰ੍ਹਾਂ ਇਸ ਸਾਜਿਸ਼ ਵਿੱਚ ਸ਼ਾਮਿਲ ਸੀ। ਮਨਦੀਪ ਕੁਮਾਰ ਨੂੰ ਤਲਬ ਕਰਨ 'ਤੇ ਉਸ ਨੇ ਬਿਆਨ ਦਿੱਤਾ ਕਿ ਜਮੁਨਾ ਦਾਸ ਤੋਂ ਪਲਾਟ ਖਰੀਦਣ ਦੇ ਬਦਲੇ ਬੀ.ਐੱਮ.ਡਬਲਿਯੂ. ਕਾਰ ਅਤੇ 6.10 ਲੱਖ ਰੁਪਏ ਨਕਦ ਦਿੱਤੇ ਸਨ। ਉਸ ਨੇ ਕਥਿਤ ਬਿਆਨੇ ਦੇ ਕਾਗਜ਼ ਵੀ ਪੇਸ਼ ਕੀਤੇ। ਦਸਤਾਵੇਜ਼ਾਂ ਦੀ ਜਾਂਚ ਦੌਰਾਨ ਸਾਰਾ ਲੈਣ-ਦੇਣ ਅਤੇ ਦਸਤਾਵੇਜ਼ ਜਾਅਲੀ ਨਿਕਲੇ। ਨਾ ਕਾਰ ਦੇ ਟਰਾਂਸਫਰ ਦਾ ਕੋਈ ਰਿਕਾਰਡ ਅਤੇ ਨਾ ਹੀ ਨਕਦ ਲੈਣ-ਦੇਣ ਦਾ ਕੋਈ ਸਬੂਤ ਮਿਲਿਆ। ਇਹ ਵੀ ਪਤਾ ਲੱਗਾ ਹੈ ਕਿ ਮਨਦੀਪ ਕੁਮਾਰ ਨੇ 17 ਵਿੱਚੋਂ 7 ਮਰਲਿਆਂ ਦਾ ਪਲਾਟ ਕਿਸੇ ਹੋਰ ਵਿਅਕਤੀ ਨੂੰ ਅੱਗੇ ਵੇਚ ਦਿੱਤਾ ਹੈ।

# ਅਨੰਦਿਤਾ ਮਿੱਤਰਾ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨਿਯੁਕਤ

ਚੰਡੀਗੜ੍ਹ-ਅਨੰਦਿਤਾ ਮਿੱਤਰਾ ਨੂੰ ਪੰਜਾਬ ਦੇ ਨਵੇਂ ਮੁੱਖ ਚੋਣ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਕੀਤੀ ਜਾਂਦੀ ਹੈ। ਸ਼੍ਰੀਮਤੀ ਅਨੰਦਿਤਾ ਮਿੱਤਰਾ 2007 ਬੈਚ ਦੇ ਆਈ.ਏ.ਐੱਸ. ਅਧਿਕਾਰੀ ਹਨ। ਉਹ ਸਿਬਿਨ ਸੀ ਦਾ ਸਥਾਨ ਗ੍ਰਹਿਣ ਕਰਨਗੇ, ਜੋ ਹੁਣ ਭਾਰਤ ਸਰਕਾਰ ਵਿੱਚ ਡੈਪੂਟੇਸ਼ਨ 'ਤੇ ਜਾ ਰਹੇ ਹਨ। ਚੋਣ ਕਮਿਸ਼ਨ ਵੱਲੋਂ ਇਹ ਨਿਯੁਕਤੀ ਉਨ੍ਹਾਂ ਦੇ ਪ੍ਰਸ਼ਾਸਕੀ ਤਜਰਬੇ ਨੂੰ ਵਧਾਉਣ ਅਤੇ ਚੋਣ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਲਈ ਕੀਤੀ ਹੈ। ਜ਼ਿਕਰਯੋਗ ਹੈ ਕਿ ਅਨੰਦਿਤਾ ਮਿੱਤਰਾ ਇਸ ਸਮੇਂ ਸਿੱਖਿਆ ਵਿਭਾਗ ਵਿੱਚ ਸਕੱਤਰ ਦਾ ਅਹੁਦਾ ਸੰਭਾਲ ਰਹੇ ਸਨ। ਇਸ ਤੋਂ ਪਹਿਲਾਂ ਉਹ ਨਗਰ ਨਿਗਮ ਚੰਡੀਗੜ੍ਹ ਦੇ ਕਮਿਸ਼ਨਰ ਵਜੋਂ ਵੀ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ।

# ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਪੰਜਾਬ ਵਿੱਚ ਵੱਧਦੇ ਨਸ਼ਿਆਂ 'ਤੇ ਪ੍ਰਗਟਾਈ ਚਿੰਤਾ

*** ਨਸ਼ੇ ਤੋਂ ਛੁਟਕਾਰੇ ਲਈ ਯੂਨੀਵਰਸਿਟੀ ਨਿਭਾਅ ਸਕਦੀ ਹੈ ਅਹਿਮ ਭੂਮਿਕਾ * ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਕਨਵੋਕੇਸ਼ਨ ਵਿੱਚ ਕੀਤੀ ਸ਼ਮੂਲੀਅਤ * ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸਾਂਝੀ ਵਿਰਾਸਤ ਤੇ ਮਾਰਗਦਰਸ਼ਕ ਦੱਸਿਆ**



**ਅੰਮ੍ਰਿਤਸਰ-ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਪੰਜਾਬ ਵਿੱਚ ਵੱਧਦੇ ਨਸ਼ੇ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਨਸ਼ਾ ਗੰਭੀਰ ਸਮੱਸਿਆ ਬਣ ਗਿਆ ਹੈ, ਜਿਸ ਨਾਲ ਸਮਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸ ਦਾ ਸਥਾਈ ਹੱਲ ਕੱਢਣਾ ਬਹੁਤ ਹੀ ਜ਼ਰੂਰੀ ਹੈ ਅਤੇ ਇਸ ਕੰਮ ਵਿੱਚ ਸਥਾਨਕ ਯੂਨੀਵਰਸਿਟੀਆਂ ਕਾਫੀ ਵਧੀਆ ਰੋਲ ਨਿਭਾਅ ਸਕਦੀਆਂ ਹਨ।**

ਰਾਸ਼ਟਰਪਤੀ ਇਥੇ ਸਥਾਨਕ ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀਐਨਡੀਯੂ) ਦੇ 50ਵੇਂ ਕਨਵੋਕੇਸ਼ਨ (ਡਿਗਰੀ ਵੰਡ) ਮੌਕੇ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਇਥੇ 434 ਵਿੱਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਪੰਜਾਬ ਵਿੱਚ ਵੱਧਦੇ ਨਸ਼ਿਆਂ 'ਤੇ ਚਿੰਤਾ ਪ੍ਰਗਟਾਉਂਦੇ ਕਿਹਾ ਕਿ ਨਸ਼ੇ ਕਾਰਨ ਸਿਹਤ, ਸਮਾਜਿਕ, ਆਰਥਿਕ ਤੇ ਇਖ਼ਲਾਕੀ ਤਾਣਾ-ਬਾਣਾ ਵਿਗੜ ਰਿਹਾ ਹੈ। ਨੌਜਵਾਨ ਸਭ ਤੋਂ ਵੱਧ ਪ੍ਰਭਾਵਿਤ ਹਨ। ਇਸ ਸਮੱਸਿਆ ਦੇ ਛੁਟਕਾਰੇ ਲਈ ਯੂਨੀਵਰਸਿਟੀਆਂ ਨੂੰ ਆਪਣੇ ਪੱਧਰ 'ਤੇ ਕੰਮ ਕਰਨਾ ਚਾਹੀਦਾ ਹੈ। ਰਾਸ਼ਟਰਪਤੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿੱਖਿਆ ਸਿਰਫ਼ ਰੁਜ਼ਗਾਰ ਲਈ ਨਹੀਂ ਸਗੋਂ ਸਮਾਜ ਤੇ ਰਾਸ਼ਟਰ ਦੀ ਤਰੱਕੀ ਲਈ ਇਕ ਸ਼ਕਤੀਸ਼ਾਲੀ ਸਾਧਨ ਹੈ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਨੂੰ ਉਸ ਯੂਨੀਵਰਸਿਟੀ ਵਿੱਚ ਆਉਣਾ ਦਾ ਮੌਕਾ ਮਿਲਿਆ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਸਥਾਪਤ ਹੈ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸਾਂਝੀ ਵਿਰਾਸਤ ਤੇ ਮਾਰਗਦਰਸ਼ਕ ਦੱਸਿਆ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਸਾਰੇ ਖੇਤਰਾਂ ਵਿੱਚ ਔਰਤਾਂ ਲਈ ਬਰਾਬਰੀ ਦਾ ਸੰਦੇਸ਼ ਦਿੱਤਾ ਹੈ। ਜ਼ਿਕਰਯੋਗ ਹੈ ਕਿ ਡਿਗਰੀ ਪ੍ਰਾਪਤ ਕਰਨ ਵਾਲੇ ਵਿੱਦਿਆਰਥੀਆਂ ਵਿੱਚ 91 ਫੀਸਦੀ ਲੜਕੀਆਂ ਸਨ।

## ਕਬੱਡੀ ਪ੍ਰਮੋਟਰ ਬਲਾਚੌਰੀਆ ਹੱਤਿਆ ਕਾਂਡ ਦਾ ਮੁਲਜ਼ਮ ਮੁਕਾਬਲੇ ਵਿੱਚ ਹਲਾਕ

### ਛਾਤੀ ਵਿੱਚ ਦਰਦ ਦੀ ਸ਼ਿਕਾਇਤ ਪਿੱਛੋਂ ਹਸਪਤਾਲ ਲਿਜਾ ਰਹੀ ਸੀ ਪੁਲਸ-ਹਥਕੜੀ ਛੁਡਾ ਕੇ ਹੋ ਗਿਆ ਫਰਾਰ


ਰਾਣਾ ਬਲਾਚੌਰੀਆ

ਮੁਹਾਲੀ-ਪਿੰਡ ਰੁੜਕੀ ਖਾਮ ਨੇੜੇ ਪੁਲਸ ਮੁਕਾਬਲੇ ਵਿੱਚ ਕਰਣ ਪਾਠਕ ਉਰਫ ਡਿਫਾਲਟਰ ਮਾਰਿਆ ਗਿਆ, ਜੋ ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਹੱਤਿਆ ਕਾਂਡ ਵਿੱਚ ਸ਼ਾਮਿਲ ਸੀ। ਮੁਲਜ਼ਮ ਨੇ ਪਹਿਲਾਂ ਪੁਲਸ ਟੀਮ 'ਤੇ 30 ਬੋਰ ਦੀ ਪਿਸਤੌਲ ਨਾਲ ਫਾਇਰਿੰਗ ਕੀਤੀ ਅਤੇ ਜਵਾਬੀ ਫਾਇਰਿੰਗ ਵਿੱਚ ਮੁਲਜ਼ਮ ਜ਼ਖਮੀ ਹੋ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਹਾਲ ਹੀ ਵਿੱਚ ਪੁਲਸ ਨੇ ਕਰਣ ਨੂੰ ਸੋਹਾਣਾ ਵਿੱਚ ਬਲਾਚੌਰੀਆ ਦੀ ਹੱਤਿਆ ਦੇ ਮਾਮਲੇ ਵਿੱਚ ਬੰਗਾਲ ਤੋਂ ਗ੍ਰਿਫਤਾਰ ਕੀਤਾ ਸੀ। ਐਸਐਸਪੀ ਨੇ ਦੱਸਿਆ ਕਿ ਬਲਾਚੌਰੀਆ ਦੀ ਹੱਤਿਆ ਦੇ ਮਾਮਲੇ ਵਿੱਚ ਗ੍ਰਿਫਤਾਰ ਤਿੰਨਾਂ ਮੁਲਜ਼ਮਾਂ ਨੂੰ ਸੁਰੱਖਿਆ ਦੇ ਤੌਰ 'ਤੇ ਸੀਆਈਏ ਵਿੱਚ ਰੱਖਿਆ ਗਿਆ ਸੀ। ਕਰਣ ਨੇ ਛਾਤੀ ਵਿੱਚ ਦਰਦ ਹੋਣ ਦੀ ਸ਼ਿਕਾਇਤ ਕੀਤੀ ਅਤੇ ਤਿੰਨ ਪੁਲਸ ਮੁਲਾਜ਼ਮ ਉਸ ਨੂੰ ਗੱਡੀ ਵਿੱਚ ਹਸਪਤਾਲ ਲਿਜਾਣ ਲਈ ਨਿਕਲੇ ਸਨ ਅਤੇ ਰਸਤੇ ਵਿੱਚ ਉਸ ਨੇ ਪੁਲਸ ਮੁਲਾਜ਼ਮਾਂ ਨਾਲ ਹੱਥੋਪਾਈ ਸ਼ੁਰੂ ਕਰ ਦਿੱਤੀ, ਜਿਸ ਕਾਰਨ ਪੁਲਸ ਦੀ ਗੱਡੀ ਬੇਕਾਬੂ ਹੋ ਕੇ ਡਿਵਾਈਡਰ 'ਤੇ ਚੜ੍ਹ ਗਈ। ਇਸੇ ਦੌਰਾਨ ਕਰਣ ਪੁਲਸ ਮੁਲਾਜ਼ਮਾਂ ਨਾਲ ਮਾਰਕੁੱਟ ਕਰਦੇ ਹੋਏ ਹੱਥਕੜੀ ਛੁਡਾ ਕੇ ਫਰਾਰ ਹੋ ਗਿਆ ਸੀ। ਜ਼ਿਕਰਯੋਗ ਹੈ ਕਿ ਪੁਲਸ ਨੇ ਸੂਚਨਾ ਦੇ ਆਧਾਰ 'ਤੇ ਕਰਣ ਨੂੰ ਪਿੰਡ ਰੁੜਕੀ ਦੇ ਨੇੜੇ ਘੇਰਿਆ ਤਾਂ ਮੁਲਜ਼ਮ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਦੌਰਾਨ ਇਕ ਪੁਲਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਿਆ। ਮੁਲਜ਼ਮ ਕੋਲੋਂ 30 ਬੋਰ ਦੀ ਪਿਸਤੌਲ ਬਰਾਮਦ ਹੋਈ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੜਗੱਜ ਨੇ ਮਨਵੀਰ ਸਿੰਘ ਯੂ ਕੇ 'ਤੇ ਲਗਾਈ ਰੋਕ ਹਟਾਈ


ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਹੁਕਮ 'ਤੇ ਮਨਵੀਰ ਸਿੰਘ ਮੁੱਖ ਸੇਵਾਦਾਰ ਸਤਿਕਾਰ ਕਮੇਟੀ ਯੂ.ਕੇ. 'ਤੇ ਲੱਗੀ ਰੋਕ ਨੂੰ ਹਟਾ ਦਿੱਤਾ ਗਿਆ ਹੈ। ਇਸ ਦੀ ਸੂਚਨਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਨੇ ਇਕ ਪੱਤਰ ਰਾਹੀਂ ਦਿੱਤੀ। ਪੱਤਰ ਵਿੱਚ ਲਿਖਿਆ ਹੈ ਮਨਵੀਰ ਸਿੰਘ ਦੇ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਚ ਸ਼ਿਕਾਇਤਾਂ ਪੁੱਜੀਆਂ ਸਨ ਕਿ ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੇ ਨਾਂ 'ਤੇ ਕਈ ਮਰਿਆਦਾ ਵਿਰੁੱਧ ਕੰਮ ਕੀਤੇ ਹਨ, ਜਿਸ ਦੀ ਪੜਤਾਲ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ, ਜਿਸ ਦੀ ਰਿਪੋਰਟ ਦੇ ਆਧਾਰ 'ਤੇ ਮਨਵੀਰ ਸਿੰਘ ਦੋਸ਼ੀ ਪਾਇਆ ਗਿਆ ਸੀ ਅਤੇ ਉਸ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 6 ਦਸੰਬਰ 2022 ਨੂੰ ਪੰਜ ਸਿੰਘ ਸਾਹਿਬਾਨ ਨੇ ਕਾਰਵਾਈ ਕੀਤੀ ਸੀ। ਮਨਵੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਈ ਵਾਰ ਮੁਆਫੀਨਾਮਾ ਭੇਜ ਕੇ ਬੇਨਤੀ ਕੀਤੀ ਸੀ ਕਿ ਜਾਂਚ-ਪੜਤਾਲ ਕਰਨ ਵਾਲੇ ਸਿੰਘਾਂ ਨੇ ਇਕਤਰਫਾ ਫੈਸਲਾ ਕਰਦਿਆਂ ਉਸ ਨੂੰ ਦੋਸ਼ੀ ਠਹਿਰਾਇਆ ਅਤੇ ਪੱਖ ਨਹੀਂ ਸੁਣਿਆ। ਇਸ ਸਬੰਧੀ ਜਥੇਦਾਰ ਗੜਗੱਜ ਨੇ 12 ਦਸੰਬਰ 2025 ਨੂੰ ਮਾਮਲੇ ਦੀ ਨਵੇਂ ਸਿਰੇ ਨਿਰਪੱਖ ਜਾਂਚ ਲਈ ਪੰਜ ਮੈਂਬਰੀ ਕਮੇਟੀ ਨੂੰ ਜ਼ਿੰਮੇਵਾਰੀ ਸੌਂਪੀ ਸੀ। ਰਿਪੋਰਟ ਅਨੁਸਾਰ ਮਨਵੀਰ ਸਿੰਘ 'ਤੇ ਲੱਗੇ ਦੋਸ਼ ਬੇਬੁਨਿਆਦ ਹਨ, ਪਰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 6 ਦਸੰਬਰ 2022 ਵਿੱਚ ਜਾਰੀ ਹੋਏ ਆਦੇਸ਼ ਤਹਿਤ ਹੋਈ ਕਾਰਵਾਈ ਦਾ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਅਗਲੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ। ਪੱਤਰ ਵਿੱਚ ਇਹ ਵੀ ਲਿਖਿਆ ਹੈ ਕਿ ਜਥੇਦਾਰ ਵੱਲੋਂ ਆਦੇਸ਼ ਕੀਤਾ ਗਿਆ ਹੈ ਕਿ ਮਨਵੀਰ ਸਿੰਘ ਵੱਲੋਂ ਯੂ.ਕੇ. ਦੀ ਅਦਾਲਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਨੂੰ ਲੈ ਕੇ ਚੱਲਦੇ ਮੁਕੱਦਮੇ ਵਿੱਚ ਸਹਿਯੋਗ ਕੀਤਾ ਜਾਵੇ।

## ਫੁੱਟਬਾਲ ਮੈਚ ਦੌਰਾਨ 14 ਸਾਲਾ ਖਿਡਾਰੀ ਦੀ ਅਚਾਨਕ ਮੌਤ

### ਦਿਲ ਦਾ ਦੌਰਾ ਪੈਣ ਦਾ ਸ਼ੱਕ-ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ ਮ੍ਰਿਤਕ

ਅਬੋਹਰ-ਪਿੰਡ ਧਰਾਂਗਵਾਲਾ ਵਿੱਚ ਹੋ ਰਹੇ ਫੁੱਟਬਾਲ ਮੈਚ ਦੌਰਾਨ 14 ਸਾਲਾ ਖਿਡਾਰੀ ਜਸਮੀਤ ਸਿੰਘ ਦੀ ਅਚਾਨਕ ਮੌਤ ਹੋ ਗਈ। ਪਿੰਡ ਪਰਾਂਗਵਾਲਾ ਦੇ ਵਸਨੀਕ ਪਿੰਦਰ ਸਿੰਘ ਨੇ ਦੱਸਿਆ ਕਿ ਮਹਾਰਿਸ਼ੀ ਵਾਲਮੀਕਿ ਸਪੋਰਟਸ ਕਲੱਬ ਵੱਲੋਂ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ ਸੀ, ਜਿਸ ਵਿੱਚ ਵੱਖ-ਵੱਖ ਪਿੰਡਾਂ ਦੀਆਂ ਟੀਮਾਂ ਨੇ ਹਿੱਸਾ ਲਿਆ। ਪਹਿਲੇ ਮੈਚ ਦੌਰਾਨ ਜਦੋਂ ਸਾਰੇ ਖਿਡਾਰੀ ਮੈਦਾਨ ਵਿੱਚ ਫੁੱਟਬਾਲ ਮੈਚ ਖੇਡ ਰਹੇ ਸਨ ਤਾਂ ਮਲੋਟ ਦੇ ਆਲਮਵਾਲਾ ਪਿੰਡ ਦੇ ਵਸਨੀਕ ਪਰਸ਼ੋਤਮ ਦਾ ਪੁੱਤਰ ਜਸਮੀਤ ਸਿੰਘ ਜੱਸੂ ਫੁੱਟਬਾਲ ਨੂੰ ਸ਼ਾਟ ਲਗਾਉਂਦੇ ਹੋਏ ਅਚਾਨਕ ਜ਼ਮੀਨ 'ਤੇ ਡਿੱਗ ਪਿਆ। ਮੌਕੇ 'ਤੇ ਮੌਜੂਦ ਖਿਡਾਰੀਆਂ ਤੇ ਪ੍ਰਬੰਧਕਾਂ ਨੇ ਉਸ ਨੂੰ ਤੁਰੰਤ ਹਸਪਤਾਲ ਪਹੁੰਚਾਇਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਜੱਸੂ ਤਿੰਨਾਂ ਭੈਣਾਂ ਦਾ ਇਕਲੌਤਾ ਛੋਟਾ ਭਰਾ ਸੀ। ਡਾਕਟਰਾਂ ਦਾ ਮੰਨਣਾ ਹੈ ਕਿ ਬੱਚੇ ਦੀ ਮੌਤ ਦਿਲ ਦਾ ਦੌਰਾ ਪੈਣ ਨਾਲ ਹੋਈ ਹੈ।

## ਪੰਜਾਬ ਵਿੱਚ ਵੱਧਣ ਲੱਗੇ ਬਾਲ ਵਿਆਹ

### ਤਿੰਨ ਸਾਲਾਂ ਦੌਰਾਨ 165 ਕੇਸ ਆਏ ਸਾਹਮਣੇ-ਟੱਪਰੀਵਾਸ ਤੇ ਨਿਮਨ ਵਰਗ ਵਿੱਚ ਬਾਲ ਵਿਆਹਾਂ ਪ੍ਰਤੀ ਵਧੇਰੇ ਦਿਲਚਸਪੀ

ਚੰਡੀਗੜ੍ਹ-ਪੰਜਾਬ ਵਿੱਚ ਸਖ਼ਤੀ ਦੇ ਬਾਵਜੂਦ ਬਾਲ ਵਿਆਹ ਦਾ ਰੁਝਾਨ ਵੱਧਦਾ ਜਾ ਰਿਹਾ ਹੈ। ਹਾਲਾਂਕਿ ਇਸ ਨੂੰ ਰੋਕਣ ਲਈ ਸਰਕਾਰ ਉਚੇਚੇ ਪ੍ਰਬੰਧ ਕਰਨ ਅਤੇ ਅਧਿਕਾਰੀ ਨਿਯੁਕਤ ਵੀ ਕਰਦੀ ਰਹੀ ਹੈ, ਫਿਰ ਵੀ ਇਹ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਸਮਾਜਿਕ ਸੁਰੱਖਿਆ ਵਿਭਾਗ ਦੇ ਅੰਕੜਿਆਂ ਅਨੁਸਾਰ ਪਿਛਲੇ ਤਿੰਨ ਸਾਲਾਂ ਵਿੱਚ ਲਗਪਗ 165 ਬਾਲ ਵਿਆਹ ਰੋਕੇ ਗਏ ਅਤੇ ਸੰਬੰਧਿਤ ਧਿਰਾਂ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਗਈ। ਇਹ ਉਹ ਅੰਕੜੇ ਹਨ ਜਿਨ੍ਹਾਂ ਦਾ ਪਤਾ ਲੱਗਣ 'ਤੇ ਵਿਭਾਗ ਜਾਂ ਪੁਲਸ ਕਾਨੂੰਨੀ ਕਾਰਵਾਈ ਕਰਦੀ ਹੈ, ਪਰ ਬਹੁਤ ਸਾਰੇ ਬਾਲ ਵਿਆਹਾਂ ਦਾ ਸਰਕਾਰ ਨੂੰ ਪਤਾ ਹੀ ਨਹੀਂ ਲੱਗਦਾ। ਇਹ ਵੀ ਦੇਖਿਆ ਗਿਆ ਹੈ ਕਿ ਗਰੀਬ, ਟੱਪਰੀਵਾਸ ਜਾਂ ਨਿਮਨ ਵਰਗ ਵਿੱਚ ਬਾਲ ਵਿਆਹ ਦਾ ਰੁਝਾਨ ਵੱਧ ਦੇਖਣ ਨੂੰ ਮਿਲਦਾ ਹੈ। ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ: ਬਲਜੀਤ ਕੌਰ ਅਨੁਸਾਰ ਪੰਜਾਬ ਸਰਕਾਰ ਬੱਚਿਆਂ ਦੀ ਸੁਰੱਖਿਆ ਅਤੇ ਹਿੱਤਾਂ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ। ਸਰਕਾਰ ਦੇ ਦਖ਼ਲ ਨਾਲ ਇਸ ਸਾਲ ਵਿਆਹਾਂ ਦੇ 64 ਕੇਸਾਂ ਨੂੰ ਰੋਕਿਆ ਗਿਆ ਹੈ।

# ਆਨਲਾਈਨ ਠੱਗੀ ਤੋਂ ਬਚਾਉਣ ਦੇ ਨਾਂ ’ਤੇ ਨਵੀਂ ਸਾਈਬਰ ਠੱਗੀ

**✪ ਲਿੰਕ ਖੋਲ੍ਹਦੇ ਹੀ ਉੱਡ ਰਹੇ ਲੱਖਾਂ ਰੁਪਏ ✪ ਰਿਫੰਡ ਤੇ ਮਦਦ ਦੇ ਲਾਲਚ ’ਚ ਫਸ ਰਹੇ ਲੋਕ, ਛੋਟੀ ਠੱਗੀ ਤੋਂ ਬਾਅਦ ਭੇਜੇ ਜਾ ਰਹੇ ਫਰਜ਼ੀ ਮਦਦ ਵਾਲੇ ਮੈਸੇਜ**



ਜਲੰਧਰ-ਸਾਈਬਰ ਠੱਗ ਲੋਕਾਂ ਨੂੰ ਠੱਗਣ ਲਈ ਲਗਾਤਾਰ ਆਪਣੇ ਤਰੀਕਿਆਂ ’ਚ ਬਦਲਾਅ ਕਰ ਰਹੇ ਹਨ। ਹੁਣ ਉਨ੍ਹਾਂ ਆਨਲਾਈਨ ਠੱਗੀ ਤੋਂ ਬਚਾਉਣ ਤੇ ਪੈਸੇ ਵਾਪਸ ਦਿਵਾਉਣ ਦੇ ਨਾਂ ’ਤੇ ਲੋਕਾਂ ਨੂੰ ਠੱਗਣ ਦਾ ਨਵਾਂ ਜਾਲ ਵਿਛਾ ਦਿੱਤਾ ਹੈ। ਠੱਗ ਅਜਿਹੇ ਮੈਸੇਜ ਭੇਜ ਰਹੇ ਹਨ, ਜਿਨ੍ਹਾਂ ’ਚ ਦਾਅਵਾ ਕੀਤਾ ਜਾਂਦਾ ਹੈ ਕਿ ਜੇ ਤੁਹਾਡੇ ਨਾਲ ਪਹਿਲਾਂ ਕੋਈ ਆਨਲਾਈਨ ਧੋਖਾਧੜੀ ਹੋਈ ਹੈ ਤਾਂ ਦਿੱਤੇ ਗਏ ਲਿੰਕ ’ਤੇ ਕਲਿੱਕ ਕਰ ਕੇ ਸ਼ਿਕਾਇਤ ਦਰਜ ਕਰੋ ਜਾਂ ਰਿਫੰਡ ਲਓ। ਜਿਵੇਂ ਹੀ ਪੀੜਤ ਇਹ ਲਿੰਕ ਖੋਲ੍ਹਦਾ ਹੈ, ਉਸ ਦੇ ਬੈਂਕ ਖਾਤੇ ਤੋਂ ਹਜ਼ਾਰਾਂ ਨਹੀਂ ਸਗੋਂ ਲੱਖਾਂ ਰੁਪਏ ਕੁਝ ਮਿੰਟਾਂ ’ਚ ਹੀ ਸਾਫ ਹੋ ਜਾਂਦੇ ਹਨ। ਰਾਜ ਨਗਰ ਇਲਾਕੇ ਦੇ ਦੁਕਾਨਦਾਰ ਮਹੇਸ਼ ਨਾਲ ਵੀ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ। ਪੀੜਤ ਮੁਤਾਬਕ ਕੁਝ ਦਿਨ ਪਹਿਲਾਂ ਆਨਲਾਈਨ ਵਪਾਰ ਦੌਰਾਨ ਉਸ ਨਾਲ ਕਰੀਬ 9 ਹਜ਼ਾਰ ਰੁਪਏ ਦੀ ਠੱਗੀ ਹੋ ਗਈ ਸੀ, ਜਿਸ ਕਾਰਨ ਉਹ ਪਹਿਲਾਂ ਹੀ ਪਰੇਸ਼ਾਨ ਸੀ।

ਇਸ ਦਰਮਿਆਨ ਉਸ ਦੇ ਮੋਬਾਈਲ ’ਤੇ ਇਕ ਮੈਸੇਜ ਆਇਆ, ਜਿਸ ’ਚ ਲਿਖਿਆ ਸੀ ਕਿ ਜੇ ਉਸ ਨਾਲ ਆਨਲਾਈਨ ਠੱਗੀ ਹੋਈ ਹੈ ਤਾਂ ਦਿੱਤੇ ਗਏ ਲਿੰਕ ’ਤੇ ਕਲਿੱਕ ਕਰ ਕੇ ਸ਼ਿਕਾਇਤ ਦਰਜ ਕਰਾਏ। ਪੈਸੇ ਵਾਪਸ ਮਿਲਣ ਦੀ ਉਮੀਦ ਤੇ ਠੱਗੀ ਦੇ ਡਰ ਕਾਰਨ ਜਿਵੇਂ ਹੀ ਉਸ ਨੇ ਲਿੰਕ ਖੋਲ੍ਹਿਆ, ਉਸ ਦੇ ਬੈਂਕ ਖਾਤੇ ਤੋਂ ਕਰੀਬ ਦੋ ਲੱਖ ਰੁਪਏ ਨਿਕਲ ਗਏ। ਜਦ ਤੱਕ ਉਸ ਨੂੰ ਕੁਝ ਸਮਝ ਆਉਂਦਾ, ਤਦ ਤੱਕ ਖਾਤੇ ’ਚ ਜਮ੍ਹਾਂ ਉਸ ਦੀ ਮਿਹਨਤ ਦੀ ਕਮਾਈ ਉੱਡ ਚੁੱਕੀ ਸੀ।

### ਛੋਟੀ ਠੱਗੀ ਤੋਂ ਬਾਅਦ ਵੱਡਾ ਜਾਲ

ਸਾਈਬਰ ਪੁਲਿਸ ਤੇ ਮਾਹਿਰਾਂ ਮੁਤਾਬਕ ਇਹ ਨਵਾਂ ਤਰੀਕਾ ਬਹੁਤ ਹੀ ਖ਼ਤਰਨਾਕ ਹੈ, ਕਿਉਂਕਿ ਇਸ ’ਚ ਅਪਰਾਧੀ ਪਹਿਲਾਂ ਤੋਂ ਹੀ ਪੀੜਤ ਵਿਅਕਤੀ ਨੂੰ ਨਿਸ਼ਾਨਾ ਬਣਾਉਂਦੇ ਹਨ। ਪਹਿਲਾਂ ਕਿਸੇ ਨਾ ਕਿਸੇ ਬਹਾਨੇ ਨਾਲ ਛੋਟੀ ਰਕਮ ਦੀ ਠੱਗੀ ਕੀਤੀ ਜਾਂਦੀ ਹੈ ਜਾਂ ਆਨਲਾਈਨ ਲੈਣ-ਦੇਣ ਦੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਪੀੜਤ ਨੂੰ ਰਿਫੰਡ, ਮਦਦ ਜਾਂ ਸ਼ਿਕਾਇਤ ਦੇ ਨਾਂ ’ਤੇ ਫਰਜ਼ੀ ਮੈਸੇਜ ਭੇਜਿਆ ਜਾਂਦਾ ਹੈ। ਜਿਵੇਂ ਹੀ ਵਿਅਕਤੀ ਲਿੰਕ ’ਤੇ ਕਲਿੱਕ ਕਰਦਾ ਹੈ, ਉਸ ਦੇ ਮੋਬਾਈਲ ’ਚ ਮੈਲਵੇਅਰ ਇੰਸਟਾਲ ਹੋ ਜਾਂਦਾ ਹੈ ਜਾਂ ਉਹ ਕਿਸੇ ਫਰਜ਼ੀ ਵੈੱਬਸਾਈਟ ’ਤੇ ਆਪਣੀਆਂ ਬੈਂਕ, ਯੂਪੀਆਈ ਜਾਂ ਕਾਰਡ ਡੀਟੇਲ ਭਰ ਦਿੰਦਾ ਹੈ। ਇਸ ਤੋਂ ਬਾਅਦ ਅਪਰਾਧੀਆਂ ਲਈ ਖਾਤੇ ਤੋਂ ਪੈਸਾ ਕੱਢਣਾ ਆਸਾਨ ਹੋ ਜਾਂਦਾ ਹੈ।

### ਕਈ ਲੋਕ ਬਣ ਚੁੱਕੇ ਹਨ ਠੱਗਾਂ ਦਾ ਸ਼ਿਕਾਰ, ਨੌਕਰੀ ਤੇ ਰਿਫੰਡ ਦਾ ਝਾਂਸਾ

ਬਸਤੀਆਂ ’ਚ ਰਹਿਣ ਵਾਲੇ ਰੋਬਿਨ ਨਾਲ ਵਿਦੇਸ਼ ’ਚ ਨੌਕਰੀ ਦਿਵਾਉਣ ਦੇ ਨਾਂ ’ਤੇ ਪਹਿਲਾਂ 15 ਹਜ਼ਾਰ ਰੁਪਏ ਦੀ ਠੱਗੀ ਹੋਈ। ਕੁਝ ਦਿਨਾਂ ਬਾਅਦ ਉਸ ਨੂੰ ਮੈਸੇਜ ਆਇਆ ਕਿ ਜੇ ਉਸ ਨਾਲ ਠੱਗੀ ਹੋਈ ਹੈ ਤਾਂ ਉਸ ਦੇ ਪੈਸੇ ਵਾਪਸ ਦਿਵਾਏ ਜਾ ਸਕਦੇ ਹਨ, ਬਸ ਇਕ ਲਿੰਕ ’ਤੇ ਜਾ ਕੇ ਪ੍ਰਕਿਰਿਆ ਪੂਰੀ ਕਰਨੀ ਹੋਵੇਗੀ। ਲਿੰਕ ਖੋਲ੍ਹਦੇ ਹੀ ਉਸ ਦੇ ਮੋਬਾਈਲ ਦਾ ਕੰਟਰੋਲ ਸਾਈਬਰ ਠੱਗਾਂ ਦੇ ਹੱਥ ’ਚ ਚਲਾ ਗਿਆ ਤੇ ਖਾਤੇ ਤੋਂ ਕਰੀਬ ਢਾਈ ਲੱਖ ਰੁਪਏ ਕੱਢ ਲਏ ਗਏ।

### ਰਿਫੰਡ ਦਿਵਾਉਣ ਦੇ ਨਾਂ ’ਤੇ ਲਿੰਕ ਭੇਜ ਕੇ ਠੱਗੀ

ਸ਼ਹਿਰ ਦੇ ਇਕ ਵਪਾਰੀ ਦੇ ਖਾਤੇ ਤੋਂ ਆਨਲਾਈਨ ਖ਼ਰੀਦਦਾਰੀ ਦੌਰਾਨ 8 ਹਜ਼ਾਰ ਰੁਪਏ ਕੱਟ ਗਏ। ਸ਼ਿਕਾਇਤ ਕਰਨ ਤੋਂ ਕੁਝ ਘੰਟਿਆਂ ਬਾਅਦ ਉਸ ਦੇ ਮੋਬਾਈਲ ’ਤੇ ਮੈਸੇਜ ਆਇਆ ਕਿ ਤੁਹਾਡੀ ਆਨਲਾਈਨ ਠੱਗੀ ਦੀ ਸ਼ਿਕਾਇਤ ਦਰਜ ਹੋ ਗਈ ਹੈ। ਰਿਫੰਡ ਲੈਣ ਲਈ ਹੇਠਾਂ ਦਿੱਤੇ ਲਿੰਕ ’ਤੇ ਕਲਿੱਕ ਕਰੋ। ਰਿਫੰਡ ਦੀ ਉਮੀਦ ’ਚ ਜਿਵੇਂ ਹੀ ਉਸ ਨੇ ਲਿੰਕ ਖੋਲ੍ਹਿਆ, ਉਸ ਦੇ ਮੋਬਾਈਲ ’ਚ ਇਕ ਫਰਜ਼ੀ ਐਪ ਇੰਸਟਾਲ ਹੋ ਗਿਆ। ਕੁਝ ਹੀ ਮਿੰਟਾਂ ’ਚ ਉਸ ਦੇ ਬੈਂਕ ਖਾਤੇ ਤੋਂ ਕਰੀਬ 1.90 ਲੱਖ ਰੁਪਏ ਨਿਕਲ ਗਏ।

### ਸਾਈਬਰ ਹੈਲਪ ਡੈਸਕ ਬਣ ਕੇ ਭੇਜਿਆ ਫਰਜ਼ੀ ਮੈਸੇਜ

ਇਕ ਨਿੱਜੀ ਕੰਪਨੀ ’ਚ ਕੰਮ ਕਰਨ ਵਾਲੇ ਹਰੀਸ਼ ਨਾਲ ਯੂਪੀਆਈ ਰਾਹੀਂ 5 ਹਜ਼ਾਰ ਰੁਪਏ ਦੀ ਠੱਗੀ ਹੋਈ ਸੀ। ਅਗਲੇ ਦਿਨ ਉਸ ਨੂੰ ਮੈਸੇਜ ਮਿਲਿਆ ਕਿ ਸਾਈਬਰ ਹੈਲਪ ਡੈਸਕ ਨਾਲ ਸੰਪਰਕ ਕਰੋ, ਤੁਹਾਡੀ ਰਕਮ ਵਾਪਸ ਦਿਵਾਈ ਜਾਵੇਗੀ। ਮੈਸੇਜ ’ਚ ਦਿੱਤੇ ਲਿੰਕ ’ਤੇ ਕਲਿੱਕ ਕਰਦੇ ਹੀ ਉਸ ਤੋਂ ਬੈਂਕ ਡੀਟੇਲ ਤੇ ਓਟੀਪੀ ਮੰਗਿਆ ਗਿਆ। ਓਟੀਪੀ ਪਾਉਂਦੇ ਹੀ ਨੌਜਵਾਨ ਦੇ ਖਾਤੇ ਤੋਂ ਕਰੀਬ ਢਾਈ ਲੱਖ ਰੁਪਏ ਟ੍ਰਾਂਸਫਰ ਹੋ ਗਏ।

### ਆਨਲਾਈਨ ਸ਼ਾਪਿੰਗ ’ਚ ਦੋ ਵਾਰ ਠੱਗੀ

ਮਾਡਲ ਟਾਊਨ ਦੀ ਇਕ ਮਹਿਲਾ ਨੇ ਆਨਲਾਈਨ ਸ਼ਾਪਿੰਗ ਕੀਤੀ ਤਾਂ ਪੰਜ ਹਜ਼ਾਰ ਰੁਪਏ ਦੀ ਠੱਗੀ ਹੋ ਗਈ। ਕੁਝ ਸਮੇਂ ਬਾਅਦ ਉਸ ਨੂੰ ਮੈਸੇਜ ਆਇਆ ਕਿ ਜੇ ਤੁਹਾਡੇ ਨਾਲ ਠੱਗੀ ਹੋਈ ਹੈ ਤਾਂ ਲਿੰਕ ’ਤੇ ਕਲਿੱਕ ਕਰੋ। ਰਿਫੰਡ ਦੇ ਲਾਲਚ ’ਚ ਮਹਿਲਾ ਨੇ ਜਿਵੇਂ ਹੀ ਲਿੰਕ ਖੋਲ੍ਹਿਆ, ਉਸ ਦਾ ਮੋਬਾਈਲ ਹੈਂਗ ਹੋ ਗਿਆ ਤੇ ਸਕ੍ਰੀਨ ਬਲੈਂਕ ਹੋ ਗਈ। ਥੋੜ੍ਹੀ ਦੇਰ ਬਾਅਦ ਖਾਤੇ ਤੋਂ ਇਕ ਲੱਖ ਤੋਂ ਵੱਧ ਰੁਪਏ ਨਿਕਲ ਚੁੱਕੇ ਸਨ। ਬਾਅਦ ’ਚ ਪਤਾ ਲੱਗਿਆ ਕਿ ਲਿੰਕ ਰਾਹੀਂ ਫੋਨ ਦੀ ਸਕ੍ਰੀਨ ਐਕਸੈਸ ਕਰ ਲਈ ਗਈ ਸੀ।

ਧਨਪ੍ਰੀਤ ਕੌਰ, ਪੁਲਿਸ ਕਮਿਸ਼ਨਰ ਨੇ ਕਿਹਾ ਕਿ ਸਰਕਾਰ, ਬੈਂਕ ਜਾਂ ਪੁਲਿਸ ਕਦੇ ਵੀ ਰਿਫੰਡ ਜਾਂ ਸ਼ਿਕਾਇਤ ਲਈ ਲਿੰਕ ਭੇਜ ਕੇ ਨਿੱਜੀ ਜਾਣਕਾਰੀ ਨਹੀਂ ਮੰਗਦੇ। ਉਨ੍ਹਾਂ ਕਿਹਾ ਕਿ ਕਿਸੇ ਵੀ ਲਿੰਕ ਦੀ ਸੱਚਾਈ ਜਾਣੇ ਬਿਨਾਂ ਉਸ ਨੂੰ ਨਾ ਖੋਲ੍ਹੋ। ਸਾਵਧਾਨੀ ਹੀ ਬਚਾਅ ਹੈ। ਕਿਸੇ ਵੀ ਕਿਸਮ ਦੀ ਠੱਗੀ ਹੋਣ ਦੀ ਸਥਿਤੀ ’ਚ ਤੁਰੰਤ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਓ।

### ਇਸ ਨਵੀਂ ਠੱਗੀ ਤੋਂ ਕਿਵੇਂ ਬਚੀਏ

* ਕਿਸੇ ਵੀ ਅਣਜਾਣ ਲਿੰਕ ’ਤੇ ਕਲਿੱਕ ਨਾ ਕਰੋ, ਭਾਵੇਂ ਮੈਸੇਜ ਕਿੰਨਾ ਵੀ ਭਰੋਸੇਯੋਗ ਕਿਉਂ ਨਾ ਲੱਗੇ।

* ਬੈਂਕ, ਪੁਲਿਸ ਜਾਂ ਕਿਸੇ ਸਰਕਾਰੀ ਏਜੰਸੀ ਦੇ ਨਾਂ ’ਤੇ ਆਏ ਮੈਸੇਜ ਦੀ ਪਹਿਲਾਂ ਅਧਿਕਾਰਕ ਵੈੱਬਸਾਈਟ ਜਾਂ ਹੈਲਪਲਾਈਨ ਤੋਂ ਪੁਸ਼ਟੀ ਕਰੋ।

* ਮੋਬਾਈਲ ’ਚ ਅਣਜਾਣ ਐਪ ਇੰਸਟਾਲ ਨਾ ਹੋਣ ਦਿਓ ਤੇ ਸਮੇਂ-ਸਮੇਂ ’ਤੇ ਸੁਰੱਖਿਆ ਅਪਡੇਟ ਕਰੋ।

* ਜੇ ਠੱਗੀ ਹੋ ਜਾਵੇ ਤਾਂ ਤੁਰੰਤ 1930 ਸਾਈਬਰ ਹੈਲਪਲਾਈਨ ’ਤੇ ਕਾਲ ਕਰੋ ਜਾਂ cybercrime.gov.in ’ਤੇ ਸ਼ਿਕਾਇਤ ਦਰਜ ਕਰਵਾਓ।

# ਗੁਰਦੁਆਰਾ ਸਾਹਿਬ ਮੱਥਾ ਟੇਕਣ ਗਈ ਔਰਤ ਦੀ ਲੁਟੇਰਿਆਂ ਵਲੋਂ ਹੱਤਿਆ

**✪ ਪਤੀ ਨੇ ਪਛਾਣੇ ਲੁਟੇਰੇ, ਦੋ ਲੁਟੇਰੇ ਪੁਲਿਸ ਨੇ ਕੀਤੇ ਗ੍ਰਿਫ਼ਤਾਰ**



ਖਾਲੜਾ - ਥਾਣਾ ਖਾਲੜਾ ਅਧੀਨ ਆਉਂਦੇ ਪਿੰਡ ਮੱਦਰ ਮਥਰਾ ਭਾਗੀ ਵਿਖੇ ਤੜਕੇ ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾ ਰਹੀ ਔਰਤ ਨੂੰ ਲੁਟੇਰਿਆਂ ਨੇ ਸੋਨੇ ਦੀਆਂ ਵਾਲੀਆਂ ਲੁੱਟਣ ਦੀ ਨੀਅਤ ਨਾਲ ਗੰਭੀਰ ਜ਼ਖ਼ਮੀ ਕਰ ਦਿੱਤਾ, ਜਿਸ ਦੀ ਨਿੱਜੀ ਹਸਪਤਾਲ ਵਿਚ ਜਾ ਕੇ ਮੌਤ ਹੋ ਗਈ ਹੈ।

ਕਾਰਜ ਸਿੰਘ ਨੇ ਦੱਸਿਆ ਹੈ ਕਿ ਉਹ ਰੋਡਵੇਜ਼ ਮਹਿਕਮੇ ਵਿਚੋਂ ਸੇਵਾਮੁਕਤ ਹੋਇਆ ਹੈ, ਬੀਤੇ ਦਿਨੀਂ ਤੜਕੇ ਆਪਣੀ ਪਤਨੀ ਤਸਵੀਰ ਕੌਰ ਨਾਲ ਰੋਜ਼ਾਨਾ ਦੀ ਤਰ੍ਹਾਂ ਪਿੰਡ ਵਿਚ ਹੀ ਬਣੇ ਗੁਰਦੁਆਰਾ ਬਾਬਾ ਲੱਛੀ ਰਾਮ ਜੀ ਦੇ ਦਰਸ਼ਨ ਕਰਨ ਲਈ ਜਾ ਰਹੇ ਸਨ ਅਤੇ ਉਨ੍ਹਾਂ ਦੀ ਪਤਨੀ ਉਨ੍ਹਾਂ ਤੋਂ ਥੋੜ੍ਹਾ ਅੱਗੇ ਚੱਲ ਰਹੀ ਸੀ ਅਤੇ ਅੱਗੇ ਮੜ੍ਹੀਆਂ ਵਾਲੀ ਸਾਈਡ ’ਤੇ ਦੋ ਤਿੰਨ ਆਦਮੀ ਹਨੇਰੇ ਵਿਚ ਖੜੇ ਸਨ, ਜਿਨ੍ਹਾਂ ’ਚੋਂ ਇਕ ਨੇ ਉਸ ਦੀ ਪਤਨੀ ਦੇ ਕੰਨਾਂ ਵਿਚੋਂ ਸੋਨੇ ਦੀਆਂ ਵਾਲੀਆਂ ਖਿੱਚ ਕੇ ਕੋਈ ਚੀਜ਼ ਸਿਰ ਵਿਚ ਮਾਰ ਕੇ ਥੱਲੇ ਸੁੱਟ ਦਿੱਤਾ, ਮੇਰੀ ਆਵਾਜ਼ ਸੁਣ ਕੇ ਉਹ ਭੱਜ ਗਏ, ਜਿਨ੍ਹਾਂ ਵਿਚੋਂ ਇਕ ਨੂੰ ਮੈਂ ਪਛਾਣ ਲਿਆ। ਜਿਸ ਦਾ ਨਾਂਅ ਵਰਿਆਮ ਸਿੰਘ ਮੱਦਰ ਹੈ। ਕਾਰਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਰੌਲਾ ਸੁਣ ਕੇ ਗੁਰਦੁਆਰਾ ਸਾਹਿਬ ਤੋਂ ਸੰਗਤ ਵੀ ਆ ਗਈ ਅਤੇ ਉਨ੍ਹਾਂ ਨੇ ਉਸਦੀ ਪਤਨੀ ਤਸਵੀਰ ਕੌਰ ਨੂੰ ਜ਼ਖ਼ਮੀ ਹਾਲਤ ਵਿਚ ਕਸਬਾ ਭਿੱਖੀਵਿੰਡ ਵਿਖੇ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ, ਜਿਸ ਵਲੋਂ ਉਨ੍ਹਾਂ ਨੂੰ ਕੇ.ਡੀ. ਹਸਪਤਾਲ ਅੰਮ੍ਰਿਤਸਰ ਵਿਖੇ ਰੈਫਰ ਕਰ ਦਿੱਤਾ ਗਿਆ, ਜਿਥੇ ਉਨ੍ਹਾਂ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਥਾਣਾ ਖਾਲੜਾ ਦੀ ਪੁਲਿਸ ਵਲੋਂ ਵਰਿਆਮ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਮੱਦਰ ਅਤੇ ਦੋ ਅਣਪਛਾਤੇ ਵਿਅਕਤੀਆਂ ਵਿਰੁੱਧ ਮੁਕਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ। ਇਸ ਸੰਬੰਧ ਵਿਚ ਪੁਲਿਸ ਨੇ ਵਰਿਆਮ ਸਿੰਘ ਗੁਰਲਾਲ ਸਿੰਘ ਲੱਲੀ ਵਾਸੀ ਮੱਥਰਾ ਭਾਗੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਸੁਪਰੀਮ ਕੋਰਟ ਨੇ ਜਨਤਕ ਥਾਵਾਂ ਤੋਂ ਆਵਾਰਾ ਕੁੱਤਿਆਂ ਨੂੰ ਤੁਰੰਤ ਹਟਾਉਣ ਦੇ ਹੁਕਮ ਕਿਉਂ ਦਿਤੇ ?

**ਨਿਊਜ਼ ਵਿਸ਼ਲੇਸ਼ਣ**

## ✪ ਕੁੱਤਿਆਂ ਕਾਰਣ ਬੱਚਿਆਂ ਜਾਂ ਬਜ਼ੁਰਗਾਂ ਨੂੰ ਸੱਟ ਜਾਂ ਮੌਤ ਹੋਣ 'ਤੇ ਸੂਬਾ ਸਰਕਾਰਾਂ ਨੂੰ ਹਰਜਾਨਾ ਦੇਣਾ ਪਵੇਗਾ ✪ ਸੜਕਾਂ 'ਤੇ ਖਾਣਾ ਖੁਆਉਣ ਵਾਲੇ ਵੀ ਜਵਾਬਦੇਹ ਹੋਣਗੇ

ਸੁਪਰੀਮ ਕੋਰਟ ਨੇ ਆਵਾਰਾ ਕੁੱਤਿਆਂ ਦੀ ਵਧਦੀ ਸਮੱਸਿਆ 'ਤੇ ਬਹੁਤ ਸਖ਼ਤ ਰੁਖ਼ ਅਪਣਾਇਆ ਹੈ। ਇਹ ਮਾਮਲਾ ਹੁਣ ਇੱਕ ਰਾਸ਼ਟਰੀ ਸੰਕਟ ਵਾਂਗ ਬਣ ਗਿਆ ਹੈ, ਜਿੱਥੇ ਬੱਚੇ, ਬਜ਼ੁਰਗ ਅਤੇ ਆਮ ਨਾਗਰਿਕ ਰੋਜ਼ਾਨਾ ਜਾਨਲੇਵਾ ਖ਼ਤਰੇ ਵਿੱਚ ਹਨ। ਨਵੰਬਰ 2025 ਤੋਂ ਜਨਵਰੀ 2026 ਤੱਕ ਚੱਲ ਰਹੀਆਂ ਸੁਣਵਾਈਆਂ ਵਿੱਚ ਅਦਾਲਤ ਨੇ ਸਪੱਸ਼ਟ ਕਿਹਾ ਹੈ ਕਿ ਇਨਸਾਨਾਂ ਦੀ ਜਾਨ ਅਤੇ ਸੁਰੱਖਿਆ ਸਭ ਤੋਂ ਉੱਪਰ ਹੈ।

### ਸੁਪਰੀਮ ਕੋਰਟ ਦੇ ਮੁੱਖ ਆਦੇਸ਼ ਅਤੇ ਟਿੱਪਣੀਆਂ

7 ਨਵੰਬਰ 2025 ਨੂੰ ਸੁਪਰੀਮ ਕੋਰਟ ਨੇ ਇੱਕ ਅਹਿਮ ਆਦੇਸ਼ ਜਾਰੀ ਕੀਤਾ ਸੀ। ਅਦਾਲਤ ਨੇ ਕੇਂਦਰ ਅਤੇ ਸਾਰੇ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਹੁਕਮ ਦਿੱਤਾ ਕਿ ਸਕੂਲਾਂ, ਹਸਪਤਾਲਾਂ, ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਖੇਡ ਕੰਪਲੈਕਸਾਂ ਅਤੇ ਹੋਰ ਜਨਤਕ ਥਾਵਾਂ ਤੋਂ ਆਵਾਰਾ ਕੁੱਤਿਆਂ ਨੂੰ ਤੁਰੰਤ ਹਟਾਇਆ ਜਾਵੇ ਅਤੇ ਉਨ੍ਹਾਂ ਨੂੰ ਨਿਰਧਾਰਤ ਸ਼ੈਲਟਰਾਂ ਵਿੱਚ ਭੇਜਿਆ ਜਾਵੇ। ਇਸ ਆਦੇਸ਼ ਨੂੰ ਲਾਗੂ ਕਰਨ ਲਈ ਐਨੀਮਲ ਵੈਲਫੇਅਰ ਬੋਰਡ ਆਫ਼ ਇੰਡੀਆ (ਆਂਭੀ) ਨੇ 27 ਨਵੰਬਰ 2025 ਨੂੰ ਇੱਕ ਵਿਸਤ੍ਰਿਤ ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ ਜਾਰੀ ਕੀਤੀ ਸੀ। ਪਰ ਜਨਵਰੀ 2026 ਵਿੱਚ, ਖਾਸ ਕਰਕੇ 13-14 ਜਨਵਰੀ ਨੂੰ ਹੋਈਆਂ ਸੁਣਵਾਈਆਂ ਵਿੱਚ ਅਦਾਲਤ ਨੇ ਬਹੁਤ ਤਿੱਖੀਆਂ ਟਿੱਪਣੀਆਂ ਕੀਤੀਆਂ। ਜਸਟਿਸ ਵਿਕਰਮ ਨਾਥ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ (ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐੱਨਵੀ ਅੰਜਾਰੀਆ ਨਾਲ) ਨੇ ਕਿਹਾ ਕਿ ਜੇਕਰ ਆਵਾਰਾ ਕੁੱਤਿਆਂ ਦੇ ਕੱਟਣ ਨਾਲ ਬੱਚੇ, ਬਜ਼ੁਰਗ ਜਾਂ ਕਮਜ਼ੋਰ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਜਾਂ ਗੰਭੀਰ ਸੱਟ ਲੱਗ ਜਾਂਦੀ ਹੈ ਤਾਂ ਸੂਬਾ ਸਰਕਾਰਾਂ ਨੂੰ ਭਾਰੀ ਮੁਆਵਜ਼ਾ ਦੇਣਾ ਪਵੇਗਾ। ਅਦਾਲਤ ਨੇ ਕਿਹਾ ਕਿ ਪ੍ਰਸ਼ਾਸਨ ਨੇ ਪਿਛਲੇ 75 ਸਾਲਾਂ ਵਿੱਚ ਕੁਝ ਨਹੀਂ ਕੀਤਾ, ਜਿਸ ਕਾਰਨ ਸਮੱਸਿਆ ਹਜ਼ਾਰ ਗੁਣਾ ਵਧ ਗਈ ਹੈ।

ਜਸਟਿਸ ਨਾਥ ਨੇ ਕਿਹਾ ਕਿ ਜੋ ਲੋਕ ਸੜਕਾਂ 'ਤੇ ਕੁੱਤਿਆਂ ਨੂੰ ਖਾਣਾ ਖੁਆਉਂਦੇ ਹਨ, ਉਨ੍ਹਾਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਜਸਟਿਸ ਨਾਥ ਨੇ ਇਹ ਵੀ ਕਿਹਾ ਕਿ "ਜੇ ਤੁਹਾਨੂੰ ਇੰਨਾ ਪਿਆਰ ਹੈ ਤਾਂ ਆਪਣੇ ਘਰ ਵਿੱਚ ਰੱਖੋ। ਸੜਕਾਂ 'ਤੇ ਘੁੰਮਣ, ਕੱਟਣ ਅਤੇ ਲੋਕਾਂ ਨੂੰ ਡਰਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।"

ਜਸਟਿਸ ਮਹਿਤਾ ਨੇ ਪੁੱਛਿਆ, "ਜਦੋਂ 9 ਸਾਲ ਦੇ ਬੱਚੇ 'ਤੇ ਕੁੱਤੇ ਹਮਲਾ ਕਰਦੇ ਹਨ ਤਾਂ ਕਿਸ ਨੂੰ ਜ਼ਿੰਮੇਵਾਰ ਮੰਨੀਏ? ਉਸ ਸੰਗਠਨ ਨੂੰ ਜੋ ਉਨ੍ਹਾਂ ਨੂੰ ਖਾਣਾ ਖੁਆ ਰਿਹਾ ਹੈ?"

ਅਦਾਲਤ ਨੇ ਕੁੱਤੇ ਪ੍ਰੇਮੀਆਂ ਦੀਆਂ ਦਲੀਲਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਭਾਵਨਾਵਾਂ ਸਿਰਫ਼ ਕੁੱਤਿਆਂ ਲਈ ਨਹੀਂ, ਇਨਸਾਨਾਂ ਲਈ ਵੀ ਦਿਖਾਉਣੀਆਂ ਚਾਹੀਦੀਆਂ ਹਨ। ਇੱਕ ਵਕੀਲ ਨੇ ਕੁੱਤਿਆਂ ਨੂੰ ਗੋਦ ਲੈਣ ਲਈ ਇੰਸੈਂਟਿਵ ਦੇਣ ਦਾ ਸੁਝਾਅ ਦਿੱਤਾ ਤਾਂ ਅਦਾਲਤ ਨੇ ਪੁੱਛਿਆ, "ਸੜਕਾਂ 'ਤੇ ਅਨਾਥ ਬੱਚਿਆਂ ਨੂੰ ਗੋਦ ਕਿਉਂ ਨਹੀਂ ਲੈਂਦੇ?"

ਸੁਣਵਾਈ 20 ਜਨਵਰੀ 2026 ਨੂੰ ਜਾਰੀ ਰਹੇਗੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਉਹ ਲੰਮੀ ਬਹਿਸ ਨਹੀਂ ਚਾਹੁੰਦੇ, ਸਗੋਂ ਠੋਸ ਆਦੇਸ਼ ਅਤੇ ਜਵਾਬਦੇਹੀ ਚਾਹੁੰਦੇ ਹਨ।

### ਰਾਜ ਸਰਕਾਰਾਂ ਨੂੰ ਇਤਰਾਜ਼ ਅਤੇ ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ 'ਤੇ ਵਿਰੋਧ

ਯੂਪੀ, ਰਾਜਸਥਾਨ, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਨੇ ਐਨੀਮਲ ਵੈਲਫੇਅਰ ਬੋਰਡ ਆਫ਼ ਇੰਡੀਆ ਨੂੰ ਪੱਤਰ ਲਿਖ ਕੇ ਕਿਹਾ ਕਿ ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ ਲਾਗੂ ਕਰਨਾ ਅਸੰਭਵ ਹੈ। ਉਨ੍ਹਾਂ ਦੇ ਮੁੱਖ ਮੁੱਦੇ:

ਕੁੱਤਿਆਂ ਦੇ ਕੱਟਣ ਦੇ ਅੰਕੜੇ ਭਰੋਸੇਯੋਗ ਨਹੀਂ - ਸਿਰਫ਼ ਐਂਟੀ-ਰੇਬੀਜ਼ ਇੰਜੈਕਸ਼ਨ ਵਾਲੇ ਕੇਸ ਗਿਣੇ ਜਾਂਦੇ ਹਨ, ਪਾਲਤੂ ਅਤੇ ਆਵਾਰਾ ਵਿੱਚ ਫਰਕ ਨਹੀਂ।

ਸ਼ੈਲਟਰ ਲਈ ਜਗ੍ਹਾ ਦੇ ਮਾਪਦੰਡ ਘੱਟ ਹਨ - ਇਸ ਨਾਲ ਕੁੱਤੇ ਬਿਮਾਰ ਹੋ ਸਕਦੇ ਹਨ, ਬਿਮਾਰੀਆਂ ਫੈਲ ਸਕਦੀਆਂ ਹਨ।

ਨਸਬੰਦੀ, ਟੀਕਾਕਰਨ ਅਤੇ ਸਟਾਫ਼ ਟ੍ਰੇਨਿੰਗ ਲਈ ਬਜਟ ਅਤੇ ਸਹੂਲਤਾਂ ਦੀ ਭਾਰੀ ਕਮੀ।

ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ ਅਬਛ ਰੂਲਜ਼ 2023 ਨਾਲ ਮੇਲ ਨਹੀਂ ਖਾਂਦੀ, ਜਿਸ ਨਾਲ ਜ਼ਮੀਨੀ ਪੱਧਰ 'ਤੇ ਭਰਮ ਪੈਦਾ ਹੁੰਦਾ ਹੈ।

ਜ਼ੂਨੋਟਿਕ ਬਿਮਾਰੀਆਂ (ਜਿਵੇਂ ਰੇਬੀਜ਼) ਦਾ ਖਤਰਾ ਵਧ ਸਕਦਾ ਹੈ।

ਇਹ ਇਤਰਾਜ਼ ਦਰਸਾਉਂਦੇ ਹਨ ਕਿ ਰਾਜ ਸਰਕਾਰਾਂ ਨੂੰ ਵੱਡੀ ਚੁਣੌਤੀ ਹੈ, ਪਰ ਅਦਾਲਤ ਨੇ ਇਸ ਨੂੰ ਬਹਾਨਾ ਨਹੀਂ ਮੰਨਿਆ।



## ਆਵਾਰਾ ਕੁੱਤਿਆਂ ਦੇ ਹਮਲਿਆਂ ਦੇ ਅੰਕੜੇ - ਇੱਕ ਡਰਾਉਣ ਵਾਲੀ ਤਸਵੀਰ

ਭਾਰਤ ਵਿੱਚ ਆਵਾਰਾ ਕੁੱਤਿਆਂ ਦੀ ਗਿਣਤੀ 60-62 ਮਿਲੀਅਨ (6-6.2 ਕਰੋੜ) ਤੋਂ ਵੱਧ ਹੈ, ਜੋ ਕਿ 2025 ਵਿੱਚ 153 ਲੱਖ ਤੱਕ ਪਹੁੰਚ ਗਈ ਹੈ। ਹਮਲੇ ਅਤੇ ਰੇਬੀਜ਼ ਦੇ ਅੰਕੜੇ ਬਹੁਤ ਚਿੰਤਾਜਨਕ ਹਨ:

2022: ਲਗਭਗ 21.9 ਲੱਖ ਕੁੱਤੇ ਕੱਟਣ ਦੇ ਕੇਸ।

2023: ਲਗਭਗ 30.5 ਲੱਖ।

2024: 37.1 ਲੱਖ ਤੋਂ ਵੱਧ (ਰੋਜ਼ਾਨਾ 10,000 ਤੋਂ ਵੱਧ)।

ਰੇਬੀਜ਼ ਨਾਲ ਮੌਤਾਂ: WHO ਅਨੁਸਾਰ ਭਾਰਤ ਵਿੱਚ ਦੁਨੀਆ ਦੇ 36% ਮੌਤਾਂ ਹੁੰਦੀਆਂ ਹਨ, ਲਗਭਗ 18,000-20,000 ਸਾਲਾਨਾ। ਅਧਿਕਾਰਤ ਅੰਕੜੇ ਘੱਟ ਦਿਖਾਉਂਦੇ ਹਨ (2022-2024 ਵਿੱਚ 21-54), ਪਰ ਅਸਲ ਅੰਕੜੇ ਬਹੁਤ ਵੱਧ ਹਨ। ਬੱਚੇ 30-60% ਮੌਤਾਂ ਵਿੱਚ ਸ਼ਾਮਲ ਹਨ।

ਪੰਜਾਬ ਵਿੱਚ ਹਾਲਾਤ ਖਾਸ ਤੌਰ 'ਤੇ ਖਰਾਬ ਹਨ। ਰੋਜ਼ਾਨਾ ਲਗਭਗ 900-923 ਕੇਸ ਹੁੰਦੇ ਹਨ। 2020 ਵਿੱਚ 1.10 ਲੱਖ ਕੇਸ ਸਨ, ਜੋ 2024 ਵਿੱਚ 2.13 ਲੱਖ ਅਤੇ 2025 ਵਿੱਚ ਅਕਤੂਬਰ ਤੱਕ 2.77 ਲੱਖ ਹੋ ਗਏ। ਅੰਮ੍ਰਿਤਸਰ, ਲੁਧਿਆਣਾ ਅਤੇ ਪਟਿਆਲਾ ਸਭ ਤੋਂ ਵੱਧ ਪ੍ਰਭਾਵਿਤ ਹਨ। ਲੁਧਿਆਣਾ ਵਿੱਚ 2025 ਵਿੱਚ 13,728 ਕੇਸ ਰਿਕਾਰਡ ਹੋਏ, ਜੋ ਪਿਛਲੇ ਸਾਲ ਨਾਲੋਂ ਵੱਧ ਹਨ। ਰੇਬੀਜ਼ ਨਾਲ 8 ਮੌਤਾਂ ਅਤੇ ਬੱਚਿਆਂ 'ਤੇ ਹਮਲੇ ਵਧੇ ਹਨ।

## ਕੀ ਠੋਸ ਉਪਰਾਲੇ ਹੋਣ

ਸੁਪਰੀਮ ਕੋਰਟ ਸਪੱਸ਼ਟ ਕਹਿ ਰਹੀ ਹੈ ਕਿ ਇਹ ਸਮੱਸਿਆ ਭਾਵਨਾਵਾਂ ਨਾਲ ਨਹੀਂ, ਠੋਸ ਨੀਤੀ ਅਤੇ ਕਾਰਵਾਈ ਨਾਲ ਹੱਲ ਹੋਣੀ ਚਾਹੀਦੀ ਹੈ। ਏਬੀਸੀ ਰੂਲਜ਼ (ਨਸਬੰਦੀ + ਟੀਕਾਕਰਨ) ਨੂੰ ਸਖ਼ਤੀ ਨਾਲ ਲਾਗੂ ਕਰਨਾ ਜ਼ਰੂਰੀ ਹੈ, ਪਰ ਸ਼ੈਲਟਰ, ਬਜਟ ਅਤੇ ਸਟਾਫ਼ ਦੀ ਕਮੀ ਕਾਰਨ ਰਾਜ ਸਰਕਾਰਾਂ ਨੂੰ ਮੁਸ਼ਕਲਾਂ ਹਨ। ਅਦਾਲਤ ਨੇ ਸਭ ਨੂੰ ਚੇਤਾਵਨੀ ਦਿੱਤੀ ਹੈ ਕਿ ਹੁਣ ਜਵਾਬਦੇਹੀ ਤੈਅ ਹੋਵੇਗੀ - ਨਾ ਸਿਰਫ਼ ਸਰਕਾਰਾਂ ਦੀ, ਸਗੋਂ ਫੀਡਰਾਂ ਅਤੇ ਸੰਗਠਨਾਂ ਦੀ ਵੀ।

ਇਹ ਸੰਕਟ ਨੂੰ ਹੱਲ ਕਰਨ ਲਈ ਰਾਜ ਅਤੇ ਕੇਂਦਰ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਨਸਬੰਦੀ ਪ੍ਰੋਗਰਾਮ ਨੂੰ ਤੇਜ਼ ਕਰਨਾ, ਸ਼ੈਲਟਰ ਬਣਾਉਣਾ, ਜਾਗਰੂਕਤਾ ਫੈਲਾਉਣਾ ਅਤੇ ਗੈਰ-ਕਾਨੂੰਨੀ ਪਾਲਤੂ ਵਿਕਰੀ 'ਤੇ ਰੋਕ ਲਗਾਉਣਾ ਜ਼ਰੂਰੀ ਹੈ। ਇਹ ਸਿਰਫ਼ ਕੁੱਤਿਆਂ ਦੀ ਨਹੀਂ, ਬਲਕਿ ਲੋਕਾਂ ਦੀ ਸੁਰੱਖਿਆ ਦਾ ਮਾਮਲਾ ਹੈ। ਅਗਲੀ ਸੁਣਵਾਈ ਵਿੱਚ ਫੈਸਲੇ ਦੀ ਉਮੀਦ ਹੈ, ਜੋ ਦੇਸ਼ ਭਰ ਵਿੱਚ ਇਸ ਸਮੱਸਿਆ ਨੂੰ ਕੰਟਰੋਲ ਕਰਨ ਵਿੱਚ ਮਦਦ ਕਰੇਗਾ।

## ਟਾਂਡਾ ਨੇੜੇ 'ਆਪ' ਆਗੂ ਦਾ ਗੋਲੀਆਂ ਮਾਰ ਕੇ ਕਤਲ




ਟਾਂਡਾ ਉੜਮੁੜ (ਹੁਸ਼ਿਆਰਪੁਰ)-ਹੁਸ਼ਿਆਰਪੁਰ ਜ਼ਿਲ੍ਹੇ ਦੇ ਟਾਂਡਾ ਇਲਾਕੇ ਅਧੀਨ ਪੈਂਦੇ ਪਿੰਡ ਮਿਆਣੀ ਵਿਚ 2-3 ਅਣਪਛਾਤੇ ਹਮਲਾਵਰਾਂ ਨੇ 'ਆਪ' ਆਗੂ ਬਲਵਿੰਦਰ ਸਿੰਘ ਸਤਿ ਕਰਤਾਰ ਪੁੱਤਰ ਅਵਤਾਰ ਸਿੰਘ ਵਾਸੀ ਮਿਆਣੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ, ਜਦ ਕਿ ਉਸ ਦਾ ਸਾਥੀ ਲਖਵਿੰਦਰ ਸਿੰਘ ਗੰਭੀਰ ਜ਼ਖਮੀ ਹੋ ਗਿਆ। ਇਹ ਘਟਨਾ ਸ਼ਾਮ ਦੌਰਾਨ ਵਾਪਰੀ ਦੱਸੀ ਜਾ ਰਹੀ ਹੈ ਜਦੋਂ ਬਲਵਿੰਦਰ ਸਿੰਘ ਆਪਣੀ ਹਾਰਡਵੇਅਰ ਦੀ ਦੁਕਾਨ 'ਤੇ ਬੈਠਾ ਸੀ ਤੇ ਮੋਟਰਸਾਈਕਲ 'ਤੇ ਆਏ ਹਮਲਾਵਰਾਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਅਤੇ ਜਦੋਂ ਦੂਸਰੇ ਸਾਥੀ ਲਖਵਿੰਦਰ ਸਿੰਘ ਨੇ ਵਿਰੋਧ ਕੀਤਾ ਤਾਂ ਹਮਲਾਵਰਾਂ ਨੇ ਉਸ 'ਤੇ ਵੀ ਗੋਲੀਆਂ ਚਲਾ ਦਿੱਤੀਆਂ। ਲਖਵਿੰਦਰ ਸਿੰਘ ਨੂੰ ਟਾਂਡਾ ਦੇ ਸਰਕਾਰੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਘਟਨਾ ਉਪਰੰਤ ਡੀ.ਐਸ.ਪੀ. ਟਾਂਡਾ ਦਵਿੰਦਰ ਸਿੰਘ ਬਾਜਵਾ ਨੇ ਪੁਲਿਸ ਟੀਮ ਸਮੇਤ ਪਹੁੰਚ ਕੇ ਜਾਂਚ ਆਰੰਭ ਕਰ ਦਿੱਤੀ ਹੈ।

# ਆਪ ਨੇ 1600 ਸਰਕਾਰੀ ਬੱਸਾਂ ਰੈਲੀ ਲਈ ਵਰਤੀਆਂ, ਸਰਕਾਰੀ ਖਜ਼ਾਨੇ ਨੂੰ ਖੋਰਾ ਲਗਾਇਆ

## ✪ ਵਿਧਾਇਕ ਪਰਗਟ ਸਿੰਘ ਨੇ ਆਪ ਉਪਰ ਲਗਾਏ ਗੰਭੀਰ ਦੋਸ਼ ✪ ਪੰਜਾਬ ਦੇ ਲੋਕਾਂ ਵਿੱਚ ਆਪ ਸਰਕਾਰ ਖਿਲਾਫ ਗੁੱਸਾ ਵਧਿਆ

ਜਲੰਧਰ-ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੈ ਕੇ ਵਿਰੋਧੀ ਧਿਰਾਂ ਵੱਲੋਂ ਲਗਾਤਾਰ ਨਿਸ਼ਾਨੇ ਵਿੰਨ੍ਹੇ ਜਾ ਰਹੇ ਹਨ। ਤਾਜ਼ਾ ਮਾਮਲੇ ਵਿੱਚ ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਪਰਗਟ ਸਿੰਘ ਨੇ ਭਗਵੰਤ ਮਾਨ ਸਰਕਾਰ ਨੂੰ ਘੇਰਿਆ ਹੈ। ਉਨ੍ਹਾਂ ਨੇ ਆਮ ਆਦਮੀ ਪਾਰਟੀ ਤੇ ਗੰਭੀਰ ਦੋਸ਼ ਲਾਏ ਹਨ ਕਿ ਪੰਜਾਬ ਦੇ ਸਰਕਾਰੀ ਖਜ਼ਾਨੇ ਨੂੰ ਖੋਰਾ ਲਾਇਆ ਜਾ ਰਿਹਾ ਹੈ। ਪਰਗਟ ਸਿੰਘ ਨੇ ਕਿਹਾ ਹੈ ਕਿ ਆਪ ਨੇ 1600 ਸਰਕਾਰੀ ਬੱਸਾਂ ਨੂੰ ਆਪਣੀ ਨਿੱਜੀ ਰੈਲੀ ਲਈ ਵਰਤ ਕੇ ਲੋਕਾਂ ਦੇ ਪੈਸੇ ਨੂੰ ਬੇਲੋੜੇ ਖਰਚ ਕੀਤਾ ਹੈ। ਇਹ ਗੱਲ ਉਨ੍ਹਾਂ ਨੇ ਸੋਸ਼ਲ ਮੀਡੀਆ ਤੇ ਪੋਸਟ ਕਰਕੇ ਸਾਂਝੀ ਕੀਤੀ ਹੈ ਅਤੇ ਸਰਕਾਰੀ ਅੰਕੜੇ ਵੀ ਦਿੱਤੇ ਹਨ। ਇਸ ਨਾਲ ਪੰਜਾਬ ਦੇ ਲੋਕਾਂ ਵਿੱਚ ਆਪ ਸਰਕਾਰ ਖਿਲਾਫ ਗੁੱਸਾ ਵਧ ਰਿਹਾ ਹੈ ਕਿ ਸਰਕਾਰ ਆਪਣੇ ਰਾਜਨੀਤਿਕ ਲਾਭ ਲਈ ਸਰਕਾਰੀ ਸਾਧਨਾਂ ਨੂੰ ਗਲਤ ਵਰਤ ਰਹੀ ਹੈ।

ਪਰਗਟ ਸਿੰਘ ਨੇ ਆਪਣੀ ਪੋਸਟ ਵਿੱਚ ਕਿਹਾ ਹੈ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੂੰ ਪੰਜਾਬ ਦੇ ਸਰੋਤਾਂ ਨੂੰ ਬੇਸ਼ਰਮੀ ਨਾਲ ਲੁੱਟਣ ਵਾਲੀ ਕਿਹਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਰਕਾਰ ਨਹੀਂ ਹੈ, ਬਲਕਿ ਸਿਰਫ਼ ਸਟੇਜਾਂ ਤੇ ਨਵੇਂ ਜੁਮਲੇ ਤਿਆਰ ਕਰਨ ਵਾਲੀ ਮਸ਼ੀਨ ਹੈ। ਲੋਕਾਂ ਨੂੰ ਵਾਅਦੇ ਕਰਕੇ ਸੱਤਾ ਵਿੱਚ ਆਏ ਆਪ ਨੇ ਹੁਣ ਤਕ ਆਪਣੇ ਵਾਅਦੇ ਪੂਰੇ ਨਹੀਂ ਕੀਤੇ। ਉਨ੍ਹਾਂ ਨੇ ਸਰਕਾਰੀ ਬੱਸਾਂ ਨੂੰ ਆਪਣੀ ਰੈਲੀ ਲਈ ਵਰਤ ਕੇ ਪੰਜਾਬ ਦੇ ਖਜ਼ਾਨੇ ਨੂੰ ਚੂਨਾ ਲਗਾਇਆ ਹੈ। ਇਹ 1600 ਬੱਸਾਂ ਪੰਜਾਬ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਤੇ ਪਨਬੱਸ ਨਾਲ ਸਬੰਧਿਤ ਹਨ। ਪਰਗਟ ਸਿੰਘ ਨੇ ਕਿਹਾ ਕਿ ਇਹ ਬੱਸਾਂ ਲੋਕਾਂ ਦੀ ਸਹੂਲਤ ਲਈ ਹਨ, ਨਾ ਕਿ ਰਾਜਨੀਤਿਕ ਪਾਰਟੀ ਦੀ ਨਿੱਜੀ ਵਰਤੋਂ ਲਈ।



ਉਨ੍ਹਾਂ ਨੇ ਕਿਹਾ ਕਿ ਪੀਆਰਟੀਸੀ ਅਤੇ ਪਨਬੱਸ ਨੂੰ ਔਰਤਾਂ ਲਈ ਮੁਫ਼ਤ ਯਾਤਰਾ ਸਕੀਮ ਵਿੱਚ 750 ਕਰੋੜ ਰੁਪਏ ਅਜੇ ਤੱਕ ਨਹੀਂ ਮਿਲੇ ਹਨ। ਇਹ ਸਕੀਮ ਔਰਤਾਂ ਨੂੰ ਮੁਫ਼ਤ ਬੱਸ ਯਾਤਰਾ ਦਿੰਦੀ ਹੈ, ਪਰ ਸਰਕਾਰ ਨੇ ਇਸ ਦਾ ਬਕਾਇਆ ਨਹੀਂ ਅਦਾ ਕੀਤਾ। ਇਸ ਕਾਰਣ ਬੱਸ ਕੰਪਨੀਆਂ ਨੂੰ ਵਿੱਤੀ ਸੰਕਟ ਵਿੱਚ ਹਨ। ਨਾਲ ਹੀ, ਬਿਜਲੀ ਸਬਸਿਡੀ ਦਾ 10,500 ਕਰੋੜ ਰੁਪਏ ਵੀ ਬਕਾਇਆ ਪਿਆ ਹੈ। ਇਹ ਸਬਸਿਡੀ ਕਿਸਾਨਾਂ ਅਤੇ ਆਮ ਲੋਕਾਂ ਲਈ ਹੈ, ਪਰ ਸਰਕਾਰ ਨੇ ਇਸ ਨੂੰ ਅਦਾ ਨਹੀਂ ਕੀਤਾ। ਇਸ ਤੋਂ ਇਲਾਵਾ, ਵੱਖ-ਵੱਖ ਸਰਕਾਰੀ ਵਿਭਾਗਾਂ ਦੇ 2700 ਕਰੋੜ ਰੁਪਏ ਵੀ ਬਾਕੀ ਹਨ। ਇਹ ਅੰਕੜੇ ਦੱਸਦੇ ਹਨ ਕਿ ਸਰਕਾਰੀ ਖਜ਼ਾਨਾ ਕਿੰਨੀ ਮਾੜੀ ਹਾਲਤ ਵਿੱਚ ਹੈ ਅਤੇ ਆਪ ਸਰਕਾਰ ਨੇ ਇਸ ਨੂੰ ਹੋਰ ਖੋਰਾ ਲਾਇਆ ਹੈ।

ਪਰਗਟ ਸਿੰਘ ਨੇ ਪਟਿਆਲਾ ਵਿੱਚ ਪੀਆਰਟੀਸੀ ਦੇ ਮੁਲਾਜ਼ਮਾਂ ਦੇ ਧਰਨੇ ਬਾਰੇ ਵੀ ਗੱਲ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਪਟਿਆਲਾ ਵਿੱਚ ਮੁਲਾਜ਼ਮ ਸੜਕਾਂ ਤੇ ਧਰਨਾ ਦੇ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਤਨਖ਼ਾਹ ਅਤੇ ਪੈਨਸ਼ਨ ਨਹੀਂ ਮਿਲ ਰਹੀ। ਮੁਲਾਜ਼ਮਾਂ ਨੂੰ ਆਪਣੇ ਪਰਿਵਾਰ ਚਲਾਉਣ ਲਈ ਪੈਸੇ ਨਹੀਂ ਹਨ, ਪਰ ਸਰਕਾਰੀ ਬੱਸਾਂ ਰੈਲੀਆਂ ਲਈ ਆਸਾਨੀ ਨਾਲ ਉਪਲਬਧ ਹਨ। ਇਸ ਤਰ੍ਹਾਂ ਸਰਕਾਰ ਆਪਣੇ ਕਰਮਚਾਰੀਆਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ਅਤੇ ਰਾਜਨੀਤਿਕ ਲਾਭ ਲਈ ਸਾਧਨ ਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਥਿਤੀ ਪੰਜਾਬ ਨੂੰ ਵਿੱਤੀ ਸੰਕਟ ਵਿੱਚ ਧੱਕ ਰਹੀ ਹੈ।

ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸੱਤਾ ਵਿੱਚ ਆਉਣ ਤੋਂ ਪਹਿਲਾਂ ਵੱਡੇ ਵਾਅਦੇ ਕੀਤੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਉਹ ਭ੍ਰਿਸ਼ਟਾਚਾਰ ਖਤਮ ਕਰਨਗੇ ਅਤੇ ਲੋਕਾਂ ਦੇ ਪੈਸੇ ਨੂੰ ਸਹੀ ਵਰਤਨਗੇ। ਪਰ ਹੁਣ ਵਿਰੋਧੀ ਧਿਰਾਂ ਕਹਿ ਰਹੀਆਂ ਹਨ ਕਿ ਆਪ ਨੂੰ ਆਪਣੇ ਵਾਅਦੇ ਭੁੱਲ ਗਏ ਹਨ। ਪਰਗਟ ਸਿੰਘ ਵਰਗੇ ਆਗੂ ਇਹ ਮਾਮਲੇ ਉਠਾ ਕੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਹਰ ਪੰਜਾਬੀ ਨੂੰ ਇਹ ਅੰਕੜੇ ਪਤਾ ਹੋਣੇ ਚਾਹੀਦੇ ਹਨ ਤਾਂ ਜੋ ਉਹ ਸਰਕਾਰ ਨੂੰ ਜਵਾਬਦੇਹ ਬਣਾ ਸਕਣ।

ਇਸ ਮਾਮਲੇ ਨੇ ਪੰਜਾਬ ਦੀ ਰਾਜਨੀਤੀ ਨੂੰ ਗਰਮਾ ਦਿੱਤਾ ਹੈ। ਵਿਰੋਧੀ ਧਿਰਾਂ ਜਿਵੇਂ ਕਾਂਗਰਸ ਅਤੇ ਅਕਾਲੀ ਦਲ ਵੀ ਆਪ ਨੂੰ ਘੇਰ ਰਹੀਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਆਪ ਸਰਕਾਰ ਨੇ ਪੰਜਾਬ ਨੂੰ ਵਿੱਤੀ ਤੌਰ ਤੇ ਕਮਜ਼ੋਰ ਬਣਾ ਦਿੱਤਾ ਹੈ। ਬਕਾਇਆ ਪੈਸੇ ਨਾ ਮਿਲਣ ਨਾਲ ਵਿਭਾਗਾਂ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ। ਵਿਰੋਧੀ ਪਾਰਟੀਆਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਵਿੱਤੀ ਸੰਕਟ ਵਧ ਰਿਹਾ ਹੈ ਅਤੇ ਕਰਜ਼ਾ ਵਧ ਰਿਹਾ ਹੈ। ਦੂਜੇ ਪਾਸੇ ਆਪ ਸਰਕਾਰ ਦਾ ਕਹਿਣਾ ਹੈ ਕਿ ਉਹ ਵਿੱਤੀ ਹਾਲਤ ਸੁਧਾਰ ਰਹੇ ਹਨ, ਪਰ ਵਿਰੋਧੀ ਧਿਰਾਂ ਇਸ ਨੂੰ ਝੂਠ ਕਹਿ ਰਹੀਆਂ ਹਨ। ਇਸ ਮਾਮਲੇ ਤੇ ਆਪ ਵੱਲੋਂ ਅਜੇ ਕੋਈ ਅਧਿਕਾਰਕ ਜਵਾਬ ਨਹੀਂ ਆਇਆ ਹੈ। ਪਰ ਲੋਕ ਉਮੀਦ ਕਰ ਰਹੇ ਹਨ ਕਿ ਸਰਕਾਰ ਇਨ੍ਹਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਲਵੇ ਅਤੇ ਜਵਾਬ ਦੇਵੇ।

# ਕੈਲੀਫੋਰਨੀਆ ਦੀ ਕੰਪਨੀ 2032 ਤੱਕ ਚੰਨ 'ਤੇ ਪਹਿਲਾ ਹੋਟਲ ਬਣਾਏਗੀ

## ✪ ਹੋਟਲ ਵਿੱਚ ਬੁਕਿੰਗ ਕਰਵਾਉਣ ਲਈ 9 ਕਰੋੜ ਰੁਪਏ ਦੀ ਐਡਵਾਂਸ ਰਾਸ਼ੀ ਜਮ੍ਹਾ ਕਰਵਾਉਣੀ ਪਵੇਗੀ

ਕੈਲੀਫੋਰਨੀਆ-ਕੀ ਕੈਲੀਫੋਰਨੀਆ ਦੀ ਇੱਕ ਸਟਾਰਟਅੱਪ ਕੰਪਨੀ ਨੇ ਐਲਾਨ ਕੀਤਾ ਹੈ ਕਿ 2032 ਤੱਕ ਚੰਨ 'ਤੇ ਪਹਿਲਾ ਹੋਟਲ ਤਿਆਰ ਹੋ ਜਾਵੇਗਾ ਅਤੇ ਇਸ ਲਈ ਐਡਵਾਂਸ ਬੁਕਿੰਗ ਵੀ ਸ਼ੁਰੂ ਹੋ ਚੁੱਕੀ ਹੈ। ਕੰਪਨੀ ਦਾ ਦਾਅਵਾ ਹੈ ਕਿ ਇਹ ਹੋਟਲ "ਧਰਤੀ ਤੋਂ ਬਾਹਰ ਪਹਿਲੀ ਸਥਾਈ ਸੰਰਚਨਾ" ਹੋਵੇਗਾ। ਇਸ ਪ੍ਰੋਜੈਕਟ ਦੀ ਖਾਸ ਗੱਲ ਇਹ ਹੈ ਕਿ ਹੋਟਲ ਨੂੰ ਬਣਾਉਣ ਲਈ ਚੰਨ ਦੀ ਮਿੱਟੀ ਦੀ ਵਰਤੋਂ ਕੀਤੀ ਜਾਵੇਗੀ। ਇੱਕ ਵਿਸ਼ੇਸ਼ 'ਹੈਬੀਟੇਸ਼ਨ ਮੋਡਿਊਲ ਸਿਸਟਮ' ਅਤੇ ਸਵੈਚਾਲਿਤ ਨਿਰਮਾਣ ਪ੍ਰਕਿਰਿਆ ਰਾਹੀਂ ਇਸ ਨੂੰ ਟਿਕਾਊ ਅਤੇ ਸੁਰੱਖਿਅਤ ਬਣਾਇਆ ਜਾਵੇਗਾ।

ਕੌਣ ਹੈ ਇਸ ਅਦਭੁਤ ਪ੍ਰੋਜੈਕਟ ਦੇ ਪਿੱਛੇ ?-ਇਸ ਉਤਸ਼ਾਹੀ ਪ੍ਰੋਜੈਕਟ ਦੀ ਸ਼ੁਰੂਆਤ ਬਰਕਲੇ ਯੂਨੀਵਰਸਿਟੀ ਤੋਂ ਗ੍ਰੈਜੂਏਟ ਸਕਾਈਲਰ ਚਾਨ ਨੇ ਆਪਣੀ ਕੰਪਨੀ 'ਗੈਲੈਕਟਿਕ ਰਿਸੋਰਸ ਯੂਟਿਲਾਇਜ਼ੇਸ਼ਨ ਸਪੇਸ' ਰਾਹੀਂ ਕੀਤੀ ਹੈ। 12 ਜਨਵਰੀ ਨੂੰ ਹੋਟਲ ਦੇ ਡਿਜ਼ਾਈਨ ਅਤੇ ਬੁਕਿੰਗ ਵੈੱਬਸਾਈਟ ਦਾ ਉਦਘਾਟਨ ਕੀਤਾ ਗਿਆ। ਚਾਨ ਦਾ ਮੰਨਣਾ ਹੈ ਕਿ ਚੰਨ 'ਤੇ ਸੈਰ-ਸਪਾਟਾ ਸ਼ੁਰੂ ਹੋਣ ਨਾਲ ਭਵਿੱਖ ਵਿੱਚ ਚੰਨ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲੇਗਾ ਅਤੇ ਇਹ ਪੁਲਾੜ ਵਿੱਚ ਰਹਿਣ ਯੋਗ ਸਥਾਨਾਂ ਲਈ ਨਵੀਂ ਨੀਂਹ ਰੱਖੇਗਾ।



ਬੁਕਿੰਗ ਲਈ ਖਰਚਣੇ ਪੈਣਗੇ ਕਰੋੜਾਂ ਰੁਪਏ-ਹਾਲਾਂਕਿ, ਚੰਨ 'ਤੇ ਛੁੱਟੀਆਂ ਮਨਾਉਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੋਵੇਗੀ। ਇਸ ਹੋਟਲ ਵਿੱਚ ਬੁਕਿੰਗ ਕਰਵਾਉਣ ਲਈ $1,000,000 (ਲਗਭਗ 9 ਕਰੋੜ ਰੁਪਏ) ਦੀ ਐਡਵਾਂਸ ਰਾਸ਼ੀ ਜਮ੍ਹਾ ਕਰਵਾਉਣੀ ਪਵੇਗੀ। ਕੰਪਨੀ ਦਾ ਟੀਚਾ ਹੈ ਕਿ ਦੋ ਮਿਸ਼ਨਾਂ ਰਾਹੀਂ ਹੋਟਲ ਦੀ ਨੀਂਹ ਰੱਖੀ ਜਾਵੇ ਅਤੇ 2032 ਤੱਕ ਇਹ ਸੈਲਾਨੀਆਂ ਲਈ ਖੋਲ੍ਹ ਦਿੱਤਾ ਜਾਵੇਗਾ।

# ਸ਼੍ਰੋਮਣੀ ਕਮੇਟੀ ਆਤਿਸ਼ੀ ਖਿਲਾਫ ਕਾਨੂੰਨੀ ਕਾਰਵਾਈ ਕਰੇਗੀ



ਅੰਮ੍ਰਿਤਸਰ-ਗੁਰੂ ਸਾਹਿਬਾਨ ਬਾਰੇ ਇਤਰਾਜ਼ਯੋਗ ਟਿੱਪਣੀ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਬਕਾ ਮੁੱਖ ਮੰਤਰੀ ਅਤੇ 'ਆਪ' ਆਗੂ ਆਤਿਸ਼ੀ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਹ ਫੈਸਲਾ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ, ਜਿੱਥੇ ਉਸ ਖਿਲਾਫ ਇੱਕ ਨਿੰਦਾ ਮਤਾ ਵੀ ਪਾਸ ਕੀਤਾ ਗਿਆ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਤੀ।

# ਡਰਗ ਸਮਗਲਰ ਲੱਖਾ ਸਣੇ ਕਈ ਤਸਕਰਾਂ ਦੀਆਂ ਕਰੋੜਾਂ ਦੀਆਂ ਜਾਇਦਾਦਾਂ ਤੇ ਲਗਜ਼ਰੀ ਕਾਰਾਂ ਫ਼ਰੀਜ਼

ਬਠਿੰਡਾ-ਸਥਾਨਕ ਪੁਲਿਸ ਨੇ ਨਸ਼ਾ ਤਸਕਰੀ ਖ਼ਿਲਾਫ਼ ਚਲਾਈ ਜਾ ਰਹੀ ਸਖ਼ਤ ਮੁਹਿੰਮ ਤਹਿਤ ਵੱਡੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਬੰਧੀ ਗੁਰਪ੍ਰੀਤ ਸਿੰਘ ਡੀਐੱਸਪੀ ਨੇ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਵਿਚ ਸਾਲ 2025 ਦੌਰਾਨ ਬਠਿੰਡਾ ਪੁਲਿਸ ਵੱਲੋਂ ਕੁੱਲ 24 ਕੇਸ ਸਮਰੱਥ ਅਥਾਰਟੀ ਦਿੱਲੀ ਨੂੰ ਭੇਜੇ ਗਏ, ਜਿਨ੍ਹਾਂ ਵਿੱਚੋਂ 23 ਕੇਸ ਮਨਜ਼ੂਰ ਹੋ ਕੇ ਕਨਫ਼ਰਮ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੇਸਾਂ ਵਿੱਚ ਇਕ ਪ੍ਰਮੁੱਖ ਕੇਸ ਲਖਵੀਰ ਲੱਖਾ ਵਾਸੀ ਪਟੇਲ ਨਗਰ, ਬਠਿੰਡਾ ਨਾਲ ਸਬੰਧਤ ਹੈ, ਜਿਸ ਖ਼ਿਲਾਫ਼ ਥਾਣਾ ਕੋਤਵਾਲੀ ਬਠਿੰਡਾ ਵਿਚ ਐਨਡੀਪੀਐੱਸ ਕਾਨੂੰਨ ਤਹਿਤ ਕੇਸ ਦਰਜ ਹੈ। ਇਸ ਨਸ਼ਾ ਤਸਕਰ ਕੋਲੋਂ 8 ਜੁਲਾਈ 2025 ਨੂੰ 40 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਸੀ। ਡੀਐੱਸਪੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਸਮਰੱਥ ਅਥਾਰਟੀ ਦਿੱਲੀ ਵੱਲੋਂ ਆਰਡਰ ਪ੍ਰਾਪਤ ਹੋਣ ਉਪਰੰਤ ਪਹਿਲਾਂ ਹੀ 2 ਕਰੋੜ 49 ਲੱਖ 81 ਹਜ਼ਾਰ ਰੁਪਏ ਦੀ ਚੱਲ ਤੇ ਅਚੱਲ ਜਾਇਦਾਦ ਨੂੰ ਫਰੀਜ਼ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਇਸ ਨਸ਼ਾ ਤਸਕਰ ਦੇ ਹੋਰ ਦੋ ਵਾਹਨ ਇਕ ਮਰਸੀਡੀਜ਼ ਕਾਰ ਅਤੇ ਜੀਪ, ਜਿਨ੍ਹਾਂ ਦੀ ਕੁੱਲ ਕੀਮਤ ਲਗਭਗ 48 ਲੱਖ 50 ਹਜ਼ਾਰ ਰੁਪਏ ਬਣਦੀ ਹੈ, ਨੂੰ ਵੀ ਫਰੀਜ਼ ਕਰ ਦਿੱਤਾ ਗਿਆ ਹੈ।

# ਅਜ਼ਰਬਾਈਜਾਨ ਵਿਖ਼ੇ ਭਾਰਤ ਵਿੱਚ ਸਿੱਖ ਘੱਟ ਗਿਣਤੀ ਵਿਰੁੱਧ ਹਿੰਸਾ 'ਤੇ ਕੇਂਦ੍ਰਿਤ ਇੱਕ-ਰੋਜ਼ਾ ਕਾਨਫਰੰਸ

## ✪ ਅੰਤਰਰਾਸ਼ਟਰੀ ਕਾਨਫਰੰਸ ਨੇ ਸੁਤੰਤਰ ਸਿੱਖ ਰਾਜ, ਖਾਲਿਸਤਾਨ ਲਈ ਸਿੱਖ ਸੰਘਰਸ਼ ਦਾ ਕੀਤਾ ਸਮਰਥਨ

ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ)-ਅਜ਼ਰਬਾਈਜਾਨ ਦੀ ਰਾਜਧਾਨੀ ਬਾਕੂ ਵਿੱਚ ਭਾਰਤ ਵਿੱਚ ਸਿੱਖ ਘੱਟ ਗਿਣਤੀ ਵਿਰੁੱਧ ਹਿੰਸਾ 'ਤੇ ਕੇਂਦ੍ਰਿਤ ਇੱਕ ਇੱਕ-ਰੋਜ਼ਾ ਕਾਨਫਰੰਸ ਹੋਈ । ਇਹ ਕਾਨਫਰੰਸ ਇੱਕ ਐਨਜੀਓ, ਬਾਕੂ ਇਨੀਸ਼ੀਏਟਿਵ ਗਰੁੱਪ ਦੁਆਰਾ ਆਯੋਜਿਤ ਕੀਤੀ ਗਈ ਸੀ ਜਿਸਨੇ ਕਾਨਫਰੰਸ ਵਿੱਚ ਐਲਾਨ ਕੀਤਾ ਸੀ ਕਿ ਇਸਦੇ 20 ਤੋਂ ਵੱਧ ਦੇਸ਼ਾਂ ਅਤੇ ਵਿਦੇਸ਼ੀ ਪ੍ਰਦੇਸ਼ਾਂ ਅਤੇ 25 ਤੋਂ ਵੱਧ ਅੰਤਰਰਾਸ਼ਟਰੀ ਸੰਗਠਨਾਂ ਅਤੇ ਸੰਸਥਾਵਾਂ ਨਾਲ ਸਹਿਯੋਗ ਸਬੰਧ ਹਨ। ਇਸ ਕਾਨਫਰੰਸ ਨੇ ਵੱਖ-ਵੱਖ ਦੇਸ਼ਾਂ ਦੇ ਸਿੱਖ ਪ੍ਰਤੀਨਿਧੀਆਂ, ਸਿੱਖਿਆ ਸ਼ਾਸਤਰੀਆਂ, ਵਿਦਿਆਰਥੀਆਂ, ਕਾਨੂੰਨੀ ਮਾਹਰਾਂ ਅਤੇ ਸਿਵਲ ਸੋਸਾਇਟੀ ਸੰਗਠਨਾਂ ਦੇ ਪ੍ਰਤੀਨਿਧੀਆਂ ਨੂੰ ਇਕੱਠਾ ਕੀਤਾ।




ਕਾਨਫਰੰਸ ਸ਼ੁਰੂ ਹੋਣ ਤੋਂ ਪਹਿਲਾਂ ਭਾਗੀਦਾਰਾਂ ਅਤੇ ਮੀਡੀਆ ਨੂੰ ਜੂਨ 1984 ਵਿੱਚ ਸਿੱਖ ਨਸਲਕੁਸ਼ੀ 'ਤੇ ਇੱਕ ਪ੍ਰਦਰਸ਼ਨੀ ਰਾਹੀਂ ਅਗਵਾਈ ਕੀਤੀ ਗਈ ਅਤੇ ਸਿੱਖ ਧਰਮ ਦੇ ਲੇਖਾਂ ਬਾਰੇ ਜਾਣਕਾਰੀ ਦਿੱਤੀ ਗਈ ਸੀ।ਕਾਨਫਰੰਸ ਦੀ ਸ਼ੁਰੂਆਤ ਬਾਕੂ ਇਨੀਸ਼ੀਏਟਿਵ ਗਰੁੱਪ ਦੇ ਕਾਰਜਕਾਰੀ ਨਿਰਦੇਸ਼ਕ ਅੱਬਾਸ ਅੱਬਾਸੋਵ ਨੇ ਭਾਰਤੀ ਰਾਜ ਹਿੰਸਾ ਅਤੇ ਅੱਤਵਾਦ ਦੇ ਸਿੱਖ ਪੀੜਤਾਂ ਲਈ ਇੱਕ ਮਿੰਟ ਦਾ ਮੌਨ ਰੱਖਣ ਦੇ ਸੱਦੇ ਨਾਲ ਕੀਤੀ, ਜਿਸ ਵਿੱਚ ਜੂਨ 2023 ਵਿੱਚ ਕੈਨੇਡਾ ਵਿੱਚ ਸ਼ਹੀਦ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਾ ਖਾਸ ਜ਼ਿਕਰ ਕੀਤਾ ਗਿਆ ਸੀ। ਇਸ ਕਾਨਫਰੰਸ ਦੀ ਸਹੂਲਤ ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਦੁਆਰਾ ਯੂਕੇ ਅਤੇ ਕੈਨੇਡਾ ਦੇ ਮੁੱਖ ਸਿੱਖ ਬੁਲਾਰਿਆਂ ਨਾਲ ਕੀਤੀ ਗਈ ਸੀ। ਅੱਬਾਸ ਅੱਬਾਸੋਵ ਨੇ ਕਾਨਫਰੰਸ ਦਾ ਸ਼ਾਨਦਾਰ ਢੰਗ ਨਾਲ ਸੰਚਾਲਨ ਕੀਤਾ ਅਤੇ ਪਾਕਿਸਤਾਨ ਵਿੱਚ ਪੰਜਾਬ ਸਰਕਾਰ ਵਿੱਚ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਨੂੰ ਮਹਿਮਾਨ ਬੁਲਾਰੇ ਵਜੋਂ ਪੇਸ਼ ਕੀਤਾ ਗਿਆ ਸੀ। ਇਸ ਕਾਨਫਰੰਸ ਵਿਚ ਹਿੱਸਾ ਲੈਣ ਵਾਲੇ ਪੰਜ ਸਿੱਖ ਬੁਲਾਰੇ, ਭਾਈ ਦਬਿੰਦਰਜੀਤ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਭਾਈ ਰਣਵੀਰ ਸਿੰਘ, ਸਾਰੇ ਯੂਕੇ ਤੋਂ ਅਤੇ ਭਾਈ ਪ੍ਰਭਜੋਤ ਸਿੰਘ ਅਤੇ ਭਾਈ ਮੋਨਿੰਦਰ ਸਿੰਘ, ਦੋਵੇਂ ਕੈਨੇਡਾ ਤੋਂ ਸਨ। ਅੱਬਾਸੋਵ ਨੇ ਬਾਕੂ ਇਨੀਸ਼ੀਏਟਿਵ ਗਰੁੱਪ ਅਤੇ ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਦਾ ਇੱਕ ਸਾਂਝਾ ਬਿਆਨ ਪੜ੍ਹਿਆ ਜਿਸ ਵਿੱਚ ਅੰਤਰਰਾਸ਼ਟਰੀ ਭਾਈਚਾਰੇ ਨੂੰ ਭਾਰਤ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ਹਿੰਸਾ ਅਤੇ ਵਿਤਕਰੇ ਵਿਰੁੱਧ ਫੈਸਲਾਕੁੰਨ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ। ਬਿਆਨ ਵਿੱਚ ਦੁਨੀਆ ਭਰ ਦੀਆਂ ਸਰਕਾਰਾਂ, ਸਿਵਲ ਸੋਸਾਇਟੀ ਸੰਗਠਨਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਇਨਸਾਫ਼ ਅਤੇ ਆਜ਼ਾਦੀ ਦੀ ਪ੍ਰਾਪਤੀ ਵਿੱਚ ਸਿੱਖਾਂ ਲਈ ਏਕਤਾ ਦਾ ਪ੍ਰਦਰਸ਼ਨ ਕਰਨ ਲਈ ਵੀ ਕਿਹਾ ਗਿਆ ਹੈ। ਇਹ ਸਪੱਸ਼ਟ ਹੈ ਕਿ ਦੇਸ਼ ਅਤੇ ਅੰਤਰਰਾਸ਼ਟਰੀ ਸੰਗਠਨ ਇਹ ਸਮਝਣ ਵਿੱਚ ਵੱਧ ਰਹੇ ਹਨ ਕਿ ਪਿਛਲੇ ਤਿੰਨ ਸਾਲਾਂ ਵਿੱਚ ਭਾਰਤੀ ਅਧਿਕਾਰੀ ਖਾਲਿਸਤਾਨ ਲਈ ਮੁਹਿੰਮ ਚਲਾ ਰਹੇ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਕੇ ਅੰਤਰਰਾਸ਼ਟਰੀ ਦਮਨ ਵਿੱਚ ਕਿਉਂ ਸ਼ਾਮਲ ਹੋ ਰਹੇ ਹਨ।

ਇਸ ਗੱਲ ਵਿੱਚ ਵੱਡੀ ਵਿਸ਼ਵਵਿਆਪੀ ਦਿਲਚਸਪੀ ਹੈ ਕਿ ਭਾਰਤ ਸਰਕਾਰ ਖਾਲਿਸਤਾਨ ਲਈ ਮੁਹਿੰਮ ਚਲਾ ਰਹੇ ਸਿੱਖ ਡਾਇਸਪੋਰਾ ਤੋਂ ਡਰਦੀ ਹੈ ਕਿ ਉਸਨੂੰ ਲੱਗਦਾ ਹੈ ਕਿ ਅਮਰੀਕਾ, ਕੈਨੇਡਾ, ਯੂਕੇ, ਆਸਟ੍ਰੇਲੀਆ ਅਤੇ ਕਈ ਯੂਰਪੀਅਨ ਦੇਸ਼ਾਂ ਵਰਗੇ ਦੇਸ਼ਾਂ ਦੇ ਕਾਨੂੰਨ ਦੇ ਰਾਜ ਅਤੇ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਵਿੱਚ ਇੱਕ ਵੱਡਾ ਜੋਖਮ ਲੈਣਾ ਜ਼ਰੂਰੀ ਹੈ। ਇਸ ਲਈ ਇਹ ਕਾਨਫਰੰਸ ਅੰਤਰਰਾਸ਼ਟਰੀ ਪੱਧਰ 'ਤੇ ਬਹੁਤ ਸਾਰੇ ਸਮਾਨ ਸਮਾਗਮਾਂ ਵਿੱਚੋਂ ਪਹਿਲੀ ਹੋਣ ਦੀ ਉਮੀਦ ਹੈ।

# ਵੈਸਟ ਬਰੌਮਵਿਚ ਗੁਰਦੁਆਰਾ ਸਾਹਿਬ ਬਾਹਰ ਮਾਸ ਸੁੱਟਣ ਵਾਲਾ ਗ੍ਰਿਫ਼ਤਾਰ, ਮਾਮਲਾ ਸੰਸਦ ਤੱਕ ਪੁੱਜਾ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਬ੍ਰਿਟੇਨ ਦੇ ਵੈਸਟ ਬਰੌਮਵਿਚ ਵਿਚ ਸਥਿਤ ਪਵਿੱਤਰ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਬਾਹਰ ਕੱਚਾ ਮਾਸ ਸੁੱਟ ਕੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਇਕ ਵਿਅਕਤੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਮੁਤਾਬਕ ਦੋਸ਼ੀ ਦੀ ਪਛਾਣ 42 ਸਾਲਾ ਟੌਮਾਜ਼ ਬ੍ਰਚ ਵਜੋਂ ਹੋਈ ਹੈ, ਜਿਸ ਦਾ ਕੋਈ ਪੱਕਾ ਰਿਹਾਇਸ਼ੀ ਪਤਾ ਦਰਜ ਨਹੀਂ ਮਿਲਿਆ। ਪੁਲਿਸ ਨੇ ਇਸ ਘਟਨਾ ਨੂੰ ਸਿੱਖ ਧਰਮ ਦੀ ਮਰਯਾਦਾ ਦੇ ਖ਼ਿਲਾਫ਼ ਨਫ਼ਰਤ ਤੋਂ ਪ੍ਰੇਰਿਤ ਅਪਰਾਧ ਕਰਾਰ ਦਿੰਦਿਆਂ ਮਾਮਲਾ ਦਰਜ ਕੀਤਾ ਹੈ। ਇਹ ਵਾਰਦਾਤ 22 ਦਸੰਬਰ ਨੂੰ ਵਾਪਰੀ ਸੀ, ਜਿਸ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਤੁਰੰਤ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ। ਜਾਂਚ ਦੌਰਾਨ ਪੁਲਿਸ ਨੇ ਗੁਰਦੁਆਰਾ ਸਾਹਿਬ ਦੇ ਬਾਹਰ ਲੱਗੇ ਨਿਗਰਾਨੀ ਕੈਮਰਿਆਂ ਦੀ ਫੁਟੇਜ ਹਾਸਲ ਕੀਤੀ, ਜਿਸ ਵਿਚ ਦੋਸ਼ੀ ਨੂੰ ਗੁਰਦੁਆਰਾ ਸਾਹਿਬ ਦੇ ਗੇਟ ਕੋਲ ਇਕ ਥੈਲੇ ਵਿਚੋਂ ਕੱਚਾ ਮਾਸ ਸੁੱਟਦਾ ਹੋਇਆ ਸਾਫ਼ ਦਿਖਾਈ ਦੇ ਰਿਹਾ ਹੈ। ਇਸ ਫੁਟੇਜ ਦੇ ਆਧਾਰ 'ਤੇ ਹੀ ਪੁਲਿਸ ਨੇ ਦੋਸ਼ੀ ਦੀ ਪਛਾਣ ਕਰਕੇ ਉਸ ਨੂੰ ਕਾਬੂ ਕੀਤਾ।

ਇਸ ਮਾਮਲੇ ਨੇ ਉਸ ਵੇਲੇ ਹੋਰ ਤੂਲ ਫੜਿਆ, ਜਦੋਂ ਵੈਸਟ ਬਰੌਮਵਿਚ ਤੋਂ ਲੇਬਰ ਪਾਰਟੀ ਦੀ ਸੰਸਦ ਮੈਂਬਰ ਸਾਰਾ ਕੂਮਬਜ਼ ਨੇ 8 ਜਨਵਰੀ ਨੂੰ ਬ੍ਰਿਟੇਨ ਦੀ ਸੰਸਦ ਵਿਚ ਇਹ ਮਸਲਾ ਉਠਾਇਆ। ਉਨ੍ਹਾਂ ਇਸ ਘਟਨਾ ਨੂੰ ਸਿੱਖ ਭਾਈਚਾਰੇ ਖ਼ਿਲਾਫ਼ ਨਫ਼ਰਤ ਤੋਂ ਪ੍ਰੇਰਿਤ ਇਕ ਘਿਨੌਣਾ ਕ੍ਰਿਤ ਕਰਾਰ ਦਿੰਦਿਆਂ ਕਿਹਾ ਕਿ ਅਜਿਹੀਆਂ ਹਰਕਤਾਂ ਕਿਸੇ ਵੀ ਸੂਰਤ ਵਿਚ ਬਰਦਾਸ਼ਤਯੋਗ ਨਹੀਂ ਹਨ।

ਦੋਸ਼ੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਸੰਸਦ ਮੈਂਬਰ ਸਾਰਾ ਕੂਮਬਜ਼ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਰਾਹੀਂ ਵੀਡੀਓ ਸਾਂਝੀ ਕਰਕੇ ਸੰਤੋਖ ਜ਼ਾਹਰ ਕੀਤਾ ਅਤੇ ਉਮੀਦ ਜਤਾਈ ਕਿ ਦੋਸ਼ੀ ਨੂੰ ਉਸਦੇ ਕਰਤੂਤਾਂ ਦੀ ਸਖ਼ਤ ਸਜ਼ਾ ਮਿਲੇਗੀ। ਪੁਲਿਸ ਵੱਲੋਂ ਦੱਸਿਆ ਗਿਆ ਕਿ ਦੋਸ਼ੀ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ ਅਗਲੀ ਸੁਣਵਾਈ ਤੱਕ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਮਾਮਲੇ ਦੀ ਅਗਲੀ ਸੁਣਵਾਈ ਵੂਲਵਰਹੈਂਪਟਨ ਮੈਜਿਸਟ੍ਰੇਟ ਅਦਾਲਤ ਵਿਚ ਹੋਵੇਗੀ। ਇਸ ਸਬੰਧੀ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਬਹਾਦਰ ਸਿੰਘ ਕੰਗ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਪੁਲਿਸ ਅਤੇ ਬਰਤਾਨੀਆ ਸਰਕਾਰ ਉਹਨਾਂ ਨੂੰ ਪੂਰਨ ਸਹਿਯੋਗ ਦੇ ਰਹੀ ਹੈ, ਉਹਨਾਂ ਨੇ ਸਿੱਖ ਭਾਈਚਾਰੇ ਨੂੰ ਸ਼ਾਂਤੀ ਬਣਈ ਰੱਖਣ ਦੀ ਅਪੀਲ ਕਰਦੇ ਆਂ ਕਿਹਾ ਕਿ ਉਕਤ ਦੋਸ਼ੀ ਵਿਰੁੱਧ ਕਾਨੂੰਨੀ ਕਾਰਵਾਈ ਕਰਾਉਣ ਲਈ ਪ੍ਰਬੰਧਕ ਕਮੇਟੀ ਵੱਲੋਂ ਨਿਰੰਤਰ ਪੁਲਿਸ ਨਾਲ ਤਾਲਮੇਲ ਰੱਖਿਆ ਜਾ ਰਿਹਾ।

# ਟਰੰਪ ਦੀ ਟੈਰਿਫ਼ ਧਮਕੀ 'ਤੇ ਬ੍ਰਿਟੇਨ ਦਾ ਤਿੱਖਾ ਵਿਰੋਧ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗ੍ਰੀਨਲੈਂਡ ਨੂੰ ਖਰੀਦਣ ਸਬੰਧੀ ਸੌਦਾ ਨਾ ਹੋਣ ਦੀ ਸੂਰਤ ਵਿੱਚ ਯੂਨਾਈਟਿਡ ਕਿੰਗਡਮ 'ਤੇ ਭਾਰੀ ਟੈਰਿਫ਼ ਲਗਾਉਣ ਦੀ ਧਮਕੀ ਨੇ ਬ੍ਰਿਟੇਨ ਦੀ ਸਿਆਸਤ ਵਿੱਚ ਭਾਰੀ ਹਲਚਲ ਮਚਾ ਦਿੱਤੀ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਸਮੇਤ ਸਰਕਾਰ ਅਤੇ ਵਿਰੋਧੀ ਧਿਰਾਂ ਦੇ ਆਗੂਆਂ ਨੇ ਟਰੰਪ ਦੀ ਇਸ ਯੋਜਨਾ ਨੂੰ "ਪੂਰੀ ਤਰ੍ਹਾਂ ਗਲਤ ਅਤੇ ਅਸਵੀਕਾਰਯੋਗ" ਕਰਾਰ ਦਿੱਤਾ ਹੈ।



ਬ੍ਰਿਟਿਸ਼ ਸਿਆਸਤਦਾਨਾਂ ਦਾ ਕਹਿਣਾ ਹੈ ਕਿ ਗ੍ਰੀਨਲੈਂਡ ਵਰਗੇ ਸੰਵੇਦਨਸ਼ੀਲ ਅੰਤਰਰਾਸ਼ਟਰੀ ਮਸਲੇ ਨੂੰ ਵਪਾਰਕ ਦਬਾਅ ਬਣਾਉਣ ਲਈ ਵਰਤਣਾ ਕੂਟਨੀਤਿਕ ਮਰਿਆਦਾਵਾਂ ਦੇ ਖ਼ਿਲਾਫ਼ ਹੈ। ਉਨ੍ਹਾਂ ਅਨੁਸਾਰ ਜੇ ਅਮਰੀਕਾ ਵੱਲੋਂ ਬ੍ਰਿਟੇਨ 'ਤੇ 10 ਫ਼ੀਸਦੀ ਤੱਕ ਟੈਰਿਫ਼ ਲਾਗੂ ਕੀਤੇ ਜਾਂਦੇ ਹਨ ਤਾਂ ਇਸ ਦਾ ਸਿੱਧਾ ਅਸਰ ਦੇਸ਼ ਦੀ ਅਰਥਵਿਵਸਥਾ, ਨਿਰਯਾਤ, ਉਦਯੋਗ ਅਤੇ ਆਮ ਲੋਕਾਂ ਦੀ ਜੇਬ 'ਤੇ ਪਵੇਗਾ।

ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਸਪਸ਼ਟ ਕੀਤਾ ਕਿ ਬ੍ਰਿਟੇਨ ਕਿਸੇ ਵੀ ਤਰ੍ਹਾਂ ਦੀ ਧਮਕੀ ਅੱਗੇ ਨਹੀਂ ਝੁਕੇਗਾ ਅਤੇ ਆਪਣੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਕੂਟਨੀਤਿਕ ਅਤੇ ਕਾਨੂੰਨੀ ਰਾਹ ਅਪਨਾਏ ਜਾਣਗੇ। ਉਨ੍ਹਾਂ ਕਿਹਾ ਕਿ ਗ੍ਰੀਨਲੈਂਡ ਡੈਨਮਾਰਕ ਦੇ ਅਧੀਨ ਆਉਂਦਾ ਖੇਤਰ ਹੈ ਅਤੇ ਇਸ ਸਬੰਧੀ ਦਬਾਅ ਬਣਾਉਣਾ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੈ।

ਵਿਰੋਧੀ ਧਿਰਾਂ ਨੇ ਵੀ ਸਰਕਾਰ ਨਾਲ ਸਹਿਮਤੀ ਜ਼ਾਹਰ ਕਰਦਿਆਂ ਟਰੰਪ ਦੀ ਧਮਕੀ ਦੀ ਸਖ਼ਤ ਨਿੰਦਾ ਕੀਤੀ ਹੈ। ਸਿਆਸਤਦਾਨਾਂ ਦਾ ਕਹਿਣਾ ਹੈ ਕਿ ਅਜਿਹੇ ਬਿਆਨ ਨਾ ਸਿਰਫ਼ ਯੂਰਪ ਵਿੱਚ ਅਨਸ਼ਚਿਤਤਾ ਪੈਦਾ ਕਰ ਰਹੇ ਹਨ, ਸਗੋਂ ਵਿਸ਼ਵ ਵਪਾਰਕ ਪ੍ਰਣਾਲੀ ਨੂੰ ਵੀ ਨੁਕਸਾਨ ਪਹੁੰਚਾ ਸਕਦੇ ਹਨ।

ਅਰਥਸ਼ਾਸਤਰੀਆਂ ਅਨੁਸਾਰ ਜੇ ਅਮਰੀਕਾ ਅਤੇ ਬ੍ਰਿਟੇਨ ਦਰਮਿਆਨ ਟੈਰਿਫ਼ ਜੰਗ ਛਿੜੀ ਤਾਂ ਇਸ ਨਾਲ ਮਹਿੰਗਾਈ ਵਧਣ, ਨਿਵੇਸ਼ ਘਟਣ ਅਤੇ ਕਾਰੋਬਾਰੀ ਖੇਤਰ ਪ੍ਰਭਾਵਿਤ ਹੋਣ ਦੀ ਪੂਰੀ ਸੰਭਾਵਨਾ ਹੈ। ਇਸ ਮਾਮਲੇ 'ਚ ਬ੍ਰਿਟਿਸ਼ ਸਰਕਾਰ ਵੱਲੋਂ ਅਮਰੀਕਾ ਨਾਲ ਉੱਚ ਪੱਧਰੀ ਕੂਟਨੀਤਿਕ ਗੱਲਬਾਤ ਕਰਨ ਦੇ ਸੰਕੇਤ ਵੀ ਮਿਲ ਰਹੇ ਹਨ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਟਰੰਪ ਦੀ ਇਹ ਨੀਤੀ ਆਉਣ ਵਾਲੇ ਦਿਨਾਂ ਵਿੱਚ ਯੂਰਪ-ਅਮਰੀਕਾ ਸਬੰਧਾਂ ਲਈ ਇੱਕ ਵੱਡੀ ਚੁਣੌਤੀ ਬਣ ਸਕਦੀ ਹੈ ਅਤੇ ਬ੍ਰਿਟੇਨ ਦੀ ਸੰਸਦ ਵਿੱਚ ਇਸ ਮਸਲੇ 'ਤੇ ਗਰਮਾਗਰਮ ਚਰਚਾ ਹੋਣੀ ਤੈਅ ਹੈ।

ਜੈ ਸ੍ਰੀ ਗੁਰੂ ਰਵਿਦਾਸ ਜੀ | ੴ ਸਤਿਗੁਰ ਪ੍ਰਸਾਦਿ॥ | ਜੈ ਸ੍ਰੀ ਗੁਰੂ ਰਵਿਦਾਸ ਜੀ

# ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥

## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ

# 649ਵਾਂ ਪ੍ਰਕਾਸ਼ ਉਤਸਵ

## ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ

## 1 ਫਰਵਰੀ 2026 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

ਪਰਮ ਸਤਿਕਾਰਯੋਗ ਸਾਧ ਸੰਗਤ ਜੀਉ।

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਮਹਾਨ ਪ੍ਰਕਾਸ਼ ਉਤਸਵ ਦਿੱਤੇ ਹੋਏ ਪ੍ਰੋਗਰਾਮ ਅਨੁਸਾਰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਮਹਾਨ ਰਹਿਬਰ, ਕ੍ਰਾਂਤੀਕਾਰੀ ਗੁਰੂ ਰਵਿਦਾਸ ਜੀ ਨੇ 15ਵੀਂ ਸਦੀ ਵਿੱਚ ਸਭ ਤੋਂ ਪਵਿੱਤਰ ਅਸਥਾਨ ਕਾਸ਼ੀ (ਬਨਾਰਸ) ਵਿੱਚ ਅਵਤਾਰ ਧਾਰ ਕੇ ਊਚ-ਨੀਚ, ਜਾਤਪਾਤ ਤੇ ਵੰਡੀ ਹੋਈ ਮਨੁੱਖਤਾ ਨੂੰ ਸਿੱਧੇ ਰਾਹ ਪਾਉਣ ਦਾ ਉਪਰਾਲਾ ਕੀਤਾ। ਉਸ ਸਮੇਂ ਦੇ ਘਮੰਡੀ ਹੁਕਮਰਾਨ, ਧਰਮ ਦੇ ਠੇਕੇਦਾਰ ਗੁਰੂ ਜੀ ਦੇ ਸੰਘਰਸ਼ ਦਾ ਸਾਹਮਣਾ ਨਾ ਕਰ ਸਕੇ। ਰਾਜਾ ਨਾਗਰ ਮੱਲ, ਰਾਣੀ ਝਾਲਾ ਬਾਈ ਅਤੇ ਰਾਣੀ ਮੀਰਾਂ ਬਾਈ, ਰਾਜਾ ਸਿਕੰਦਰ ਲੋਧੀ ਅਤੇ ਹੋਰ ਉਸ ਵਕਤ ਦੇ ਲੋਕ ਜਾਤਪਾਤ ਵਿੱਚ ਵੰਡੇ ਸਮਾਜ ਨੂੰ ਤਿਆਗ ਕੇ ਜਗਤ ਗੁਰੂ ਰਵਿਦਾਸ ਜੀ ਦੀ ਸ਼ਰਨ ਵਿੱਚ ਆ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਇਨਸਾਫ ਸੱਚਾਈ, ਇਨਸਾਨੀਅਤ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਜਿਵੇਂ ਕਿ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਫਰਮਾਇਆ ਕਿ "ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀ ਤਿਹਿ ਠਾਉ॥"

ਅੱਜ ਫਿਰ ਕੌਮ ਨੂੰ ਏਕਤਾ ਦੀ ਲੜੀ ਵਿੱਚ ਪ੍ਰੋਣ ਲਈ ਗੁਰੂ ਜੀ ਦੇ ਸਾਂਝੀਵਾਲਤਾ, ਬਰਾਬਰਤਾ ਅਤੇ ਭਾਈਚਾਰੇ ਦੇ ਸੰਦੇਸ਼ ਨੂੰ ਪ੍ਰਚਾਰਨ ਅਤੇ ਗੁਰਬਾਣੀ ਦੇ ਰੂਪ ਵਿੱਚ ਉਨ੍ਹਾਂ ਦੀ ਅਨਮੋਲ ਸਿੱਖਿਆ ਉਪਰ ਅਮਲ ਕਰਨ ਦੀ ਲੋੜ ਹੈ। ਆਉ ਅੱਜ ਉਸ ਮਹਾਨ ਰਹਿਬਰ ਦੇ ਪ੍ਰਕਾਸ਼ ਉਤਸਵ 'ਤੇ ਪ੍ਰਣ ਕਰੀਏ ਅਤੇ ਉਨ੍ਹਾਂ ਦੇ ਦਰਸਾਏ ਹੋਏ ਮਾਰਗ 'ਤੇ ਚੱਲ ਕੇ ਆਪਣੇ ਜੀਵਨ ਸਫਲੇ ਕਰੀਏ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਆ ਕੇ ਦਰਸ਼ਨ ਦਿਉ ਜੀ ਅਤੇ ਰੱਬੀ ਬਾਣੀ ਦਾ ਕੀਰਤਨ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿੱਚ ਪਰਿਵਾਰਾਂ ਵੱਲੋਂ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਦੇ ਜਾਪਾਂ ਦੀ ਸੇਵਾ**

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭਨਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਗੁਰਪੁਰਬ ਤੋਂ ਲੈ ਕੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਗੁਰਪੁਰਬ ਤੱਕ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੀ ਸੇਵਾ ਸਮੂਹ ਸੰਗਤਾਂ ਵੱਲੋਂ ਕੀਤੀ ਜਾਂਦੀ ਹੈ। ਆਪ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਅਖੰਡ ਪਾਠਾਂ ਦੀ ਲੜੀ ਵਿੱਚ ਆਪਣਾ ਯੋਗਦਾਨ ਪਾਉ ਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸੰਗਤ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੋਂ ਹੁਣ ਤੱਕ ਜਿਹੜੇ ਪਰਿਵਾਰਾਂ ਵੱਲੋਂ ਪਾਠ ਦੀ ਸੇਵਾ ਲਈ ਗਈ ਹੈ ਉਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ:

09-11-25 ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਰਪੁਰਬ ਸੰਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ
09-11-25 ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਮਨਜਿੰਦਰ ਸਿੰਘ ਜੀ ਦੇ ਪਰਿਵਾਰ ਵੱਲੋਂ ਕਰਵਾਏ ਗਏ
14-11-25 ਜੋਗਿੰਦਰ ਸਿੰਘ ਬੰਗੜ ਦੇ ਪਰਿਵਾਰ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ, 16-11-25 ਭੋਗ ਸ੍ਰੀ ਅਖੰਡ ਪਾਠ ਸਾਹਿਬ
21-11-25 ਸਮੂਹ ਸਾਧ ਸੰਗਤ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਅਤੇ 23-11-25 ਐਤਵਾਰ ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
28-11-25 ਸਮੂਹ ਸਾਧ ਸੰਗਤ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
29-11-25 ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਜਗਤਾਰ ਸਿੰਘ ਚੌਂਕੜੀਆ ਜੀ ਦੇ ਪਰਿਵਾਰ ਵੱਲੋਂ
30-11-25 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਲੋਈ ਪਰਿਵਾਰ ਵੱਲੋਂ
05-12-25 ਬੱਸ ਡਰਾਈਵਰਾਂ ਦੇ ਪਰਿਵਾਰਾਂ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ 7-12-25 ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ
12-12-25 ਪ੍ਰਬੰਧਕ ਕਮੇਟੀ ਅਤੇ ਟਰੱਸਟੀ ਸਾਹਿਬਾਨ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ 14-12-25 ਭੋਗ ਸ੍ਰੀ ਅਖੰਡ ਪਾਠ ਸਾਹਿਬ
19-12-25 ਗੁਰੂ ਘਰ ਦੇ ਸੇਵਾਦਾਰਾਂ ਅਤੇ ਸੰਗਤਾਂ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ, 21-12-25 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
20-12-25 ਸ਼ਨਿੱਚਰਵਾਰ ਨੂੰ ਦੁੱਗਲ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ
26-12-25 ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ (1) ਗੁਰੂ ਘਰ ਦੇ ਸੇਵਾਦਾਰਾਂ ਵੱਲੋਂ (2) ਪਰਮਜੀਤ ਸਿੰਘ ਜੀ ਦੇ ਪਰਿਵਾਰ ਵੱਲੋਂ
28-12-25 ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ (1) ਗੁਰੂ ਘਰ ਦੇ ਸੇਵਾਦਾਰਾਂ ਵੱਲੋਂ (2) ਪਰਮਜੀਤ ਸਿੰਘ ਜੀ ਦੇ ਪਰਿਵਾਰ ਵੱਲੋਂ
30-12-25 ਮੰਗਲਵਾਰ ਦਰਸ਼ਨ ਸਿੰਘ ਨਾਗੀ ਦੇ ਪਰਿਵਾਰ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ
31-12-25 ਬੁੱਧਵਾਰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਸ੍ਰੀ ਬਸੰਤ ਰਾਏ ਜੀ ਦੇ ਪਰਿਵਾਰ ਵੱਲੋਂ
01-01-26 ਵੀਰਵਾਰ ਦਰਸ਼ਨ ਸਿੰਘ ਨਾਗੀ ਦੇ ਪਰਿਵਾਰ ਵੱਲੋਂ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
02-01-26 ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ੍ਰੀਮਤੀ ਗੁਰਦੀਪ ਕੌਰ ਚੌਂਕੜੀਆ ਪਰਿਵਾਰ ਵੱਲੋਂ, 4-1-26 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
09-01-26 ਆਰੰਭ ਸ੍ਰੀ ਅਖੰਡ ਪਾਠ ਸਾਹਿਬ ਰੋਇਲ ਮੇਲ ਪੋਸਟ ਆਫਿਸ ਸਟਾਫ ਵੱਲੋਂ - 11-1-26 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
16-01-26 ਆਰੰਭ ਸ੍ਰੀ ਅਖੰਡ ਪਾਠ ਸਾਹਿਬ (1) ਗੁਰੂ ਘਰ ਦੀਆਂ ਬੀਬੀਆਂ ਵੱਲੋਂ (2) ਸ੍ਰੀ ਮਤੀ ਵਿੱਦਿਆ ਦੁੱਗਲ ਜੀ ਦੇ ਪਰਿਵਾਰ ਵੱਲੋਂ
18-01-26 ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ (1) ਗੁਰੂ ਘਰ ਦੀਆਂ ਬੀਬੀਆਂ ਵੱਲੋਂ (2) ਸ੍ਰੀ ਮਤੀ ਵਿੱਦਿਆ ਦੁੱਗਲ ਜੀ ਦੇ ਪਰਿਵਾਰ ਵੱਲੋਂ
23-01-26 ਸ਼ੁੱਕਰਵਾਰ ਏਅਰਪੋਰਟ ਦੇ ਸਟਾਫ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ, 25-1-26 ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
24-01-26 ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਸ: ਬਲਬੀਰ ਸਿੰਘ ਖੁੱਤਣ ਜੀ ਦੇ ਪਰਿਵਾਰ ਵੱਲੋਂ
30-01-26 ਸ਼ੁੱਕਰਵਾਰ ਨੂੰ ਸਮੂਹ ਸੰਗਤਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
01-02-26 ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿੱਚ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ




## ਪ੍ਰੋਗਰਾਮ ਦਾ ਵੇਰਵਾ ਇਸ ਤਰ੍ਹਾਂ ਹੈ :

**➤ ਆਰੰਭ ਸ੍ਰੀ ਅਖੰਡ ਪਾਠ ਸਾਹਿਬ**
30-01-2026 ਸ਼ੁੱਕਰਵਾਰ 10 ਵਜੇ ਸਵੇਰੇ

**➤ ਭੋਗ ਸ੍ਰੀ ਅਖੰਡ ਪਾਠ ਸਾਹਿਬ**
01-02-2026 ਐਤਵਾਰ 10 ਵਜੇ ਸਵੇਰੇ

ਉਪਰੰਤ ਗਿਆਨੀ ਰਣਜੀਤ ਸਿੰਘ ਜੀ (ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ) ਗੁਰੂ ਮਹਾਰਾਜ ਜੀ ਦੀ ਆਰਤੀ ਦਾ ਕੀਰਤਨ ਕਰਨਗੇ। ਇਸ ਉਪਰੰਤ ਹੋਰ ਵੀ ਗੁਣੀ ਗਿਆਨੀ ਤੇ ਕੀਰਤਨੀ ਜਥੇ ਪਹੁੰਚ ਰਹੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਸ਼ਨੀਵਾਰ 31-1-2026 ਨੂੰ ਸਵੇਰੇ 9:00 ਨਿਸ਼ਾਨ ਸਾਹਿਬ ਨੂੰ ਪੂਰਨ ਮਰਿਯਾਦਾ ਅਨੁਸਾਰ ਚੋਲਾ ਪਹਿਨਾਇਆ ਜਾਵੇਗਾ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚੋ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣੇ ਜੀਵਨ ਸਫਲੇ ਕਰੋ ਜੀ।

## ਸੇਵਾਦਾਰ : ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਸਭਾ, ਸਾਊਥਾਲ

282, ਵੈਸਟਰਨ ਰੋਡ, ਸਾਊਥਾਲ, ਮਿਡਲਸੈਕਸ
ਟੈਲੀਫੋਨ: 020-8574-0245 (ਦਫਤਰ) ਟੈਲੀਫੋਨ: 020-8574-0528 (ਲੰਗਰ ਹਾਲ)
Fax: 020-8574-8967 - www.sgrds.org

## 649th BIRTHDAY ANNIVERSARY of

# Shri Guru Ravidass Ji

## ON SUNDAY 1st FEB 2026 AT

## SHRI GURU RAVIDASS TEMPLE, SOUTHALL

### 282 WESTERN ROAD, SOUTHALL, MIDDX. UB2 5JT

Shri Guru Ravidass Ji was one of the leading Saint of Medieval times. He preached that man can not be known by his occupation but by noble deeds and love to mankind. He believed in equality, liberty, Freedom and equal status of human beings.

## DISTINGUISHED GUESTS

0) Chief Guest His excellency High Commissioner of India
0) President of Shri Guru Ravidass Sabha U.K. and Abroad
0) Mayor of Ealing Council
0) Mayor of Hounslow
0) Local Members of Parliament (M.P.'s)
0) Superintendent of Police
0) Head Teachers from High Schools
0) All community & faith leaders & Councillors

**ਨੋਟ** ਉੱਪਰ ਲਿਖੇ ਪਤਵੰਤੇ ਸੱਜਣਾਂ ਨੂੰ ਸੱਦਾ ਪੱਤਰ ਪ੍ਰਬੰਧਕ ਕਮੇਟੀ ਵੱਲੋਂ ਭੇਜਿਆ ਗਿਆ ਹੈ। ਆਸ ਹੈ ਕਿ ਉਹ ਗੁਰੂ ਘਰ ਵਿਖੇ ਦਰਸ਼ਨ ਦੇਣਗੇ। ਇਸ ਤੋਂ ਉਪਰੰਤ ਸਥਾਨਕ ਪਤਵੰਤੇ ਸੱਜਣਾਂ ਅਤੇ ਧਾਰਮਿਕ ਸੰਸਥਾਵਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਵੀ ਗੁਰੂ ਘਰ ਆਉਣ ਦੀ ਕ੍ਰਿਪਾਲਤਾ ਕਰਨ ਜੀ। ਧੰਨਵਾਦੀ ਹੋਵਾਂਗੇ।

**Car park will be open on Saturday/Sunday from 8:00am to 6:00pm**

**ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰੂ ਘਰ ਆ ਕੇ ਦਰਸ਼ਨ ਦਿਓ ਜੀ ਅਤੇ ਰੱਬੀ ਬਾਣੀ ਦਾ ਕੀਰਤਨ ਸਰਵਣ ਕਰਕੇ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

# 26 ਜਨਵਰੀ ਨੂੰ ਭਾਰਤ ਦੇ ਗਣਤੰਤਰ ਦਿਵਸ ਨੂੰ ਕਾਲੇ ਦਿਨ ਦੇ ਤੌਰਤੇ ਮਨਾਉਣ ਲਈ ਭਾਰਤੀ ਸਫਾਰਤਖਾਨਿਆਂ ਸਾਹਮਣੇ ਰੋਹ ਮੁਜ਼ਾਰਿਆਂ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣ ਦੀ ਅਪੀਲ -ਗੁਰਾਇਆ , ਲੇਹਲ

ਜਰਮਨ : ਵਰਲਡ ਸਿੱਖ ਪਾਰਲੀਮੈਂਟ ਦੇ ਕੋ-ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਜਤਿੰਦਰ ਸਿੰਘ ਸੰਧੂ ਦਲ ਖਾਲਸਾ ਜਰਮਨੀ ਦੇ ਪ੍ਰਧਾਨ ਭਾਈ ਹਰਮੀਤ ਸਿੰਘ ਲੇਹਲ, ਭਾਈ ਅੰਗਰੇਜ ਸਿੰਘ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਹਾ ਕਿ 26 ਜਨਵਰੀ 1950 ਨੂੰ ਲਾਗੂ ਹੋਏ ਭਾਰਤੀ ਸੰਵਿਧਾਨ ਵਾਲੇ ਦਿਨ ਜਦੋਂ ਭਾਰਤ ਦੇ ਮੰਨੂਵਾਦੀਆਂ ਵੱਲੋਂ ਖੁਸ਼ੀਆਂ ਦੇ ਜਸ਼ਨ ਮਨਾਏ ਜਾਣਗੇ, ਉਦੋਂ ਸਿੱਖ ਕੌਮ ਵਲੋਂ ਇਹ ਦਿਨ ਕਾਲੇ ਦਿਵਸ ਵਜੋਂ ਮਨਾਇਆ ਜਾਵੇਗਾ ਕਿਉਂਕਿ ਇਹ ਭਾਰਤੀ ਸੰਵਿਧਾਨ ਦਾ ਦਸਤਾਵੇਜ਼, ਸਿੱਖਾਂ ਨਾਲ ਕੀਤੇ ਧੋਖੇ ਦਾ ਦਸਤਾਵੇਜ਼ ਹੈ। ਸਿੱਖ ਕੌਮ ਨਾਲ, ਹਿੰਦੂਤਵੀਆਂ ਵਲੋਂ ਕੀਤਾ ਗਿਆ ਵਿਸਾਹਘਾਤ ਹੈ।ਜਿਸ ਦੀਆਂ ਹਜ਼ਾਰਾਂ ਮਿਸਾਲਾਂ ਹਨ ਪਰ ਜਿਸ ਦੀ ਤਾਜ਼ਾ ਮਿਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕਰਨ ਤੋਂ ਬਾਅਦ ਜਾਂਚ ਰਿਪੋਰਟ ਦਬਾਕੇ ਰੱਖਣੀ, ਰਾਜਸੀ ਸਿੱਖ ਕੈਦੀਆਂ ਬਾਰੇ ਭਾਰਤ ਦੇ ਗ੍ਰਹਿਮੰਤਰੀ ਦਾ ਸਿੱਖ ਕੌਮ ਨੂੰ ਜਲੀਲ ਤੇ ਗੁਲਾਮੀ ਦਾ ਅਹਿਸਾਸ ਕਰਾਉਣ ਵਾਲਾ ਬਿਆਨ, ਘੱਟ ਗਿਣਤੀ ਕੌਮਾਂ ਨੂੰ ਹਿੰਦੂਤਵੀਆਂ ਦੇ ਸਦੀਵੀ ਗੁਲਾਮ ਬਣਾਉਣ ਲਈ ਪਾਰਲੀਮੈਂਟ ਵਿੱਚ ਕਾਲੇ



ਕਾਨੂੰਨ ਬਣਾਉਣੇ ਆਦਿ ਹਨ ।

ਭਾਰਤ ਦੀ ਮੰਨੂਵਾਦੀ ਮੋਦੀ ਦੀ ਹਕੂਮਤ ਵੱਲੋਂ ਪਿਛਲੇ ਸਾਲ ਵਿਦੇਸ਼ਾਂ ਵਿੱਚਲੇ ਸਫ਼ਾਰਤਖ਼ਾਨਿਆਂ ਨੂੰ ਇੱਕ ਸਰਕੂਲਰ ਜਾਰੀ ਕੀਤਾ ਸੀ ਕਿ 15 ਅਗਸਤ ਤੇ 26 ਜਨਵਰੀ ਨੂੰ ਭਾਰਤੀ ਸਫ਼ਾਰਤਖ਼ਾਨਿਆਂ ਸਾਹਮਣੇ ਭਾਰਤ ਵਿਰੋਧੀ ਰੋਹ ਮੁਜ਼ਾਹਰਿਆਂ ਨੂੰ ਬੰਦ ਕਰਵਾਇਆ ਜਾਵੇ ਕਿਉਂਕਿ ਇਹਨਾਂ ਸਫਾਰਤਖਾਨਿਆਂ ਵਿੱਚ ਅਜ਼ਾਦੀ ਤੇ ਗਣਤੰਤਰ ਦਿਵਸ ਦੇ ਜਸ਼ਨ ਮਨਾਏ ਜਾ ਰਹੇ ਹੁੰਦੇ ਹਨ ਦੂਜੇ ਪਾਸੇ ਸਿੱਖ ਭਾਰਤ ਵੱਲੋਂ ਮਨੁੱਖੀ ਅਧਿਕਾਰਾਂ ਦੇ ਘਾਣ ਤੇ ਆਪਣੇ ਖੁੱਸੇ ਹੋਏ ਸਿੱਖ ਰਾਜ ਦੀ ਪ੍ਰਾਪਤੀ ਤੇ ਆਪਣੇ ਪਾਤਿਸ਼ਾਹੀ ਦਾਅਵੇ ਦੀ ਅਵਾਜ ਬੁਲੰਦ ਕਰਨ ਦੇ ਨਾਲ ਨਾਲ ਮੰਨੂਵਾਦੀ ਹਕੂਮਤ ਦੀਆਂ ਕਾਲੀਆਂ ਕਰਤੂਤਾਂ ਦਾ ਚਿੱਠਾ ਖੋਹਲ ਕੇ ਇਸ ਨੂੰ ਕਾਲੇ ਦਿਵਸ ਦੇ ਤੌਰਤੇ ਮੁਜਹਾਰਾ ਕਰਕੇ ਜਸ਼ਨਾਂ ਦੇ ਰੰਗ ਵਿੱਚ ਭੰਗ ਪਾਉਂਦੇ ਹਨ ਸੋ ਇਸ ਕਰਕੇ ਉਹਨਾਂ ਨੂੰ ਬਹੁਤ ਦੁੱਖ ਹੁੰਦਾ ਹੈ । ਇਸੇ ਤਹਿਤ ਇਹਨਾਂ ਦੀਆਂ ਏਜੰਸੀਆਂ ਵੱਲੋਂ ਜਿੱਥੇ ਕੰਮਜੋਰ ਜ਼ਮੀਰਾਂ ਵਾਲਿਆ ਦੀ ਜ਼ਮੀਰ ਖਰੀਦ ਕੇ ਨਿੱਜੀ ਲਾਲਸਾਵਾਂ ਜਾਂ ਫਿਰ ਵਿਦੇਸ਼ਾਂ ਵਿੱਚ ਸਿੱਖਾਂ ਅੰਦਰ ਸਹਿਮ, ਡਰ ਪੈਦਾ ਕਰਨ ਲਈ ਸਿੱਖ ਆਗੂਆਂ ਨੂੰ ਸ਼ਹੀਦ ਕਰਨ ਦਾ ਵਰਤਾਰਾ ਵੀ ਇਸੇ ਕੜੀ ਨਾਲ ਜੁੜਦਾ ਹੈ । ਭਾਰਤ ਸਰਕਾਰ ਵਿਦੇਸ਼ਾਂ ਵਿੱਚ ਹੁੰਦੀ ਆਪਣੀ ਇਸ ਬਦਨਾਮੀ ਨੂੰ ਹਰ ਹਾਲਤ ਵਿੱਚ ਬੰਦ ਕਰਾਉਣਾ ਚਾਹੁੰਦੀ ਹੈ ਜਿਸਦਾ ਚੇਹਰਾ ਕਨੇਡਾ ਤੇ ਅਮਰੀਕਾ ਨੇ ਨੰਗਾ ਕੀਤਾ ਹੈ।

ਸਿੱਖ ਕੌਮ ਦੇ ਸੈਵਮਾਣ ਤੇ ਅਣਖ ਨਾਲ ਜਿਉਣ ਤੇ ਸਰਬੱਤ ਦੇ ਭਲੇ ਵਾਲੇ ਸਿੱਖ ਰਾਜ ਖਾਲਿਸਤਾਨ ਵਾਸਤੇ ਸ਼ਹਾਦਤ ਦਾ ਜਾਮ ਪੀ ਗਈਆਂ ਮਹਾਨ ਰੂਹਾਂ ਗੁਰਸਿੱਖਾਂ ਦੇ ਇਸ ਸੁਪਨੇ ਲਈ ਸੁਹਿਰਦ ਜਾਗਦੀ ਜ਼ਮੀਰ ਵਾਲੇ ਸਿੰਘ ਵਿਦੇਸ਼ੀ ਕਾਨੂੰਨਾਂ ਵਿੱਚ ਰਹਿੰਦੇ ਹੋਏ ਉਹ ਆਪਣੀ ਅਵਾਜ ਨੂੰ ਬਿਨਾਂ ਕਿਸੇ ਡਰ ਭਉ ਤੋਂ ਬਿਨਾਂ ਬਲੰਦ ਕਰਦੇ ਆ ਰਹੇ ਹਨ ਤੇ ਕਰਦੇ ਰਹਿਣਗੇ । ਆਓ 26 ਜਨਵਰੀ ਨੂੰ ਭਾਰਤ ਦੇ ਗਣਤੰਤਰ ਦਿਵਸ ਨੂੰ ਕਾਲੇ ਦਿਵਸ ਦੇ ਤੌਰਤੇ ਭਾਰਤੀ ਸਫ਼ਾਰਤਖ਼ਾਨਿਆਂ ਸਾਹਮਣੇ ਰੋਹ ਮੁਜਹਾਰੇ ਕਰਕੇ ਭਾਰਤੀ ਹਕੂਮਤ ਤੇ ਇਸ ਦੇ ਦੁੰਮਛੱਲਿਆਂ ਦੇ ਭਰਮ ਭਲੇਖੇ ਕੱਢਦੇ ਹੋਏ ਆਪਣੀ ਅਵਾਜ ਬਲੰਦ ਕਰੀਏ ਅਤੇ ਰੋਹ ਮੁਜ਼ਾਹਰਿਆਂ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਈਏ।

ਆਜ਼ਾਦੀ' ਹਰ ਇੱਕ ਪ੍ਰਾਣੀ, ਕੌਮ ਦਾ ਮੁੱਢਲਾ ਹੱਕ ਹੈ ਅਤੇ ਇਸ ਲਈ ਸੰਘਰਸ਼ਸ਼ੀਲ ਕੌਮਾਂ, ਅਖੀਰ ਆਪਣੇ ਮੁਕਾਮ ਨੂੰ ਹਾਸਲ ਕਰਨ ਲਈ ਆਪਣੀ ਜਦੋ ਜਹਿਦ ਜਾਰੀ ਰੱਖਦੀਆਂ ਹਨ ਤੇ 'ਬਾਜ਼ੂ ਏ ਕਾਤਲ' ਅਖੀਰ 'ਸਰਫਰੋਸ਼ੀ' ਦੀ ਤਮੰਨਾ ਵਾਲਿਆਂ ਦੇ ਸਾਹਮਣੇ ਬੇਵੱਸ ਹੋ ਜਾਂਦੀ ਹੈ। ਖਾਲਿਸਤਾਨ ਦੀ ਪ੍ਰਾਪਤੀ ਨਾਲ ਹੀ ਸਿੱਖ ਕੌਮ ਦੇ ਸਾਰੇ ਮਸਲੇ ਹੱਲ ਹੋ ਸਕਦੇ ਹਨ। ਪਿਛਲੇ ਲਗਭਗ 75 ਸਾਲਾਂ ਤੋਂ, ਭਾਰਤੀ ਗਣਤੰਤਰ ਵਿਚਲੇ ਤਜ਼ਰਬੇ ਨੇ, ਇਹ ਸਬਕ ਸਾਨੂੰ ਚੰਗੀ ਤਰ੍ਹਾਂ ਯਾਦ ਕਰਵਾ ਦਿੱਤਾ ਹੈ।ਇਸੇ ਕਰਕੇ ਜਰਮਨ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਭਾਰਤੀ ਕੌਂਸਲੇਟ ਫਰੈਂਕਫੋਰਟ ਦੇ ਸਾਹਮਣੇ 13:00 ਵਜੇ ਤੋਂ 16:00 ਵਜੇ ਤੱਕ ਰੋਹ ਮੁਜ਼ਾਹਰਾ ਕੀਤਾ ਜਾ ਰਿਹਾ ਸਮੂਹ ਇਨਸਾਫ਼ ਪਸੰਦ ਲੋਕਾਂ ਨੂੰ ਵੱਧ ਤੋਂ ਸ਼ਾਮਲ ਹੋਣ ਦੀ ਅਪੀਲ ਹੈ ।

# ਭਾਰਤ ਵਿੱਚ ਵੱਧ ਰਹੇ ਨਫ਼ਰਤ ਭਰੇ ਭਾਸ਼ਣ ਇੱਕ ਨਵੇਂ ਅਤੇ ਖ਼ਤਰਨਾਕ ਯੁੱਗ ਨੂੰ ਦਰਸਾਉਂਦੇ ਹਨ: ਸੀਐਸਓਐਚ ਰਿਪੋਰਟ 2025, ਹੇਟ ਸਪੀਚ ਇਵੈਂਟਸ ਇਨ ਇੰਡੀਆ' ਨਾਮ ਦੀ ਰਿਪੋਰਟ ਵਿੱਚ ਕੀਤੇ ਗਏ ਹਨ ਹੈਰਾਨ ਕਰਨ ਵਾਲੇ ਦਾਅਵੇ

## ਨਫਰਤੀ ਭਾਸ਼ਣ ਦੇਣ ਵਾਲਿਆਂ ਵਿਚ ਪੁਸ਼ਕਰ ਧਾਮੀ, ਪ੍ਰਵੀਨ ਤੋਗੜਿਆ, ਅਸ਼ਵਨੀ ਉਪਾਧਾਏ, ਅਮਿਤ ਸ਼ਾਹ, ਯੋਗੀ ਆਦਿਤਿਆਨਾਥ ਵਰਗੇ ਸ਼ਾਮਿਲ

ਨਵੀਂ ਦਿੱਲੀ- (ਮਨਪ੍ਰੀਤ ਸਿੰਘ ਖਾਲਸਾ):- ਅਮਰੀਕਾ ਦੇ ਵਾਸ਼ਿੰਗਟਨ ਸਥਿਤ ਇੱਕ ਗੈਰ-ਸਰਕਾਰੀ ਸੰਸਥਾ ਸੈਂਟਰ ਫਾਰ ਸਟੱਡੀ ਆਫ਼ ਆਰਗੇਨਾਈਜ਼ਡ ਹੇਟ ਨੇ ਭਾਰਤ ਵਿੱਚ ਨਫ਼ਰਤੀ ਭਾਸ਼ਣ 'ਤੇ ਇੱਕ ਰਿਪੋਰਟ ਜਾਰੀ ਕੀਤੀ ਹੈ।ਜਾਰੀ ਕੀਤੀ ਗਈ 'ਰਿਪੋਰਟ 2025, ਹੇਟ ਸਪੀਚ ਇਵੈਂਟਸ ਇਨ ਇੰਡੀਆ' ਨਾਮ ਦੀ ਇਸ ਵਿਸਥਾਰ ਪੂਰਵਕ ਰਿਪੋਰਟ ਵਿੱਚ ਹੈਰਾਨ ਕਰਨ ਵਾਲੇ ਦਾਅਵੇ ਕੀਤੇ ਗਏ ਹਨ। ਰਿਪੋਰਟ ਦੇ ਅਨੁਸਾਰ, ਸਾਲ 2025 ਵਿੱਚ ਭਾਰਤ ਵਿੱਚ ਕੁੱਲ 1318 ਸਿੱਧੇ ਨਫ਼ਰਤੀ ਭਾਸ਼ਣ ਦਰਜ ਕੀਤੇ ਗਏ। ਉੱਥੇ ਹੀ 2024 ਦੀ ਤੁਲਨਾ ਵਿੱਚ ਇਹ 13 ਫ਼ੀਸਦੀ ਅਤੇ 2023 ਦੀ ਤੁਲਨਾ ਵਿੱਚ 97 ਫ਼ੀਸਦੀ ਦਾ ਵਾਧਾ ਹੈ। ਇਹ ਰਿਪੋਰਟ 2025 ਵਿੱਚ ਦੇਸ਼ ਭਰ ਵਿੱਚ ਵਿਅਕਤੀਗਤ ਨਫ਼ਰਤ ਭਰੇ ਭਾਸ਼ਣ ਦੀਆਂ ਘਟਨਾਵਾਂ ਦੇ ਪ੍ਰਮਾਣਿਤ ਉਦਾਹਰਣਾਂ ਦਾ ਦਸਤਾਵੇਜ਼ੀਕਰਨ ਅਤੇ ਵਿਸ਼ਲੇਸ਼ਣ ਕਰਦੀ ਹੈ, ਜਿਸ ਵਿੱਚ ਰਾਜਨੀਤਿਕ ਰੈਲੀਆਂ, ਧਾਰਮਿਕ ਜਲੂਸ, ਵਿਰੋਧ ਮਾਰਚ ਅਤੇ ਰਾਸ਼ਟਰਵਾਦੀ ਇਕੱਠ ਸ਼ਾਮਲ ਹਨ। 2024 ਵਿੱਚ ਦੇਖੇ ਗਏ ਨਫ਼ਰਤ ਭਰੇ ਭਾਸ਼ਣ ਵਿੱਚ ਬੇਮਿਸਾਲ ਵਾਧੇ ਤੋਂ ਬਾਅਦ, 2025 ਵਿੱਚ ਨਫ਼ਰਤ ਭਰੇ ਭਾਸ਼ਣ ਦੀਆਂ ਘਟਨਾਵਾਂ ਦੀ ਕੁੱਲ ਮਾਤਰਾ ਹੋਰ ਵੱਧ ਗਈ, ਜੋ ਕਿ ਭਾਰਤ ਦੇ ਰਾਜਨੀਤਿਕ ਅਤੇ ਸਮਾਜਿਕ ਦ੍ਰਿਸ਼ਟੀਕੋਣ ਦੀ ਇੱਕ ਨਿਯਮਤ ਵਿਸ਼ੇਸ਼ਤਾ ਵਜੋਂ ਸੰਪਰਦਾਇਕ ਬਿਆਨਬਾਜ਼ੀ ਦੇ ਡੂੰਘੇ ਜੜ੍ਹ ਨੂੰ ਦਰਸਾਉਂਦੀ ਹੈ। ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ 2025 ਵਿੱਚ ਸਭ ਤੋਂ ਵੱਧ ਨਫ਼ਰਤ ਫੈਲਾਉਣ ਵਾਲੇ ਅਦਾਕਾਰ ਵਜੋਂ ਉਭਰੇ, ਜਿਨ੍ਹਾਂ ਨੇ 71 ਭਾਸ਼ਣ ਦਿੱਤੇ, ਉਨ੍ਹਾਂ ਤੋਂ ਬਾਅਦ ਅੰਤਰਰਾਸ਼ਟਰੀ ਹਿੰਦੂ ਪਰਿਸ਼ਦ ਦੇ ਮੁਖੀ ਪ੍ਰਵੀਨ ਤੋਗੜੀਆ (46) ਅਤੇ ਭਾਜਪਾ ਨੇਤਾ ਅਸ਼ਵਨੀ ਉਪਾਧਿਆਏ (35) ਦਾ ਨੰਬਰ ਆਉਂਦਾ ਹੈ। 2025 ਵਿੱਚ ਧਾਰਮਿਕ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਦਰਜ ਕੀਤੀਆਂ ਨਫ਼ਰਤ ਭਰੇ ਭਾਸ਼ਣ ਦੀਆਂ ਘਟਨਾਵਾਂ ਦੀ ਗਿਣਤੀ 2024 ਵਿੱਚ ਦਰਜ 1,165 ਮਾਮਲਿਆਂ ਨੂੰ ਪਾਰ ਕਰ ਗਈ। ਇਹ ਵਾਧਾ ਭਾਰਤ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦਾ ਸੰਕੇਤ ਦਿੰਦਾ ਹੈ, ਜਿਸ ਵਿੱਚ ਭੜਕਾਊ ਬਿਆਨਬਾਜ਼ੀ ਇੱਕ ਮੁਹਿੰਮ-ਵਿਸ਼ੇਸ਼ ਰਣਨੀਤੀ ਤੋਂ ਰਾਜਨੀਤਿਕ ਸ਼ਾਸਨ ਦੇ ਇੱਕ ਆਮ ਅਤੇ ਨਿਰੰਤਰ ਤੈਨਾਤ ਵਿਧੀ ਵਿੱਚ ਵਿਕਸਤ ਹੋਈ ਹੈ। 2025 ਵਿੱਚ ਨਫ਼ਰਤ ਭਰੇ ਭਾਸ਼ਣ ਦੀ ਨਿਰੰਤਰ ਤੀਬਰਤਾ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਇਸ ਦੇ ਸਹਿਯੋਗੀ ਹਿੰਦੂ ਰਾਸ਼ਟਰਵਾਦੀ ਸੰਗਠਨਾਂ ਦੇ ਬਹੁਮਤਵਾਦੀ ਵਿਚਾਰਧਾਰਕ ਪ੍ਰੋਜੈਕਟ ਵਿੱਚ ਟਿਕੀ ਹੋਈ ਸੀ। ਸਾਡੀ 2024 ਦੀ ਰਿਪੋਰਟ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਉੱਚ-ਪੱਧਰੀ ਰਾਸ਼ਟਰੀ ਭਾਜਪਾ ਨੇਤਾ ਨਫ਼ਰਤ ਭਰੇ ਭਾਸ਼ਣ ਦੇ ਪ੍ਰਸਾਰ ਵਿੱਚ ਤੇਜ਼ੀ ਨਾਲ ਅੱਗੇ ਵਧੇ ਸਨ। ਸਾਲ 2025 ਵਿੱਚ ਇਸ ਰੁਝਾਨ ਨੂੰ ਇਕਜੁੱਟ ਅਤੇ ਮਜ਼ਬੂਤ ਕੀਤਾ ਗਿਆ, ਜਿਸ ਨਾਲ ਫਿਰਕੂ ਦੁਸ਼ਮਣੀ ਪੈਦਾ ਕਰਨ ਲਈ ਇੱਕ ਉੱਪਰ ਤੋਂ ਹੇਠਾਂ ਪ੍ਰਵਾਨਗੀ ਸਥਾਪਤ ਕੀਤੀ ਗਈ ਜੋ ਜ਼ਮੀਨੀ ਪੱਧਰ 'ਤੇ ਸੰਗਠਨ ਅਤੇ ਰਾਜਨੀਤੀ ਦੇ ਪੱਧਰ ਤੱਕ ਵਹਿ ਗਈ। ਉੱਚ-ਦਾਅ ਵਾਲੇ ਦਿੱਲੀ ਅਤੇ ਬਿਹਾਰ ਰਾਜ ਚੋਣਾਂ ਅਤੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਇਸ ਤਬਦੀਲੀ ਲਈ ਮੁੱਖ ਉਤਪ੍ਰੇਰਕ ਸਨ, ਜੋ ਕਿ ਬੇਦਖਲੀ ਅਤੇ ਡਰ ਪੈਦਾ ਕਰਨ ਵਾਲੇ ਬਿਰਤਾਂਤਾਂ ਦੀ ਵਾਰ-ਵਾਰ ਤਾਇਨਾਤੀ ਲਈ ਨਵੇਂ ਥੀਏਟਰ ਵਜੋਂ ਕੰਮ ਕਰਦੀਆਂ ਸਨ। ਇਸਦੇ ਨਾਲ ਹੀ, ਪ੍ਰਸਤਾਵਿਤ ਕਰਨਾਟਕ ਨਫ਼ਰਤ ਭਰੇ ਭਾਸ਼ਣ ਅਤੇ ਨਫ਼ਰਤ ਅਪਰਾਧ (ਰੋਕਥਾਮ) ਬਿੱਲ, 2025 ਵਰਗੇ ਨਵੇਂ ਸਥਾਨਕ ਵਿਧਾਨਕ ਉਪਾਵਾਂ ਦੇ ਲਾਗੂ ਹੋਣ ਨੇ ਮੁੱਦੇ ਦੀ ਗੰਭੀਰਤਾ ਦੀ ਵਧਦੀ, ਭਾਵੇਂ ਖੰਡਿਤ, ਰਾਜ-ਪੱਧਰੀ ਮਾਨਤਾ ਨੂੰ ਉਜਾਗਰ ਕੀਤਾ, ਭਾਵੇਂ ਰਾਸ਼ਟਰੀ ਪੱਧਰ 'ਤੇ ਬਿਆਨਬਾਜ਼ੀ ਨਿਰੰਤਰ ਜਾਰੀ ਰਹੀ। 2025 ਵਿੱਚ ਵਿਅਕਤੀਗਤ ਸਮਾਗਮਾਂ ਵਿੱਚ ਨਫ਼ਰਤ ਭਰੇ ਭਾਸ਼ਣ ਦੀ ਸਮੱਗਰੀ ਮੁੱਖ ਹਿੰਦੂ ਰਾਸ਼ਟਰਵਾਦੀ ਟ੍ਰੋਪਾਂ ਨੂੰ ਦਰਸਾਉਂਦੀ ਰਹੀ - ਕੇਂਦਰੀ ਤੌਰ 'ਤੇ, ਮੁਸਲਮਾਨਾਂ ਨੂੰ ਸਥਾਈ ਬਾਹਰੀ ਅਤੇ ਹਿੰਦੂ-ਬਹੁਗਿਣਤੀ ਰਾਸ਼ਟਰ ਲਈ ਇੱਕ ਹੋਂਦ ਦਾ ਖ਼ਤਰਾ ਹੋਣ ਦਾ ਵਿਚਾਰ। ਇਸ ਮੁੱਖ ਵਿਚਾਰਧਾਰਕ ਪ੍ਰਸਤਾਵ ਨੂੰ ਕਈ ਸਾਜ਼ਿਸ਼ ਸਿਧਾਂਤਾਂ ਦੁਆਰਾ ਉਬਾਲਿਆ ਗਿਆ ਸੀ, ਜਿਸ ਵਿੱਚ ਮੁਸਲਿਮ ਭਾਰਤੀਆਂ ਦੁਆਰਾ ਕੀਤੇ ਗਏ ਜੇਹਾਦ ਦੇ ਵੱਖ-ਵੱਖ ਪ੍ਰੋਜੈਕਟਾਂ ਦੇ ਦੋਸ਼ ਸ਼ਾਮਲ ਸਨ। ਇਹ ਬਿਰਤਾਂਤ ਘੱਟ ਗਿਣਤੀਆਂ ਨੂੰ ਹਿੰਦੂ ਸੱਭਿਆਚਾਰ, ਜਨਸੰਖਿਆ ਦੇ ਦਬਦਬੇ ਅਤੇ ਦੌਲਤ ਨੂੰ ਬੇਦਖਲ ਕਰਨ ਦੇ ਇਰਾਦੇ ਵਾਲੇ ਸੰਗਠਿਤ ਹਮਲਾਵਰਾਂ ਵਜੋਂ ਦਰਸਾਉਣ ਲਈ ਤਿਆਰ ਕੀਤੇ ਗਏ ਸਨ। 2025 ਵਿੱਚ ਭੜਕਾਊ ਬਿਆਨਬਾਜ਼ੀ ਦੇ ਪੈਟਰਨ, ਜੋ ਕਿ ਪਹਿਲਾਂ ਦੇ ਸਾਲਾਂ ਦੇ ਮੁਕਾਬਲੇ ਮਾਪਦੰਡ ਸਨ, ਨੇ ਵਧੇਰੇ ਸਪੱਸ਼ਟ ਭੜਕਾਹਟ ਵੱਲ ਇੱਕ ਸਥਿਰ ਤਰੱਕੀ ਦਾ ਖੁਲਾਸਾ ਕੀਤਾ। ਰਿਪੋਰਟ ਵਿੱਚ ਖਤਰਨਾਕ ਭਾਸ਼ਣ (ਹਿੰਸਾ ਦੇ ਜੋਖਮ ਨੂੰ ਵਧਾਉਣ ਵਾਲੇ ਭਾਸ਼ਣ ਵਜੋਂ ਪਰਿਭਾਸ਼ਿਤ) ਦੇ ਨਿਰੰਤਰ ਪ੍ਰਚਲਨ ਨੂੰ ਨੋਟ ਕੀਤਾ ਗਿਆ ਹੈ ਜਿਸ ਵਿੱਚ ਰਾਜਨੀਤਿਕ ਨੇਤਾ ਅਤੇ ਸੱਜੇ-ਪੱਖੀ ਹਸਤੀਆਂ ਖੁੱਲ੍ਹੇਆਮ ਅਮਾਨਵੀ ਭਾਸ਼ਾ ਦੀ ਵਰਤੋਂ ਕਰ ਰਹੀਆਂ ਹਨ, ਆਰਥਿਕ ਬਾਈਕਾਟ ਦੀ ਅਪੀਲ ਕਰ ਰਹੀਆਂ ਹਨ, ਘੱਟ ਗਿਣਤੀਆਂ ਦੀ ਮਲਕੀਅਤ ਵਾਲੀਆਂ ਜਾਇਦਾਦਾਂ ਅਤੇ ਪੂਜਾ ਸਥਾਨਾਂ ਨੂੰ ਤਬਾਹ ਕਰਨ ਦੀ ਅਪੀਲ ਕਰ ਰਹੀਆਂ ਹਨ, ਅਤੇ ਮੁਸਲਮਾਨਾਂ ਦੇ ਖ਼ਤਰੇ ਨੂੰ ਦੇਖਦੇ ਹੋਏ ਹਿੰਦੂਆਂ ਨੂੰ ਹਥਿਆਰਬੰਦ ਹੋਣ ਦੀ ਸਪੱਸ਼ਟ ਅਪੀਲਾਂ ਜਾਰੀ ਕਰ ਰਹੀਆਂ ਹਨ। 2025 ਵਿੱਚ ਨਫ਼ਰਤ ਦੇ ਵਾਤਾਵਰਣ ਨੇ ਆਪਣੇ ਬਹੁਤ ਹੀ ਸੰਗਠਿਤ ਚਰਿੱਤਰ ਨੂੰ ਬਣਾਈ ਰੱਖਿਆ। ਪਿਛਲੇ ਸਾਲ ਵਾਂਗ, ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਸਹਿਯੋਗੀ ਸੰਗਠਨ, ਜਿਵੇਂ ਕਿ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਅਤੇ ਬਜਰੰਗ ਦਲ, ਵਿਅਕਤੀਗਤ ਨਫ਼ਰਤ ਭਾਸ਼ਣ ਸਮਾਗਮਾਂ ਦੇ ਕੇਂਦਰੀ ਚਾਲਕ ਸਨ। ਇਹਨਾਂ ਸੰਗਠਨਾਂ ਦੇ ਪੂਰਕ, ਅੰਤਰਰਾਸ਼ਟਰ ਹਿੰਦੂ ਪ੍ਰੀਸ਼ਦ, ਰਾਸ਼ਟਰੀ ਬਜਰੰਗ ਦਲ, ਸਕਲ ਹਿੰਦੂ ਸਮਾਜ, ਅਤੇ ਹਿੰਦੂ ਜਨਜਾਗ੍ਰਿਤੀ ਸਮਿਤੀ (ਐਚਜੇਐਸ) ਸਮੇਤ ਹੋਰ ਸੱਜੇ-ਪੱਖੀ ਸਮੂਹਾਂ ਨੇ ਵੀ ਨਫ਼ਰਤ-ਭਾਸ਼ਣ ਲਾਮਬੰਦੀ ਦੇ ਆਰਕੀਟੈਕਟ ਅਤੇ ਸੁਵਿਧਾਕਰਤਾ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਈ। ਕੁੱਲ ਮਿਲਾ ਕੇ, ਇਸ ਰਿਪੋਰਟ ਵਿੱਚ ਪਛਾਣੇ ਗਏ ਨਮੂਨੇ ਭਾਰਤ ਵਿੱਚ ਨਫ਼ਰਤ ਭਰੇ ਭਾਸ਼ਣ ਦੇ ਸੰਸਥਾਗਤ ਸਧਾਰਣਕਰਨ ਅਤੇ ਜੜ੍ਹ ਫੜਨ ਦੇ ਇੱਕ ਨਵੇਂ ਅਤੇ ਖ਼ਤਰਨਾਕ ਯੁੱਗ ਨੂੰ ਦਰਸਾਉਂਦੇ ਹਨ। ਹਿੰਦੂ ਰਾਸ਼ਟਰਵਾਦ ਦੇ ਰਾਜਨੀਤਿਕ ਪ੍ਰੋਜੈਕਟ ਨੇ ਨਫ਼ਰਤ ਭਰੇ ਭਾਸ਼ਣ ਨੂੰ ਆਪਣੀ ਕਾਰਜਸ਼ੀਲ ਮਸ਼ੀਨਰੀ ਵਿੱਚ ਪੂਰੀ ਤਰ੍ਹਾਂ ਜਜ਼ਬ ਕਰ ਲਿਆ ਹੈ, ਇਸਨੂੰ ਰਾਜਨੀਤਿਕ ਭਾਸ਼ਣ ਅਤੇ ਜਨਤਕ ਜੀਵਨ ਦੇ ਇੱਕ ਜ਼ਰੂਰੀ ਅਤੇ ਅੰਦਰੂਨੀ ਹਿੱਸੇ ਵਜੋਂ ਜਾਇਜ਼ ਠਹਿਰਾਇਆ ਹੈ। 2023 ਅਤੇ 2024 ਦੇ ਰਿਪੋਰਟਿੰਗ ਸਮੇਂ ਵਿੱਚ ਦਸਤਾਵੇਜ਼ੀ ਤੌਰ 'ਤੇ ਪਹਿਲਾਂ ਹੀ ਗੰਭੀਰ ਬੇਸਲਾਈਨ ਪੱਧਰਾਂ ਤੋਂ ਇਸ ਰੁਝਾਨ ਦਾ ਨਿਰੰਤਰ ਵਾਧਾ ਰਾਸ਼ਟਰੀ ਸਮਾਜਿਕ ਅਤੇ ਰਾਜਨੀਤਿਕ ਮਾਹੌਲ ਦੇ ਇੱਕ ਮਹੱਤਵਪੂਰਨ ਨਿਘਾਰ ਨੂੰ ਦਰਸਾਉਂਦਾ ਹੈ। ਭਾਰਤ ਦੇ ਇਸ ਬਦਲੇ ਹੋਏ ਮਾਹੌਲ ਵਿੱਚ, ਘੱਟ ਗਿਣਤੀ ਵਿਰੋਧੀ ਦੁਸ਼ਮਣੀ ਦੇ ਵਧਦੇ ਭਿਆਨਕ ਪ੍ਰਗਟਾਵੇ ਨੂੰ ਦੇਸ਼ ਦੀਆਂ ਸਭ ਤੋਂ ਸ਼ਕਤੀਸ਼ਾਲੀ ਰਾਜਨੀਤਿਕ ਹਸਤੀਆਂ ਅਤੇ ਉੱਚ ਦਫ਼ਤਰਾਂ ਦੁਆਰਾ ਸਰਗਰਮੀ ਨਾਲ ਪ੍ਰਵਾਨਗੀ ਅਤੇ ਸਮਰਥਨ ਦਿੱਤਾ ਜਾ ਰਿਹਾ ਹੈ। ਸੋਸ਼ਲ ਮੀਡੀਆ ਕੰਪਨੀਆਂ ਵੱਲੋਂ ਆਪਣੇ ਭਾਈਚਾਰਕ ਮਿਆਰਾਂ ਨੂੰ ਲਾਗੂ ਕਰਨ ਲਈ ਸੰਸਥਾਗਤ ਇੱਛਾ ਸ਼ਕਤੀ ਦੀ ਸਪੱਸ਼ਟ ਘਾਟ ਦੇ ਕਾਰਨ ਡਿਜੀਟਲ ਪਲੇਟਫਾਰਮਾਂ 'ਤੇ ਅਜਿਹੀਆਂ ਭਾਵਨਾਵਾਂ ਨੂੰ ਹੋਰ ਵੀ ਵਧਾਇਆ ਜਾਂਦਾ ਹੈ, ਜੋ ਨਿਯਮਿਤ ਤੌਰ 'ਤੇ ਖਾਲੀ ਬਿਆਨਬਾਜ਼ੀ ਅਤੇ ਕਾਸਮੈਟਿਕ ਦਖਲਅੰਦਾਜ਼ੀ ਨਾਲ ਅਰਥਪੂਰਨ ਕਾਰਵਾਈ ਦੀ ਥਾਂ ਲੈਂਦੇ ਹਨ।

# ਗੁਰੂ ਬੈਠਾ ਅਮਰੁ ਸਰੂਪ ਹੋਇ


– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




## ਕਿਸ਼ਤ–22

**ਇਤਿਹਾਸਕ ਹਵਾਲੇ:**

ਜਿਤਨੇ ਤੁਸੀ ਡੱਲੇਵਾਲੀਏ ਸਿਖ ਹੋ ਸਭਣਾਂ ਨੂੰ ਇਹ ਸਾਂਝਾ ਉਪਦੇਸ ਹੈ। ਜੋ ਗੁਰਾਂ ਦੇ ਪੂਰਬ ਦੇ ਦਿਨ ਸੰਗਰਾਂਦ ਓਮਾਵਸ ਵੈਸਾਖੀ ਦੀਪਮਾਲਾ ਦਸਹਿਰਾ ਸਭਣਾਂ ਦਿਨਾਂ ਵਿਚ ਸਭਣਾਂ ਸਿਖਾਂ ਆਪੁ ਵਿਚ ਅਰਦਾਸ ਕਰਿ ਕੈ ਆਪਣੀ ਸਰਧਾ ਨਾਲਿ ਮਾਇਆ ਰੁਜੂ (ਇਕਤ੍ਰ) ਕਰਣੀ। ਪ੍ਰਸਾਦੁ ਕਰਨਾ ਕੜਾਹੁ ਕਰਨਾ। ਗੁਰੂ ਕੇ ਨਮਿਤ ਵਰਤਾਵਣਾ। ਗਰੀਬਾਂ ਸਿਖਾਂ ਨੁ ਬਸਤ੍ਰ ਦੀ ਲੋੜ ਵਾਲੇ ਨੂ ਬਸਤ੍ਰ ਦੇਵਣਾ। ਤੇ ਪਰਸਾਦ ਦੀ ਲੋੜ ਹੋਵੈ ਤਿਸ ਨੂੰ ਪਰਸਾਦ ਛਕਾਵਣਾ। ਅਰਦਾਸ ਕਰਿ ਕੈ ਪੈਸਾ ਰੁਪਯਾ ਜੇਹੀ ਕਿਸੇ ਦੀ ਸਰਧਾ ਹੋਵੇ ਸਿਖ ਨੂੰ ਇਕਠਾ ਕਰਿ ਕੈ ਉਸ ਦਾ ਕਾਰਜ ਕਰਿ ਦੇਵਣਾ। ਤੁਸਾਡਿਆਂ ਪੁਤ੍ਰਾਂ ਪੋਤ੍ਰਿਆਂ ਤੀਕ ਏਹੁ ਰਹੁਰਾਸ ਚਲੈਗੀ। ਸਦਾ ਸਿਖੀ ਤੁਸਾਡੇ ਘਰ ਹੋਵੈਗੀ। ਤੁਸਾਂ ਸੰਸਾ ਕੋਈ ਨਹੀ ਕਰਨਾ।29॥ ਸਿ.ਦੀ ਭ.ਮਾ. ਪੰਨਾ 269-70

...ਸਿਖ ਗਰੀਬ ਹੁਇ ਬਸਤ੍ਰ ਬਿਹੀਨ।
(ਜੇ ਗ਼ਰੀਬ ਸਿਖ ਕੋਲ ਕਪੜਾ ਨ ਹੋਵੇ)
ਦੀਜਹਿ ਤਿਸਹਿ ਸਵਾਇ ਨਵੀਨ।
(ਉਸ ਨੂੰ ਨਵਾਂ ਸਿਵਾ ਦਿਉ)
ਪਿਖਹੁ ਛੁਧਿਤਿ ਕੋ ਦੇਹੁ ਅਹਾਰੋ। (ਜੇ ਕੋਈ ਭੁੱਖਾ ਵੇਖੋ ਉਸ ਨੂੰ ਭੋਜਨ ਖੁਆਉ)
ਮਿਲਿ ਕਰਿ ਸਕਲ ਏਵ ਪ੍ਰਤਿਪਾਰੋ।
(ਮਿਲ ਕੇ ਇਉਂ ਸੰਭਾਲ ਕਰੋ)
ਕਿਹਂ ਸਿਖ ਕੋ ਕਾਰਜ ਅਰ ਜਾਇ। (ਕਿ ਜੇ ਕਿਸੇ ਸਿਖ ਦਾ ਕਾਰਜ ਅੜ ਜਾਵੇ)
ਨਹਿਂ ਤਿਸ ਤੇ ਕਯੋਂ ਹੂੰ ਬਨਿ ਆਇ।
(ਉਸ ਕੋਲੋਂ ਨ ਹੋ ਸੱਕੇ)
ਮਿਲਹੁ ਸਕਲ ਮਹਿਂ ਕਰਿ ਅਰੁਦਾਸ।
(ਸਾਰੇ ਆਪਸ ਵਿਚ ਦੱਸ ਕੇ)।
ਜਥਾਸ਼ਕਤਿ ਲੀਜੈ ਨਿਜ ਪਾਸਿ।
(ਸਮਰਥਾ ਅਨੁਸਾਰ ਇਕੱਠਾ ਕਰ ਕੇ)।
ਇਕਠੋ ਕਰਿ ਧਨ ਦਿਹੁ ਤਿਸ ਤਾਈਂ।
( ਧਨ ਉਸ ਨੂੰ ਦਿਹੁ)।
ਜਿਸ ਤੇ ਕਾਰਜ ਕੋ ਬਨਿ ਜਾਈ।49॥
(ਜਿਸ ਨਾਲ ਉਸ ਦਾ ਕੰਮ ਹੋ ਜਾਏ)
ਇਹੀ ਰੀਤਿ ਨਿਜ ਬਿਖੈ ਚਲਾਵਹੁ।
(ਇਉਂ ਆਪ ਵੀ ਚੱਲੋ)
ਕਰਹੁ ਜੋੜ ਸ਼ੁਭ ਦਿਨ ਜਬ ਪਾਵਹੁ।
( ਖ਼ੁਸ਼ੀ ਦੇ ਦਿਨ ਜਦੋਂ ਵੀ ਇਕੱਠੇ ਹੋਵੋ)
ਪੁਤ੍ਰ ਪੌਤ੍ਰੇ ਹੋਹਿਂ ਤੁਮਾਰੇ।
(ਅਰ, ਆਪਣੇ ਪੁੱਤ੍ਰ ਪੋਤ੍ਰਿਆਂ)
**ਕਰਹਿਂ ਕਾਰ ਇਸ ਰੀਤੀ ਸਾਰੇ।50॥40 ॥ਰਾਸ1**
(ਸਾਰਿਆਂ ਨੂੰ ਵੀ ਏਵੇਂ ਹੀ ਤੋਰੋ)
ਧਰਮਸਾਲ ਨਿਜ ਨਗਰ ਬਨਾਵਹੁ।
ਸਿਖ ਸਾਧੂ ਭਲ ਤਹਾਂ ਟਿਕਾਵਹੁ।
ਕਥਾ ਕੀਰਤਨ ਸਤਸੰਗ ਕਰੋ।
ਸ੍ਰਵਨ ਮੰਨਨ ਨਿਧਿਆਸਨ ਕਰੋ।
ਦਿਹੁ ਗਰੀਬ ਕੋ ਬਸਤ੍ਰ ਅੰਨਯ।
ਧਾਰਹੁ ਭਗਤੀ ਭਾਵ ਅਨੰਨਯ।
ਕਾਰਜ ਜਿਸ ਸਿਖ ਕਾ ਅੜ ਜਾਇ।
ਕਰਿ ਅਰਦਾਸ ਸੁਧਾਰਹੁ ਸਾਇ।




ਪੰਨਾ 17 ਤ.ਖ਼ਾ.

ਇਉਂ ਸਤਿਗੁਰੂ ਜੀ ਕੁਝ ਦਿਨ ਡੱਲੇ ਦੇ ਇਲਾਕੇ ਵਿਚ ਨਾਮ-ਬਾਣੀ ਦਾ ਛੱਟਾ ਦੇ ਕੇ ਗੋਇੰਦਵਾਲ ਵਾਪਸ ਪਰਤ ਆਏ।

ਨਿਜ ਜਗਤ ਪਿਤ- ਮਾਈ ਦਾ ਪੁੱਤ ਜਿਵਾਉਣਾ

ਜਾਲਪ ਭੱਟ ਜੀ ਨੇ ਗੁਰੂ ਅਮਰਦਾਸ ਪਾਤਸ਼ਾਹ ਜੀ ਨੂੰ ਜਗਤ-ਪਿਤਾ ਕਹਿ ਕੇ ਉਨ੍ਹਾਂ ਦੀ ਅਪਾਰ ਦਿਆਲਤਾ ਵੱਲ ਸਾਡਾ ਧਿਆਨ ਦਿਵਾਇਆ ਹੈ। ਪੈਰ ਉਹ ਸਫ਼ਲ ਜੋ ਗੁਰੂ ਅਮਰਦਾਸ ਜੀ ਦੇ ਰਾਹ ਚੱਲਣ, ਹੱਥ ਉਹ ਸਫ਼ਲ ਜੋ ਗੁਰੂ ਅਮਰਦਾਸ ਜੀ ਦੇ ਚਰਨੀਂ ਲੱਗਣ, ਜ਼ਬਾਨ ਉਹ ਸਫ਼ਲ ਜੋ ਉਨ੍ਹਾਂ ਦੇ ਗੁਣ ਗਾਏ, ਨੇਤ੍ਰ ਉਹ ਸਫ਼ਲ ਜੋ ਉਨ੍ਹਾਂ ਦੇ ਦਰਸ਼ਨ ਕਰਨ, ਕੰਨ ਉਹ ਸਫ਼ਲ ਜੋ ਉਨ੍ਹਾਂ ਦੀ ਵਡਿਆਈ ਸੁਣਨ, ਹਿਰਦਾ ਉਹ ਸਫ਼ਲ ਜਿਸ ਅੰਦਰ ਉਹ ਬੈਠਾ ਅਰ ਸੀਸ ਉਹ ਸਫ਼ਲ ਜੋ ਉਸ ਦੇ ਚਰਨਾਂ ਵਿਚ ਟਿਕਿਆ। ਜੇ ਕੋਈ ਪੁੱਛੇ ਕਿ ਐਸਾ ਕਿਉਂ? ਤਾਂ ਆਪ ਦੱਸਦੇ ਹਨ ਕਿਉਂਕਿ ਉਹ ਜਗਤ ਪਿਤਾ ਹਨ ਜੋ ਸਭਨਾਂ ਦਾ ਸਦਾ ਧਿਆਨ ਰੱਖਣ ਵਾਲੇ ਹਨ। ਉਨ੍ਹਾਂ ਨੂੰ ਚੇਤੇ ਕਰਨ ਵਾਲੇ ਨੂੰ ਕਦੀ ਦੁੱਖ-ਭੁੱਖ ਨਹੀਂ ਵਿਆਪਦਾ; ਉਹ ਕਦੀ ਗ਼ਮਗੀਨ ਨਹੀਂ ਹੁੰਦਾ; ਉਹ ਉੱਚੇ ਥਾਂ 'ਤੇ ਬੈਠ ਬੇਅੰਤ ਪਦਾਰਥਾਂ ਦੀ ਮੌਜ ਵਿਚ ਪਰਮ-ਸੁਖ ਮਾਣਦੇ ਹਨ ਅਰ ਦੁਸ਼ਮਨਾਂ ਵਿਚ ਸਦਾ ਨਿਰਭੈ ਵਿਚਰਦੇ ਹਨ ਜਿਨ੍ਹਾਂ ਉਪਰ ਧੰਨ ਗੁਰੂ ਅਮਰਦਾਸ ਪਾਤਸ਼ਾਹ ਜੀ ਦੀਆਂ ਮਿਹਰਾਂ ਦਾ ਮੀਂਹ ਵੱਸਦਾ ਹੈ। ਇਕ ਵਾਰ ਪਿਆਰ ਨਾਲ ਪੜ੍ਹੀਏ:

ਚਰਣ ਤ ਪਰ ਸਕਯਥ ਚਰਣ ਗੁਰ ਅਮਰੁ ਪਵਲਿ ਰਯ॥ ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰੁ ਪਯ॥ ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥ ਨੈਣ ਤ ਪਰ ਸਕਯਥ ਨੈਨ ਗੁਰ ਅਮਰੁ ਪਿਖਿਜੈ॥ ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰ ਅਮਰੁ ਸੁਣਿਜੈ॥ ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥ ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥1॥10॥

ਤਿ ਨਰ ਦੁਖ ਨਹ ਭੁਖ ਤਿ ਨਰ ਨਿਧਨ ਨਹੁ ਕਹੀਅਹਿ॥ ਤਿ ਨਰ ਸੋਕੁ ਨਹੁ ਹੁਐ ਤਿ ਨਰ ਸੇ ਅੰਤੁ ਨ ਲਹੀਅਹਿ॥ ਤਿ ਨਰ ਸੇਵ ਨਹੁ ਕਰਹਿ ਤਿ ਨਰ ਸਯ ਸਹਸ ਸਮਪਹਿ॥ ਤਿ ਨਰ ਦੁਲੀਚੈ ਬਹਹਿ ਤਿ ਨਰ ਉਥਪਿ ਬਿਥਪਹਿ॥ ਸੁਖ ਲਹਹਿ ਤਿ ਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ॥ ਸਕਯਥ ਤਿ ਨਰ ਜਾਲਪੁ ਭਣੈ ਗੁਰ ਅਮਰਦਾਸ ਸੁਪ੍ਰਸੰਨੁ ਜਿਹ॥2॥11॥

ਗੁ.ਗ੍ਰੰ.ਸਾ. ਪੰਨਾ 1394

ਭਾਈ ਨੰਦ ਲਾਲ ਗੋਯਾ ਜੀ ਦਾ ਕਥਨ ਹੈ:

ਮਲਕ-ਉਲ-ਮੌਤੇ ਗ਼ਾਲਬ ਮਗ਼ਲੂਬਸ਼ { ਜਮ ਜੋ ਸਭ ਪੁਰ ਗ਼ਾਲਿਬ ਭਾਵ ਹਾਵੀ ਜਾਂ ਡਾਢਾ ਹੈ ਉਸ (ਗੁਰੂ ਅਮਰਦਾਸ ਜੀ) ਅੱਗੇ ਆਜਿਜ਼ ਜਾਂ ਵਿਚਾਰਾ ਹੈ}

ਵ ਸੁਲਤਾਨ-ਇ ਮਲਕੂਤ ਮੁਹਾਸਿਬ ਮਹਸੂਬਸ਼।63॥ ਸਲਤਨਤੇ ਸਿਵਮ {ਅਰ ਫ਼ਰਿਸ਼ਤਿਆਂ ਦਾ ਹਿਸਾਬ ਕਰਨ ਵਾਲਾ ਬਾਦਸ਼ਾਹ (ਧਰਮਰਾਜਾ) ਵੀ ਉਸ (ਗੁਰੂ ਅਮਰਦਾਸ ਜੀ) ਦੇ ਹਿਸਾਬ ਹੇਠ ਹੈ}

ਹੁਣ ਬਾਵਾ ਸਰੂਪ ਦਾਸ ਜੀ ਦਾ ਇਹ ਲਿਖਣਾ ਸਾਨੂੰ ਸਮਝ ਆ ਸਕਦਾ ਹੈ:

ਇਹ ਲੀਲਾ ਸਤਿਗੁਰ ਦਇਆਲ ਕੀ
ਜਾਨ ਸਕੇ ਨਹੀਂ ਕੋਇ।
ਸੋ ਮਹਿਮਾ ਸਤਿਗੁਰ ਲਖੇ
ਜਿਹ ਪਰ ਕਿਰਪਾ ਹੋਇ।16॥

ਸਾਖੀਕਾਰਾਂ ਨੇ ਇਕ ਬਿਰਤਾਂਤ ਲਿਖਿਆ ਕਿ ਇਕ ਦਿਨ ਜਦੋਂ ਅਜੇ ਪਹਿਰ ਰਾਤ ਰਹਿੰਦੀ ਅਰ ਗੁਰੂ ਪਾਤਸ਼ਾਹ ਜੀ ਕਰਤਾਰ ਨਾਲ ਲਿਵ ਜੋੜੀ ਬੈਠੇ ਸਨ ਤਾਂ ਕੰਨਾਂ ਵਿਚ ਇਕ ਮਾਈ ਦੇ ਵੈਣ ਪੈਣ ਦੀ ਆਵਾਜ਼ ਪੈਣ ਲਗੀ। ਹਜ਼ੂਰ ਨੇ ਭਾਈ ਬੱਲੂ ਨੂੰ ਪਤਾ ਕਰਨ ਲਈ ਕਿਹਾ ਤਾਂ ਉਸ ਪਰਤ ਕੇ ਦੱਸਿਆ ਕਿ ਇਕ ਵਿਧਵਾ ਮਾਈ ਦਾ ਇਕਲੌਤਾ ਚਲਾਣਾ ਕਰ ਗਿਆ ਹੈ ਜੋ ਬੂਹੇ ਅੱਗੇ ਉਸ ਦੀ ਲਾਸ਼ ਰੱਖ ਕੇ ਵਿਰਲਾਪ ਕਰ ਰਹੀ ਹੈ ਕਿ ਹਜ਼ੂਰ ਮੇਰੇ ਪੁੱਤਰ ਨੂੰ ਜੀਂਦਾ ਕਰਨ। ਸੁਣ ਕੇ ਪਾਤਸ਼ਾਹ ਜੀ ਨੇ ਕਿਹਾ,

'ਹੋ ਜਾਇਗਾ। ਹੁਣ ਸਾਡਾ ਕਰਤਾਰ ਦੇ ਸਿਮਰਨ ਦਾ ਵੇਲਾ ਹੈ, ਤੁਸੀਂ ਵੀ ਉਸ ਅੱਗੇ ਅਰਦਾਸ ਕਰੋ'।

ਬੱਲੂ ਜੀ ਨੇ ਜਾ ਕੇ ਮਾਈ ਨੂੰ ਦੱਸਿਆ।
ਬਲੂ ਜਾਇ ਤਾ ਸੋ ਸਮਝਾਇਆ।
ਦੀਨ ਦਇਆਲ ਸਤਿਗੁਰ ਫੁਰਮਾਇਆ।
ਅਬ ਕਰੋ ਖਿਮਾ ਹੋਇ ਪ੍ਰਾਤਹਕਾਲ।
ਮੂਆ ਸੁਤ ਪ੍ਰਭ ਦੇਇ ਜਿਵਾਲ।8॥

ਕੁਝ ਸਮੇਂ ਬਾਦ ਆਪ ਜੀ ਚੁਬਾਰੇ ਤੋਂ ਉਤਰੇ ਅਰ ਬੱਚੇ ਨੂੰ ਚਰਨ ਛੁਹਾਉਂਦਿਆਂ ਕਿਹਾ,

'ਉੱਠੋ ਪੁੱਤਰ! ਕਰਤਾਰ ਚਿੱਤ ਆਵੇ!!

ਬੱਚਾ ਉੱਠ ਪਿਆ, ਵਿਲਕਦੀ ਮਾਂ ਨੇ ਸੀਨੇ ਲਾਇਆ, ਹਜ਼ੂਰ ਪਾਤਸ਼ਾਹ ਜੀ ਦਾ ਸ਼ੁਕਰ ਕੀਤਾ ਅਰ ਚਲੀ ਗਈ। ਆਪ ਜੀ ਨੇ ਬੱਲੂ ਪ੍ਰਤੀ ਕਿਹਾ,

'ਕਰਤਾਰ ਕਿਰਪਾ ਕਰੇਗਾ ਸਾਡੇ ਹੁੰਦਿਆਂ ਕਿਸੇ ਮਾਂ ਦੇ ਜਿਉਂਦਿਆਂ ਉਸ ਦਾ ਪੁੱਤ੍ਰ ਨਹੀਂ ਮਰੇਗਾ'। 'ਵਾਹਿਗੁਰੂ!' ਕਹਿੰਦਿਆਂ ਭਾਈ ਜੀ ਨੇ ਸਿਰ ਨਿਵਾ ਦਿੱਤਾ।

ਸਾਰੇ ਨਗਰ ਵਿਚ ਇਸ ਘਟਨਾ ਦਾ ਸ਼ੋਰ ਹੋ ਗਿਆ ਕਿ ਗੁਰੂ ਪਾਤਸ਼ਾਹ ਜੀ ਨੇ ਮਰੇ ਬੱਚੇ ਨੂੰ ਜ਼ਿੰਦਾ ਕਰ ਦਿੱਤਾ ਹੈ। ਵਿਰੋਧੀਆਂ ਦੇ ਤਾਂ ਮੂੰਹ ਬੰਦ ਹੋ ਗਏ ਪਰ ਗੁਰੂ-ਘਰ ਦੇ ਹਿਤੂ ਇਸ ਕੌਤਕ ਦੇ ਵਾਪਰਨ ਤੋਂ ਬਲਿਹਾਰ ਜਾ ਰਹੇ ਸਨ।

ਸਾਨੂੰ ਪੰਚਮ ਪਾਤਸ਼ਾਹ ਜੀ ਦਾ ਵਾਕ ਯਾਦ ਆ ਰਿਹਾ ਹੈ:

ਗੁਰੁ ਪਰਮੇਸਰੁ ਕਰਣੈਹਾਰੁ॥
ਸਗਲ ਸ੍ਰਿਸਟਿ ਕਉ ਦੇਇ ਆਧਾਰੁ॥1॥
ਗੁਰ ਕੇ ਚਰਣ ਕਮਲ ਮਨ ਧਿਆਇ॥
ਦੂਖੁ ਦਰਦੁ ਇਸੁ ਤਨ ਤੇ ਜਾਇ॥1॥ਰਹਾਉ॥
ਭਵਜਲਿ ਡੂਬਤ ਸਤਿਗੁਰੁ ਕਾਢੈ॥
ਜਨਮ ਜਨਮ ਕਾ ਟੂਟਾ ਗਾਢੈ॥2॥
ਗੁਰ ਕੀ ਸੇਵਾ ਕਰਹੁ ਦਿਨੁ ਰਾਤਿ॥
ਸੂਖ ਸਹਜ ਮਨਿ ਆਵੈ ਸਾਂਤਿ॥
ਸਤਿਗੁਰ ਕੀ ਰੇਣੁ ਵਡਭਾਗੀ ਪਾਵੈ॥
ਨਾਨਕ ਗੁਰ ਕਉ ਸਦ ਬਲਿ ਜਾਵੈ॥
4॥16॥22॥
ਗੁ.ਗ੍ਰੰ.ਸਾ. ਪੰਨਾ 741

**ਇਤਿਹਾਸਕ ਹਵਾਲੇ:**

ਬਰਖ ਬਾਈਸ ਮਹਿ ਕੋਇ ਨ ਮੂਆ।
ਯਹ ਪਰਗਟ ਕਾਲ (ਮੌਤ) ਕੋ ਲੋਪਨ (ਗੁਪਤ) ਕੀਆ।
ਬਾਈਸ ਬਰਸ ਤਹਾਂ ਗੁਰ ਤਨ ਰਾਖਾ।
ਨਹੀ ਕੋਊ ਮੂਆ ਨ ਕਾਹੂ ਭਾਖਾ।13॥
ਦੋਹਰਾ॥ ਯਹ ਲੀਲਾ ਸਤਿਗੁਰ ਦਇਆਲ ਕੀ ਜਾਨ ਸਕੇ ਨ ਕੋਇ।
ਸੋ ਮਹਿਮਾ ਸਤਿਗੁਰ ਲਖੇ
ਜਿਹ ਪਰ ਕਿਰਪਾ ਹੋਇ।16॥105॥
ਮਹਿਮਾ ਪ੍ਰਕਾਸ਼
ਸੁਨਿ ਗੁਰ ਕਹਯੋ 'ਪ੍ਰਾਤਿ ਜਬ ਹੋਇ।
(ਸੁਣ ਕੇ ਹਜ਼ੂਰ ਕਿਹਾ ਕਿ ਦਿਨ ਚੜ੍ਹੇ)
ਮਰਯੋ ਪੁੱਤ੍ਰ ਤਿਸ ਜੀਵਨ ਹੋਇ।
(ਮਰਿਆ ਪੁੱਤਰ ਜਿੰਦਾ ਹੋ ਜਾਵੇਗਾ)
ਅਬ ਕਹਿ ਦੇਹੁ ਨ ਕਰੈ ਬ੍ਰਿਲਾਪ।
(ਕਹਿ ਦਿਹੁ -ਹੁਣ ਵਿਰਲਾਪ ਨ ਕਰੇ)
ਬੰਧਹਿਂ ਕੈਦ ਜਿ ਤੇਈਆ ਤਾਪ'।6॥
(ਤੇਈਆ ਤਾਪ ਨੂੰ ਹੁਣ ਕੈਦ ਕਰ ਲਵਾਂਗੇ)
...ਉੱਠ ਸਤਿਗੁਰ ਤਿਹ ਚਰਨ ਲਗਾਯੋ।
(ਸਤਿਗੁਰਾਂ ਉੱਠ ਕੇ ਚਰਨ ਛੁਹਾਇਆ)
ਤੁਰਨ ਬਾਲਕ ਤਬਹਿ ਜਿਵਾਯੋ।7॥42॥
ਰਾਸ 1 (ਫ਼ੌਰਨ ਬੱਚਾ ਜ਼ਿੰਦਾ ਹੋ ਗਿਆ)

ਅਸਲ ਗੱਲ ਇਹ ਹੈ ਕਿ ਜਿੱਥੇ ਵੀ ਸਤਿਗੁਰੂ ਹੈ ਉੱਥੇ ਚਿੰਤਾ, ਰੋਗ ਤੇ ਆਫ਼ਤਾਂ ਨੇੜੇ ਨਹੀਂ ਆਉਂਦੀਆਂ:

'ਜਹਾ ਬਿਰਾਜੈ ਸਤਿਗੁਰ ਸਾਧ।
ਲਗੇ ਨ ਆਧ ਵਿਆਧ ਉਪਾਧ'।15॥
ਪੰਨਾ 100 ਪਰਬਤ ਮੇਰਾਣੁ

* * * *

# NAVIGATING THE FUTURE DEVELOPMENT OF UK SIKH REPRESENTATION:

## AN INDEPENDENT SUMMIT REPORT

– ਲੇਖਕ –
ਸੁਜਿੰਦਰ ਸਿੰਘ ਸੰਘਾ



..Continued from last week

**(Part 2)**

The Council of Sikhs in Law and Sikhs in Academia commissioned a report on the process and effectiveness of the UK Sikh representation in relation to consultation and advocacy with the UK government on key policy issues.

..............................

'2023 ਦੀ ਬਲੂਮ ਰਿਪੋਰਟ' ਬਾਰੇ ਸਿੱਖਾਂ ਵਲੋਂ ਪਾਰਲੀਮੈਂਟ ਤਕ ਨੁਕਤਾਚੀਨੀ ਦਰਜ ਕਰਵਾਉਣੀਂ, ਆਪਣੇਂ-ਆਪ ਵਿੱਚ ਇਕ ਜਰੂਰੀ ਪਹਿਲੂ ਸੀ। ਪਰ ਇਸਤੌਂ ਵੀ ਵਧ ਜਰੂਰੀ 2023-24 ਦੌਰਾਂਨ ਉਭਰੀ ਇਹ ਭਾਵਨਾਂ ਸੀ ਕਿ ਯੂ.ਕੇ. ਦੇ ਸਿਖਾਂ ਦੇ ਵਡੇਰੇ ਹਿੱਤ ਨੂੰ ਸਾਹਮਣੇਂ ਰਖਦਿਆਂ, ਕੋਈ 'ਸਰਬ-ਪਰਵਾਣਿਤ' ਬਣਨ ਯੋਗ ਦਸਤਾਵੇਜ਼ੀ ਸੁਝਾਅ-ਸਫਾਰਸ਼ਾਂ ਤਿਆਰ ਕੀਤੀਆਂ ਜਾਂਣ। ਤਾਂ ਕਿ ਯੂ.ਕੇ. ਸਰਕਾਰ ਨੂੰ ਪ੍ਰਭਾਵਿਤ ਕਰਨ ਲਈ, ਸਿੱਖਾਂ ਦੀ ਸਾਂਝੀ, ਸਥਾਈ ਅਤੇ ਸਮਰੱਥ ਸੰਸਥਾ ਸਥਾਪਤ ਹੋ ਸਕੇ। ਪਰ ਇਸਦਾ ਅਧਾਰ ਸਿੱਖ ਪੰਥਕ ਸੰਵਾਦ, ਵਰਤਮਾਨ ਤੇ ਭਵਿੱਖਤ ਲੋੜਾਂ ਅਤੇ ਖੋਜ-ਪੜਤਾਲ ਹੋਵੇ। 'ਸਿੱਖਸ ਇੰਨ ਲਾਅ ਅਤੇ ਅਕਡੀਮੀਆ' ਨੇ ਇਹ ਸੇਵਾ ਸੰਭਾਲਦਿਆਂ, ਇਕ ਪੈਨਲ ਸਥਾਪਤ ਕੀਤਾ। ਇਸ ਲੇਖਕ ਸਮੇਤ ਪੰਜ-ਮੈਂਬਰੀ ਪੈਨਲ ਅਤੇ ਮਾਹਰਾਂ ਦੇ ਸਹਿਯੋਗ ਨਾਲ ਤਿਆਰ ਕੀਤੀ ਰਿਪੋਰਟ 'ਪੰਜਾਬ ਟਾਈਮਜ਼' 'ਚ ਲੜੀਵਾਰ ਪ੍ਰਕਾਸ਼ਿਤ ਹੋ ਰਹੀ ਹੈ। ਇਥੋਂ ਦੀਆਂ ਲੋੜਾਂ ਅਤੇ ਵਰਤੋਂ ਕਾਰਨ ਇਹ 'ਸੰਮਿਟ ਰਿਪੋਰਟ' ਅੰਗ੍ਰੇਜ਼ੀ ਵਿੱਚ ਹੈ।

– ਪ੍ਰਿੰ. ਡਾ. ਸੁਜਿੰਦਰ ਸਿੰਘ ਸੰਘਾ ਓ.ਬੀ.ਈ ਐਫ.ਆਰ.ਐਸ.ਏ

..................................

The following images show exploratory discussion forum of members of the Independent Research Panel and members of the UK Sikh community:



1-Above chair of the IRP is setting out the context and objectives of the Summit Report. 2-In addition to participation of Sikhs by postal and digital means from England, Scotland and Wales, representations were also made from Gurdwara councils, Sikh organisations and the academia.From left to right in the front row are Bhai Joga Singh, Dr. Avtar Dingh, Dr. Sadhu Singh and sitting behind among others is Dr. Harjinder Singh Lalie OBE from the Sikhs in Academia. 3-At front on the right of the Independent Research Panel is Dr. Gurnam Singh noting views of the meeting and taking incoming comments and information. 4-Bibi ji on the left, is noting S. Sukhvinder Singh Padda's representation.5-The IRP carefully listened to and noted comments of the meeting and the in-coming audio and video calls 6-Finally, the time for reflection and conclusions of the exploratory discussion forum.

### 3. The Summit Report's Wider Context

3.1 The history of British-Sikh relations is complex and multi-dimensional. It is rooted both in the pre-1947 history of India (including impact of the annexation on Punjab, WW1, 1919 Jallianwala Bagh Massacre in Amritsar, Gurdwara Reform and Akali movements) and the rise of post-WW2 migration of Sikhs to the UK. The purpose of this report is to critically review UK Sikh representation for consultation and advocacy at government policy level and to make recommendations, for making this more impactful. Kaur (2023) in the US reflects on the Oak Creek Gurdwara incident, and in our intellectual pursuit we must remember the presence of Sikhiphobia and the resultant attacks on our global elders. Our pursuit to justice must mean that risks to the Sikh community are not increased, as that will never lead to betterment, only more violence and outside interference, which is frankly the biggest threat to many religious communities today. As intellectuals and professionals we do not wish to increase race hate or Sikhiphobia, (Birk et al, 2014), but rather, an attack to one is an injury to all so emphasise the need for collegiality.

3.2 The Sikh diaspora is not trauma free, the settlement and evolution of Sikh communities in the UK over the past seven decades - including post-WW2 socio-economic pull and push factors, the 1947 partition of Punjab, challenging political circumstances in India, the rise of national movements in East Africa and elsewhere, and the Brexit process. All of these have resulted in the formation Sikh communities across the UK's English-regions and other areas of the home nations. According to the 2021 Census, the total number of Sikhs in England and Wales is 524,140. This figure if compared with a total of 423,158 in the 2011, indicates an ongoing growth. It is estimated that the present figure will be over 600,000 in view of the post Brexit movement and settlement of Sikhs in the UK from the European Union countries.

Notably, the High Court rejected the case for a separate Sikh ethnicity category despite it being allowed in the US, the connotations that may require future exploration and perhaps 'Punjabi' may help to understand the struggles of this community if ethnicity classification is the goal. This is a yearning for identity and belonging, and due consideration and trauma-informed understanding of this need has been lacking in Western circles.

3.3 Post-war migration settlement and successive UK born generations of Sikhs are now an integral part of British society. Initially, having worked mainly in the manufacturing industry, transport, the NHS, and the Small and Medium Enterprise (SME) sectors possibly due to racism in employment, otherwise generations of Sikhs have endeavoured to move into diverse parts of the economy, including professional services, education, culture, entertainment, arts and media. Overall, it's fair to say that Sikhs have made a good name for themselves and are considered and spoken of highly by employers and native citizens.

3.4 UK Sikhs have around 500 organically developed autonomous and self-managed religious, cultural and social organisations. They have developed some 10,000 businesses and a proportion of the British born and raised Sikhs are moving into professional occupations, academia, commerce, law, research and innovation. However, there is a continuing debate as to whether the UK Sikhs are able to realise their aspirations and potential worthy of their potential, qualifications and capabilities. It is undeniable that they too undergo racism and prejudice - their trajectories are not indifferent to many underserved communities, but their tenacity has proved to be successful for many.

3.5 UK Sikhs actively participate in democratic politics and the electoral system, however, their representation in the national, regional and local party-political system and corporate bodies still remains low. The UK Sikh men and women by tradition have had strong involvement in the trade unions, business and professional organisations. A proportion of Sikhs continue to be driven into activism for fairness, equality and justice due to experiences of discrimination and prejudice towards their visible identity, language, religious and cultural attire and skin colour.

(To be continued)

# ਸੁਪਨਿਆਂ ਅਤੇ ਹਕੀਕਤ ਦਰਮਿਆਨ

ਗੁਰਮੀਤ ਸਿੰਘ ਪਲਾਹੀ
9815802070



ਬਹੁਤ ਚੰਗਾ ਲੱਗਦਾ ਹੈ ਉਦੋਂ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ ਕਿ 2047 ਤੱਕ ਭਾਰਤ ਵਿਕਸਤ ਦੇਸ਼ ਬਣ ਜਾਵੇਗਾ। ਬਹੁਤ ਚੰਗੀ ਲੱਗਦੀ ਹੈ ਇਹ ਗੱਲ, ਇਸ ਲਈ ਕਿ ਹਰ ਭਾਰਤੀ ਨਾਗਰਿਕ ਦਾ ਇਹ ਸੁਪਨਾ ਹੈ, ਪਰ ਦੇਸ਼ ਦੇ ਸਭ ਤੋਂ ਸਾਫ਼- ਸੁਥਰੇ ਸ਼ਹਿਰ ਇੰਦੌਰ ਵਿੱਚ ਗੰਦੇ ਪਾਣੀ ਨਾਲ਼ ਲੋਕ ਮਰਦੇ ਹਨ ਤਾਂ ਇਸ ਸੁਪਨੇ 'ਤੇ ਯਕੀਨ ਕਰਨਾ ਮੁਸ਼ਕਿਲ ਹੁੰਦਾ ਹੈ।

24 ਦਸੰਬਰ 2025 ਤੋਂ 6 ਜਨਵਰੀ 2026 ਦੇ ਦਰਮਿਆਨ ਇੰਦੌਰ ਦੇ ਭਾਗੀਰਥਪੁਰ ਵਿੱਚ ਦੂਸ਼ਿਤ ਪਾਣੀ ਨਾਲ਼ ਘੱਟੋ-ਘੱਟ ਅੱਠ ਲੋਕਾਂ ਦੀ ਮੌਤ ਹੋਈ ਹੈ। ਸੈਂਕੜੇ ਹਸਪਤਾਲਾਂ 'ਚ ਪਹੁੰਚਾਉਣੇ ਪਏ। ਇਹ ਸ਼ਹਿਰ 2024-25 ਵਿੱਚ 'ਸੁਪਰ ਲੀਗ' ਵਿੱਚ ਸਭ ਤੋਂ ਸਾਫ਼ ਸ਼ਹਿਰ ਵਿੱਚੋਂ ਉਭਰਿਆ ਪਰ ਨਵੇਂ ਸਾਲ ਦੇ ਸ਼ੁਰੂ 'ਚ ਇਸ ਸਭ ਤੋਂ ਸਾਫ਼ ਸ਼ਹਿਰ ਦੇ ਤਗਮੇ ਉੱਤੇ ਸਵਾਲ ਖੜੇ ਹੋਣੇ ਸ਼ੁਰੂ ਹੋ ਗਏ ਹਨ।

ਇੰਦੌਰ ਦਾ ਇਹ ਦੁਖਾਂਤ ਜਦੋਂ ਖ਼ਬਰਾਂ 'ਚ ਆਇਆ ਹਕੀਕਤ ਸਾਹਮਣੇ ਆਈ ਕਿ ਦੇਸ਼ ਵਿੱਚ ਪਾਣੀ ਪੂਰਤੀ ਪ੍ਰਣਾਲੀ ਕਿੰਨੀ ਨਾਜ਼ੁਕ ਹੈ। ਜਨਵਰੀ 2026 ਵਿੱਚ ਗੰਦੇ ਪਾਣੀ ਦੇ ਦੂਸ਼ਿਤ ਪਾਈਪਾਂ ਦੇ ਪਾਣੀ ਨੇ 22 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਘੱਟੋ-ਘੱਟ 26 ਸ਼ਹਿਰਾਂ ਵਿੱਚ ਬਿਮਾਰੀਆਂ ਦਾ ਪ੍ਰਕੋਪ ਫੈਲਾਇਆ। ਇਹਨਾਂ ਸ਼ਹਿਰਾਂ ਵਿੱਚ 2500 ਲੋਕ ਬਿਮਾਰ ਹੋਏ ਵਿਖਾਏ ਗਏ, ਜਦ ਕਿ 34 ਲੋਕਾਂ ਦੀ ਮੌਤ ਹੋ ਗਈ।

ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਹੁੰਦੀਆਂ ਹਨ, ਪਰ ਉਹਨਾਂ ਦੀ ਚਰਚਾ ਤੱਕ ਨਹੀਂ ਹੁੰਦੀ ਕਿਉਂਕਿ ਇਹੋ ਜਿਹੇ ਹਾਦਸੇ ਦੇਸ਼ ਦੇ ਉਹਨਾਂ 20 ਫ਼ੀਸਦੀ ਗ਼ਰੀਬ ਲੋਕਾਂ ਨਾਲ਼ ਹੁੰਦੇ ਹਨ, ਜਿਹੜੇ ਗ਼ਰੀਬ ਹਨ, ਜਿਹਨਾਂ ਦੇ ਜੀਵਨ ਉਤਨੇ ਹੀ ਬੇਹਾਲ ਹਨ, ਜਿਤਨੇ ਅਤਿ-ਗ਼ਰੀਬ ਅਫ਼ਰੀਕੀ ਦੇਸ਼ ਵਿੱਚ ਰਹਿਣ ਵਾਲੇ ਗ਼ਰੀਬ ਲੋਕਾਂ ਦੇ ਹਨ।

ਇਹ ਸ਼ਰਮਨਾਕ ਸਚਾਈ ਹੈ ਲੇਕਿਨ ਇਸਨੂੰ ਛੁਪਾਉਣ ਨਾਲ਼ ਆਪਣਾ ਦੇਸ਼ ਬਿਹਤਰ ਨਹੀਂ ਹੋਣ ਵਾਲਾ। ਤਬਦੀਲੀ ਤਦ ਆਏਗੀ, ਜਦ ਅਸੀਂ ਆਪਣੇ ਹਾਕਮਾਂ ਨੂੰ ਯਾਦ ਦਿਵਾਉਣ ਰਹਾਂਗੇ ਵਾਰ-ਵਾਰ ਕਿ ਉਹਨਾਂ ਦਾ ਧਿਆਨ ਉਹਨਾਂ ਸ਼ਹਿਰੀ ਬਸਤੀਆਂ ਵੱਲ ਜਾਣਾ ਚਾਹੀਦਾ ਹੈ ਅਤੇ ਉਹਨਾਂ ਅਤਿ-ਪਛੜੇ ਪਿੰਡਾਂ ਵੱਲ ਜੋ ਭਾਰਤ ਦੇ ਗ਼ਰੀਬ ਹਨ। ਉਹਨਾਂ ਲੋਕਾਂ ਵੱਲ ਜੋ ਪੂਰਾ ਜੀਵਨ ਫੁੱਟਪਾਥਾਂ 'ਤੇ ਗੁਜ਼ਾਰ ਦਿੰਦੇ ਹਨ ਜਾਂ ਇਹੋ-ਜਿਹੀਆਂ ਗੰਦੀਆਂ ਬਸਤੀਆਂ ਵਿੱਚ ਜਿੱਥੇ ਨਾ ਸਾਫ਼ ਪਾਣੀ ਹੁੰਦਾ ਹੈ, ਨਾ ਸਾਫ਼ ਹਵਾ, ਨਾ ਚੰਗੇ ਸਕੂਲ ਅਤੇ ਨਾ ਸਿਹਤ ਸੇਵਾਵਾਂ।

ਅੱਜ ਪ੍ਰਸ਼ਾਸਨਿਕ ਸੁਧਾਰਾਂ ਦੀ ਕੋਸ਼ਿਸ਼ ਸਿਰਫ਼ ਇਹ ਹੋਈ ਹੈ ਕਿ ਪਾਸਪੋਰਟ ਲੈਣਾ ਸੌਖਾ ਹੋ ਗਿਆ ਹੈ। ਬਿਜਲੀ ਦੇ ਬਿੱਲ ਭਰਨੇ ਆਸਾਨ ਹੋ ਗਏ ਹਨ। ਹੋਰ ਛੋਟੀਆਂ-ਮੋਟੀਆਂ ਸੁਵਿਧਾਵਾਂ ਦੇ ਲਈ ਸਾਨੂੰ ਵੱਡੇ ਅਧਿਕਾਰੀਆਂ ਦੇ ਸਾਹਮਣੇ ਭੀਖ ਨਹੀਂ ਮੰਗਣੀ ਪੈਂਦੀ। ਇਹਨਾਂ ਚੀਜ਼ਾਂ 'ਚ ਫ਼ਰਕ ਇਸ ਕਰਕੇ ਆਇਆ ਕਿ ਤਕਨੀਕਾਂ 'ਚ ਆਧੁਨਿਕਤਾ ਆ ਗਈ ਹੈ। ਲੇਕਿਨ ਜਿੱਥੇ ਵੀ ਆਧੁਨਿਕ ਤਕਨੀਕਾਂ ਨਾਲ਼ ਕੰਮ ਨਹੀਂ ਬਣਦਾ ਹੈ, ਉੱਥੇ ਇੰਦੌਰ ਵਰਗੀਆਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ। ਕੀ ਇਹੋ ਜਿਹੀਆਂ ਹਾਲਤਾਂ ਵਿੱਚ ਭਾਰਤ ਅਗਲੇ 40 ਸਾਲਾਂ ਤੱਕ ਵੀ ਵਿਕਸਿਤ ਦੇਸ਼ ਬਣ ਸਕਦਾ ਹੈ?

2047 ਤੱਕ ਵਿਕਸਿਤ ਹੋਣ ਦਾ ਸੁਪਨਾ, ਹਕੀਕਤਾਂ ਤੋਂ ਬਹੁਤ ਦੂਰ ਹੈ। ਜੇਕਰ ਇਹ ਮਨ ਵੀ ਲਿਆ ਜਾਵੇ ਕਿ ਦੇਸ਼ ਵਿੱਚ ਅੰਕੜਿਆਂ ਅਨੁਸਾਰ ਗ਼ਰੀਬਾਂ ਦੀ ਗਿਣਤੀ ਘਟੀ ਹੈ ਅਤੇ ਇਹ ਕੁੱਲ ਅਬਾਦੀ ਤਾਂ 20 ਫ਼ੀਸਦੀ ਰਹਿ ਗਈ ਹੈ, ਤਦ ਵੀ ਇਸ ਤੱਥ ਤੋਂ ਅੱਖਾਂ ਕਿਵੇਂ ਮੀਟੀਏ ਕਿ ਕੁੱਲ 144 ਕਰੋੜ ਦੀ ਅਬਾਦੀ ਵਿੱਚੋਂ 80 ਕਰੋੜ ਲੋਕਾਂ ਨੂੰ ਮੁਫ਼ਤ ਸਰਕਾਰੀ ਅੰਨ ਮੁਹੱਈਆ ਕਰਨਾ ਕਿਸ ਕਿਸਮ ਦੇ ਅਰਧ ਵਿਕਸਿਤ ਦੇਸ਼ਾਂ ਦੀ ਨਿਸ਼ਾਨੀ ਹੈ? ਹਾਲੇ ਤੱਕ ਵੀ ਦੇਸ਼ ਦੇ ਲੋਕਾਂ ਦੀ ਪ੍ਰਤੀ ਜੀਅ ਆਮਦਨ 2818 ਡਾਲਰ ਹੈ, ਜੋ ਅੰਤਰਰਾਸ਼ਟਰੀ ਪੱਧਰ ਉੱਤੇ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਲਗਭਗ ਸਿਫ਼ਰ ਦੇ ਮੁਕਾਬਲੇ ਹੀ ਤਾਂ ਹੈ।

ਸੰਯੁਕਤ ਰਾਸ਼ਟਰ ਅਮਰੀਕਾ, ਕੈਨੇਡਾ, ਜਪਾਨ, ਆਸਟਰੇਲੀਆ ਅਤੇ ਪੱਛਮੀ ਯੂਰਪ ਦੇਸ਼ ਵਿਕਸਿਤ ਦੇਸ਼ਾਂ ਦੀ ਉਦਾਹਰਨ ਹਨ। ਵਿਕਸਿਤ ਦੇਸ਼ ਇੱਕ ਇਹੋ-ਜਿਹਾ ਰਾਸ਼ਟਰ ਹੈ, ਜਿਸ ਦੀ ਅਰਥ ਵਿਵਸਥਾ ਮਜ਼ਬੂਤ ਹੋਵੇ, ਜਿੱਥੋਂ ਦੇ ਨਾਗਰਿਕਾਂ ਦਾ ਜੀਵਨ ਪੱਧਰ ਉੱਚਾ ਹੋਵੇ, ਉਦਯੋਗਾਂ, ਸਿੱਖਿਆ ਅਤੇ ਸਿਹਤ ਸੇਵਾਵਾਂ ਤੱਕ ਜਿਸ ਦੇਸ਼ ਦੀ ਵਿਆਪਕ ਪਹੁੰਚ ਹੋਵੇ ਅਤੇ ਜੋ ਉਦਯੋਗੀਕਰਨ ਦੇ ਉੱਚੇ ਪੱਧਰ 'ਤੇ ਪਹੁੰਚਿਆ ਹੋਵੇ, ਜਿਸ ਦੇ ਨਾਗਰਿਕਾਂ ਦੀ ਪ੍ਰਤੀ ਜੀਅ ਆਮਦਨ ਉੱਚੀ ਅਤੇ ਜੀ.ਡੀ.ਪੀ. ਉੱਚ ਪੱਧਰ ਦੀ ਹੋਵੇ। ਵਿਸ਼ਵ ਦੇ ਸਭ ਤੋਂ ਵੱਧ ਵਿਕਸਿਤ ਦੇਸ਼ ਫਿਨਲੈਂਡ, ਸਵਿਟਜ਼ਰਲੈਂਡ ਅਤੇ ਨਾਰਵੇ ਹਨ। ਏਸ਼ੀਆ ਵਿੱਚ ਸਭ ਤੋਂ ਵਿਕਸਿਤ ਦੇਸ਼ ਸਿੰਗਾਪੁਰ ਹੈ।

ਬਿਨਾਂ ਸ਼ੱਕ ਭਾਰਤ ਦੁਨੀਆਂ ਦੀਆਂ ਪੰਜ ਉਪਰਲੀਆਂ ਅਰਥ ਵਿਵਸਥਾਵਾਂ ਵਿੱਚ ਇੱਕ ਹੈ ਅਤੇ ਇਸ ਦੀ ਜੀ.ਡੀ.ਪੀ. 7 ਪ੍ਰਤੀਸ਼ਤ ਹੈ ਜੋ ਅਮਰੀਕਾ, ਚੀਨ, ਜਰਮਨੀ ਅਤੇ ਜਪਾਨ ਨਾਲੋਂ ਕਿਤੇ ਵੱਧ ਹੈ ਪਰ ਇਹਨਾਂ ਵੱਡੇ ਅਰਥਚਾਰਿਆਂ ਵਿੱਚੋਂ ਇੱਕ ਹੋਣ ਦੇ ਬਾਵਜੂਦ ਵੀ ਭਾਰਤ ਗ਼ਰੀਬ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ। ਵਿਸ਼ਵ ਬੈਂਕ ਅਨੁਸਾਰ ਇਹ ਹਾਲੀਂ ਵੀ ਨਿਮਨ ਮੱਧ ਆਮਦਨ ਵਰਗ ਵਿੱਚ ਸ਼ਾਮਲ ਹੈ ਅਤੇ ਇਸ ਦਾ ਵਿਸ਼ਵ ਪੱਧਰੀ ਪ੍ਰਤੀ ਜੀਅ ਆਮਦਨ 137 ਵੇਂ ਸਥਾਨ 'ਤੇ ਹੈ ਅਤੇ ਭਾਰਤ ਆਮਦਨ 'ਚ ਨਾ-ਬਰਾਬਰਤਾ ਲਈ ਜਾਣਿਆ ਜਾਂਦਾ ਦੇਸ਼ ਹੈ। ਅਮੀਰ-ਗ਼ਰੀਬ ਦਾ ਇਹ ਪਾੜਾ ਦੇਸ਼ ਵਿੱਚ ਲਗਾਤਾਰ ਵੱਧ ਰਿਹਾ ਹੈ, ਜਿਹੜਾ ਅਮੀਰ ਅਰਥਚਾਰੇ ਦੇ ਹੁੰਦਿਆਂ ਸਿਹਤ, ਸਿੱਖਿਆ 'ਚ ਨਾ-ਬਰਾਬਰਤਾ ਦਾ ਵੱਡਾ ਕਾਰਨ ਹੈ।

ਭਾਵੇਂ ਕਿਸੇ ਵੀ ਦੇਸ਼ ਦੇ ਵੱਡੇ ਅਰਥਚਾਰੇ ਹੋਣ ਦਾ ਅਰਥ ਇਹ ਨਹੀਂ ਕਿ ਉਹ ਵਿਕਸਿਤ ਦੇਸ਼ ਹੈ। ਵੇਖਣ ਵਾਲੀ ਗੱਲ ਤਾਂ ਉਸ ਦੇਸ਼ ਵਿੱਚ ਇਹ ਵੀ ਹੁੰਦੀ ਹੈ ਕਿ ਉਸ ਦੇਸ਼ ਦੇ ਨਾਗਰਿਕਾਂ ਦੀ ਪ੍ਰਤੀ ਜੀਅ ਆਮਦਨ ਕਿੰਨੀ ਹੈ। ਇਹ ਵੀ ਕਿ ਉਸ ਦੇਸ਼ ਵਿੱਚ ਰਾਜ ਪ੍ਰਬੰਧ ਕਿਹੋ-ਜਿਹਾ ਹੈ ਤੇ ਕੀ ਉਹ ਇੱਕ ਮਜ਼ਬੂਤ ਰਾਜ ਹੈ ਅਤੇ ਵਿਸ਼ਵ ਪੱਧਰੀ ਉਸ ਦੀ ਸ਼ਾਖ ਕਿਹੋ-ਜਿਹੀ ਹੈ।

ਅੱਜ ਭਾਵੇਂ ਅਸੀਂ ਅਗਲੇ ਵਰ੍ਹੇ ਜਪਾਨ, ਜਰਮਨ ਨੂੰ ਪਛਾੜ ਕੇ ਵਿਸ਼ਵ ਦਾ ਤੀਜਾ ਅਰਥਚਾਰਾ ਬਣਨ ਵੱਲ ਅੱਗੇ ਵੱਧ ਰਹੇ ਹਾਂ ਪਰ ਸਿਹਤ, ਸਿੱਖਿਆ ਸੁਵਿਧਾਵਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਚ ਦੇਸ਼ ਭਾਰਤ ਅੱਗੇ ਨਹੀਂ ਵੱਧ ਰਿਹਾ। ਕੁਦਰਤੀ ਸਰੋਤਾਂ ਨਾਲ਼ ਖਿਲਵਾੜ ਨਿੱਜੀਕਰਨ ਦੀਆਂ ਨੀਤੀਆਂ ਕਾਰਨ ਦੇਸ਼ ਭਾਰਤ ਲੋਕ ਭਲਾਈ ਹਿੱਤਾਂ ਤੋਂ ਪਾਸਾ ਵੱਟ ਰਿਹਾ ਹੈ। ਸਿਹਤ ਅਤੇ ਸਿੱਖਿਆ ਸੁਵਿਧਾਵਾਂ ਜਿਹੜੀਆਂ ਕਿ ਕਿਸੇ ਵੀ ਰਾਜ ਪ੍ਰਬੰਧ ਦਾ ਮੁੱਢਲਾ ਧੁਰਾ ਹੈ, ਉਸ ਤੋਂ ਦੇਸ਼ ਦੇ ਹਾਕਮਾਂ ਮੁੱਖ ਮੋੜ ਲਿਆ ਹੋਇਆ ਹੈ। ਭਾਵੇਂ ਕਿ ਵੱਖੋ-ਵੱਖਰੀਆਂ ਬੀਮਾ ਯੋਜਨਾਵਾਂ ਰਾਹੀਂ ਨਾਗਰਿਕਾਂ ਨੂੰ ਭਰਮਾ ਕੇ ਉਹਨਾਂ ਨੂੰ ਸਿਹਤ ਸਹੂਲਤਾਂ ਦੇਣ ਦੀ ਗੱਲ ਕੀਤੀ ਜਾਂਦੀ ਹੈ ਅਤੇ ਨਿਗੂਣੀ ਜਿਹੀ ਪੈਨਸ਼ਨ ਦੇ ਕੇ ਬੁਢਾਪਾ ਸੁਰੱਖਿਅਤ ਕਰਨ ਲਈ ਸਮਾਜਿਕ ਸੁਰੱਖਿਆ ਦੇ ਨਾਂ ਉੱਤੇ ਕੁਝ ਸੈਂਕੜੇ ਰਕਮ ਦੇਣ ਦਾ ਪ੍ਰਾਵਧਾਨ ਕੀਤਾ ਜਾਂਦਾ ਹੈ। ਜਦ ਕਿ ਦੇਸ਼ 'ਚ ਮਹਿੰਗਾਈ ਬੇਰੁਜ਼ਗਾਰੀ ਨੇ ਆਮ ਲੋਕਾਂ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਸੰਤੁਲਿਤ ਭੋਜਨ ਦੇਣ ਦੇ ਸਮਰੱਥ ਵੀ ਨਹੀਂ।

ਗ਼ਰੀਬੀ ਦੀ ਸਥਿਤੀ ਇਹ ਹੈ ਕਿ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵੀ ਮਾਪੇ ਉਹਨਾਂ ਨੂੰ ਬਾਲ ਮਜ਼ਦੂਰੀ ਵੱਲ ਧੱਕ ਦਿੰਦੇ ਹਨ ਤਾਂ ਕਿ ਪੇਟ ਦੀ ਅੱਗ ਬੁਝਾਈ ਜਾ ਸਕੇ। ਇਸ ਸੰਬੰਧੀ ਅੰਕੜਿਆਂ ਦੀ ਜ਼ੁਬਾਨੀ ਤਸਵੀਰ ਅਤਿਅੰਤ ਭਿਆਨਕ ਨਜ਼ਰ ਆਉਂਦੀ ਹੈ। ਭਾਰਤ 'ਚ 2025 'ਚ 3 ਕਰੋੜ ਤੋਂ ਵੱਧ ਬਾਲ ਮਜ਼ਦੂਰ ਹਨ। ਰਿਪੋਰਟਾਂ ਅਨੁਸਾਰ ਪੰਜ ਸਾਲ ਦੀ ਉਮਰ ਪੂਰੀ ਕਰਨ ਤੋਂ ਪਹਿਲਾਂ ਹੀ 1000 ਪਿੱਛੇ 42 ਬੱਚੇ (2020 ਦਾ ਡਾਟਾ) ਸੰਤੁਲਿਤ ਭੋਜਨ ਸਿਹਤ ਸਹੂਲਤਾਂ ਦੀ ਘਾਟ, ਹਵਾ ਪ੍ਰਦੂਸ਼ਣ ਨਾਲ਼ ਮਰ ਜਾਂਦੇ ਹਨ।

ਕਾਰਨ ਸਿੱਧਾ ਤੇ ਸਪੱਸ਼ਟ ਹੈ ਕਿ ਆਮ ਲੋਕਾਂ ਕੋਲ ਸਾਧਨਾਂ ਦੀ ਕਮੀ ਹੈ। ਉਹਨਾਂ ਕੋਲ ਰੁਜ਼ਗਾਰ ਨਹੀਂ ਹੈ। ਉਹਨਾਂ ਕੋਲ ਆਮਦਨ ਦੇ ਸਾਧਨ ਨਹੀਂ ਹਨ। ਪਿੰਡਾਂ ਸ਼ਹਿਰਾਂ 'ਚ ਭੈੜਾ ਵਾਤਾਵਰਨ ਪਸਰ ਰਿਹਾ ਹੈ। ਬੁਨਿਆਦੀ ਢਾਂਚੇ ਦੀ ਕਮੀ ਹੈ। ਇੱਥੋਂ ਤੱਕ ਕਿ ਆਮ ਆਦਮੀ ਨੂੰ ਨਾ ਪੂਰੀ ਰੋਟੀ ਮਿਲਦੀ ਹੈ, ਨਾ ਇਨਸਾਫ਼।

ਸੁਚੱਜੇ ਰਾਜ ਪ੍ਰਬੰਧ ਦੀ ਕਮੀ ਅਤੇ ਸਿਆਸੀ ਖਲਾਅ ਦੇ ਚਲਦਿਆਂ ਭਾਰਤ ਆਪਣੇ ਨਾਗਰਿਕਾਂ ਨੂੰ ਉਹ ਸੁੱਖ ਸਹੂਲਤਾਂ ਨਹੀਂ ਦੇ ਸਕਿਆ, ਜਿਸ ਦੀ ਤਵੱਕੋ ਆਮ ਲੋਕਾਂ ਨੂੰ ਸੀ। ਰਾਜ ਪ੍ਰਬੰਧ, ਕਨੂੰਨ, ਲੋਕਤੰਤਰ, ਬਰਾਬਰੀ, ਇਨਸਾਫ਼ ਵਰਗੇ ਸ਼ਬਦ ਧਰਮ ਦੇ ਲਬਾਦੇ ਹੇਠ ਦਫ਼ਨ ਕਰ ਦਿੱਤੇ ਗਏ ਹਨ। ਜਿਸ ਦੇ ਸਿੱਟੇ ਵਜੋਂ ਬੇਈਮਾਨ ਸਿਆਸਤ ਉੱਭਰੀ ਹੈ। ਹੈਂਕੜਬਾਜ਼ ਸਿਆਸਤਦਾਨਾਂ ਨੇ ਆਮ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੈ। ਦੇਸ਼ ਦੇ ਕੁਦਰਤੀ ਸਾਧਨਾਂ ਦਾ ਘਾਣ ਕਰ ਕੇ, ਸਭ ਕੁਝ ਉਹਨਾਂ ਲੋਕਾਂ ਦੇ ਹੱਥ ਫੜਾ ਦਿੱਤਾ ਗਿਆ ਹੈ, ਜਿਹਨਾਂ ਲਈ ਮਨੁੱਖ ਦੇ ਬੁਨਿਆਦੀ ਹੱਕ ਕੋਈ ਅਰਥ ਨਹੀਂ ਰੱਖਦੇ। ਜਿਹੜੇ ਮਨੁੱਖ ਨੂੰ ਇੱਕ ਮਸ਼ੀਨ ਸਮਝਦੇ ਹਨ ਅਤੇ ਜਿਹੜੇ ਆਪਣੇ ਹਿੱਤਾਂ ਲਈ ਸਸਤੇ ਭਾਅ ਦੀ ਕਿਰਤ ਖ਼ਰੀਦ ਕੇ ਵੱਧ ਮੁਨਾਫ਼ਾ ਕਮਾਉਣਾ ਆਪਣਾ ਹੱਕ ਸਮਝਦੇ ਹਨ। ਸਿੱਟਾ-ਸਮਾਜ ਜਿਹੜਾ ਪ੍ਰਫੁੱਲਤ ਹੋਣਾ ਚਾਹੀਦਾ ਸੀ, ਉਹ ਸੁੰਘੜਦਾ ਜਾ ਰਿਹਾ ਹੈ ਅਤੇ ਕੁਝ ਲੋਕਾਂ ਦੇ ਰਹਿਮੋ-ਕਰਮ 'ਤੇ ਹੈ। ਦੇਸ਼ ਦੇ ਹਾਕਮਾਂ ਵੱਲੋਂ ਵਿਕਾਸ ਦੇ ਨਾਂ ਉੱਤੇ ਕੁਦਰਤੀ ਸਾਧਨਾਂ ਸਮੇਤ ਖੇਤੀ ਜ਼ਮੀਨਾਂ 'ਤੇ ਕਬਜ਼ੇ, ਮਨੁੱਖੀ ਸੁੱਖਾਂ ਉੱਤੇ ਡਾਕਾ ਆਮ ਵੇਖਣ ਨੂੰ ਮਿਲ ਰਿਹਾ ਹੈ। ਸਿੱਟੇ ਵਜੋਂ ਦੇਸ਼ ਭਾਰਤ ਦੇ ਲੋਕਾਂ ਦੀ ਪੀੜਾ ਵੱਧ ਰਹੀ ਹੈ। ਸਾਧਨ ਘੱਟ ਰਹੇ ਹਨ। ਇਹੋ ਜਿਹੇ ਹਾਲਾਤਾਂ 'ਚ ਵਿਕਸਿਤ ਦੇਸ਼ ਦਾ ਸੁਪਨਾ ਸ਼ੇਖ਼ਚਿੱਲੀ ਦੇ ਸੁਪਨੇ ਵਾਂਗਰ ਦਿਖਾਈ ਦਿੰਦਾ ਹੈ। ਕਿਸੇ ਵੀ ਰਾਸ਼ਟਰ ਦੇ ਵਿਕਾਸ ਲਈ ਆਰਥਿਕ ਸਮਾਨਤਾ ਦਾ ਹੋਣਾ ਬੇਹੱਦ ਜ਼ਰੂਰੀ ਹੈ। ਜਦ ਤੱਕ ਨਾਗਰਿਕਾਂ ਨੂੰ ਬੁਨਿਆਦੀ ਸੁਵਿਧਾਵਾਂ ਉਪਲਬਧ ਨਹੀਂ ਹੋਣਗੀਆਂ ਤਦ ਤੱਕ ਵਿਕਾਸ ਦੇ ਸਾਰੇ ਦਾਅਵੇ ਅਧੂਰੇ ਹੀ ਸਾਬਤ ਹੋਣਗੇ।

ਦੁਨੀਆ ਭਰ ਵਿੱਚ ਆਰਥਿਕ ਅਸਮਾਨਤਾ ਵੱਧ ਰਹੀ ਹੈ। ਇਸ ਨਾਲ਼ ਆਰਥਿਕ ਅਸਥਿਰਤਾ ਵੀ ਵੱਧ ਰਹੀ ਹੈ। ਇਸ ਨਾਲ਼ ਆਮ ਵਿਅਕਤੀ ਦੀ ਸਿੱਖਿਆ, ਸਿਹਤ, ਰੁਜ਼ਗਾਰ ਜਿਹੀਆਂ ਮਨੁੱਖੀ ਜ਼ਰੂਰਤਾਂ ਤੱਕ ਪਹੁੰਚ ਵੀ ਸੀਮਤ ਹੋ ਰਹੀ ਹੈ। ਇਸ ਨਾਲ਼ ਕਮਜ਼ੋਰ ਵਰਗ ਸਭ ਤੋਂ ਵੱਧ ਪ੍ਰਭਾਵਿਤ ਹੋ ਰਿਹਾ ਹੈ।

ਪਰ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਅਮੀਰ-ਗ਼ਰੀਬ 'ਚ ਪਾੜਾ ਵੱਧ ਕਿਉਂ ਰਿਹਾ ਹੈ? ਭਾਰਤ ਵਰਗੀ ਅੱਗੇ ਵੱਧ ਰਹੀ ਅਰਥ ਵਿਵਸਥਾ ਵਿੱਚ ਇੱਕ ਰਿਪੋਰਟ ਅਨੁਸਾਰ ਦੇਸ਼ ਦੀ ਕੁੱਲ ਜਾਇਦਾਦ ਦਾ ਕਰੀਬ 40 ਫ਼ੀਸਦੀ ਹਿੱਸਾ ਮਹਿਜ਼ ਇੱਕ ਫ਼ੀਸਦੀ ਲੋਕਾਂ ਕੋਲ ਹੈ। ਇਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਦੇਸ਼ 'ਚ ਆਰਥਿਕ ਅਸੰਤੁਲਨ ਕਿੱਥੇ ਪੁੱਜ ਚੁੱਕਾ ਹੈ। ਇਹ ਅੰਦਾਜ਼ਾ ਲਗਾਉਣਾ ਵੀ ਮੁਸ਼ਕਿਲ ਨਹੀਂ ਕਿ ਜਦ ਕਿਸੇ ਦੇਸ਼ ਦੀ ਜਾਇਦਾਦ ਦਾ ਵੱਡਾ ਹਿੱਸਾ "ਕੁਝ ਲੋਕਾਂ" ਦੇ ਹੱਥਾਂ ਵਿੱਚ ਆ ਜਾਏਗਾ ਤਾਂ ਉਸਦਾ ਸਿੱਟਾ ਕੀ ਹੋਏਗਾ।

ਭਾਰਤ ਦੀ ਅਜ਼ਾਦੀ ਦੇ ਸੌਵੇਂ ਸਾਲ 2047 ਲਈ ਵਿਕਸਿਤ ਭਾਰਤ ਦੇ ਸੁਪਨੇ ਵੱਡੇ ਹਨ। ਦੇਸ਼ ਨੇ ਅਬਾਦੀ 'ਤੇ ਕਾਬੂ ਪਾਉਣਾ ਹੈ, ਅਸਮਾਨਤਾ ਘਟਾਉਣੀ ਹੈ, ਰੁਜ਼ਗਾਰ ਪੈਦਾ ਕਰਨਾ ਹੈ। ਵਿਸ਼ਵ ਸ਼ਾਂਤੀ ਲਈ ਕੰਮ ਕਰਨਾ ਹੈ। ਵਿਸ਼ਵ ਪੱਧਰੀ ਵਪਾਰ ਲਈ ਨਵੇਂ ਦਿਸਹੱਦੇ ਸਿਰਜਣੇ ਹਨ। ਚੰਗੇ ਰਾਜ ਪ੍ਰਬੰਧ ਦੇ ਨਾਲ਼ ਆਤਮ ਨਿਰਭਰ ਭਾਰਤ ਦੀ ਸਥਾਪਨਾ ਕਰਨੀ ਹੈ। ਹਰ ਭਾਰਤੀ ਪਰਿਵਾਰ- ਬੱਚੇ, ਨੌਜਵਾਨ, ਬਜ਼ੁਰਗ ਸਭ ਨੂੰ ਬੁਨਿਆਦੀ ਸੁਵਿਧਾਵਾਂ ਦੇਣੀਆਂ ਹਨ। ਸੰਤੁਲਿਤ ਆਰਥਿਕ ਵਿਕਾਸ ਸਮੇਂ ਦੀ ਵੱਡੀ ਲੋੜ ਹੈ। ਅਜ਼ਾਦੀ ਦੇ 78 ਸਾਲਾਂ 'ਚ ਜੋ ਪ੍ਰਾਪਤੀਆਂ ਨਹੀਂ ਹੋ ਸਕੀਆਂ, ਗ਼ਰੀਬ-ਗੁਰਬੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੋ ਵਿਸਵੇ ਕੋਈ ਸਾਰਥਿਕ ਯਤਨ ਨਹੀਂ ਹੋਏ, ਉਹ ਪੂਰੇ ਕਰਨੇ ਹਨ। ਤਦੇ ਦੇਸ਼ ਭਾਰਤ "ਵਿਕਸਿਤ ਭਾਰਤ" ਬਣੇਗਾ।

ਉਂਞ ਵੀ ਵਿਕਸਿਤ ਦੇਸ਼ ਦਾ ਸੁਪਨਾ ਤੇ ਸੰਕਲਪ ਤਾਂ ਤਦੇ ਪੂਰਾ ਹੋਣ ਯੋਗ ਹੈ, ਜੇਕਰ ਰਾਜ ਵਧੀਆ ਸ਼ਾਸਨ ਦੇਵੇ, ਅਤੇ ਇਸ ਸਭ ਕੁਝ ਦੀ ਪੂਰਤੀ ਲਈ ਇਮਾਨਦਾਰਾਨਾ ਯਤਨ ਹੋਣ, ਯੋਜਨਾਵਾਂ ਹੋਣ। ਪਰ ਜੇਕਰ ਉਹਨਾਂ ਦੀ ਥਾਂ ਤੇ ਦੰਭ ਦੀ ਸਿਆਸਤ ਹੋਵੇ, ਸਖ਼ਸ਼ੀ ਉਭਾਰ ਦੀ ਖਾਹਿਸ਼ ਹੋਵੇ, ਰਾਜ ਭਾਗ ਤੇ ਕਬਜ਼ਾ ਰੱਖਣ ਦੀ ਨੀਤੀ ਹੋਵੇ ਤਾਂ ਕਿਸੇ ਵੀ ਹਾਲਾਤ 'ਚ ਇਹ ਲੋਕ-ਸੁਪਨੇ ਹਕੀਕਤ 'ਚ ਤਬਦੀਲ ਨਹੀਂ ਹੋ ਸਕਦੇ ਹਨ।

# Emergency in Punjab: When Power Seeks to Silence the Press

**Iqbal Singh Lalpura**
**Mobile 9780003333**



Democracy does not collapse overnight. More often, it erodes gradually—through silence, intimidation, selective enforcement of laws, and the slow suffocation of institutions meant to hold power accountable. Recent developments in Punjab compel every citizen who values constitutional governance to pause and reflect on whether the State is witnessing a silent, undeclared return of Emergency-like conditions, executed not through proclamation, but through administrative coercion.

At the heart of the present concern lies the treatment meted out to the Punjab Kesari Group, one of the most respected and widely circulated newspaper groups in North India. The issue is not merely about one media house or one family; it is about the fundamental right of the press to function independently, free from fear, pressure, or political reprisal.

The chain of events is telling and cannot be ignored. On 31 October 2025, Punjab Kesari published a balanced and factual report relating to allegations raised by the opposition against a senior functionary associated with the ruling establishment in Punjab. The report, by all accounts, adhered to journalistic norms and did not cross the boundaries of responsible reporting. Yet, shortly thereafter—beginning 2 November 2025—all government advertisements to the Punjab Kesari Group were abruptly stopped.

Economic pressure has long been recognised as a subtle yet effective instrument to discipline independent voices. While governments have discretion in advertising policy, the timing and selectivity of such withdrawal inevitably raise questions of intent, especially when it follows critical reporting.

What followed in January 2026 deepened these concerns manifold. Within a span of days, an extraordinary number of actions were initiated against entities linked to the Punjab Kesari Group. Multiple departments—FSSAI, GST, Excise, Pollution Control Board,




Factories Department, and electricity authorities—conducted raids, inspections, issued notices, cancelled licences, disconnected power supply, and obstructed operations at hotels and printing presses in Jalandhar, Ludhiana, and Bathinda.

Each department, taken individually, may claim statutory authority. However, governance is not judged merely by legality in isolation, but by pattern, proportionality, and purpose. When several arms of the State move in rapid succession against a single media group, following an episode of critical journalism, it creates a reasonable and serious apprehension that regulatory power is being weaponised.

More alarming was the reported deployment of police forces outside printing presses, creating an atmosphere of fear and intimidation. A printing press is not merely a commercial establishment; it is a critical infrastructure of democracy. Any action that obstructs its functioning strikes directly at the citizen's right to information.

These developments do not exist in a vacuum. Earlier, a prominent newspaper of Jalandhar and its owner were subjected to sustained administrative pressure and harassment. That pressure reportedly eased only after the newspaper was compelled to arrive at an understanding with the ruling Aam Aadmi Party. The message such incidents convey to the media fraternity is unmistakable: independence invites reprisal, accommodation ensures survival.

This is a deeply dangerous trajectory.

The Constitution of India does not merely permit freedom of speech and expression; it enshrines it as a cornerstone of republican governance. The Supreme Court has repeatedly held that freedom of the press is implicit in Article 19(1)(a). A press that operates under fear is no press at all—it becomes an echo chamber of power.

What we are witnessing in Punjab resembles a de facto Emergency, where constitutional rights are not formally suspended, but are effectively curtailed through executive overreach. The Emergency of 1975 remains a dark chapter in India's democratic history precisely because it demonstrated how easily institutions can be bent when dissent is treated as defiance.

Punjab, of all places, understands this danger intimately. The State has endured decades of turbulence, terrorism, and trauma. During the darkest years, when fear ruled the streets and bullets sought to silence truth, journalists stood firm. The Punjab Kesari Group, in particular, paid an enormous price. Its founder, Lala Jagat Narain, was assassinated. His son, Shri Ramesh Chandra Chopra, was also killed. Over sixty members of the organisation—employees, agents, hawkers, reporters—lost their lives for refusing to abandon fearless journalism.

That legacy is not merely institutional; it is moral. To intimidate such a media house today through administrative might is not just an act of coercion—it is an insult to the sacrifices made in defence of democracy.

The issue extends beyond journalism. A free press is essential for free elections. With Punjab moving towards an electoral phase, any attempt to muzzle independent voices distorts the democratic playing field. Voters cannot make informed choices if information is filtered through fear or favour.

Supporters of such actions often argue that no one is above the law. That is correct. But it is equally true that no government is above the Constitution. The law must be applied uniformly, without vendetta, and without timing that betrays political motivation. Selective enforcement is the very definition of abuse of power.

This moment calls for introspection by all who believe in democratic values—regardless of political affiliation. Today it may be one newspaper group; tomorrow it could be another institution, another voice, another critic. History teaches us that authoritarian tendencies, once normalised, rarely confine themselves to their original targets.

Punjab's proud tradition is one of courage, dissent, and resilience. From the Ghadar movement to the freedom struggle, from resisting colonial rule to standing against terrorism, Punjabis have never accepted intimidation as governance. To allow fear to replace freedom today would be a betrayal of that heritage.

t is therefore imperative that constitutional authorities take urgent cognisance of these developments. Regulatory institutions must be insulated from political direction. Media houses must be allowed to function without fear of reprisal. Accountability must flow both ways—those in power must also remain answerable to the people.

This is not about defending one newspaper or opposing one government. It is about defending the idea of India as a constitutional democracy, where disagreement is not punished, criticism is not criminalised, and power remains subject to scrutiny.

An attack on the press is an attack on the citizen. An attack on truth is an attack on democracy. Punjab must not be allowed to slide into a climate where silence is safer than speech.

The time to reflect—and to correct—is now.

Let's oppose this trend and stand for freedom of Press.

• ••

*Member, Parliamentary Board, Bharatiya Janata Party*

# ਢਾਡੀ ਕਲਾ ਦਾ ਸਿਖਰ-ਢਾਡੀ ਗਿ: ਦਇਆ ਸਿੰਘ ਦਿਲਬਰ

**26 ਜਨਵਰੀ ਬਰਸੀ 'ਤੇ ਵਿਸ਼ੇਸ਼**





– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com


ਢਾਡੀ ਕਲਾ ਪੰਜਾਬੀ ਲੋਕ-ਸੰਗੀਤ ਦਾ ਇਕ ਅਹਿਮ ਅੰਗ ਹੀ ਨਹੀਂ, ਸਗੋਂ ਪੰਜਾਬ ਦਾ ਕੀਮਤੀ ਵਿਰਸਾ ਵੀ ਹੈ। ਇਸ ਕਲਾ ਨੂੰ ਅਤੇ ਵਿਰਸੇ ਨੂੰ ਸੰਭਾਲਣ ਲਈ ਛੇਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਵੱਡਮੁੱਲਾ ਯੋਗਦਾਨ ਪਾਇਆ। ਢਾਡੀ ਪ੍ਰਸੰਗ ਅਤੇ ਢਾਡੀ ਵਾਰਾਂ ਸੁਣ ਕੇ ਹਰ ਪੰਜਾਬੀ ਦਾ ਲਹੂ ਖੋਲ ਉਠਦਾ ਹੈ। ਲਹਿੰਦੇ ਅਤੇ ਚੜ੍ਹਦੇ ਪੰਜਾਬ ਨੇ ਗੁਰੂ ਕਾਲ ਤੋਂ ਹੁਣ ਤਕ ਅਨੇਕਾਂ ਨਾਮਵਰ ਢਾਡੀ ਪੈਦਾ ਕੀਤੇ ਹਨ। ਢਾਡੀ ਕਲਾ ਨੂੰ ਸੰਭਾਲਣ ਲਈ ਜਿਹੜਾ ਯੋਗਦਾਨ ਗੁਰ-ਪੁਰ ਵਾਸੀ ਢਾਡੀ ਦਇਆ ਸਿੰਘ ਦਿਲਬਰ ਨੇ ਪਾਇਆ, ਉਹ ਸ਼ਬਦਾਂ ਦਾ ਮੁਹਤਾਜ ਨਹੀਂ। ਗਿਆਨੀ ਦਇਆ ਸਿੰਘ ਦਿਲਬਰ ਇਕੋ ਸਮੇਂ ਅਨੇਕਾਂ ਗੁਣ ਲੈ ਕੇ ਇਸ ਸਾਂਝੇ ਪੰਜਾਬ ਦੀ ਧਰਤੀ ਦਾ ਸ਼ਿੰਗਾਰ ਹੋ ਨਿਬੜਿਆ। ਗਿਆਨੀ ਦਇਆ ਸਿੰਘ ਦਿਲਬਰ ਜਿਥੇ ਗੁਰਮਤਿ ਸਿਧਾਂਤਾਂ ਦੀ ਸੋਝੀ ਰੱਖਣ ਵਾਲਾ ਵਿਦਵਾਨ ਤੇ ਬੇਧੜਕ ਵਕਤਾ ਸੀ। ਇਸ ਤੋਂ ਇਲਾਵਾ ਉਹ ਕਲਮ ਦਾ ਧਨੀ, ਢਾਡੀ ਕਲਾ ਦਾ ਬੇਤਾਜ ਬਾਦਸ਼ਾਹ ਅਤੇ ਪੰਥਕ ਸਟੇਜਾਂ ਦਾ ਸ਼ਿੰਗਾਰ ਵੀ ਸੀ। ਅਸਲ ਵਿੱਚ ਸ਼ਬਦਾਂ ਦਾ ਉਹ ਸਫ਼ਲ ਜਾਦੂਗਰ ਸੀ। ਘੰਟਿਆਂ ਬੱਧੀ ਸਿੱਖ ਸੰਗਤ ਮੰਤਰ ਮੁਗਧ ਹੋ ਕੇ ਜੈਕਾਰੇ ਗੁੰਜਾਉਂਦੀ, ਆਪਾ ਭੁੱਲ ਕੇ ਉਸ ਨੂੰ ਸੁਣਦੀ ਅਤੇ ਭਰਪੂਰ ਦਾਦ ਦਿੰਦੀ ਸੀ। ਉਸ ਦੀ ਕਲਾ ਦੀ ਹਰ ਕੋਈ ਸਰਾਹਣਾ ਕਰਦਾ ਸੀ। ਅਸਲ ਵਿੱਚ ਭਾਸ਼ਨ ਕਲਾ ਲਈ ਸ਼ਬਦ-ਭੰਡਾਰ ਦਾ ਹੋਣਾ ਜ਼ਰੂਰੀ ਹੁੰਦਾ ਹੈ। ਉਸ ਉਪਰ ਕਰਤੇ ਦੀ ਬਖ਼ਸ਼ਿਸ਼ ਸੀ।

ਢਾਡੀ ਦਇਆ ਸਿੰਘ ਦਿਲਬਰ ਦਾ ਜਨਮ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਦੇ ਪਿੰਡ ਸਹਾਰੀ ਵਿਖੇ ਪਿਤਾ ਸ. ਈਸ਼ਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਗੁਰਨਾਮ ਕੌਰ ਦੀ ਕੁੱਖੋਂ ਹੋਇਆ। ਜਦੋਂ ਦਿਲਬਰ ਨੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਿਆ ਤਾਂ 17 ਕੁ ਸਾਲ ਦੀ ਉਮਰ ਵਿੱਚ ਦੇਸ਼ ਵੰਡਿਆ ਗਿਆ। ਦਿਲਬਰ ਵੀ ਆਪਣੇ ਮਾਤਾ-ਪਿਤਾ ਨਾਲ ਦੇਸ਼ ਦੀ ਵੰਡ ਦੇ ਦੁੱਖਾਂ ਦਾ ਝੰਬਿਆ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਨਵਾਂ ਸ਼ਹਿਰ (ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਸਲੋਅ ਵਿਖੇ ਆ ਵਸਿਆ। ਦੇਸ਼ ਦੀ ਵੰਡ ਤੋਂ ਪਹਿਲਾਂ ਮਰਹੂਮ ਲੇਖਕ ਤੇ ਢਾਡੀ ਕਲਾ ਦੇ ਧਰੂ ਤਾਰੇ ਗਿਆਨੀ ਸੋਹਣ ਸਿੰਘ ਸੀਤਲ ਨੂੰ ਸਟੇਜਾਂ ਤੋਂ ਬੋਲਦਿਆਂ ਸੁਣ ਕੇ ਅੰਤਰ ਆਤਮਾ ਤੋਂ ਢਾਡੀ ਬਣਨ ਦਾ ਨਿਰਣਾ ਕਰ ਲਿਆ। ਕਵੀਸ਼ਰੀ ਵਿੱਚ ਪਰਪੱਕ ਹੋਣ ਲਈ ਗਿਆਨੀ ਕਰਤਾਰ ਸਿੰਘ ਬੀਰਮਪੁਰ ਨੂੰ ਉਸਤਾਦ ਧਾਰ ਲਿਆ। ਹੁਣ ਚੜ੍ਹਦੇ ਪੰਜਾਬ ਦੇ ਦੁਆਬੇ ਦੀ ਇਸ ਧਰਤੀ ਤੋਂ ਢਾਡੀ ਜਥਾ ਬਣਕੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਮਰ ਕੱਸੇ ਕਰ ਲਏ। ਇਕ ਸਫ਼ਲ ਕਵੀ ਵਜੋਂ ਬੀਰ ਰਸੀ ਵਾਰਾਂ ਦੀ ਰਚਨਾ ਕਰਕੇ ਢਾਡੀ ਵਾਰਾਂ ਤੇ ਪ੍ਰਸੰਗ ਲਿਖ ਕੇ ਢਾਡੀ ਸਾਹਿਤ ਦੇ ਖਜਾਨੇ ਨੂੰ ਭਰਪੂਰ ਕੀਤਾ। ਲਗਪਗ ਚਾਲੀ ਪੁਸਤਕਾਂ ਢਾਡੀ ਕਲਾ ਦੇ ਚਹੇਤੇ ਪਾਠਕਾਂ ਦੀ ਝੋਲੀ ਪਾਈਆਂ। ਜਦੋਂ ਇਲੈਕਟ੍ਰਾਨਿਕ ਯੁੱਗ ਦੀ ਸ਼ੁਰੂਆਤ ਹੋਈ ਤਾਂ ਸੀ.ਡੀ ਅਤੇ ਵੀ.ਸੀ.ਡੀ ਦੀਆਂ 50 ਤੋਂ 60 ਐਲਬਮਾਂ ਵੱਖਰੀਆਂ-ਵੱਖਰੀਆਂ ਕੰਪਨੀਆਂ ਤੋਂ ਰਿਕਾਰਡ ਕਰਵਾ ਕੇ ਦੇਸ਼-ਵਿਦੇਸ਼ ਵਿੱਚ ਵੱਸਦੇ ਸਰੋਤਿਆਂ ਤੋਂ ਭਰਪੂਰ ਵਾਹ-ਵਾਹ ਖੱਟੀ। ਅੱਜ ਇਹੋ ਸੀ.ਡੀ ਅਤੇ ਵੀ.ਸੀ.ਡੀ ਨੇ ਯੂ-ਟਿਊਬ ਤੇ ਫੇਸਬੁੱਕ ਤੋਂ ਸਰੋਤਿਆਂ ਦੀ ਢਾਡੀ ਕਲਾ ਦੀਆਂ ਵੰਨਗੀਆਂ ਸੁਣ ਕੇ ਨਵੀਂ ਪੀੜ੍ਹੀ ਨੂੰ ਬੀਰ ਰਸ ਨਾਲ ਜੋੜਨ ਲਈ ਯੋਗਦਾਨ ਪਾ ਕੇ ਢਾਡੀ ਕਲਾ ਦਾ ਇਹ ਹੀਰਾ ਹਾਜ਼ਰ-ਨਾਜ਼ਰ ਨਜ਼ਰ ਆਉਂਦਾ ਹੈ।

ਆਪਣੀ ਹਯਾਤੀ ਦੌਰਾਨ ਗਿਆਨੀ ਦਇਆ ਸਿੰਘ ਦਿਲਬਰ ਨੇ ਦੇਸ਼-ਵਿਦੇਸ਼



ਦੀਆਂ ਨਾਮਵਰ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਤੋਂ ਸੈਂਕੜੇ ਮਾਣ ਸਨਮਾਨ ਪ੍ਰਾਪਤ ਕੀਤੇ। 1979 ਈ: ਵਿੱਚ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸੋਨੇ ਦਾ ਢਾਈ ਤੋਲੇ ਦਾ ਮੈਡਲ, ਦੁਸ਼ਾਲਾ ਤੇ ਨਕਦੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਪਿੱਛੋਂ 1994 ਈ: ਵਿੱਚ ਪੰਜਾਬ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਢਾਡੀ ਪੁਰਸਕਾਰ ਪ੍ਰਾਪਤ ਕੀਤਾ। ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਚਾਰ ਸੌ ਸਾਲਾ ਸਮਾਗਮਾਂ ਸਮੇਂ ਪੰਜਾਬ ਸਰਕਾਰ ਵੱਲੋਂ ਮਿਲਿਆ ਸਨਮਾਨ ਵੀ ਉਨ੍ਹਾਂ ਦੀ ਵਿਸ਼ੇਸ਼ ਪ੍ਰਾਪਤੀ ਸੀ। ਜਦੋਂ ਵੀ ਪੰਜਾਬੀਆਂ ਅਤੇ ਸਿੱਖਾਂ ਨੂੰ ਕਿਸੇ ਸੰਘਰਸ਼ ਵਿੱਚ ਕੁੱਦਣਾ ਪਿਆ, ਉਸ ਸਮੇਂ ਜੇਲ੍ਹ ਯਾਤਰਾਵਾਂ ਵੀ ਗਿਆਨੀ ਦਇਆ ਸਿੰਘ ਦਿਲਬਰ ਦੇ ਜੀਵਨ ਦਾ ਹਿੱਸਾ ਬਣੀਆਂ। ਸਮੇਂ-ਸਮੇਂ ਸਿੱਖ ਆਗੂਆਂ ਤੇ ਪੰਥਕ ਸਫ਼ਾਂ ਵਿੱਚ ਗਿਆਨੀ ਦਇਆ ਸਿੰਘ ਦਿਲਬਰ ਨੂੰ ਜਿਹੜਾ ਸਤਿਕਾਰ ਮਿਲਿਆ ਉਹ ਵਿਰਲੇ ਲੋਕਾਂ ਨੂੰ ਹੀ ਮਿਲਦਾ ਹੈ।

26 ਜਨਵਰੀ, 2006 ਨੂੰ ਜਦੋਂ ਸਮੁੱਚਾ ਦੇਸ਼ ਗਣਤੰਤਰ ਦਿਵਸ ਦੀ ਵਰ੍ਹੇਗੰਢ ਮਨਾ ਰਿਹਾ ਸੀ, ਉਸ ਸਮੇਂ ਸਿੱਖ ਕੌਮ ਦਾ ਹੀਰਾ ਪੁੱਤਰ ਜ਼ਿੰਦਗੀ ਦਾ ਸਫ਼ਰ ਮੁਕਾ ਕੇ ਗੁਰੂ ਦੀ ਗੋਦ ਵਿੱਚ ਬਿਰਾਜ ਰਿਹਾ ਸੀ। ਅੱਜ ਢਾਡੀ ਕਲਾ ਦੇ ਇਸ ਵੱਡਮੁੱਲੇ ਹੀਰੇ ਅਤੇ ਭਾਸ਼ਨ ਕਲਾ ਦੇ ਸਿਖਰ ਵਜੋਂ ਸਤਿਕਾਰੇ ਗਿਆਨੀ ਦਇਆ ਸਿੰਘ ਦਿਲਬਰ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਪਿਆਰੇ ਅਤੇ ਢਾਡੀ ਕਲਾ ਪ੍ਰਸ਼ੰਸਕ ਤੇ ਗਹਿਰ-ਗੰਭੀਰ ਸਰੋਤੇ ਹਿਰਦੇ ਦੀਆਂ ਗਹਿਰਾਈਆਂ ਤੋਂ ਯਾਦ ਕਰ ਰਹੇ ਹਨ। ਅਜਿਹੇ ਗੁਣੀ ਇਨਸਾਨਾਂ ਦੀ ਘਾਟ ਕੌਮਾਂ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੁੰਦਾ ਹੈ। ਅੱਜ ਉਨ੍ਹਾਂ ਨਾਲ ਪਿਆਰ ਕਰਨ ਵਾਲੇ ਅਨੇਕਾਂ ਢਾਡੀ ਅਤੇ ਬੁਲਾਰੇ ਉਨ੍ਹਾਂ ਦਾ ਥਾਂ ਲੈਣ ਲਈ ਯਤਨਸ਼ੀਲ ਨਜ਼ਰ ਆ ਰਹੇ ਹਨ। ਉਨ੍ਹਾਂ ਦੀ ਪਵਿੱਤਰ ਯਾਦ ਨੂੰ ਸਾਡਾ ਪ੍ਰਣਾਮ।

# ਇੱਕ ਵਿਅਕਤੀ ਨੂੰ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਕੀਤੇ ਗਏ ਪੋਸਟਾਂ ਦੇ ਕਾਰਨ ਚਾਰਜ ਕੀਤਾ ਗਿਆ

ਇੱਕ ਵਿਅਕਤੀ ਨੂੰ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਕੀਤੇ ਗਏ ਪੋਸਟਾਂ ਦੇ ਕਾਰਨ ਆਇਆਸ (ਹੇਟ ਸਪੀਚ / ਨਫ਼ਰਤ ਭਰੇ ਬਿਆਨਾਂ) ਦੇ ਦੋਸ਼ਾਂ 'ਤੇ ਚਾਰਜ ਕੀਤਾ ਗਿਆ ਹੈ। ਉਹਨਾਂ ਦੀਆਂ ਪੋਸਟਾਂ ਵਿੱਚ ਖਾਸ ਕਰਕੇ ਇਮੀਗ੍ਰੈਂਟਾਂ, ਮੁਸਲਮਾਨਾਂ ਅਤੇ ਗੈਰ-ਸਫੈਦ ਲੋਕਾਂ ਖਿਲਾਫ਼ ਨਫ਼ਰਤ ਨੂੰ ਉਭਾਰਿਆ ਗਿਆ ਸੀ।ਇਹ ਚਾਰਜ ਉਸ ਤਹਿਤ ਲਾਇਆ ਗਿਆ ਹੈ ਕਿ ਉਨ੍ਹਾਂ ਨੇ ਆਪਣੇ ਪੋਸਟਾਂ ਰਾਹੀਂ ਖ਼ਾਸ ਸਮੂਹਾਂ ਵਿਰੁੱਧ ਨਫ਼ਰਤੀ ਭਾਵਨਾ ਅਤੇ ਦੰਗੇ-ਫਸਾਦ ਦੀ ਭੜਕਾਉਣ ਵਾਲੀ ਭਾਸ਼ਾ ਦਿਤੀ।ਇਸ ਤਰ੍ਹਾਂ ਦੇ ਨਫ਼ਰਤ ਭਰੇ ਸ਼ਬਦਾਂ ਅਤੇ ਬਿਆਨਾਂ ਨੂੰ ਕਈ ਦੇਸ਼ਾਂ ਵਿੱਚ ਕਾਨੂੰਨੀ ਤੌਰ 'ਤੇ ਸਜਾ-ਯੋਗ ਖ਼ਲਲ (offence) ਮੰਨਿਆ ਜਾਂਦਾ ਹੈ, ਕਿਉਂਕਿ ਇਹ ਸੰਘਰਸ਼, ਭੇਦਭਾਵ ਅਤੇ ਸਮਾਜਿਕ ਤਣਾਅ ਨੂੰ ਵਧਾਉਂਦੇ ਹਨ।

**☬ ਕਿਸ ਤਰ੍ਹਾਂ ਦੀਆਂ ਪੋਸਟਾਂ ਲੋਕਾਂ ਨੂੰ ਮੁਸ਼ਕਲ ਵਿੱਚ ਪਾ ਸਕਦੀਆਂ ਹਨ?**

ਸੋਸ਼ਲ ਮੀਡੀਆ ਪੋਸਟਾਂ ਜਦੋਂ ਕਿਸੇ ਖ਼ਾਸ ਸਮੂਹ ਨੂੰ ਨਫ਼ਰਤ, ਹਿੰਸਾ ਜਾਂ ਬੇਰਹਮੀ ਨਾਲ ਜੋੜਦੀਆਂ ਹਨ, ਤਾਂ ਇਹ ਕਿਸੇ ਦੀ ਮੌਜੂਦਾ ਸੁਰੱਖਿਆ ਅਤੇ ਆਤਮ-ਸਨਮਾਨ ਨੂੰ ਨੁਕ-ਸਾਨ ਪਹੁੰਚਾ ਸਕਦੀਆਂ ਹਨ ।ਸਮਾਜ ਵਿਚ ਵੰਡ ਅਤੇ ਵਿਵਾਦ ਪੈਦਾ ਕਰ ਸਕਦੀਆਂ ਹਨ। ਸਥਾਨਕ ਕਮਿਊਨਟੀ ਤੇ ਧਰਮ, ਰੰਗ ਜਾਂ ਨਸੀਬ ਤੋਂ ਆਧਾਰਿਤ ਹਿੰਸਾ ਨੂੰ ਵਧ੍ਹਾ ਸਕਦੀਆਂ ਹਨ। ਕਈ ਦੇਸ਼ਾਂ ਦੀਆਂ ਕਾਨੂੰਨੀ ਅਦਾਲਤਾਂ ਸੋਸ਼ਲ ਮੀਡੀਆ 'ਤੇ ਨਫ਼ਰਤ ਭਰੇ ਬਿਆਨਾਂ ਨੂੰ ਵਿਰੋਧੀ ਸਜ਼ਾਵਾਂ ਦੇ ਸਕਦੀਆਂ ਹਨ ਜਿਵੇਂ ਕਿ ਜੇਲ ਜਾਂ ਜੁਰਮਾਨਾ।


## ਗੁਰੂ ਨਾਨਕ ਗੁਰਦੁਆਰਾ, ਵਿਲਨਹਾਲ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ ਦੀ ਲੋੜ

**ਮੁੱਖ ਕੰਮ :- ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਅਤੇ ਗੁਰੂ ਘਰ ਵਿਖੇ ਜ਼ਰੂਰੀ ਸੇਵਾਵਾਂ।**

**ਅਰਜ਼ੀਕਰਤਾ ਸੇਵਾਦਾਰ ਗੁਰਮਤਿ ਰਹਿਤ ਮਰਯਾਦਾ ਦੇ ਪੂਰਨ ਧਾਰਨੀ ਹੋਣ। ਉਹ ਹਰ ਮੌਕੇ ਦੇ ਮੁਤਾਬਕ ਕੀਰਤਨ ਕਰਨ ਦੇ ਯੋਗ ਹੋਣ, ਜੋ ਹਰਮੋਨੀਅਮ ਤੇ ਤਬਲਾ ਵਜਾਉਣਾ ਜਾਣਦੇ ਹੋਣ। ਧਾਰਮਿਕ ਅਤੇ ਸਮਾਜਿਕ ਖਾਸ ਮੌਕਿਆਂ ਤੇ ਸਾਰੇ ਧਾਰਮਿਕ ਕਾਰਜਾਂ ਸਬੰਧੀ ਸੇਵਾਵਾਂ ਨਿਭਾਉਣ ਦੇ ਯੋਗ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁੱਧ ਪਾਠ ਕਰਨ ਦਾ ਅਭਿਆਸ ਹੋਣਾ ਜ਼ਰੂਰੀ ਹੈ। ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨ ਦਾ ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ। ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ, ਰਿਹਾਇਸ਼ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਹੈ।**

**ਅਰਜ਼ੀ ਦੇਣ ਦੀ ਆਖਰੀ ਤਾਰੀਕ : 6 ਫਰਵਰੀ 2026**
**ਅਰਜ਼ੀ ਦੇਣ ਵਾਸਤੇ ਜਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**
**ਭਾਈ ਸੁਤੰਤਰ ਸਿੰਘ – 01902 605286**

## 3 Vacancies for (Tier - 5) Religious workers @ Guru Nanak Gurdwara Willenhall

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening.

Applicants must be of high charactor and abide by Gurmat Rehat Maryada (Sikh code of conduct). Should be able to perform on the Harmonium / Tabla and must have the relevant skills to perform Kirtan, to read correct Gurbani of Sri Guru Granth Sahib Ji and recite prayers on all religious and social occasions.

Wages will be in line with UK Employment Law. Benefits include full board and lodgings.

***Closing Date: 6 February 2026***
**For more Information or to apply, please contact:**
**Bhai Sutantar Singh on 01902 605286.**
**Interested applicants To send CV - admin@gngw.org**

**GURU NANAK GURDWARA, WILLENHALL**

**65-67 Walsall Road, Willenhall, WV13 2RD**

## ਜਨਮ ਦਿਨ 'ਤੇ ਵਿਸ਼ੇਸ਼

# ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਅਨੋਖੀ ਸ਼ਹਾਦਤ

ਜਸਵਿੰਦਰ ਸਿੰਘ ਰੁਪਾਲ

ਕਲਗੀ ਵਾਲਿਆ ਤੇਰੇ ਸਕੂਲ ਅੰਦਰ
ਸੁਣਿਐ ਅਸਾਂ ਨੇ ਲੱਗਦੀ ਫੀਸ ਕੋਈ ਨਾ॥
ਐਪਰ ਦੇਖਿਆ ਜਦੋਂ ਕਲਾਸ ਅੰਦਰ
ਪੜ੍ਹਨ ਵਾਲਿਆਂ ਦੇ ਧੜ ਤੇ ਸੀਸ ਕੋਈ ਨਾ॥



ਕਿਸੇ ਕਵੀ ਨੇ ਗੁਰਸਿੱਖੀ ਦੇ ਸਕੂਲ ਦਾ ਬਹੁਤ ਖੂਬਸੂਰਤ ਨਕਸ਼ਾ ਉਪਰੋਕਤ ਪੰਕਤੀਆਂ ਰਾਹੀਂ ਬਿਆਨ ਕੀਤਾ ਹੈ। ਜੀ ਹਾਂ, ਇਹ ਬਿਲਕੁਲ ਸੱਚ ਹੈ ਅਤੇ 100 % ਸੱਚ ਕਿ ਸੀਸ ਆਪਣੇ ਕੋਲ ਰੱਖ ਕੇ ਸਿੱਖ ਨਹੀਂ ਬਣਿਆ ਜਾ ਸਕਦਾ, ਹੋਰ ਕੁਝ ਵੀ ਬਣੀ ਜਾਵੋ। ਗੁਰੂ ਸਾਹਿਬ ਦੀ ਪਹਿਲੀ ਮੰਗ ਹੀ ਇਹੋ ਹੈ। ਸੀਸ ਦੀ ਮੰਗ ਹੀ ਕਿਉਂ ? ਕਿਉਂਕਿ ਇਸ ਵਿੱਚ ਹੁੰਦੀਆਂ ਹਨ ਸੋਚਾਂ, ਵਿਚਾਰ, ਫੁਰਨੇ, ਹਉਮੈ ਦਾ ਸਾਰਾ ਪਸਾਰ ਇਸੇ ਵਿੱਚ ਹੁੰਦਾ ਹੈ ਅਤੇ ਜਦੋਂ ਇੱਕ ਸਿੱਖ ਸਿੰਘ ਬਣਦਾ ਹੈ ਤਾਂ ਉਹ ਆਪਣਾ ਸੀਸ, ਯਾਨੀ ਆਪਣੀਆਂ ਸਾਰੀਆਂ ਸੋਚਾਂ, ਆਪਣੀ ਮੈਂ ਗੁਰੂ ਨੂੰ ਅਰਪਨ ਕਰ ਦਿੰਦਾ ਹੈ। ਅਤੇ ਉਸ ਦਿਨ ਤੋਂ ਬਾਅਦ ਉਸਦੀ ਆਪਣੀ ਆਪਣੀ ਜਾਤ, ਆਪਣੀ ਕੁੱਲ ,ਆਪਣੀ ਮੱਤ ਸਭ ਕੁਝ ਖਤਮ ਹੋ ਜਾਂਦੀ ਹੈ ਅਤੇ ਉਹ ਅਨੰਦਪੁਰ ਦਾ ਵਾਸੀ ਹੁਣ ਸਿਰਫ ਗੁਰੂ-ਲਿਵ ਵਿੱਚ ਗੁਰੂ ਦੀ ਮੱਤ ਅਨੁਸਾਰ ਜਿਊ ਕੇ ਹੀ ਗੁਰਸਿੱਖ ਅਗਵਾ ਸਕਦਾ ਹੈ ਅਤੇ ਅਜਿਹੇ ਗੁਰਸਿੱਖ ਵਿੱਚ ਗੁਰੂ ਆਪ ਵਰਤਦਾ ਹੈ।

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ
ਚੁਣਿ ਕਢੇ ਲਧੋਵਾਰੇ ॥
(ਪੰਨਾ ੩੧੨, ਸਲੋਕ ਮ : ੪)

ਸਤਿਗੁਰੂ ਅੱਗੇ ਮਨ ਵੇਚਣ ਵਾਲੇ ਅਜਿਹੇ ਹੀ ਸਿਦਕੀ ਸਿੱਖ ਅਤੇ ਮਹਾਨ ਸੂਰਬੀਰ ਸਨ ਬਾਬਾ ਦੀਪ ਸਿੰਘ ਜੀ।

ਪਿੰਡ ਪੂਹੀਵਿੰਡ ਜਿਲਾ ਤਰਨਤਾਰਨ ਵਿੱਚ ਭਾਈ ਭਗਤਾ ਜੀ ਦੇ ਘਰ ਬੀਬੀ ਜਿਊਣੀ ਜੀ ਦੀ ਕੁੱਖੋਂ 26 ਜਨਵਰੀ 1682 ਈਸਵੀ ਨੂੰ ਇੱਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਮ ਦੀਪਾ ਰੱਖਿਆ ਗਿਆ। ਸੋਹਣੇ ਪਿਆਰ ਦੁਲਾਰ ਨਾਲ ਪਲਦਾ ਦੀਪਾ ਅਜੇ 17 ਸਾਲਾਂ ਦਾ ਸੀ,ਜਦੋਂ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਸਾਜਣ ਦੀ ਅਨੰਦਮਈ ਖਬਰ ਚੌਪਾਸੀਂ ਫੈਲਦੀ ਹੋਈ ਇਸ ਪਰਿਵਾਰ ਕੋਲ ਵੀ ਪੁੱਜੀ। ਦੀਪਾ ਉਤਸ਼ਾਹ ਵਿੱਚ ਆ ਗਿਆ ਅਤੇ ਹੋਲੇ ਮੁਹੱਲੇ ਵਾਲੇ ਦਿਨ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਜਾ ਪੁੱਜਿਆ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਉਹਨਾਂ ਦੇ ਬਚਨ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ। ਪਰਿਵਾਰ ਸਮੇਤ ਗੁਰੂ ਜੀ ਤੋਂ ਖੰਡੇ ਦੀ ਪਾਹੁਲ ਛਕੀ ਅਤੇ ਦੀਪ ਸਿੰਘ ਬਣ ਗਿਆ। ਪਰਿਵਾਰ ਵਾਪਸ ਆ ਗਿਆ ਪਰ ਦੀਪ ਸਿੰਘ ਉੱਥੇ ਹੀ ਰੁਕ ਗਿਆ। ਗੁਰੂ ਸਾਹਿਬ ਨੇ ਉਸਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਿਸ ਵਿਚ ਗੁਰਮੁਖੀ ਅਤੇ ਫ਼ਾਰਸੀ ਭਾਸ਼ਾਵਾਂ ਦੇ ਨਾਲ ਨਾਲ ਸ਼ਸ਼ਤਰ ਵਿੱਦਿਆ ਘੋੜ ਸਵਾਰੀ ਆਦਿ ਵਿੱਚ ਸਿਖਲਾਈ ਦਿਵਾਈ । ਸਰੀਰ ਦਾ ਚੁਸਤ ਫੁਸਤ ਗੱਭਰੂ ਇਹਨਾਂ ਕਲਾਵਾਂ ਵਿਚ ਛੇਤੀ ਪ੍ਰਪੱਕ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡਣ ਜਾਂਦੇ ਇਸ ਨੌਜਵਾਨ ਨੂੰ ਆਪਣੇ ਨਾਲ ਰੱਖਦੇ। ਇਸ ਤਰਾਂ 20 ਦਸੰਬਰ 1704 ਤੱਕ ਦੀਪ ਸਿੰਘ ਨੇ ਗੁਰਬਾਣੀ, ਸੇਵਾ, ਸਿਮਰਨ, ਕੀਰਤਨ, ਯੁੱਧ ਕਲਾ ਆਦਿ ਸਭ ਦੇ ਰਾਹੀਂ ਗੁਰੂ ਦੀ ਸੰਗਤ ਵਿਚ ਗੁਰਸਿੱਖੀ ਨੂੰ ਹਿਰਦੇ ਅੰਦਰ ਧਾਰਨ ਕਰ ਲਿਆ।



ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਤੋਂ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ, ਤਾਂ ਸਿੱਖਾਂ ਨੂੰ ਹੁਕਮਨਾਮੇ ਵੀ ਭੇਜੇ ਕਿ ਉਹ ਬੰਦਾ ਸਿੰਘ ਦਾ ਸਾਥ ਦੇਣ । ਦੀਪ ਸਿੰਘ ਜੀ ਬੰਦਾ ਸਿੰਘ ਨਾਲ ਆ ਸ਼ਾਮਲ ਹੋਏ ਅਤੇ ਉਹਨਾਂ ਵਲੋਂ ਲੜੀਆਂ ਗਈਆਂ ਚੱਪੜਚਿੜੀ, ਸਢੌਰਾ, ਸਰਹਿੰਦ ਆਦਿ ਦੀਆਂ ਜੰਗਾਂ ਵਿਚ ਪੂਰੇ ਉਤਸ਼ਾਹ ਨਾਲ ਆਪਣੀ ਬੀਰਤਾ ਦੇ ਜੌਹਰ ਦਿਖਾਏ। ਜਦੋਂ ਸਿਖਾਂ ਦੀਆਂ 12 ਮਿਸਲਾਂ ਬਣੀਆਂ ਤਾਂ ਮਿਸਲ ਸ਼ਹੀਦਾਂ ਦੇ ਮੁਖੀ ਦੀਪ ਸਿੰਘ ਜੀ ਨੂੰ ਥਾਪਿਆ ਗਿਆ। ਸਤਾਰਵੀਂ ਸਦੀ ਵਿਚ ਜਦੋਂ ਅਹਿਮਦ ਸ਼ਾਹ ਦੁਰਾਨੀ ਪੰਜਾਬ ਲੁੱਟ ਕੇ ਵਾਪਸ ਜਾ ਰਿਹਾ ਸੀ ਤਾਂ ਬਾਕੀ ਮਿਸਲਾਂ ਦੇ ਜਥਿਆਂ ਸਮੇਤ ਅਫਗਾਨ ਧਾੜਵੀਆਂ ਤੋਂ ਬਹੁ ਬੇਟੀਆਂ ਅਤੇ ਲੁੱਟ ਦਾ ਮਾਲ ਛੁਡਵਾਇਆ।

1704 ਈਸਵੀ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡਿਆ, ਤਾਂ ਗੁਰੂ ਕੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਦੀ ਸੇਵਾ ਸੰਭਾਲ ਦੀ ਡਿਊਟੀ ਭਾਈ ਮਨੀ ਸਿੰਘ, ਭਾਈ ਦੀਪ ਸਿੰਘ,ਭਾਈ ਧੰਨਾ ਸਿੰਘ ਅਤੇ ਭਾਈ ਜਵਾਹਰ ਸਿੰਘ ਜੀ ਦੀ ਲਗਾਈ ਸੀ। ਇਹ ਸਭ ਦਿੱਲੀ ਵਿਖੇ ਭਾਈ ਜਵਾਹਰ ਸਿੰਘ ਦੇ ਘਰ ਗੁਰੂ ਮਹਿਲਾਂ ਨੂੰ ਸੁਰਖਿਅਤ ਲੈ ਗਏ ਸਨ। ਉਪਰੰਤ ਭਾਈ ਦੀਪ ਸਿੰਘ ਜੀ ਵਾਪਸ ਆਪਣੇ ਪਿੰਡ ਵਿਖੇ ਆ ਗਏ ਸਨ। ਗੁਰਸਿੱਖੀ ਕਮਾਉਣ ਲੱਗੇ ਅਤੇ ਅੰਮ੍ਰਿਤ ਸੰਚਾਰ ਵੀ ਕਰਦੇ ਰਹੇ।

ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਜਦੋਂ ਗੁਰੂ ਗ੍ਰੰਥ ਸਾਹਿਬ ਸੰਪੂਰਨ ਕਰਨ ਲੱਗੇ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਸਹਾਇਤਾ ਲਈ ਗੁਰੂ ਸਾਹਿਬ ਜੀ ਨੂੰ ਭਾਈ ਦੀਪ ਸਿੰਘ ਜੀ ਨੂੰ ਬੁਲਾਉਣ ਦੀ ਸਲਾਹ ਦਿੱਤੀ ਜਿਸ ਨੂੰ ਗੁਰੂ ਸਾਹਿਬ ਨੇ ਤੁਰੰਤ ਪ੍ਰਵਾਨ ਕੀਤਾ । ਸੁਨੇਹਾ ਮਿਲਣ ਤੇ ਭਾਈ ਦੀਪ ਸਿੰਘ ਜੀ ਦਮਦਮਾ ਸਾਹਿਬ ਪੁੱਜ ਗਏ। ਅਤੇ ਕਾਗਜ਼ ਅਤੇ ਸਿਆਹੀ ਪੁਚਾਉਣ ਦੀ ਸੇਵਾ ਨਿਭਾਉਂਦੇ ਰਹੇ, ਜਦੋ ਗੁਰੂ ਜੀ ਲਿਖਾ ਰਹੇ ਸਨ ਅਤੇ ਭਾਈ ਮਨੀ ਸਿੰਘ ਜੀ ਲਿਖ ਰਹੇ ਸਨ। ਭਾਈ ਦੀਪ ਸਿੰਘ ਜੀ ਬੀੜ ਸੰਪੂਰਨ ਹੋਣ ਤੇ ਉਸਦੇ ਚਾਰ ਉਤਾਰੇ ਕੀਤੇ ਅਤੇ 1706 ਵਿਚ ਚਾਰੇ ਤਖਤਾਂ ਨੂੰ ਭੇਜੇ । ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਨੂੰ ਜਾਣ ਸਮੇਂ ਦਮਦਮਾ ਸਾਹਿਬ ਜੋ ਕਿ ਹੁਣ ਇੱਕ ਟਕਸਾਲ ਬਣ ਚੁੱਕੀ ਸੀ, ਉਸਦੀ ਸੇਵਾ ਸੰਭਾਲ ਅਤੇ ਗੁਰਬਾਣੀ ਪ੍ਰਚਾਰ ਦਾ ਕੰਮ ਦੀਪ ਸਿੰਘ ਜੀ ਨੇ ਤਨੋ ਮਨੋ ਹੋ ਕੇ ਸੰਭਾਲਿਆ। ਦਮਦਮਾ ਸਾਹਿਬ ਵਿਖੇ ਆਪ ਜੀ ਨੇ ਸੰਗਤ ਦੀ ਲੋੜ ਅਨੁਸਾਰ ਇੱਕ ਖੂਹ ਵੀ ਲਗਵਾਇਆ, ਜੋ ਹੁਣ ਵੀ ਮੌਜੂਦ ਹੈ। ਆਪ ਜੀ ਦਾ ਇਲਾਕੇ ਦੀਆਂ ਸੰਗਤਾਂ ਬਹੁਤ ਸਤਿਕਾਰ ਕਰਨ ਲੱਗੀਆਂ।

ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਤੋਂ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ, ਤਾਂ ਸਿੱਖਾਂ ਨੂੰ ਹੁਕਮਨਾਮੇ ਵੀ ਭੇਜੇ ਕਿ ਉਹ ਬੰਦਾ ਸਿੰਘ ਦਾ ਸਾਥ ਦੇਣ । ਦੀਪ ਸਿੰਘ ਜੀ ਬੰਦਾ ਸਿੰਘ ਨਾਲ ਆ ਸ਼ਾਮਲ ਹੋਏ ਅਤੇ ਉਹਨਾਂ ਵਲੋਂ ਲੜੀਆਂ ਗਈਆਂ ਚੱਪੜਚਿੜੀ, ਸਢੌਰਾ, ਸਰਹਿੰਦ ਆਦਿ ਦੀਆਂ ਜੰਗਾਂ ਵਿਚ ਪੂਰੇ ਉਤਸ਼ਾਹ ਨਾਲ ਆਪਣੀ ਬੀਰਤਾ ਦੇ ਜੌਹਰ ਦਿਖਾਏ। ਜਦੋਂ ਸਿਖਾਂ ਦੀਆਂ 12 ਮਿਸਲਾਂ ਬਣੀਆਂ ਤਾਂ ਮਿਸਲ ਸ਼ਹੀਦਾਂ ਦੇ ਮੁਖੀ ਦੀਪ ਸਿੰਘ ਜੀ ਨੂੰ ਥਾਪਿਆ ਗਿਆ। ਸਤਾਰਵੀਂ ਸਦੀ ਵਿਚ ਜਦੋਂ ਅਹਿਮਦ ਸ਼ਾਹ ਦੁਰਾਨੀ ਪੰਜਾਬ ਲੁੱਟ ਕੇ ਵਾਪਸ ਜਾ ਰਿਹਾ ਸੀ ਤਾਂ ਬਾਕੀ ਮਿਸਲਾਂ ਦੇ ਜਥਿਆਂ ਸਮੇਤ ਅਫਗਾਨ ਧਾੜਵੀਆਂ ਤੋਂ ਬਹੁ ਬੇਟੀਆਂ ਅਤੇ ਲੁੱਟ ਦਾ ਮਾਲ ਛੁਡਵਾਇਆ।

9 ਜੂਨ 1716 ਨੂੰ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਕੌਮ ਦੋ ਧੜਿਆਂ ਵਿੱਚ ਵੰਡੀ ਗਈ ਸੀ। ਬੰਦਈ ਖਾਲਸਾ ਅਤੇ ਤੱਤ ਖਾਲਸਾ , ਜਿਸ ਦਾ ਨਿਬੇੜਾ ਭਾਈ ਮਨੀ ਸਿੰਘ ਜੀ ਨੇ ਪਰਚੀਆਂ ਪਾ ਕੇ ਕਰਵਾ ਦਿੱਤਾ ਸੀ। ਉਸ ਸਮੇਂ ਭਾਈ ਦੀਪ ਸਿੰਘ ਜੀ ਦਾ ਸਹਿਯੋਗ ਭਾਈ ਮਨੀ ਸਿੰਘ ਜੀ ਨੂੰ ਮਿਲਿਆ । ਭਾਈ ਮਨੀ ਸਿੰਘ ਜੀ ਨੂੰ 1737 ਈਸਵੀ ਨੂੰ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ ਅਤੇ ਜ਼ਕਰੀਆ ਖਾਂ ਨੇ ਪੰਥ ਵਿਰੋਧੀ ਜੁੰਡਲੀ ਤਿਆਰ ਕਰ ਰੱਖੀ ਸੀ ਜਿਸ ਵਿਚ ਕਰਮਾਂ ਛੀਨਾ, ਚੌਧਰੀ ਨੌਸ਼ਹਿਰਾ ਪੰਨੂੰਆਂ, ਚੌਧਰੀ ਮਜੀਠੀਆ, ਹਰਿਭਗਤ ਨਿਰੰਜਨੀਆ, ਰਾਮਾ ਰੰਧਾਵਾ ਅਤੇ ਮੱਸਾ ਰੰਘੜ ਸਨ। ਜਿਨਾਂ ਵਿਚੋਂ ਮੱਸਾ ਰੰਘੜ ਨੂੰ ਹਰਿਮੰਦਰ ਸਾਹਿਬ ਦਾ ਕਾਰ ਮੁਖਤਾਰ ਨਿਯੁਕਤ ਕਰ ਦਿੱਤਾ ਗਿਆ ਸੀ। ਉਸਨੇ ਦਰਬਾਰ ਸਾਹਿਬ ਵਿੱਚ ਬੈਠ ਕੇ ਹੁੱਕਾ ਪੀਣ ਅਤੇ ਕੰਜਰੀਆਂ ਨਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਖਬਰਾਂ ਪਤਾ ਲੱਗਣ ਤੇ ਦੀਪ ਸਿੰਘ ਜੀ ਜੋਸ਼ ਵਿਚ ਆ ਗਏ ਅਤੇ ਭਰੇ ਇਕੱਠ ਨੂੰ ਸੰਬੋਧਨ ਕਰਕੇ ਪੁੱਛਿਆ ਕਿ ਮੱਸੇ ਰੰਘੜ ਦਾ ਸਿਰ ਕੌਣ ਵੱਢ ਕੇ ਲਿਆਏਗਾ ? ਸਿੰਘ ਦੀ ਦਹਾੜ ਸੁਣ ਕੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਇਹ ਜਿੰਮੇਵਾਰੀ ਚੁੱਕੀ ਅਤੇ ਗੁਰੂ ਦੀ ਓਟ ਲੈ ਕੇ ਸਫਲਤਾ ਪੂਰਵਕ ਸੀਸ ਵੱਢ ਕੇ ਦੀਪ ਸਿੰਘ ਸਾਹਮਣੇ ਪੇਸ਼ ਕਰ ਦਿਖਾਇਆ।

ਜੱਸਾ ਸਿੰਘ ਆਹਲੂਵਾਲੀਏ ਦੇ ਆਦੇਸ਼ ਤੇ ਬਾਕੀ ਮਿਸਲਾਂ ਦੇ ਨਾਲ ਮਿਲ ਕੇ ਅਦੀਨਾ ਬੇਗ ਨੂੰ ਸੋਧਿਆ ਅਤੇ ਜਿੱਤਿਆ ਇਲਾਕਾ ਜੱਸਾ ਸਿੰਘ ਆਹਲੂਵਾਲੀਆ ਦੇ ਹਵਾਲੇ ਕਰ ਦਿੱਤਾ।

ਬਾਕੀ ਹਿਸਾ ਸਫਾ 32 ਤੇ ਪੜ੍ਹੋ

**31 ਸਫ਼ੇ ਦੀ ਬਾਕੀ**

ਅਹਿਮਦ ਸ਼ਾਹ ਦੁਰਾਨੀ ਨੇ ਜਦੋਂ ਪੁਛਿਆ ਕਿ ਇਹ ਕੌਣ ਹਨ ਜੋ ਮੇਰੀਆਂ ਫੌਜਾਂ ਨੂੰ ਲੁੱਟ ਰਹੇ ਹਨ । ਇੱਕ ਕਾਜੀ ਨੇ ਜਵਾਬ ਦਿੱਤਾ ਕਿ ਇਹਨਾਂ ਦੇ ਗੁਰੂ ਨੇ ਬੜੀ ਕਮਾਲ ਦੀ ਚੀਜ ਅੰਮ੍ਰਿਤ ਪਿਲਾਈ ਹੈ ਇਹਨਾਂ ਨੂੰ ਜਿਸ ਨਾਲ ਇਹ ਬਲਵਾਨ ਬਣ ਜਾਂਦੇ ਹਨ। ਇੱਕ ਥਾਂ ਨਹੀਂ ਟਿਕਦੇ, ਬੈਠਦੇ ਹੀ ਸੌਂਦੇ ਨੇ ਅਤੇ ਚੱਲਦੇ ਚੱਲਦੇ ਖਾਂਦੇ ਹਨ। ਪੰਥ ਪ੍ਰਕਾਸ਼ ਦੇ ਲੇਖਕ ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦ ਦੇਖੋ !!

ਵਲੀ ਇਨਕਾ ਅਜਬ ਭਯੋ ਹੈ ॥
ਇਨਕੋ ਆਬੇ ਹਯਾਤ ਦਯੋ ਹੈ ॥
ਗਜ਼ਬ ਅਸਰ ਤਿਸਕਾ ਹਮ ਦੇਖਾ ॥
ਬੁਜ਼ਦਿਲ ਹੋਵਤ ਸਿੰਘ ਬਿਸੇਖਾ ॥
ਹਾੜ ਨ ਦਿਨ ਭਰ ਪੀਵਹਿ ਪਾਣੀ ॥
ਸਿਆਲ ਨ ਰਾਖਹਿ ਅਗਨ ਨੀਸਾਣੀ ॥
ਬੈਠਤ ਸੋਵਹਿ ਚਲਤੇ ਖਾਵਹਿ ॥
ਗ੍ਰਾਮ ਕਿਸੀ ਮਹਿ ਟਿਕਨ ਨ ਪਾਵਹਿ ॥
-ਗਿਆਨੀ ਗਿਆਨ ਸਿੰਘ
(ਪੰਥ ਪ੍ਰਕਾਸ਼ )

ਅਹਿਮਦ ਸ਼ਾਹ ਦੇ ਆਖਣ ਤੇ ਉਸਦੇ ਪੁੱਤਰ ਤੈਮੂਰ ਸ਼ਾਹ ਨੇ ਸਖਤੀ ਵਧਾ ਦਿੱਤੀ। ਹਰਿਮੰਦਰ ਸਾਹਿਬ ਦਾ ਸਰੋਵਰ ਆਪਣੇ ਜਰਨੈਲ ਜਹਾਨ ਖਾਂ ਰਾਹੀਂ ਪੂਰ ਦਿੱਤਾ। ਭਾਗ ਸਿੰਘ ਨੇ ਦੀਪ ਸਿੰਘ ਜੀ ਨੂੰ ਖ਼ਬਰ ਕੀਤੀ। ਤਾਂ ਉਹਨਾਂ ਇੱਕਦਮ ਦਰਬਾਰ ਸਾਹਿਬ ਦੀ ਰਾਖੀ ਲਈ ਚਾਲੇ ਪਾ ਦਿੱਤੇ। ਪਹਿਲਾਂ ਉਹਨਾਂ ਦੇ ਨਾਲ 5000 ਸਿੰਘ ਹੋ ਗਏ ਜੋ ਹੋਰ ਅੱਗੇ ਚੱਲ ਕੇ 10000 ਤੱਕ ਹੋ ਗਏ ਜ਼ਹਾਨ ਖਾਂ ਗੋਹਲਵੜੀ ਦੀ ਥੇਹ ਤੇ ਬੈਠਾ ਸੀ। ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚ ਕੇ ਕਿਹਾ ਕਿ ਸਿਰਫ ਸ਼ਹੀਦੀ ਲਈ ਤਿਆਰ ਹੀ ਅੱਗੇ ਆਉਣ, ਬਾਕੀ ਵਾਪਸ ਜਾ ਸਕਦੇ ਹਨ। ਸਾਰੇ ਦੇ ਸਾਰੇ ਸਿੰਘ ਲਕੀਰ ਟੱਪ ਆਏ। ਦੀਪ ਸਿੰਘ ਜੀ ਨੇ ਬਕਾਇਦਾ ਅਰਦਾਸ ਕੀਤੀ ਕਿ ਪਾਤਸ਼ਾਹ ਸ਼ਹੀਦੀ ਬੇਸ਼ਕ ਮਿਲੇ ਪਰ ਹਰਿਮੰਦਿਰ ਸਾਹਿਬ ਆਜ਼ਾਦ ਹੋਵੇ। ਜਹਾਨ ਖਾਂ ਹਾਥੀ ਤੇ ਅੱਗੇ ਵਧਿਆ ਤਾਂ ਉਸਨੂੰ ਦਿਆਲ ਸਿੰਘ ਦੇ ਤੀਰ ਨੇ ਪਾਰ ਬੁਲਾਇਆ। ਉਸਦੀ ਮੌਤ ਤੋਂ ਬਾਅਦ ਜਬਰਦਸਤ ਖਾਂ ਅੱਗੇ ਆਇਆ ਜਿਸ ਨੂੰ ਬਲਵੰਤ ਸਿੰਘ ਨੇ ਮਾਰ ਮੁਕਾਇਆ। ਫੇਰ ਰੁਸਤਮ ਖਾਂ ਅੱਗੇ ਆਇਆ ਜਿਸ ਦਾ ਮੁਕਾਬਲਾ ਫੇਰ ਬਲਵੰਤ ਸਿੰਘ ਨਾਲ ਆਹਮੋ ਸਾਹਮਣੇ ਹੋਇਆ। ਦੋਵੇਂ ਸੂਰਮੇ ਇੱਕ ਦੂਜੇ ਦੇ ਤਲਵਾਰਾਂ ਮਾਰ ਕੇ ਮਰ ਗਏ। ਦੀਪ ਸਿੰਘ ਜੀ ਨੇ ਸਾਰੀ ਸੈਨਾ ਨੂੰ ਤਿੰਨ ਜੱਥਿਆ ਵਿਚ ਵੰਡ ਦਿੱਤਾ। ਸੱਜੇ ਪਾਸੇ ਦੀ ਕਮਾਨ ਗੁਰਬਖਸ਼ ਸਿੰਘ ਕੋਲ, ਵਿਚਕਾਰਲੇ ਜੱਥੇ ਦੀ ਕਮਾਨ ਨੱਧ ਸਿੰਘ ਜੀ ਕੋਲ ਅਤੇ ਖੱਬੇ ਪਾਸੇ ਖੁਦ ਦੀਪ ਸਿੰਘ ਜੀ ਆਪ ਹੋ ਗਏ। ਉੱਧਰ ਜਮਾਲ ਖਾਂ ਆਪਣੀ ਸੈਨਾ ਨੂੰ ਲਲਕਾਰੇ ਮਾਰ ਰਿਹਾ ਸੀ ਕਿ ਸ਼ਹੀਦ ਹੋਣ ਵਾਲਿਆਂ ਨੂੰ ਹੂਰਾਂ ਮਿਲਣਗੀਆਂ ਆਦਿ। ਦੀਪ ਸਿੰਘ ਜੀ ਨੇ ਉਸ ਵੱਲ ਚੱਕਰ ਸੁੱਟਿਆ ਜਿਸ ਨਾਲ ਉਸਦਾ ਘੋੜਾ ਜਖਮੀ ਹੋ ਕੇ ਡਿੱਗ ਪਿਆ। ਉਧਰ ਦੀਪ ਸਿੰਘ ਜੀ ਦੀ ਗਰਦਨ ਤੇ ਫੱਟ ਵੱਜਿਆ ਤੇ ਗਰਦਨ ਲੁੜਕ ਗਈ । ਜਦੋ ਕਿਸੇ ਸਿੰਘ ਨੇ ਕੋਲੋਂ ਕਿਹਾ ਕਿ ਬਾਬਾ ਜੀ ਤੁਸੀਂ ਪਰਿਕਰਮਾ ਵਿਚ ਪੁੱਜਣ ਦੀ ਅਰਦਾਸ ਕੀਤੀ ਹੈ, ਉਹਨਾਂ ਖੱਬੇ ਹੱਥ ਨਾਲ ਗਰਦਨ ਸੰਭਾਲੀ ਅਤੇ ਸੱਜੇ ਹੱਥ ਨਾਲ ਆਪਣੇ 18 ਸੇਰ ਦੇ ਦੋਧਾਰੀ ਖੰਡੇ ਨਾਲ ਲੜਨਾ ਜਾਰੀ ਰੱਖਿਆ। ਉਹਨਾਂ ਦਾ ਸੀਸ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਡਿੱਗਿਆ ਅਤੇ ਉਹਨਾਂ ਦੀ ਅਰਦਾਸ ਪੂਰੀ ਹੋਈ। ਇਸਤਰਾਂ ਉਹਨਾਂ ਕੌਮ ਲਈ ਸ਼ਹੀਦੀ ਪ੍ਰਾਪਤ ਕੀਤੀ। ਇਹ ਸ਼ਹੀਦੀ 13 ਨਵੰਬਰ 1757 ਈਸਵੀ ਨੂੰ ਹੋਈ। ਇਸ ਸਮੇਂ ਉਹਨਾਂ ਦੀ ਉਮਰ 75 ਸਾਲ ਦੀ ਸੀ। ਸਤਿਕਾਰ ਵਜੋਂ ਹੀ ਉਹਨਾਂ ਨੂੰ ਬਾਬਾ ਜੀ ਆਖਿਆ ਜਾਂਦਾ ਹੈ। ਪਰਿਕਰਮਾ ਵਿਚ ਜਿਸ ਥਾਂ ਸ਼ਹੀਦੀ ਪ੍ਰਾਪਤ ਕੀਤੀ, ਉੱਥੇ ਗੁਰਦੁਆਰਾ ਸ਼ਹੀਦ ਬੁੰਗਾ ਬਣਿਆ ਹੋਇਆ ਹੈ। ਅਤੇ ਉਹ ਖੰਡਾ ਅਕਾਲ ਤਖਤ ਸਾਹਿਬ ਵਿਚ ਸੰਭਾਲਿਆ ਹੋਇਆ ਹੈ ਅਤੇ ਰੋਜ਼ਾਨਾ ਸ਼ਾਮ ਦੇ ਨਿੱਤਨੇਮ ਤੋਂ ਬਾਅਦ ਸੰਗਤਾਂ ਨੂੰ ਉਸਦੇ ਦਰਸ਼ਨ ਕਰਵਾਏ ਜਾਂਦੇ ਹਨ।

ਕੀ ਇਕੱਲਾ ਧੜ ਲੜਾਈ ਕਰ ਸਕਦਾ ਹੈ ?:- ਸਾਡਾ ਦੁਖਾਂਤ ਹੈ ਕਿ ਸਾਡੇ ਸ਼ਾਨਮੱਤੇ ਇਤਿਹਾਸ ਨੂੰ ਕੁਝ ਅਗਿਆਨਤਾ ਵੱਸ, ਕੁਝ ਸ਼ਰਧਾ ਵੱਸ, ਅਤੇ ਕੁਝ ਜਾਣ ਬੁੱਝ ਕੇ ਸਾਜਿਸ਼ਾਂ ਤਹਿਤ ਤੋੜਿਆ ਮਰੋੜਿਆ ਜਾ ਰਿਹਾ ਹੈ। ਉਸ ਵਿਚ ਕਰਾਮਾਤੀ ਅੰਸ਼ ਭਾਰੂ ਕੀਤੇ ਜਾ ਰਹੇ ਹਨ ,ਜਦਕਿ ਗੁਰਬਾਣੀ ਅਤੇ ਗੁਰਮਤਿ ਸਿਧਾਂਤ ਕਰਾਮਾਤ ਦੇ ਪੂਰਨ ਵਿਰੁੱਧ ਹਨ। ਜਿਸ ਢੰਗ ਨਾਲ ਪ੍ਰਚਾਰਿਆ ਜਾਂਦਾ ਹੈ ਕਿ ਸੀਸ ਧੜ ਤੋਂ ਅਲੱਗ ਹੋ ਗਿਆ ਅਤੇ ਦੀਪ ਸਿੰਘ ਜੀ ਕੱਟੇ ਹੋਏ ਸੀਸ ਨੂੰ ਖੱਬੇ ਹੱਥ ਤੇ ਰੱਖ ਕੇ ਲੜਦੇ ਜਾ ਰਹੇ ਹਨ, ਵਿਗਿਆਨਕ ਪੱਖ ਤੋਂ ਦੇਖੀਏ ਤਾਂ ਇਹ ਸੰਭਵ ਹੀ ਨਹੀਂ ਸ਼ੀਸ ਜੇ ਪੂਰਾ ਕੱਟਿਆ ਜਾਵੇ, ਤਾਂ ਕੁਝ ਸਕਿੰਟਾਂ ਵਿੱਚ ਹੀ ਇਨਸਾਨ ਪੂਰਾ ਹੋ ਜਾਏਗਾ ਅਤੇ ਕਈ ਕਿਲੋਮੀਟਰ ਤੱਕ ਲੜਦੇ ਜਾਣ। ਗੁਰਦੁਆਰਾ ਬਾਬਾ ਦੀਪ ਸਿੰਘ,ਜਿੱਥੇ ਸੀਸ ਕੱਟਿਆ ਗਿਆ, ਤੋਂ ਦਰਬਾਰ ਸਾਹਿਬ ਦੀ ਪਰਕਰਮਾ ਤੱਕ, ਜਿੱਥੇ ਸੀਸ ਡਿੱਗਿਆ ਹੈ, ਚਰੋ-ਡਲੇ ਦੂਰੀ ਵੀ 1.4 ਕਿਲੋਮੀਟਰ ਦੇ ਕਰੀਬ ਬਣਦੀ ਹੈ। ਅਤੇ ਤੇਜ ਚਾਲ ਵਾਲੇ ਪੈਦਲ ਸਵਾਰ ਲਈ ਵੀ 10 ਤੋਂ 12 ਮਿੰਟ ਦਾ ਸਮਾਂ ਚਾਹੀਦਾ ਹੈ। ਕਿਉਂਕਿ ਉਸ ਸਮੇਂ ਉਹਨਾਂ ਕੋਲ ਘੋੜਾ ਨਹੀਂ ਸੀ। ਇਸ ਤਰਾਂ ਇੰਨੇ ਮਿੰਟ ਲਈ ਬਿਨਾਂ ਸੀਸ ਤੋਂ ਲੜਦੇ ਅੱਗੇ ਵਧਣਾ ਸੰਭਵ ਨਹੀਂ ਹੈ।

ਇਸ ਨੂੰ ਪ੍ਰਤੀਕਾਤਮਕ ਅੰਦਾਜ ਵਿਚ ਆਖਿਆ ਕਿਹਾ ਜਾ ਸਕਦਾ ਹੈ। ਹੋ ਸਕਦਾ ਹੈ ਕਿ ਕਿਸੇ ਕਲਾਕਾਰ ਵਲੋਂ ਖੱਬੇ ਹੱਥ ਸੀਸ ਤੇ ਸੱਜੇ ਹੱਥ ਖੰਡੇ ਵਾਲੀ ਤਸਵੀਰ ਬਣਾਉਣ ਤੋਂ ਬਾਅਦ ਇਹ ਗੱਲ ਵਧੇਰੇ ਪ੍ਰਚੱਲਿਤ ਹੋਈ ਹੋਵੇ। (ਕਾਲਪਨਿਕ ਤਸਵੀਰਾਂ ਨੂੰ ਸੱਚ ਮੰਨਣ ਨਾਲ ਹੋਰ ਵੀ ਬਹੁਤ ਥਾਵਾਂ ਤੇ ਇਤਿਹਾਸ ਦੀ ਗਲਤ ਵਿਆਖਿਆ ਹੋਈ ਮਿਲਦੀ ਹੈ )। ਕੁਝ ਪੁਰਾਤਨ ਸਰੋਤਾਂ ਦੇ ਹਵਾਲੇ ਦੇਖਣੇ ਜਰੂਰੀ ਹਨ। ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਵੀ ਸੰਤੋਖ ਸਿੰਘ(1843) ਰਾਮ ਰਾਉਣੀ ਵਾਲੀ ਲੜਾਈ ਦਾ ਜਿਕਰ ਕਰਦੇ ਹੋਏ ਉਹਨਾਂ ਦੀ ਬਹਾਦਰੀ ਅਤੇ ਸ਼ਹੀਦੀ ਦਾ ਜਿਕਰ ਕਰਦੇ ਹਨ, ਪਰ ਪੂਰਾ ਸੀਸ ਕੱਟਣ ਦੀ ਗੱਲ ਨਹੀਂ ਕਰਦੇ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਰਤਨ ਸਿੰਘ ਭੰਗੂ(1810-41) ਇਸ ਤਰਾਂ ਲਿਖਦੇ ਹਨ -

ਚੱਬਾ ਪਿੰਡ ਵਿਚ ਪੁੱਜ ਕੇ ਅੱਤਲ ਖਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਗਰਦਨ ਤੇ ਵਾਰ ਕੀਤਾ ਜਿਸ ਨਾਲ ਉਹਨਾਂ ਦਾ ਸਿਰ ਇੱਕ ਪਾਸੇ ਝੁਕ ਗਿਆ। ਇੱਕ ਸਿੱਖ ਨੇ ਯਾਦ ਦਿਵਾਇਆ ',"ਤੁਸੀਂ ਸਰੋਵਰ ਦੀ ਹੱਦ ਤੱਕ ਪਹੁੰਚਣ ਦਾ ਸੰਕਲਪ ਕੀਤਾ ਸੀ।" ਇਸ ਗੱਲ ਨੂੰ ਸੁਣ ਕੇ ਬਾਬਾ ਜੀ ਨੇ ਖੱਬੇ ਹੱਥ ਨਾਲ ਸਿਰ ਨੂੰ ਸਹਾਰਾ ਦਿੱਤਾ ਅਤੇ ਸੱਜੇ ਹੱਥ ਨਾਲ ਦੋਧਾਰੀ ਖੰਡੇ ਨਾਲ ਦੁਸ਼ਮਣਾਂ ਨੂੰ ਹਟਾਉਂਦੇ ਹੋਏ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੱਕ ਪਹੁੰਚੇ ਅਤੇ ਉੱਥੇ ਪ੍ਰਾਣ ਤਿਆਗੇ।"...

ਉਪਰੋਕਤ ਵਾਰਤਾ ਵਿਚ ਪੂਰਾ ਸੀਸ ਕੱਟਣ ਦਾ ਜਿਕਰ ਨਹੀਂ, ਸਗੋਂ ਗਰਦਨ ਤੇ ਗੰਭੀਰ ਚੋਟ ਦਰਸਾਉਂਦਾ ਹੈ। ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ ਇਸ ਨਾਲ ਮਿਲਦਾ ਜੁਲਦਾ ਹੈ।

ਸ਼ਹੀਦ ਬਿਲਾਸ ਬਾਬਾ ਦੀਪ ਸਿੰਘ ਜੀ (ਗਿਆਨੀ ਠਾਕੁਰ ਸਿੰਘ, 1904) ਵਿਚ ਬਾਬਾ ਦੀਪ ਸਿੰਘ ਜੀ ਨੂੰ ਲੜਦੇ ਹੋਏ ਸ਼ਹੀਦ ਹੁੰਦਾ ਦਿਖਾਇਆ ਹੈ ਪਰ ਚਮਤਕਾਰੀ ਢੰਗ ਨਾਲ ਸੀਸ ਹੱਥ ਤੇ ਚੁੱਕੇ ਦਾ ਵੇਰਵਾ ਘੱਟ ਜੋਰ ਨਾਲ ਹੈ, ਵਧੇਰੇ ਧਿਆਨ ਬਹਾਦਰੀ ਵੱਲ ਹੈ। ਪੁਸਤਕ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਜੀ (ਕ੍ਰਿਤ ਭਾਈ ਨਿਰੰਜਨ ਸਿੰਘ ਹੈਡ ਗ੍ਰੰਥੀ ਦਰਬਾਰ ਸਾਹਿਬ) ਅਤੇ ਇਸਤੇ ਅਧਾਰਿਤ ਮੁਖਤਾਰ ਸਿੰਘ ਗੋਰਾਇਆ ਵਲੋਂ ਪਿੰਗਲਵਾੜਾ ਲਈ ਛਾਪੇ ਗਏ ਟ੍ਰੈਕਟ ਵਿਚ ਪੂਰਾ ਸੀਸ ਕੱਟੇ ਜਾਣ ਅਤੇ ਹੱਥ ਤੇ ਟਿਕਾਏ ਜਾਣ ਦਾ ਜਿਕਰ ਹੈ। ਸ਼ਬਦ ਇਸ ਤਰਾਂ ਹਨ-

ਬਾਬਾ ਜੀ ਦਾ ਸਿਰ ਲੱਥਾ ਵੇਖ ਕੇ ਇਕ ਸਿੰਘ ਨੇ ਆਖਿਆ-"ਬਾਬਾ ਜੀ ਤੁਸੀਂ ਅਰਦਾਸ ਕੀਤੀ ਸੀ ਕਿ ਸੀਸ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਧਰਨਾ ਹੈ।..." ਲੱਥੇ ਹੋਏ ਸੀਸ ਵਿਚੋਂ ਆਵਾਜ ਆਈ ਕਿ ਸਿੰਘ ਦਾ ਪ੍ਰਣ ਤੋੜ ਨਿਭੇਗਾ। ਧੜ ਹਿੱਲਿਆ ਖੰਡਾ ਅੱਗੇ ਹੀ ਹੱਥ ਵਿਚ ਸੀ। ਅਨੋਖੇ ਹੀ ਜੀਵਨ ਵਿਚ ਬਾਬਾ ਜੀ ਖੜ੍ਹੇ ਹੋ ਗਏ। ਸੀਸ ਖੱਬੀ ਤਲੀ ਤੇ ਰੱਖ ਲਿਆ ਸੱਜੇ ਹੱਥ ਨਾਲ ਖੰਡੇ ਨਾਲ ਐਸੀ ਵਾਢੀ ਪਾਈ ਕਿ ਗਿਲਜੇ ਤੋਬਾ ਤੋਬਾ ਕਰਦੇ ਮੈਦਾਨ ਛੱਡ ਕੇ ਭੱਜ ਤੁਰੇ। ......ਬਾਬਾ ਜੀ ਨੇ ਸੀਸ ਤਲੀ ਤੇ ਰੱਖ ਕੇ ਰਾਮਸਰ ਤੋਂ ਅੱਗੇ ਲੰਘ ਸੁਧਾਸਰ ਦੀਆਂ ਪਰਕਰਮਾ ਵਿਚ ਸਤਿਗੁਰੂ ਰਾਮਦਾਸ ਜੀ ਦੀ ਹਜੂਰੀ ਵਿੱਚ ਸੀਸ ਭੇਟ ਰੱਖੀ।.....

ਹੋਰ ਇਤਿਹਾਸਕਾਰਾਂ ਜਿਵੇਂ ਡਾ ਗੰਡਾ ਸਿੰਘ, ਖੁਸ਼ਵੰਤ ਸਿੰਘ, ਪ੍ਰਿੰ ਸਤਬੀਰ ਸਿੰਘ ਆਦਿ ਸ਼ਹੀਦ ਦੀਪ ਸਿੰਘ ਜੀ ਦੇ ਸਿਦਕ ਅਤੇ ਬਹਾਦਰੀ ਦੀ ਗੱਲ ਕਰਦੇ ਹਨ , ਪਰ ਉਹਨਾਂ ਦੇ ਸੀਸ ਹੱਥ ਤੇ ਰੱਖਣ ਦੀ ਗੱਲ ਨੂੰ ਸਿਰਫ ਰੂਪਕ ਤੌਰ ਤੇ ਸੀਸ ਭੇਟ ਕਰਨ ਦੇ ਅੰਦਾਜ਼ ਵਿੱਚ ਹੀ ਲਿਆ ਹੈ। ਅਸਲੀ ਇਤਿਹਾਸਕ ਪੱਖ ਦੇ ਤੌਰ ਤੇ ਨਹੀਂ ।

ਇਸ ਤਰਾਂ ਵੱਖ ਵੱਖ ਲਿਖਾਰੀਆਂ ਅਤੇ ਵਿਦਵਾਨਾਂ ਨੇ ਆਪੋ ਆਪਣੇ ਅੰਦਾਜ ਵਿਚ ਇਸਦੀ ਵਿਆਖਿਆ ਕੀਤੀ ਹੈ। ਜਿਸ ਥਾਂ ਪਰਕਰਮਾ ਵਿਚ ਸੀਸ ਡਿੱਗਿਆ ਸੀ, ਉੱਥੇ ਸ਼੍ਰੋਮਣੀ ਕਮੇਟੀ ਵਲੋਂ ਲਿਖਵਾਏ ਗਏ ਇਤਿਹਾਸ ਵਿੱਚ ਵੀ ਪੂਰਾ ਸੀਸ ਕੱਟਿਆ ਜਾਣਾ ਅਤੇ ਹੱਥ ਤੇ ਰੱਖ ਕੇ ਲੜੇ ਜਾਣਾ ਲਿਖਿਆ ਹੈ।....ਸਾਡੇ ਇਤਿਹਾਸ ਨੂੰ ਵਿਗਿਆਨਕ ਅੰਦਾਜ ਵਿੱਚ ਪਹਿਲੀ ਗੱਲ ਕਿਸੇ ਨੇ ਲਿਖਿਆ ਹੀ ਨਹੀਂ, ਜੇ ਕੋਈ ਕੋਸ਼ਿਸ਼ ਕਰੇਗਾ ਵੀ ਤਾਂ ਸ਼ਰਧਾਲੂਆਂ ਨੇ ਉਸਦੀ ਮੰਨਣੀ ਕਿੱਥੇ ਹੈ ? ਉਸਦਾ ਭਰਵਾਂ ਵਿਰੋਧ ਹੋਏਗਾ। ਸਿੱਖ ਕੌਮ ਦੇ ਇਹ ਏਜੰਡੇ ਵਿਚ ਹੀ ਨਹੀਂ ਕਿ ਇਤਿਹਾਸ ਨੂੰ ਵਧੀਆ ਢੰਗ ਨਾਲ ਲਿਖਾ ਕੇ ਸੰਭਾਲਿਆ ਜਾਵੇ। ਸਗੋਂ ਵਿਰੋਧੀਆਂ ਦੇ ਵੰਡ ਪਾਊ ਏਜੰਡੇ ਦਾ ਸ਼ਿਕਾਰ ਹੋ ਕੇ ਸਿੱਖ ਇੱਕ ਦੂਜੇ ਨਾਲ ਬਹੁਤ ਛੋਟੇ ਮਸਲੇ ਤੇ ਲੜਨ ਮਰਨ ਲਈ ਤਿਆਰ ਹੋ ਜਾਂਦੇ ਹਨ। ਅਸਲ ਵਿਚ ਜਿਵੇਂ ਅਸੀਂ ਲੇਖ ਦੇ ਆਰੰਭ ਵਿਚ ਹੀ ਕਿਹਾ ਹੈ ਕਿ ਗੁਰਮਤਿ ਤਾਂ ਹਰੇਕ ਸਿੱਖ ਤੋਂ ਸੀਸ ਮੰਗਦੀ ਹੈ। ਗੁਰੂ ਨਾਨਕ ਨੇ ਹੀ ਆਖਿਆ ਸੀ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ।
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥
(ਪੰਨਾ ੧੪੧੨,
ਸਲੋਕ ਵਾਰਾਂ ਤੇ ਵਧੀਕ ॥ ਮਹਲਾ ੧)
ਇਸੇ ਤਰਾਂ ਇੱਕ ਹੋਰ ਥਾਂ ਫੁਰਮਾਨ ਹੈ-
ਸਤਿਗੁਰ ਆਗੈ ਸੀਸੁ ਭੇਟ ਦੇਉ
ਜੇ ਸਤਿਗੁਰ ਸਾਚੇ ਭਾਵੈ ॥
(ਪੰਨਾ ੧੧੧੪, ਤੁਖਾਰੀ ਛੰਤ ਮਹਲਾ ੪)

ਸਿੱਖੀ ਹੈ ਹੀ ਪ੍ਰੇਮ ਦੀ ਖੇਡ। ਇੱਥੇ ਪਹਿਲਾਂ ਮਰਨਾ ਕਬੂਲ ਕਰਨ ਦਾ ਹੁਕਮ ਹੈ। ਸਤਿਗੁਰੂ ਨਾਲ ਪ੍ਰੇਮ ਹੋਣ ਤੇ ਇੱਕ ਸਿੱਖ ਆਪਣੇ ਪਰਿਵਾਰ, ਧਨ ਦੌਲਤ, ਅਤੇ ਇੱਥੋਂ ਤੱਕ ਕਿ ਆਪਣੇ ਸਰੀਰ ਦਾ ਵੀ ਮੋਹ ਨਹੀਂ ਕਰਦਾ। ਉਸਨੂੰ ਆਪਣਾ ਸਰੀਰ ਭੇਟ ਕਰਕੇ ਗੁਰੂ ਦੀ ਖੁਸ਼ੀ ਮਿਲਣੀ ਬਹੁਤ ਸਸਤਾ ਸੌਦਾ ਲੱਗਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਦੀਪ ਸਿੰਘ ਜੀ ਦੀ ਬਹਾਦਰੀ ਦੇਖ ਕੇ ਉਹਨਾਂ ਨੂੰ ਜਿੰਦਾ ਸ਼ਹੀਦ ਦਾ ਰੁਤਬਾ ਵੀ ਦਿੱਤਾ ਸੀ। ਲੋੜ ਹੈ ਅਸੀਂ ਸ਼ਹੀਦਾਂ ਦਾ ਸਤਿਕਾਰ ਕਰੀਏ ਅਤੇ ਉਹਨਾਂ ਤੋਂ ਗੁਰੂ ਪ੍ਰਤੀ ਪ੍ਰੇਮ ਅਤੇ ਸਿਦਕ ਰੱਖਣਾ ਸਿੱਖੀਏ। ਉਹਨਾਂ ਨਾਲ ਬੇਲੋੜੀਆਂ ਕਰਾਮਾਤਾਂ ਨਾ ਜੋੜਦੇ ਰਹੀਏ।

ਸ਼ਹੀਦ ਬਾਬਾ ਦੀਪ ਸਿੰਘ ਦੇ ਨਾਮ ਤੇ ਹੋ ਰਹੇ ਕਰਮ ਕਾਂਡ :-ਸ਼ਹੀਦਾਂ ਦਾ ਸਤਿਕਾਰ ਕਰਨਾ ਮੁਬਾਰਕ ਹੈ, ਜਰੂਰ ਕਰਨਾ ਚਾਹੀਦਾ ਹੈ। ਪਰ ਅੱਜ ਜੋ ਹੋ ਰਿਹਾ ਹੈ, ਮੁਆਫ ਕਰਨਾ, ਉਸ ਵਿੱਚ ਸਿੱਖੀ ਦੀ ਰੂਹ ਹੀ ਨਜਰ ਨਹੀਂ ਆ ਰਹੀ। ਜਿੱਥੇ ਕੁਝ ਸ਼ਰਧਾਲੂ ਉਹਨਾਂ ਨੂੰ ਗੁਰੂ ਸਾਹਿਬਾਨ ਤੋਂ ਵੀ ਵਧੇਰੇ ਸਤਿਕਾਰ ਦੇਣ ਲੱਗ ਪਏ ਹਨ। ਉੱਥੇ ਉਹਨਾਂ ਦੇ ਨਾਮ ਤੇ ਬਣੀਆਂ ਥਾਵਾਂ ਤੇ ਗੁਰਦੁਆਰਿਆਂ ਨੂੰ ਇੱਛਾ ਪੂਰੀਆਂ ਕਰਨ ਵਾਲਾ ਸਥਾਨ ਪ੍ਰਚਾਰ ਕੇ ਸੰਗਤਾਂ ਦਾ ਇੱਕਠ ਹੋ ਰਿਹਾ ਹੈ। ਕੋਈ ਸ਼ਹੀਦਾਂ ਦੇ ਪਹਿਰੇ ਬਾਬਤ ਗੱਲ ਕਰਦਾ ਹੈ। ਅਤੇ ਕੁਝ ਸਮੇਂ ਤੋਂ ਇੱਕ ਨਵੀਂ ਪਿਰਤ ਚੌਪਹਿਰੇ ਦੀ ਸ਼ੁਰੂ ਹੋ ਗਈ ਹੈ। ਬਾਣੀ ਜਿੰਨੀ ਮਰਜ਼ੀ ਪੜ੍ਹੋ, ਜਿਹੜੀ ਮਰਜੀ ਅਤੇ ਜਿਹੜੇ ਮਰਜੀ ਸਮੇਂ ਪੜ੍ਹੋ, ਕੋਈ ਇਤਰਾਜ ਨਹੀਂ। ਖੁਸ਼ੀ ਅਤੇ ਸੰਤੁਸ਼ਟੀ ਦੀ ਗੱਲ ਹੈ ਪਰ ਉਸ ਨਾਲ ਆਪਣੀਆਂ ਦੁਨਿਆਵੀ ਮੰਗਾਂ ਪੂਰੀਆਂ ਹੋਣ ਨੂੰ ਜੋੜ ਲੈਣਾ ਠੀਕ ਨਹੀਂ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਅੰਮ੍ਰਿਤ ਵੇਲੇ ਤੋਂ ਤੋੜਨ ਦੀ ਸਾਜਿਸ਼ ਤਹਿਤ ਚੌਪਹਿਰੇ ਸ਼ੁਰੂ ਕੀਤੇ ਗਏ ਹਨ। ਕਾਰਨ ਜੋ ਵੀ ਹੋਵੇ, ਸਿੱਖਾਂ ਦਾ ਵੱਡਾ ਹਿੱਸਾ ਇਸ ਨਵੇਂ ਕਰਮ ਕਾਂਡ ਵੱਲ ਰੁਚਿਤ ਹੋ ਗਿਆ ਹੈ। ਕਿਉਂਕਿ ਗੁਰਬਾਣੀ ਦਾ ਆਪ ਅਧਿਐਨ ਕਰਨਾ ਅਤੇ ਉਸਨੂੰ ਜੀਵਨ ਵਿਚ ਕਮਾਉਣ ਦੇ ਔਖੇ ਕੰਮ ਨਾਲੋਂ ਅਜਿਹੇ ਕਰਮ ਕਾਂਡ ਕਰਨੇ ਸੌਖੇ ਲੱਗਦੇ ਹਨ। ਵਾਹਿਗੁਰੂ ਮਿਹਰ ਕਰੇ। ਸਾਨੂੰ ਗੁਰਬਾਣੀ ਦੀ ਸੋਝੀ ਬਖਸ਼ੇ ਅਤੇ ਇਤਿਹਾਸ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣਾ ਆ ਜਾਵੇ।

**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**



**ਫੋਨ : 07853 317 891**

Email: jaggikussa@yahoo.de


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ 56**

# ਇੱਕ ਮੇਰੀ ਅੱਖ ਕਾਸ਼ਣੀ...


**ਉਸ ਨੂੰ ਇੱਕ ਗੱਲ ਹੋਰ ਪ੍ਰੇਸ਼ਾਨ ਕਰਦੀ ਸੀ ਕਿ ਹੈਰੀ ਨੇ ਕਦੇ ਆਪਣੀ ਮਾਂ ਨੂੰ ਫ਼ੋਨ ਨਹੀਂ ਕੀਤਾ ਸੀ ਅਤੇ ਨਾ ਹੀ ਉਸ ਨੂੰ ਕਦੇ ਕਿਸੇ ਦਾ ਫ਼ੋਨ ਆਇਆ ਸੀ। ਉਹ ਤਾਂ ਬੱਸ ਖਾਣ ਅਤੇ ਪੀਣ ਵਿੱਚ ਮਸਤ ਰਹਿੰਦਾ ਅਤੇ ਟੈਲੀਵਿਜ਼ਨ ਦੇਖ ਛੱਡਦਾ ਅਤੇ ਸੌਂ ਛੱਡਦਾ। ਕਦੇ-ਕਦੇ ਜਦ ਉਹ ਘਰ ਬੈਠਾ 'ਬੋਰ' ਹੁੰਦਾ ਤਾਂ ਦਫ਼ਤਰ ਗੇੜਾ ਮਾਰ ਆਉਂਦਾ। ਪਰ ਉਸ ਦੀ ਦਫ਼ਤਰ ਵਿੱਚ ਕੋਈ ਜ਼ਰੂਰਤ ਨਹੀਂ ਸੀ। ਕਮਲ਼ਿਆਂ ਵਾਂਗ ਖਾਣ, ਪੀਣ ਅਤੇ ਸੌਣ ਨਾਲ਼ ਹੈਰੀ ਦਾ ਭਾਰ ਵਧ ਕੇ ਕੁਇੰਟਲ਼ ਤੋਂ ਉਪਰ ਹੋ ਗਿਆ ਸੀ। ਮਾਣੋਂ ਨੂੰ ਹੈਰੀ ਦਾ ਕੋਈ ਮੋਹ-ਤੇਹ ਨਾ ਆਉਂਦਾ ਅਤੇ ਨਾ ਹੀ ਹੈਰੀ ਉਸ ਵੱਲ ਕੋਈ ਧਿਆਨ ਦਿੰਦਾ ਸੀ। ਬਘੇਲ ਸਿੰਘ ਵੀ ਹੈਰੀ ਵੱਲੋਂ ਬੇਪ੍ਰਵਾਹ ਸੀ। ਉਹ ਸਿਰਫ਼ ਔਰਤਾਂ ਦਾ 'ਸ਼ੌਕੀਨ' ਸੀ ਅਤੇ ਜਿੱਥੇ ਵੀ ਦਾਅ ਲੱਗਦਾ, ਆਪਣੀ ਮਸਤੀ ਮਾਰ ਛੱਡਦਾ ਸੀ।**


## ਕਾਂਡ 25

ਨਸ਼ੇ ਵਿੱਚ ਗਲਤਾਨ ਪਈ ਉਹ ਆਪਣੇ ਪਾਵੀ ਜੀ ਨਾਲ਼ ਹੀ ਗੱਲਾਂ ਕਰ ਰਹੀ ਸੀ, ਜਿਸ ਦਾ ਬਘੇਲ ਸਿਉਂ ਪੂਰਾ ਫ਼ਾਇਦਾ ਉਠਾ ਰਿਹਾ ਸੀ। ਸਾਰੀ ਰਾਤ ਬਘੇਲ ਸਿਉਂ ਮਾਣੋਂ ਦੀ ਨਸ਼ਈ ਹਾਲਤ ਦਾ ਫ਼ਾਇਦਾ ਲੈਂਦਾ ਰਿਹਾ ਅਤੇ ਉਸ ਦੇ ਨਾਜ਼ਕ ਅਤੇ ਮੁਲਾਇਮ ਸਰੀਰ ਨੂੰ ਚੂੰਡਦਾ ਰਿਹਾ। ਜਦ ਉਹ ਮਾੜੀ ਜਿਹੀ ਸੁਰਤ ਸਿਰ ਹੋਣ ਲੱਗਦੀ, ਇੱਕ ਪੈੱਗ ਹੋਰ ਉਸ ਦੇ ਹਲ਼ਕ ਵਿੱਚ "ਡੋਲ੍ਹ" ਦਿੰਦਾ ਅਤੇ ਉਹ ਪਾਵੀ ਜੀ ਨੂੰ ਬੋਲ-ਕਬੋਲ ਕਰਦੀ, "ਕੀ ਕਰਦੇ ਓਂ ਪਾਵੀ ਜੀ...? ਮੈਨੂੰ ਕੌੜਾਂ ਜਿਆ ਪਾਣੀ ਪਿਆਈ ਜਾਂਦੇ ਓ...? ਗੰਦੇ ਜਿਹੇ...!" ਤੇ ਬਘੇਲ ਸਿਉਂ ਉਸ ਨੂੰ ਉਠ ਵਰਗੇ ਗੋਡਿਆਂ ਵਿੱਚ ਹੀ ਘੁੱਟ ਲੈਂਦਾ। ਮਾਣੋ ਉਸ ਦਾ ਮੂੰਹ ਚੁੰਮਦੀ।

## ਕਾਂਡ 26

ਅਗਲੇ ਦਿਨ ਦਸ ਕੁ ਵਜੇ ਮਾਣੋਂ ਦੀ ਜਾਗ ਖੁੱਲ੍ਹੀ।

ਉਹ ਬੈੱਡ ਉਪਰ ਇਕੱਲੀ ਹੀ ਪਈ ਸੀ।

ਉਸ ਵਿੱਚ ਉਠਣ ਦੀ ਹਿੰਮਤ ਨਹੀਂ ਸੀ।

ਉਸ ਦਾ ਸਰੀਰ ਇਉਂ ਚਸਕਾਂ ਮਾਰ ਰਿਹਾ ਸੀ, ਜਿਵੇਂ ਕਿਸੇ ਨੇ ਡੰਡਿਆਂ ਨਾਲ਼ ਕੁੱਟਿਆ ਸੀ। ਉਸ ਨੇ ਧੁਰਲੀ ਜਿਹੀ ਮਾਰ ਕੇ ਉਠਣ ਦੀ ਕੋਸ਼ਿਸ਼ ਕੀਤੀ ਤਾਂ ਸਿਰ ਦੀ ਪੀੜ ਸਿੱਧੀ ਦਿਲ ਨੂੰ ਗਈ। ਉਹ ਨਿਰਬਲ ਹੋ ਕੇ ਮੁੜ ਬੈੱਡ 'ਤੇ ਢੇਰੀ ਹੋ ਗਈ। ਉਸ ਨੂੰ ਚੱਕਰ ਜਿਹੇ ਆ ਰਹੇ ਸਨ। ਉਸ ਦਾ ਹੇਠਲਾ ਪਾਸਾ ਚਸਕਾਂ ਮਾਰ ਰਿਹਾ ਸੀ। ਜਦ ਉਹ ਟੇਢੀ ਹੋ ਕੇ ਬੈੱਡ 'ਤੇ ਪਈ ਤਾਂ ਉਸ ਨੂੰ ਥੱਲੇ ਕੁਝ ਆਕੜਿਆ ਆਕੜਿਆ ਜਿਹਾ ਮਹਿਸੂਸ ਹੋਇਆ। ਉਸ ਨੇ ਚੌਂਕ ਕੇ ਹੇਠ ਨੂੰ ਝਾਤੀ ਮਾਰੀ ਤਾਂ ਸਾਰੀ ਚਾਦਰ ਖ਼ੂਨ ਨਾਲ਼ ਲੱਥ ਪੱਥ ਸੀ। ਉਹ ਭਮੱਤਰਿਆਂ ਵਾਂਗ ਉਠ ਕੇ ਬੈਠ ਗਈ। ਉਸ ਦਾ ਕਾਲ਼ਜਾ "ਧੱਕ-ਧੱਕ" ਧੜਕ ਰਿਹਾ ਸੀ। ਉਸ ਨੇ ਯਾਦਆਸ਼ਤ 'ਤੇ ਜੋਰ ਪਾ ਕੇ ਸੋਚਣਾ ਸ਼ੁਰੂ ਕਰ ਦਿੱਤਾ...। ....ਰਾਤ ਮੇਰੇ ਕੋਲ਼ ਕੌਣ ਸੀ...? ਹੈਰੀ...? ਪਰ ਹੈਰੀ ਤਾਂ ਮੇਰੇ ਜਾਗਦੀ ਦੇ ਹੀ ਸੋਫ਼ੇ 'ਤੇ ਪਿਆ ਘੁਰਾੜੇ ਮਾਰਨ ਲੱਗ ਪਿਆ ਸੀ...। ਫ਼ੇਰ ਹੋਰ ਮੇਰੇ ਕੋਲ਼ ਕੌਣ ਆਇਆ ਹੋਇਆ...? ਰਾਤ ਸਹੁਰਾ ਸਾਹਿਬ ਆਏ ਸੀ...। ...ਤੇ ਉਹਨਾਂ ਨੇ ਮੈਨੂੰ ਇੱਕ ਡਰਿੰਕ ਵੀ ਪੀਣ ਲਈ ਦਿੱਤੀ ਸੀ....। ਕਿਤੇ ਉਸ ਡਰਿੰਕ ਵਿੱਚ ਕੋਈ ਨਸ਼ਾ ਤਾਂ ਨਹੀਂ ਸੀ...? ਇੱਕ ਗੱਲ ਤਾਂ ਜ਼ਰੂਰ ਐ, ਉਸ ਡਰਿੰਕ ਵਿੱਚ ਹੀ ਕੁਛ ਸੀ, ਜਿਸ ਨੇ ਮੇਰੀ ਸੁੱਧ ਬੁੱਧ ਗੁਆ ਦਿੱਤੀ...। ਕੀ ਇਹ ਮੇਰੇ ਸਹੁਰਾ ਸਾਹਿਬ ਦਾ ਕਾਰਾ ਸੀ...? ਪਰ ਬੰਦਾ ਐਨਾਂ ਥੋੜ੍ਹੋਂ ਗਿਰ ਸਕਦੈ...? ਨਹੀਂ...! ਇਹ ਮੇਰਾ ਭਰਮ ਐ...! ਕੀ ਹੈਰੀ ਨੇ ਮੇਰੇ ਨਾਲ਼....? ਨਹੀਂ - ਨਹੀਂ...। ਹੈਰੀ ਤਾਂ ਬੇਸੁਰਤਾਂ ਵਾਂਗ ਸੋਫ਼ੇ 'ਤੇ ਪਿਆ ਸੀ...। ਉਸ ਨੂੰ ਤਾਂ ਖ਼ੁਦ ਸੁਰਤ ਨਹੀਂ ਸੀ, ਉਹ ਇਸ ਤਰ੍ਹਾਂ ਕਿਵੇਂ ਕਰ ਸਕਦੈ...?

ਉਸ ਨੇ ਉਠ ਕੇ 'ਡਸਟਬਿੰਨ' ਦੇਖਿਆ। ਸ਼ਾਇਦ ਕੁਝ ਲੱਭਣ ਦੀ ਕੋਸ਼ਿਸ਼ ਕੀਤੀ। ਪਰ ਕੁਝ ਨਾ ਮਿਲ਼ਿਆ। ਡਸਟਬਿੰਨ ਖਾਲੀ ਸੀ। ਉਹ ਵਾਪਸ ਬੈੱਡ ਉਪਰ ਆ ਡਿੱਗੀ। ਉਸ ਦਾ ਗਲ਼ਾ ਖੁਸ਼ਕ ਹੋ ਗਿਆ। ਪਿਆਸ ਨਾਲ ਜ਼ੁਬਾਨ ਸੁੱਕ ਗਈ। ਉਸ ਨੇ ਹੈਰੀ ਦੇ ਸਾਹਮਣੇ ਮੇਜ਼ ਉਪਰ ਪਿਆ ਕੋਕ ਜਾ ਚੁੱਕਿਆ ਅਤੇ ਮੂੰਹ ਲਾ ਕੇ ਅੱਧਾ ਸੂਤ ਦਿੱਤਾ। ਉਸ ਅੰਦਰ ਠੰਢ ਵਰਤ ਗਈ। ਪਰ ਉਸ ਦੇ ਦਿਲ ਦਿਮਾਗ ਵਿੱਚ ਅੱਗ ਲੱਗੀ ਪਈ ਸੀ। ਕੌਣ ਹੋਇਆ, ਜਿਸ ਨੇ ਮੇਰੇ ਨਾਲ਼ ਰਾਤ ਕੁਕਰਮ ਕੀਤਾ...? ਪਰ ਇੱਕ ਗੱਲ ਪੱਕੀ ਹੈ ਕਿ ਜਿਸ ਨੇ ਰਾਤ ਮੇਰੇ ਨਾਲ਼ ਘਿਨਾਉਣੀ ਖੇਡ ਖੇਡੀ, ਓਸੇ ਨੇ ਹੀ ਪਹਿਲੀ ਰਾਤ ਮੇਰੇ ਨਾਲ਼ ਖੇਹ ਖਾਧੀ...। ਕੀ ਸੱਚੀਂ ਮੇਰਾ ਸਹੁਰਾ ਬਘੇਲ ਸਿਉਂ ਤਾਂ ਨਹੀਂ...?

ਉਸ ਨੇ ਉਠ ਕੇ ਕੋਕ ਦੀ ਬੋਤਲ ਖ਼ਤਮ ਕਰ ਦਿੱਤੀ ਅਤੇ ਹੈਰੀ ਦੇ ਕਮਰੇ ਵਿੱਚ ਜਾ ਕੇ ਦੇਖਿਆ। ਹੈਰੀ ਅਜੇ ਵੀ ਘੁਰਾੜਿਆਂ ਦਾ ਯੱਕਾ ਜੋੜੀ ਫ਼ਿਰਦਾ ਸੀ। ਇਹ ਤਾਂ ਆਪਦੇ ਕਮਰੇ ਵਿੱਚ ਪਿਐ....। ਮਾਣੋਂ ਨੇ ਸੋਚਿਆ। ਇਹ ਤਾਂ ਰਾਤ ਸੋਫ਼ੇ 'ਤੇ ਪਿਆ ਸੀ...। ਨਾਲ਼ੇ ਦਾਰੂ ਦਾ ਰੱਜਿਆ ਹੋਇਆ ਸੀ...। ਇਹਨੂੰ ਬੈੱਡ ਰੂਮ ਵਿੱਚ ਕਿਸੇ ਨੇ ਪਾ ਦਿੱਤਾ...? ਸ਼ਾਇਦ ਮੇਰੇ ਸਹੁਰਾ ਸਾਹਿਬ ਨੇ...? ਜਾਂ ਹੋ ਸਕਦੈ ਆਪ ਹੀ ਜਾ ਪਿਆ ਹੋਵੇ...? ਜਾਂ ਹੋ ਸਕਦੈ ਮੇਰੇ ਨਾਲ਼ ਹਮਬਿਸਤਰ ਹੋਣ ਤੋਂ ਬਾਅਦ ਆਪਦੇ ਕਮਰੇ ਵਿੱਚ ਜਾ ਪਿਆ ਹੋਵੇ...? ਪਰ ਹੈਰੀ ਐਨੀ ਫ਼ੁਰਤੀ ਵਾਲ਼ਾ ਲੱਗਦਾ ਨਹੀਂ...! ਉਸ ਨੂੰ ਤਾਂ ਖਾਣ ਪੀਣ ਤੋਂ ਹੀ ਵਿਹਲ ਨਹੀਂ...। ਉਸ ਨੂੰ ਤਾਂ ਪੀਜ਼ੇ ਤੇ ਬਰਗਰ, ਜਾਂ ਕੋਕ ਜਾਂ ਬੀਅਰ ਚਾਹੀਦੀ ਐ, ਹੋਰ ਉਸ ਨੂੰ ਕੋਈ ਕੰਮ ਨਹੀਂ ਆਉਂਦਾ...। ਕੀ ਫ਼ਿਰ ਇਹ ਸਾਰੀ ਚਾਲ ਮੇਰੇ ਸਹੁਰਾ ਸਾਹਿਬ ਦੀ ਹੀ ਸੀ...?

ਮਾਣੋਂ ਨੂੰ ਸ਼ੱਕ ਹੀ ਨਹੀਂ, ਯਕੀਨ ਬੱਝਦਾ ਜਾ ਰਿਹਾ ਸੀ ਕਿ 'ਪਹਿਲੀ ਰਾਤ' ਅਤੇ ਹੁਣ ਪਿਛਲੀ ਰਾਤ ਜੋ ਕੁਛ ਵੀ ਉਸ ਨਾਲ਼ ਹੋਇਆ, ਉਹ ਉਸ ਦੇ ਸਹੁਰਾ ਸਾਹਿਬ ਨੇ ਹੀ ਕੀਤਾ ਸੀ। ਪਰ ਉਹ ਦਾਅਵੇ ਨਾਲ਼ ਉਂਗਲ਼ ਧਰ ਕੇ ਨਹੀਂ ਕਹਿ ਸਕਦੀ ਸੀ ਕਿ ਇਹ ਕੁਕਰਮ ਉਸ ਨੇ ਹੀ ਕੀਤਾ ਸੀ, ਕਿਉਂਕਿ ਉਸ ਕੋਲ਼ ਕੋਈ ਠੋਸ ਸਬੂਤ ਨਹੀਂ ਸੀ।

ਬਘੇਲ ਸਿਉਂ ਵੀ ਕੋਈ ਕੱਚੀਆਂ ਗੋਲ਼ੀਆਂ ਨਹੀਂ ਖੇਡਿਆ ਹੋਇਆ ਸੀ ਕਿ ਉਹ ਕੋਈ ਸਬੂਤ ਪਿੱਛੇ ਛੱਡਦਾ। ਉਸ ਨੇ ਤਾਂ ਠੱਗੀਆਂ ਠੋਰੀਆਂ ਮਾਰ-ਮਾਰ ਅਤੇ ਵੱਡੇ-ਵੱਡੇ ਫ਼ਰਾਡ ਕਰ-ਕਰ ਅਜੇ ਤੱਕ ਕੈਨੇਡੀਅਨ ਗੌਰਮਿੰਟ ਲਈ ਕੋਈ ਸਬੂਤ ਪਿੱਛੇ ਨਹੀਂ ਛੱਡਿਆ ਸੀ, ਮਾਣੋਂ ਤਾਂ ਕੀਹਦੀ ਪਾਣੀਹਾਰ ਸੀ...?


ਅਚਾਨਕ ਉਸ ਨੂੰ ਪੈਰਾਂ ਦਾ ਖੜਕਾ ਜਿਹਾ ਸੁਣਿਆਂ।

ਉਸ ਨੇ ਉਠ ਕੇ ਬਾਹਰ ਦੇਖਿਆ।

ਉਧ-ਮਧੂਣਾਂ ਜਿਹਾ ਹੈਰੀ ਬਾਹਰ ਆਇਆ ਸੀ। ਹੈਰੀ ਉਸ ਨੂੰ 'ਅਨਾਥ' ਜਿਹਾ ਜਾਪਿਆ। ਜਿਸ ਦੀ ਘਰ ਵਿੱਚ ਕੋਈ ਪੁੱਛ-ਗਿੱਛ ਨਹੀਂ ਸੀ। ਹੈਰੀ ਨੂੰ ਬਘੇਲ ਸਿਉਂ ਨੇ ਸਿਰਫ਼ ਉਸ ਦੇ ਨਾਮ ਦਾ 'ਕਰੈਡਿਟ ਕਾਰਡ' ਬਣਾ ਕੇ ਦਿੱਤਾ ਹੋਇਆ ਸੀ, ਜਿਸ ਤੋਂ ਉਹ ਖਾਣਾ ਆਰਡਰ ਕਰ ਦਿੰਦਾ ਅਤੇ ਖਾ ਛੱਡਦਾ। ਉਸ ਦੇ ਪੀਣ ਲਈ ਬਘੇਲ ਸਿਉਂ ਆਪਣੇ ਡਰਾਈਵਰ ਰਾਹੀਂ ਬੀਅਰ ਬੱਤਾ ਜਾਂ ਵਿਸਕੀ ਘਰੇ ਪਹੁੰਚਾ ਦਿੰਦਾ। ਬੱਸ, ਇਤਨੇ ਵਿੱਚ ਹੀ ਹੈਰੀ ਖ਼ੁਸ਼ ਸੀ। ਹੈਰੀ ਦੇ ਕਿਸੇ ਭੈਣ ਭਰਾ ਬਾਰੇ ਉਸ ਨੂੰ ਕੋਈ ਵੀ ਜਾਣਕਾਰੀ ਨਹੀਂ ਸੀ।

ਉਸ ਨੂੰ ਇੱਕ ਗੱਲ ਹੋਰ ਪ੍ਰੇਸ਼ਾਨ ਕਰਦੀ ਸੀ ਕਿ ਹੈਰੀ ਨੇ ਕਦੇ ਆਪਣੀ ਮਾਂ ਨੂੰ ਫ਼ੋਨ ਨਹੀਂ ਕੀਤਾ ਸੀ ਅਤੇ ਨਾ ਹੀ ਉਸ ਨੂੰ ਕਦੇ ਕਿਸੇ ਦਾ ਫ਼ੋਨ ਆਇਆ ਸੀ। ਉਹ ਤਾਂ ਬੱਸ ਖਾਣ ਅਤੇ ਪੀਣ ਵਿੱਚ ਮਸਤ ਰਹਿੰਦਾ ਅਤੇ ਟੈਲੀਵਿਜ਼ਨ ਦੇਖ ਛੱਡਦਾ ਅਤੇ ਸੌਂ ਛੱਡਦਾ। ਕਦੇ-ਕਦੇ ਜਦ ਉਹ ਘਰ ਬੈਠਾ 'ਬੋਰ' ਹੁੰਦਾ ਤਾਂ ਦਫ਼ਤਰ ਗੇੜਾ ਮਾਰ ਆਉਂਦਾ। ਪਰ ਉਸ ਦੀ ਦਫ਼ਤਰ ਵਿੱਚ ਕੋਈ ਜ਼ਰੂਰਤ ਨਹੀਂ ਸੀ। ਕਮਲ਼ਿਆਂ ਵਾਂਗ ਖਾਣ, ਪੀਣ ਅਤੇ ਸੌਣ ਨਾਲ਼ ਹੈਰੀ ਦਾ ਭਾਰ ਵਧ ਕੇ ਕੁਇੰਟਲ਼ ਤੋਂ ਉਪਰ ਹੋ ਗਿਆ ਸੀ। ਮਾਣੋਂ ਨੂੰ ਹੈਰੀ ਦਾ ਕੋਈ ਮੋਹ-ਤੇਹ ਨਾ ਆਉਂਦਾ ਅਤੇ ਨਾ ਹੀ ਹੈਰੀ ਉਸ ਵੱਲ ਕੋਈ ਧਿਆਨ ਦਿੰਦਾ ਸੀ। ਬਘੇਲ ਸਿੰਘ ਵੀ ਹੈਰੀ ਵੱਲੋਂ ਬੇਪ੍ਰਵਾਹ ਸੀ। ਉਹ ਸਿਰਫ਼ ਔਰਤਾਂ ਦਾ 'ਸ਼ੌਕੀਨ' ਸੀ ਅਤੇ ਜਿੱਥੇ ਵੀ ਦਾਅ ਲੱਗਦਾ, ਆਪਣੀ ਮਸਤੀ ਮਾਰ ਛੱਡਦਾ ਸੀ।

-"ਹੈਰੀ, ਰਾਤ ਤੁਸੀਂ ਮੇਰੇ ਕਮਰੇ 'ਚ ਆਏ ਸੀ...?" ਉਸ ਨੇ ਡਰਾਇੰਗ ਰੂਮ ਵਿੱਚ ਜਾ ਕੇ ਹੈਰੀ ਨੂੰ ਪੁੱਛਿਆ। ਹੈਰੀ ਅਜੇ ਵੀ ਨੀਂਦ ਦੇ ਝੂਟੇ ਖਾ ਰਿਹਾ ਸੀ।




-"ਮੈਨੂੰ ਤਾਂ ਇਹ ਵੀ ਨੀ ਪਤਾ ਕਿ ਤੇਰਾ ਰੂਮ ਕਿਹੜਾ...? ਨਾਲ਼ੇ ਮੈਂ ਕਿਉਂ ਆਊਂਗਾ ਤੇਰੇ ਕਮਰੇ 'ਚ..?" ਹੈਰੀ ਨੇ ਉਲਟਾ ਸੁਆਲ ਕੀਤਾ।

-"..................।" ਮਾਣੋਂ ਚੁੱਪ ਕਰ ਗਈ। ਕੀ ਦੱਸਦੀ...? ਕਿ ਮੈਂ ਤੇਰੀ ਘਰਵਾਲ਼ੀ ਹਾਂ ਅਤੇ ਤੇਰੇ ਨਾਲ ਲਾਵਾਂ ਲੈ ਕੇ ਇੱਥੇ ਆਈ ਹਾਂ...? ਕਿ ਮੇਰੇ ਮਾਪਿਆਂ ਨੇ ਕੈਨਡਾ ਦੇ ਲਾਲਚ ਨੂੰ ਤੇਰੇ ਝੁੱਡੂ ਦੇ ਲੜ ਲਾਇਐ...? ਤੇਰੇ ਨਾਲ਼ ਨਹੀਂ, ਕੈਨੇਡਾ ਨਾਲ਼ 'ਨਰੜਿਆ' ਹੈ ਮੈਨੂੰ...? ਸੋਚ ਕੇ ਉਸ ਦੀਆਂ ਅੱਖਾਂ ਭਰ ਆਈਆਂ।

ਹੁਣ ਉਸ ਦੀ ਸੋਚ ਦੂਜੇ ਪਾਸੇ ਤੁਰ ਪਈ। .... ਕਿੰਨਾਂ ਕੁ ਚਿਰ ਮੈਂ ਇਸ ਤਰ੍ਹਾਂ ਕੱਟੂਗੀ...? ਇਉਂ ਸੋਚਦੀ ਅਤੇ ਹੰਢਾਉਂਦੀ ਤਾਂ ਮੈਂ ਮਾਨਸਿਕ ਤੌਰ 'ਤੇ ਪਾਗਲ ਹੋ ਜਾਊਂਗੀ...। ਕਿੰਨਾਂ ਕੁ ਚਿਰ ਚੱਲੂਗਾ ਇਹ ਠਕਠਕਾ...? ਉਹ ਅਜੇ ਸੋਚ ਹੀ ਰਹੀ ਸੀ ਕਿ ਡੋਰ ਬੈੱਲ ਹੋਈ।

ਹੈਰੀ ਨੇ ਸਕਰੀਨ ਉਪਰ ਦੇਖ ਕੇ 'ਇੰਟਰਕੌਮ' ਰਾਹੀਂ ਦਰਵਾਜਾ ਖੋਲ੍ਹ ਦਿੱਤਾ।

ਇੱਕ ਕੁੜੀ ਅਤੇ ਇੱਕ ਔਰਤ ਉਪਰ ਆ ਗਈਆਂ।

ਕੁੜੀ ਦੀ ਸ਼ਕਲ ਬਿਲਕੁਲ ਹੈਰੀ ਨਾਲ਼ ਮਿਲ਼ਦੀ ਸੀ।

ਮਾਣੋਂ ਨੇ ਅਨੁਮਾਨ ਲਾਇਆ ਕਿ ਇਹ ਹੈਰੀ ਦੀ ਭੈਣ ਹੋ ਸਕਦੀ ਹੈ।

-"ਹੈਰੀ ਠੀਕ ਐਂ ਪੁੱਤ...?" ਔਰਤ ਨੇ ਹੈਰੀ ਨੂੰ ਗਲਵਕੜੀ ਵਿੱਚ ਲੈ ਕੇ ਕਿਹਾ। ਘੇਰੇ ਦਾ ਵੱਡਾ ਹੈਰੀ ਉਸ ਦੀ ਗਲਵਕੜੀ ਵਿੱਚ ਆਇਆ ਨਹੀਂ ਸੀ।

-"ਹਾਂ, ਔਲ ਰਾਈਟ ਆਂ, ਮੰਮ...।"

"ਮੰਮ" ਸੁਣ ਕੇ ਮਾਣੋਂ ਨੇ 'ਸਤਿ ਸ੍ਰੀ ਅਕਾਲ' ਬੁਲਾਈ। ਜੋ ਉਸ ਨੇ ਮੰਨ ਲਈ।

-"ਆਹ ਕੁੜੀ ਕੌਣ ਆਂ...?"

-"...................।" ਹੈਰੀ ਚੁੱਪ ਰਿਹਾ। ਮੱਟਰ ਜਿਹਾ ਬਣਿਆਂ ਖੜ੍ਹਾ ਦੇਖਦਾ ਰਿਹਾ।

-"ਤੂੰ ਕੌਣ ਐਂ ਭਾਈ ਕੁੜੀਏ...?" ਔਰਤ ਮਾਣੋਂ ਵੱਲ ਹੋ ਗਈ।

-"ਜੀ ਹੈਰੀ ਮੇਰੇ ਹੱਸਬੈਂਡ ਨੇ...।" ਉਸ ਨੇ ਅੱਧ ਕੁ ਦੀ ਹੋ ਕੇ ਦੱਸਿਆ।

-"ਵੇ ਹੈਰੀ ਤੂੰ ਵਿਆਹ ਕਰਵਾ ਲਿਆ...?"

-"ਡੈਡ ਫ਼ੋਰਸ ਕਰਦਾ ਸੀ...।" ਉਸ ਨੇ ਉਖੜੀ ਜਿਹੀ ਪੰਜਾਬੀ 'ਚ ਉੱਤਰ ਦਿੱਤਾ।

(ਚਲਦਾ)....


**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 29 'ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

**644. ਮਨ ਨਿਰਮਲ ਕਿੱਦਾਂ ਹੁੰਦਾ ਹੈ?**

"ਗੁਰਮਤੀ ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿ ਧਾਰੇ ਰਾਮ ॥ ਅੰਗ 772" । ਗੁਰੂ ਦੀ ਮਤਿ ਰਾਹੀਂ ਮਨ ਨਿਰਮਲ ਹੋ ਜਾਂਦਾ ਹੈ ਤੇ ਮਨੁੱਖ ਜਗਤ ਦੇ ਅਸਲੇ ਪਰਮਾਤਮਾ ਦਾ ਅਮਰ ਕਰ ਦੇਣ ਵਾਲ਼ੇ ਨਾਮ ਦਾ ਉਚਾਰਨ ਕਰਦਾ ਹੈ । "ਗੁਰਮਤੀ ਮਨੁ ਨਿਰਮਲੁ ਹੋਆ ਅੰਮ੍ਰਿਤੁ ਤਤੁ ਵਖਾਨੈ ॥ ਅੰਗ 1334" । ਮਨ ਗੁਰੂ ਦੇ ਸ਼ਬਦ ਨਾਲ਼ ਨਿਰਮਲ ਹੋ ਜਾਂਦਾ ਹੈ, ਤੇ ਮਨ ਵਿਚੋਂ ਅਹੰਕਾਰ ਖਤਮ ਹੋ ਜਾਂਦਾ ਹੈ । "ਗੁਰ ਸਬਦੀ ਮਨੁ ਨਿਰਮਲੁ ਹੋਆ ਚੂਕਾ ਮਨਿ ਅਭਿਮਾਨੁ ॥ ਅੰਗ 1334" । ਸਦਾ ਸੱਚੇ ਪ੍ਰਭੂ ਦੇ ਨਾਮ 'ਚ ਰੰਗਿਆ ਮਨ ਨਿਰਮਲ ਹੁੰਦਾ ਹੈ ਤੇ ਆਵਾ ਗਵਨ (ਜੰਮਣਾ ਮਰਨਾ) ਮੁੱਕ ਜਾਂਦਾ ਹੈ । "ਸਦਾ ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ ਰਹਾਏ॥ ਅੰਗ 569" । ਅੰਦਰ ਗਿਆਨ ਰੂਪੀ ਅੰਮ੍ਰਿਤ ਸਰੋਵਰ ਤੀਰਥ ਤੇ ਇਸ਼ਨਾਨ ਕਰਕੇ ਮਨ ਦੀ ਮੈਲ ਲੱਥ ਜਾਂਦੀ ਹੈ ਤੇ ਮਨ ਨਿਰਮਲ ਹੋ ਜਾਂਦਾ ਹੈ । "ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤਸਰਿ ਤੀਰਥਿ ਨਾਇ॥ ਅੰਗ 587" । ਗੁਰੂ ਨੂੰ ਯਾਦ ਕਰਨ ਨਾਲ਼ ਮਨ ਨਿਰਮਲ ਹੋ ਜਾਂਦਾ ਹੈ; ਗੁਰੂ ਲੋਕ ਪ੍ਰਲੋਕ ਦੇ ਨਿਰਾਦਰ ਕੱਟ ਦਿੰਦਾ ਹੈ । "ਗੁਰ ਸਿਮਰਤ ਮਨੁ ਨਿਰਮਲੁ ਹੋਵੈ ਗੁਰੁ ਕਾਟੇ ਅਪਮਾਨਾ ਹੇ ॥2॥ ਅੰਗ 1075" । ਗੁਰੂ ਦੀ ਸੇਵਾ (ਭਾਵ ਗੁਰੂ ਸ਼ਬਦ ਦੀ ਵਿਚਾਰ) ਨਾਲ਼ ਮਨ ਨਿਰਮਲ ਹੁੰਦਾ ਹੈ ਤੇ ਅਗਿਆਨ ਰੂਪੀ ਹਨੇਰਾ ਦੂਰ ਹੁੰਦਾ ਹੈ । ਹੇ ਨਾਨਕ! ਨਾਮ ਰਤਨ ਹਿਰਦੇ ਵਿਚ ਪਰਗਟ ਹੋ ਜਾਂਦਾ ਹੈ ਤੇ ਮਨ ਸਹਿਜ (ਆਤਮਿਕ ਅਡੋਲਤਾ) ਵਿਚ ਲੀਨ ਹੋ ਜਾਂਦਾ ਹੈ । "ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥ ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥1॥ ਅੰਗ 593" । ਮਨ ਨਿਰਮਲ ਹੋਣ ਤੇ ਅੰਦਰ ਗਿਆਨ ਰਤਨ ਦਾ ਚਾਨਣ ਹੋ ਜਾਂਦਾ ਹੈ ਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ । "ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥7॥ ਅੰਗ 1067"। ਸਰਬ ਵਿਆਪਕ ਪੂਰਨ ਸਿਰਜਣਹਾਰ ਪ੍ਰਭੂ ਮਾਇਆ ਦੇ ਬੰਧਨ ਕੱਟ ਕੇ ਮਨ ਨੂੰ ਨਿਰਮਲ ਕਰ ਦਿੰਦਾ ਹੈ । "ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ॥ ਰਹਾਉ ॥ ਅੰਗ 626" । ਪ੍ਰਭੂ ਭਗਤੀ 'ਚ ਰੱਤਿਆਂ ਭਗਤਾਂ ਦਾ ਮਨ ਸਦਾ ਨਿਰਮਲ ਹੁੰਦਾ ਹੈ; ਉਹ ਪ੍ਰਭੂ ਨੂੰ ਸਦਾ ਆਪਣੇ ਨਾਲ਼ ਦੇਖਦਾ ਹੈ । "ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ ॥ ਅੰਗ 768" । ਹੇ ਰਾਮ! ਤੇਰੇ ਗੁਣ ਸੁਣ ਸੁਣ ਕੇ ਇਹ ਮਨ ਨਿਰਮਲ ਹੋ ਜਾਂਦਾ ਹੈ ਤੇ ਕਾਲ ਦੀ ਫਾਹੀ ਕੱਟੀ ਜਾਂਦੀ ਹੈ । "ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥ ਅੰਗ 781" । ਹੇ ਸੰਤੋ! ਗੁਰੂ ਸ਼ਬਦ ਨਾਲ਼ ਮਨ ਮਰ ਜਾਵੇ ਤਾਂ ਮਨ ਨਿਰਮਲ ਹੁੰਦਾ ਹੈ ਤੇ ਅਜਿਹੀ ਪੂਜਾ ਕਬੂਲ ਹੁੰਦੀ ਹੈ । "ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ॥5॥ ਅੰਗ 910" । ਜਿਸ ਮਨੁੱਖ ਉਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ, ਉਸ ਦੇ ਹਿਰਦੇ ਵਿਚ (ਗੁਰੂ ਦਾ) ਸ਼ਬਦ ਹਿਰਦੇ ਵਿਚ ਵਸਦਾ ਹੈ ਤੇ ਉਸਦੇ ਅੰਦਰੋਂ ਮਾਇਆ ਦਾ ਭਰਮ ਦੂਰ ਹੋ ਜਾਂਦਾ ਹੈ । ਉਹ ਪ੍ਰਭੂ ਦੇ ਨਾਮ ਨੂੰ ਮਨ 'ਚ ਵਸਾ ਲੈਂਦਾ ਹੈ ਤੇ ਉਸ ਦਾ ਤਨ, ਮਨ ਨਿਰਮਲ ਹੋ ਜਾਂਦੇ ਹਨ ਤੇ ਉਸ ਦੀ ਬਾਣੀ ਨਿਰਮਲ ਹੋ ਜਾਂਦੀ ਹੈ । "ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ ॥ ਅੰਗ 944" । ਗੁਰੂ ਅਨੁਸਾਰੀ ਤੱਤ (ਬ੍ਰਹਮ) ਗਿਆਨ ਨੂੰ ਵਿਚਾਰਦਾ ਹੈ ਤੇ (ਆਪਣੀ) ਹਉਮੈ ਗੁਰੂ ਦੇ ਸ਼ਬਦ ਰਾਹੀਂ ਸਾੜ ਲੈਂਦਾ ਹੈ । ਉਸ ਦਾ ਤਨ, ਮਨ ਤੇ ਉਸ ਦੀ ਬਾਣੀ ਪਵਿੜ੍ਹ ਹੋ ਜਾਂਦੇ ਹਨ; ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਲੀਨ ਹੋਇਆ ਰਹਿੰਦਾ ਹੈ । "ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ ਅੰਗ 946"। ਸਦਾ ਥਿਰ ਪ੍ਰਭੂ ਦੇ ਨਾਮ/ਗੁਣਾਂ ਨੂੰ ਸੋਚ-ਮੰਡਲ ਵਿਚ ਲਿਆਉਣ ਨਾਲ਼ ਘੋਰ ਪਾਪ ਤੇ ਦੁੱਖ ਕੱਟੇ ਜਾਂਦੇ ਹਨ, ਮਨ ਨਿਰਮਲ ਹੋ ਜਾਂਦਾ ਹੈ ਤੇ ਪ੍ਰਭੂ ਦਾ ਪ੍ਰੇਮੀ ਹੋ ਜਾਂਦਾ ਹੈ । "ਸਾਚੁ ਬੀਚਾਰਿ ਕਿਲਵਿਖ ਦੁਖ ਕਾਟੇ ਮਨੁ ਨਿਰਮਲੁ ਅਨਰਾਗੀ ॥4॥ ਅੰਗ 1233" । ਪ੍ਰਭੂ ਨੇ ਆਪਣੇ ਭਾਣੇ ਵਿਚ ਮੇਰੇ ਮਨ ਨੂੰ ਨਿਰਮਲ ਕਰ ਦਿੱਤਾ ਤੇ ਪ੍ਰਭੂ ਨਾਲ਼ ਮੇਰਾ ਪਿਆਰ ਪੈ ਗਿਆ । "ਹਰਿ ਆਪਣੈ ਭਾਣੈ ਮਨੁ ਨਿਰਮਲੁ ਕੀਆ ਹਰਿ ਸਿਉ ਲਾਗਾ ਪਿਆਰੁ ॥ ਅੰਗ 1276" ।

**645. ਕੀ ਦਸਵੇਂ ਦੁਆਰ 'ਚ ਮਨ ਨਿਰਮਲ ਹੋ ਜਾਂਦਾ ਹੈ?**

ਜੋਗਿਕ ਕ੍ਰਿਆਵਾਂ ਨਾਲ ਮਨ ਨੂੰ ਦਸਵੇਂ ਦੁਆਰ 'ਚ ਚੜ੍ਹਾ ਲੈਣ ਨਾਲ਼ ਮਨ ਨਿਰਮਲ ਨਹੀਂ ਹੁੰਦਾ । "ਮਨੁ ਨਿਰਮਲੁ ਨਹੀ ਦਸਵੈ ਦੁਆਰ ॥ ਅੰਗ 1169" । ਕਿਉਂਕਿ ਇਸ ਤਰ੍ਹਾਂ ਹਉਮੈ ਦੂਰ ਨਹੀਂ ਹੁੰਦੀ ਤੇ ਹਉਮੈ ਮਾਰਨ ਤੋਂ ਬਿਨਾ ਮਨ ਨਿਰਮਲ ਨਹੀਂ ਹੁੰਦਾ, ਜਿੱਦਾਂ ਕਿ ਪ੍ਰਸ਼ਨ ਉੱਤਰ 644 'ਚ ਦਰਸਾਇਆ ਗਿਆ ਹੈ ।

**646. ਕੀ ਮਨ ਨਿਰਮਲ ਹੋਣ ਤੇ ਮਨ ਨੂੰ ਫਿਰ ਮੈਲ ਲੱਗਦੀ ਹੈ?**

ਨਹੀਂ ਜੀ! ਮਨੁੱਖ ਦਾ ਮਨ ਨਿਰਮਲ ਹੋਣ ਤੇ ਫੇਰ ਇਸਨੂੰ ਮੈਲ ਨਹੀਂ ਲੱਗਦੀ ਤੇ ਮਨੁੱਖ ਸੱਚੇ ਪ੍ਰਭੂ ਦੇ ਦਰ ਤੇ ਸੋਭਾ ਪਾਉਂਦਾ ਹੈ । "ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਦਰਿ ਸਚੈ ਸੋਭਾ ਪਾਇਦਾ ॥14॥ ਅੰਗ 1059"

**647. ਮਨ ਨਿਰਮਲ ਹੋਣ ਤੇ ਕੀ ਹੁੰਦਾ ਹੈ?**

ਪ੍ਰਭੂ ਪਿੱਛੇ ਲੱਗਿਆ ਬੰਦੇ ਨੂੰ ਆਵਾਜਾਂ ਮਾਰਦਾ ਫਿਰਦਾ ਹੈ! "ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥55॥ ਅੰਗ 1367" ।

**ਚਲਦਾ...**


## ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

**ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।**

NAME........................................................................
ADDRESS....................................................................
....................................POST CODE...............................
TEL...........................................................................

**Barclays Bank details: ACCOUNT: Punjab Times Trust**
**ACCOUNT NO: 20853011 SORT CODE: 20-25-85**

*Post with payments to:* ***SUBSCRIPTION***

**PANJAB TIMES** BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**

***www.panjabtimes.uk Email: Panjabtimes@aol.com***



## ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ (ਸਕੌਟਲੈਂਡ) ਵਿਖੇ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ

**ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ ਵਿਖੇ ਰੋਜ਼ਾਨਾ ਸੇਵਾਵਾਂ ਨਿਭਾਉਣ ਲਈ ਇਕ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ। ਮੁੱਖ ਕੰਮ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖਆਸਣ, ਨਿੱਤਨੇਮ ਦੇ ਇਲਾਵਾ ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ ਅਤੇ ਬੱਚਿਆਂ, ਨੌਜਵਾਨਾਂ ਅਤੇ ਵੱਡਿਆਂ ਨੂੰ ਧਾਰਮਿਕ ਮੁੱਦਿਆਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਮਦਦ ਕਰਨੀ । ਕੰਮ ਦਾ ਸਮਾਂ ਟਰਮ ਲਈ ਫਿਕਸ ਹੋਵੇਗਾ, ਯੋਗਤਾ ਅਤੇ ਯੂ ਕੇ ਦੇ ਰੁਜ਼ਗਾਰ ਕਾਨੂੰਨ ਮੁਤਾਬਿਕ ਚੰਗੀ ਤਨਖਾਹ ਅਤੇ ਵਧੀਆ ਰਿਹਾਇਸ਼ ਦਾ ਪ੍ਰਬੰਧ । ਚੰਗੀ ਤਨਖਾਹ, ਖਾਣਾ ਅਤੇ ਵਧੀਆ ਰਿਹਾਇਸ਼ ਗੁਰਦੁਆਰਾ ਸਾਹਿਬ ਵਿਖੇ । ਸ਼ਰਤਾਂ: ਕਿਰੈਕਾਰ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਹੋਣੀ ਜਰੂਰੀ ਹੈ। ਪੰਜਾਬੀ ਲਿਖਣ, ਪੜ੍ਹਣ ਅਤੇ ਬੋਲਣ ਵਿਚ ਚੰਗੀ ਮੁਹਾਰਤ ਹੋਵੇ । ਕੰਮ ਦਾ ਤਜਰਬਾ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਪਿਛਲੇ ਕੰਮ ਤੋਂ ਨੇਕ ਚਾਲ ਚੱਲਣ ਦਾ ਸਰਟੀਫ਼ਿਕੇਟ ਹੋਣਾ ਜਰੂਰੀ ਹੈ । ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ । ਜਿਆਦਾ ਜਾਣਕਾਰੀ ਲਈ ਰਵਿੰਦਰ ਸਿੰਘ ਨਾਲ ਸੰਪਰਕ ਕਰੋ ਜੀ । ਯੋਗ ਉਮੀਦਵਾਰ 19 ਜਨਵਰੀ 2026 ਤੋਂ ਪਹਿਲਾਂ ਅਰਜ਼ੀਆਂ ਗੁਰੂ ਘਰ ਦੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ।**

### VACANCY AT GURU NANAK GURDWARA IRVINE, AYRSHIRE (TIER-5 GRANTHI) REQUIRED

One religious worker (Granthi Singh) required to work in a busy and demanding Gurdwara Sahib, Guru Nanak Gurdwara in Irvine.

**Duties:** 1) Parkash of Sri Guru Granth Sahib, 2) Nitnem, 3) Sukhmani Sahib Ji Da Paath, 4) Sehaj Paath, 5) Recite Katha Vichar in the morning and evening, 6) Rehras Sahib, 7) Sukhasan Sahib, 8) Kirtan, 9) Explanation of various religious texts to the congregation.

**Requirements:** 1) Previous experience is essential, 2) Vast knowledge of Sri Guru Granth Sahib and Sikh history, 3) Must be Amritdhari and fluent in writing, reading and speaking Punjabi. 4) Must be of have clean character and appearance. 5) Must be able to provide references of previous experience.

**Must have right to work in U.K.**

**Duration:** Fixed term contract

**Benefits:** 1) Excellent salary, 2) Accommodation will be provided, 3) Access to Gurdwara Sahib's food pantry.

*For more information please contact:* Ravinder Singh on 07462 303 430

**Please send applications before 19th January 2026 to Address below**

**GURU NANAK GURDWARA SAHIB IRVINE,**
***40-42 BANK STREET, IRVINE, AYRSHIRE, SCOTLAND KA12 0LP***

# ਅਮਰੀਕਾ ਕਿਉਂ ਦੇ ਰਿਹਾ ਸਿੱਖ ਪੰਥ ਨੂੰ ਤਰਜੀਹ

## ✪ ਟਰੰਪ ਵਲੋਂ ਗਾਜ਼ਾ 'ਬੋਰਡ ਆਫ ਪੀਸ' ਗਠਿਤ, ਅਜੈ ਸਿੰਘ ਬੰਗਾ ਦੀ ਅਹਿਮ ਭੂਮਿਕਾ

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ



ਗਾਜ਼ਾ ਦੀ ਧਰਤੀ ਨੂੰ ਵੇਖੋ, ਜਿੱਥੇ ਹਰ ਬੰਬ,ਹਰ ਮਿਜ਼ਾਇਲ, ਹਰ ਧਮਾਕਾ ਇੱਕ ਨਵੇਂ ਜ਼ਖ਼ਮ ਨੂੰ ਜਨਮ ਦਿੰਦਾ ਹੈ। ਉਹ ਜ਼ਖ਼ਮ ਜੋ ਸਮੇਂ ਦੇ ਨਾਲ ਨਹੀਂ ਭਰਦੇ, ਸਗੋਂ ਡੂੰਘੇ ਹੋ ਜਾਂਦੇ ਹਨ। ਪਰ ਹੁਣ ਟਰੰਪ ਦੀ ਸ਼ਾਂਤੀ ਯੋਜਨਾ ਦੂਜੇ ਪੜਾਅ ਵਿੱਚ ਪਹੁੰਚੀ ਹੈ, ਜਿੱਥੇ ਬੋਰਡ ਆਫ ਪੀਸ ਗਠਿਤ ਕੀਤਾ ਗਿਆ ਹੈ। ਟਰੰਪ ਖੁਦ ਇਸ ਦੇ ਚੇਅਰਮੈਨ ਹਨ, ਅਤੇ ਉਨ੍ਹਾਂ ਨਾਲ ਜੁੜੇ ਨਾਂ ਵੀ ਅਜਿਹੇ ਹਨ ਜੋ ਵਿਸ਼ਵ ਦੇ ਵੱਡੇ ਰਾਜਨੀਤਕ ਅਤੇ ਆਰਥਿਕ ਨਕਸ਼ੇ ਨੂੰ ਬਦਲਣ ਵਾਲੇ ਹਨ। ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ, ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਟਰੰਪ ਦੇ ਜਵਾਈ ਜੈਰੇਡ ਕੁਸ਼ਨਰ, ਅਤੇ ਮੱਧ ਪੂਰਬ ਲਈ ਵਿਸ਼ੇਸ਼ ਦੂਤ ਸਟੀਵ ਵਿਟਕੌਫ - ਵਰਲਡ ਬੈਂਕ ਦੇ ਮੁਖੀ ਅਜੈ ਸਿੰਘ ਬੰਗਾ ਸ਼ਾਮਲ ਹਨ।

ਅਜੈ ਸਿੰਘ ਬੰਗਾ ਦਾ ਪੋਰਟਫੋਲੀਓ ਆਰਥਿਕ ਸਥਿਰਤਾ ਨੂੰ ਮਜ਼ਬੂਤ ਕਰਨ ਵਾਲਾ ਹੈ। 1959 ਵਿੱਚ ਭਾਰਤ ਵਿੱਚ ਜਨਮੇ, 2007 ਵਿੱਚ ਅਮਰੀਕੀ ਨਾਗਰਿਕ ਬਣੇ, ਅਤੇ ਮਾਸਟਰਕਾਰਡ ਦੇ ਸੀਈਓ ਵਜੋਂ ਵਿਸ਼ਵ ਨੂੰ ਨਵੇਂ ਆਰਥਿਕ ਰਾਹਾਂ ਤੇ ਪਾਇਆ ਹੈ। ਅੱਜ ਉਹ ਗਾਜ਼ਾ ਵਿੱਚ ਸ਼ਾਂਤੀ ਦੇ ਨਿਰਮਾਣ ਵਿੱਚ ਸ਼ਾਮਲ ਹਨ, ਜੋ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ। ਪਰ ਇਹ ਸਿਰਫ ਅਜੈ ਸਿੰਘ ਬੰਗਾ ਦੀ ਸਾਖੀ ਨਹੀਂ, ਇਹ ਪੂਰੇ ਸਿੱਖ ਪੰਥ ਦੀ ਵਿਸ਼ਵ ਪੱਧਰ ਤੇ ਉਭਰਦੀ ਤਸਵੀਰ ਹੈ। ਸਿੱਖ ਧਰਮ, ਜੋ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਸਿਰਜਿਆ, ਅੱਜ ਵਿਸ਼ਵ ਵਿੱਚ ਇੱਕ ਨਵੇਂ ਚਾਨਣ ਵਾਂਗ ਫੈਲ ਰਿਹਾ ਹੈ। ਅਮਰੀਕਾ ਵਿੱਚ ਲਗਭਗ ਪੰਜ ਲੱਖ ਸਿੱਖ ਵੱਸਦੇ ਹਨ ਜੋ ਸਿਰਫ ਆਪਣੀ ਪਗੜੀ ਅਤੇ ਦਾੜ੍ਹੀ ਨਾਲ ਹੀ ਨਹੀਂ ਪਛਾਣੇ ਜਾਂਦੇ, ਸਗੋਂ ਆਪਣੀ ਮਿਹਨਤ, ਵਫ਼ਾਦਾਰੀ ਅਤੇ ਸੇਵਾ ਨਾਲ ਆਪਣੀ ਵੱਖਰੀ ਹੋਂਦ ਸਥਾਪਿਤ ਕਰ ਰਹੇ ਹਨ।

9/11 ਦੇ ਬਾਅਦ ਜਦੋਂ ਨਸਲਵਾਦ ਦੀ ਅੱਗ ਨੇ ਸਿੱਖਾਂ ਨੂੰ ਵੀ ਘੇਰ ਲਿਆ ਸੀ, ਤਾਂ ਉਨ੍ਹਾਂ ਨੇ ਉਸ ਅੱਗ ਨੂੰ ਬੁਝਾਉਣ ਲਈ ਅਵੇਰਨੈੱਸ ਕੈਂਪੇਨ ਚਲਾਏ ਸਨ। ਅੱਜ ਅਮਰੀਕੀ ਸਕੂਲਾਂ ਵਿੱਚ ਸਿੱਖ ਧਰਮ ਨੂੰ ਪੜ੍ਹਾਇਆ ਜਾ ਰਿਹਾ ਹੈ, ਅਤੇ 18 ਰਾਜਾਂ ਵਿੱਚ ਇਹ ਕਰੀਕੁਲਮ ਮਤਲਬ ਸਿਲੇਬਸ ਤੇ ਟੀਚਿੰਗ ਮੈਥਿਡ ਦਾ ਹਿੱਸਾ ਹੈ। ਸਿੱਖ ਧਰਮ ਇੱਕ ਅਜਿਹਾ ਧਰਮ ਹੈ, ਇੱਕ ਅਜਿਹੀ ਜੀਵਨ ਸ਼ੈਲੀ ਹੈ ਜੋ ਬਰਾਬਰੀ, ਨਿਆਂ ਅਤੇ ਸੇਵਾ ਨੂੰ ਮਹੱਤਵ ਦਿੰਦੀ ਹੈ। ਸਿੱਖ ਭਾਈਚਾਰੇ ਦੀ ਇਸ ਵਿਸ਼ਵ ਪੱਧਰ ਤੇ ਤਰਜੀਹ ਨੂੰ ਵੇਖੀਏ ਤਾਂ 130 ਸਾਲਾਂ ਤੋਂ ਵੱਧ ਸਮੇਂ ਤੋਂ ਅਮਰੀਕਾ ਵਿੱਚ ਵੱਸਦੇ ਸਿੱਖਾਂ ਨੇ ਵਪਾਰ, ਵਿਗਿਆਨ, ਰਾਜਨੀਤੀ ਅਤੇ ਸੇਵਾ ਵਿੱਚ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਨਫ਼ਰਤੀ ਹਮਲਿਆਂ ਦੇ ਵਿਰੋਧ ਵਿੱਚ ਸਿੱਖ ਕੋਲੀਸ਼ਨ, ਯੂਨੀਟਿਡ ਸਿਖਸ ਵਰਗੀਆਂ ਸੰਸਥਾਵਾਂ ਬਣਾਈਆਂ ਹਨ, ਜੋ ਮਨੁੱਖੀ ਅਧਿਕਾਰਾਂ ਲਈ ਜੂਝਦੀਆਂ ਹਨ। ਅੱਜ ਅਮਰੀਕਾ ਵਿੱਚ ਸਿੱਖਾਂ ਨੂੰ ਵੱਡੇ ਅਹੁਦੇ ਮਿਲ ਰਹੇ ਹਨ ਕਿਉਂਕਿ ਉਹ ਯੋਗ ਹਨ ਅਤੇ ਅਮਰੀਕੀ ਸਮਾਜ ਨੂੰ ਮਜ਼ਬੂਤ ਕਰ ਰਹੇ ਹਨ। ਅਜੈ ਸਿੰਘ ਬੰਗਾ ਦੀ ਨਿਯੁਕਤੀ ਨਾਲ ਸਿੱਖ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਹੈ, ਅਤੇ ਇਹ ਵਿਸ਼ਵ ਪੱਧਰ ਤੇ ਉਨ੍ਹਾਂ ਦੀ ਪਛਾਣ ਨੂੰ ਵਧਾਉਂਦੀ ਹੈ। ਇਹ ਨਹੀਂ ਕੇਵਲ ਇੱਕ ਵਿਅਕਤੀ ਦੀ ਜਿੱਤ ਹੈ, ਸਗੋਂ ਪੂਰੇ ਸਿੱਖ ਪੰਥ ਦੀ ਰੂਹਾਨੀ ਉਡਾਣ ਹੈ। ਅਜੈ ਸਿੰਘ ਬੰਗਾ ਸਿੱਖ ਨਾਇਕ ਹਨ, ਜੋ ਵਿਸ਼ਵ ਬੈਂਕ ਵਰਗੀਆਂ ਸੰਸਥਾਵਾਂ ਵਿੱਚ ਅਗਵਾਈ ਕਰ ਰਹੇ ਹਨ।



ਸੁਆਲ ਇਹ ਹੈ ਕਿ ਅਮਰੀਕਾ ਕਿਉਂ ਸਿੱਖਾਂ ਨੂੰ ਵਿਸ਼ਵ ਪੱਧਰ ਤੇ ਤਰਜੀਹ ਦੇ ਰਿਹਾ ਹੈ?

ਜੁਆਬ ਸਾਫ ਹੈ ਕਿ ਸਿੱਖ ਸਿਧਾਂਤ ਅਮਰੀਕੀ ਨੈਤਿਕਤਾ ਨਾਲ ਮੇਲ ਖਾਂਦੇ ਹਨ - ਬਰਾਬਰੀ, ਧਾਰਮਿਕ ਸਹਿਣਸ਼ੀਲਤਾ ਅਤੇ ਲਿੰਗ ਬਰਾਬਰੀ। ਉਹ ਮਿਹਨਤੀ ਹਨ, ਅਤੇ ਅਮਰੀਕੀ ਫੌਜ ਵਿੱਚ ਵੀ ਸੇਵਾ ਕਰ ਰਹੇ ਹਨ। ਅਮਰੀਕਾ ਦੀ ਆਰਥਿਕਤਾ ਵਿਚ ਸਿੱਖ ਪੰਥ ਦਾ ਵੱਡਾ ਯੋਗਦਾਨ ਹੈ।

ਬੋਰਡ ਆਫ ਪੀਸ ਤੋਂ ਪਹਿਲਾਂ ਗਠਿਤ 15 ਮੈਂਬਰੀ ਫਲਸਤੀਨੀ ਟੈਕਨੋਕ੍ਰੈਟਿਕ ਕਮੇਟੀ ਵੀ ਇੱਕ ਨਵੇਂ ਬਿੰਬ ਨੂੰ ਜਨਮ ਦਿੰਦੀ ਹੈ। ਇਹ ਕਮੇਟੀ ਗਾਜ਼ਾ ਵਿੱਚ ਰੋਜ਼ਾਨਾ ਪ੍ਰਸ਼ਾਸਨ ਨੂੰ ਸੰਭਾਲੇਗੀ, ਅਤੇ ਉਸ ਦੇ ਮੁਖੀ ਅਲੀ ਸ਼ਾਥ ਹਨ, ਜੋ ਫਲਸਤੀਨੀ ਅਥਾਰਟੀ ਵਿੱਚ ਡਿਪਟੀ ਮੰਤਰੀ ਰਹਿ ਚੁੱਕੇ ਹਨ। ਸੰਯੁਕਤ ਰਾਸ਼ਟਰ ਦੇ ਸਾਬਕਾ ਦੂਤ ਨਿਕੋਲੇ ਮਲਾਡੇਨੋਵ ਉਨ੍ਹਾਂ ਨਾਲ ਕੰਮ ਕਰਨਗੇ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਸਟੈਬਿਲਾਈਜ਼ੇਸ਼ਨ ਫੋਰਸ (ਆਈਐੱਸਐੱਫ) ਵੀ ਤੈਨਾਤ ਹੋਵੇਗੀ, ਜੋ ਫਲਸਤੀਨੀ ਪੁਲਿਸ ਨੂੰ ਸਿਖਲਾਈ ਦੇਵੇਗੀ। ਅਮਰੀਕੀ ਮੇਜਰ ਜਨਰਲ ਜੈਸਪਰ ਜੈਫਰਸ ਇਸ ਦੀ ਅਗਵਾਈ ਕਰਨਗੇ, ਅਤੇ ਇਸ ਦਾ ਉਦੇਸ਼ ਅੱਤਵਾਦ ਮੁਕਤ ਮਾਹੌਲ ਬਣਾਉਣਾ ਹੈ। ਇਹ ਸਭ ਗਾਜ਼ਾ ਵਿਖੇ ਇੱਕ ਅਮਨ ,ਸ਼ਾਂਤੀ ,ਵਿਕਾਸ ਦੇ ਨਿਰਮਾਣ ਵਿੱਚ ਲੱਗੇ ਹਨ।

ਟਰੰਪ ਦੀ ਇਥੇ ਇਹ ਯੋਜਨਾ 20 ਨੁਕਤਿਆਂ ਵਾਲੀ ਹੈ, ਜੋ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵੱਲੋਂ ਮਾਨਤਾ ਪ੍ਰਾਪਤ ਹੈ। ਅਕਤੂਬਰ ਤੋਂ ਚੱਲ ਰਹੀ ਇਹ ਅਮਰੀਕਨ ਨੀਤੀ ਹੁਣ ਸਥਾਈ ਬਣਨ ਵੱਲ ਵਧ ਰਹੀ ਹੈ। ਪਰ ਚੁਣੌਤੀਆਂ ਵੀ ਹਨ - ਹਮਾਸ ਨੂੰ ਨਿਸ਼ਸਤਰੀਕਰਨ ਅਤੇ ਇਜ਼ਰਾਈਲ ਨੂੰ ਫੌਜ ਵਾਪਸ ਬੁਲਾਉਣ ਵਿੱਚ ਸਮਾਂ ਲੱਗੇਗਾ।

ਅਜੈ ਸਿੰਘ ਬੰਗਾ ਨੇ ਆਪਣੇ ਕਰੀਅਰ ਵਿੱਚ ਬਹੁਤ ਸਫਲਤਾ ਹਾਸਲ ਕੀਤੀ ਹੈ, ਅਤੇ ਉਹ ਵਿਸ਼ਵ ਪੱਧਰ ਤੇ ਆਰਥਿਕ ਵਿਕਾਸ ਵਿੱਚ ਮਾਹਿਰ ਹਨ। ਟਰੰਪ ਦੀ ਯੋਜਨਾ ਵਿੱਚ ਗਾਜ਼ਾ ਨੂੰ ਆਰਥਿਕ ਤੌਰ ਤੇ ਮਜ਼ਬੂਤ ਬਣਾਉਣਾ ਜ਼ਰੂਰੀ ਹੈ, ਅਤੇ ਆਜੈ ਸਿੰਘ ਬੰਗਾ ਇਸ ਲਈ ਸਹੀ ਵਿਅਕਤੀ ਹਨ। ਉਨ੍ਹਾਂ ਨੂੰ ਸਾਬਕਾ ਰਾਸ਼ਟਰਪਤੀ ਜੋ ਬਾਈਡਨ ਨੇ ਵਰਲਡ ਬੈਂਕ ਲਈ ਨਾਮਜ਼ਦ ਕੀਤਾ ਸੀ, ਪਰ ਟਰੰਪ ਨੇ ਵੀ ਉਨ੍ਹਾਂ ਨੂੰ ਸ਼ਾਮਲ ਕਰ ਕੇ ਦਰਸਾਇਆ ਹੈ ਕਿ ਅਮਰੀਕਾ ਸਿੱਖ ਪੰਥ ਨੂੰ ਵਿਸ਼ੇਸ਼ ਤਰਜੀਹ ਦੇ ਰਿਹਾ।

ਗਾਜ਼ਾ ਦੇ ਇਸ ਬੋਰਡ ਆਫ ਪੀਸ ਨਾਲ ਇੱਕ ਨਵਾਂ ਯੁੱਗ ਸ਼ੁਰੂ ਹੋ ਰਿਹਾ ਹੈ। ਇਸ ਯੋਜਨਾ ਵਿਚ ਅਜੈ ਸਿੰਘ ਬੰਗਾ ਵਾਂਗ ਸਿੱਖ ਲੀਡਰਾਂ ਦੀ ਭੂਮਿਕਾ ਨਾਲ ਵਿਸ਼ਵ ਵਿੱਚ ਸਿੱਖ ਧਰਮ ਦੀ ਪਛਾਣ ਵਧੇਗੀ, ਅਤੇ ਗਾਜ਼ਾ ਵਿੱਚ ਸ਼ਾਂਤੀ ਦੇ ਫੁੱਲ ਖਿੜਨਗੇ। ਇਹ ਯਾਤਰਾ ਔਖੀ ਹੈ, ਪਰ ਉਮੀਦ ਨਾਲ ਭਰਪੂਰ ਹੈ।

# ਨੌਜਵਾਨ ਦੀ ਡਰਗ ਕਾਰਣ ਮੌਤ, ਪਰਿਵਾਰ ਨੇ ਲਗਾਏ 'ਚਿੱਟੇ' ਦੇ ਦੋਸ਼

## ✪ ਪੁਲਿਸ ਨੇ ਸ਼ੱਕ ਕਾਰਣ ਦੋਸਤ ਨੂੰ ਕੀਤਾ ਗ੍ਰਿਫਤਾਰ

ਜਗਰਾਓਂ/ਸਿੱਧਵਾਂ ਬੇਟ-ਪਿੰਡ ਸ਼ੇਰੇਵਾਲ ਦੇ ਨੌਜਵਾਨ ਦੀ ਪਿੰਡ ਖੋਲਿਆਂ ਵਾਲਾ ਪੁਲ਼ ਮਲਸੀਹਾਂ ਬਾਜਣ ਦੀ ਨਹਿਰ ਪੱਟੜੀ ਨੇੜੇ ਝਾੜੀਆਂ ਵਿਚੋਂ ਲਾਸ਼ ਮਿਲੀ ਹੈ। ਪਰਿਵਾਰਕ ਮੈਂਬਰਾਂ ਅਨੁਸਾਰ ਨੌਜਵਾਨ ਦੀ ਮੌਤ 'ਚਿੱਟੇ' ਦੇ ਨਸ਼ੇ ਕਾਰਨ ਹੋਈ ਹੈ। ਪੁਲਿਸ ਨੇ ਨੌਜਵਾਨ ਨੂੰ ਘਰੋਂ ਲੈ ਕੇ ਜਾਣ ਵਾਲੇ ਉਸ ਦੇ ਦੋਸਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦਕਿ ਨਸ਼ਾ ਵੇਚਣ ਵਾਲੀ ਔਰਤ ਫਰਾਰ ਹੈ। ਪੁਲਿਸ ਅਨੁਸਾਰ ਨੌਜਵਾਨ ਦੀ ਮੌਤ ਜ਼ਿਆਦਾ ਸ਼ਰਾਬ ਪੀਣ ਕਾਰਨ ਹੋਈ ਜਾਪਦੀ ਹੈ ਪਰ ਪਰਿਵਾਰਕ ਮੈਂਬਰ ਅਤੇ ਪਿੰਡ ਵਾਸੀ ਉਸ ਦੀ ਮੌਤ 'ਚਿੱਟੇ' ਨਾਲ ਹੋਈ ਦੱਸ ਰਹੇ ਹਨ।

27 ਸਾਲਾ ਜਸਵੀਰ ਸਿੰਘ ਦੀ ਨਹਿਰ ਦੀ ਕੱਚੀ ਪੱਟੜੀ ਖੋਲਿਆਂ ਵਾਲਾ ਪੁਲ਼ ਮਲਸੀਹਾਂ ਬਾਜਣ ਕੋਲ ਝਾੜੀਆਂ ਵਿਚ ਲਾਸ਼ ਪਈ ਸੀ ਜਿਸ ਦੀ ਸੂਚਨਾ ਮਿਲਣ 'ਤੇ ਮ੍ਰਿਤਕ ਦੇ ਚਾਚੇ ਦਾ ਪੁੱਤ ਪਰਮਜੀਤ ਸਿੰਘ ਸਾਥੀਆਂ ਨਾਲ ਦੇਹ ਨੂੰ ਜਗਰਾਓਂ ਸਿਵਲ ਹਸਪਤਾਲ ਲੈ ਕੇ ਪੁੱਜਾ। ਪੁਲਿਸ ਚੌਕੀ ਗਿੱਦੜਵਿੰਡੀ ਦੇ ਇੰਚਾਰਜ ਰਾਜਵਰਿੰਦਰ ਸਿੰਘ ਮੌਕੇ 'ਤੇ ਪਹੁੰਚੇ। ਇਸ ਦੌਰਾਨ ਘਟਨਾਸਥੱਲ ਤੋਂ ਪੁਲਿਸ ਨੂੰ ਨਸ਼ਾ ਜਾਂ ਕੋਈ ਸਰਿੰਜ ਵਗੈਰਾ ਨਹੀਂ ਬਰਾਮਦ ਹੋਈ ਜਿਸ 'ਤੇ ਪੁਲਿਸ ਨੂੰ ਮਾਮਲਾ ਸ਼ੱਕੀ ਲੱਗ ਰਿਹਾ ਹੈ ਪਰ ਪਰਿਵਾਰ ਮੁਤਾਬਕ ਜਸਵੀਰ ਨੂੰ ਉਸ ਦਾ ਦੋਸਤ ਹਰਪ੍ਰੀਤ ਸਿੰਘ ਘਰੋਂ ਲੈ ਕੇ ਗਿਆ ਸੀ। ਦੋਵਾਂ ਨੇ ਖੋਲਿਆਂ ਵਾਲਾ ਪੁਲ਼ ਮਲਸੀਹਾਂ ਬਾਜਣ ਦੀ ਰਹਿਣ ਵਾਲੀ ਕੁਲਵਿੰਦਰ ਕੌਰ ਉਰਫ ਗੋਗਾ ਬਾਈ ਤੋਂ 'ਚਿੱਟਾ' ਖ਼ਰੀਦਿਆ ਸੀ ਜਿਸ ਤੋਂ ਬਾਅਦ ਜਸਵੀਰ ਦੀ ਮੌਤ ਹੋਈ। ਚੌਕੀ ਇੰਚਾਰਜ ਰਾਜਵਰਿੰਦਰ ਸਿੰਘ ਨੇ ਕਿਹਾ ਕਿ ਜਸਵੀਰ ਦੀ ਮੌਤ 'ਚਿੱਟੇ' ਨਾਲ ਹੋਈ ਹੈ, ਦਾ ਕੋਈ ਅਜੇ ਸਬੂਤ ਸਾਹਮਣੇ ਨਹੀਂ ਆਇਆ। ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



# ਭਵਿੱਖ ਦੀ ਖਤਰਨਾਕ ਸਮੱਸਿਆ-ਈ ਕੂੜਾ

ਸੰਦੀਪ ਕੁਮਾਰ
7009807121



ਆਧੁਨਿਕ ਦੁਨੀਆਂ ਵਿੱਚ ਤਕਨਾਲੋਜੀ ਦੀ ਤੇਜ਼ ਰਫ਼ਤਾਰ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਬਣਾਇਆ ਹੈ, ਪਰ ਇਸੇ ਤਰ੍ਹਾਂ ਇੱਕ ਅਜਿਹੀ ਸਮੱਸਿਆ ਨੂੰ ਜਨਮ ਦਿੱਤਾ ਹੈ ਜੋ ਭਵਿੱਖ ਵਿੱਚ ਮਨੁੱਖਤਾ ਲਈ ਗੰਭੀਰ ਖਤਰਾ ਬਣ ਸਕਦੀ ਹੈ। ਇਹ ਸਮੱਸਿਆ ਹੈ ਈ-ਕੂੜੇ ਦੀ, ਜਿਸ ਨੂੰ ਇਲੈਕਟ੍ਰਾਨਿਕ ਰਹਿੰਦ-ਖੂੰਹਦ ਵਜੋਂ ਜਾਣਿਆ ਜਾਂਦਾ ਹੈ। ਈ-ਕੂੜੇ ਵਿੱਚ ਪੁਰਾਣੇ ਮੋਬਾਈਲ ਫੋਨ, ਕੰਪਿਊਟਰ, ਲੈਪਟਾਪ, ਟੈਲੀਵਿਜ਼ਨ ਅਤੇ ਹੋਰ ਇਲੈਕਟ੍ਰਾਨਿਕ ਉਪਕਰਣ ਸ਼ਾਮਲ ਹਨ ਜੋ ਵਰਤੋਂ ਤੋਂ ਬਾਅਦ ਰੱਦੀ ਵਿੱਚ ਬਦਲ ਜਾਂਦੇ ਹਨ। ਇਹ ਉਪਕਰਣ ਨਾ ਸਿਰਫ਼ ਆਮ ਕੂੜੇ ਵਾਂਗ ਹੁੰਦੇ ਹਨ, ਸਗੋਂ ਇਨ੍ਹਾਂ ਵਿੱਚ ਜ਼ਹਿਰੀਲੀਆਂ ਧਾਤਾਂ ਜਿਵੇਂ ਕਿ ਸ਼ੀਸ਼ਾ, ਕੈਡਮੀਅਮ, ਪਾਰਾ ਅਤੇ ਹੋਰ ਰਸਾਇਣ ਹੁੰਦੇ ਹਨ ਜੋ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਬਹੁਤ ਖਤਰਨਾਕ ਹਨ। ਅਜੋਕੇ ਸਮੇਂ ਵਿੱਚ ਜਦੋਂ ਅਸੀਂ ਵਾਤਾਵਰਣ ਸੁਰੱਖਿਆ ਅਤੇ ਸਫ਼ਾਈ ਦੀਆਂ ਗੱਲਾਂ ਕਰਦੇ ਹਾਂ, ਤਾਂ ਇਹ ਅਜੀਬ ਲੱਗਦਾ ਹੈ ਕਿ ਅਮੀਰ ਅਤੇ ਵਿਕਸਤ ਦੇਸ਼ ਆਪਣੇ ਈ-ਕੂੜੇ ਨੂੰ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਭੇਜ ਕੇ ਆਪਣੀ ਧਰਤੀ ਨੂੰ ਸਾਫ਼ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਨਾ ਸਿਰਫ਼ ਨੈਤਿਕਤਾ ਦੇ ਵਿਰੁੱਧ ਹੈ, ਸਗੋਂ ਵਿਸ਼ਵ ਪੱਧਰੀ ਵਾਤਾਵਰਣ ਨੂੰ ਵੀ ਗੰਭੀਰ ਨੁਕਸਾਨ ਪਹੁੰਚਾ ਰਿਹਾ ਹੈ।

ਅਮੀਰ ਦੇਸ਼ਾਂ ਦੀ ਇਹ ਨੀਤੀ ਕਿ ਉਹ ਆਪਣਾ ਕੂੜਾ ਗਰੀਬ ਦੇਸ਼ਾਂ ਵਿੱਚ ਡੰਪ ਕਰ ਦੇਣ, ਕੋਈ ਨਵੀਂ ਗੱਲ ਨਹੀਂ ਹੈ। ਇਤਿਹਾਸ ਵਿੱਚ ਵੀ ਅਜਿਹਾ ਹੁੰਦਾ ਰਿਹਾ ਹੈ ਕਿ ਵਿਕਸਤ ਦੇਸ਼ ਆਪਣੀਆਂ ਸਮੱਸਿਆਵਾਂ ਨੂੰ ਦੂਜਿਆਂ ਉੱਤੇ ਥੋਪਦੇ ਰਹੇ ਹਨ। ਪਰ ਈ-ਕੂੜੇ ਦਾ ਮਾਮਲਾ ਵੱਖਰਾ ਹੈ ਕਿਉਂਕਿ ਇਸ ਵਿੱਚ ਜ਼ਹਿਰੀਲੇ ਤੱਤ ਸ਼ਾਮਲ ਹੁੰਦੇ ਹਨ ਜੋ ਸਿੱਧੇ ਤੌਰ ਤੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਵਾਤਾਵਰਣ ਨਿਗਰਾਨੀ ਸੰਗਠਨ, ਬੇਸਲ ਐਕਸ਼ਨ ਨੈੱਟਵਰਕ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ ਸੰਯੁਕਤ ਰਾਜ ਅਮਰੀਕਾ ਵਰਗੇ ਦੇਸ਼ ਲੱਖਾਂ ਟਨ ਈ-ਕੂੜਾ ਦੱਖਣ-ਪੂਰਬੀ ਏਸ਼ੀਆ ਦੇ ਵਿਕਾਸਸ਼ੀਲ ਦੇਸ਼ਾਂ ਵਿੱਚ ਭੇਜ ਰਹੇ ਹਨ। ਇਹ ਰਿਪੋਰਟ ਦੋ ਸਾਲਾਂ ਦੀ ਡੂੰਘਾਈ ਨਾਲ ਕੀਤੀ ਗਈ ਜਾਂਚ ਉੱਤੇ ਅਧਾਰਤ ਹੈ, ਜਿਸ ਵਿੱਚ ਪਾਇਆ ਗਿਆ ਕਿ ਘੱਟੋ-ਘੱਟ ਦਸ ਅਮਰੀਕੀ ਕੰਪਨੀਆਂ ਇਹ ਕੰਮ ਕਰ ਰਹੀਆਂ ਹਨ। ਇਹ ਕੂੜਾ ਅਕਸਰ ਰੀਸਾਈਕਲਿੰਗ ਦੇ ਨਾਂ ਹੇਠ ਭੇਜਿਆ ਜਾਂਦਾ ਹੈ, ਪਰ ਅਸਲ ਵਿੱਚ ਇਸ ਨੂੰ ਸੁਰੱਖਿਅਤ ਢੰਗ ਨਾਲ ਨਿਪਟਾਉਣ ਦੀ ਸਮਰੱਥਾ ਉਨ੍ਹਾਂ ਦੇਸ਼ਾਂ ਕੋਲ ਨਹੀਂ ਹੁੰਦੀ ਜਿੱਥੇ ਇਹ ਪਹੁੰਚਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਇਹ ਜ਼ਹਿਰੀਲਾ ਕੂੜਾ ਖੁੱਲ੍ਹੇ ਖੇਤਾਂ ਵਿੱਚ, ਨਦੀਆਂ ਵਿੱਚ ਜਾਂ ਸਮੁੰਦਰਾਂ ਵਿੱਚ ਡੰਪ ਕੀਤਾ ਜਾਂਦਾ ਹੈ, ਜਿਸ ਨਾਲ ਪਾਣੀ, ਮਿੱਟੀ ਅਤੇ ਹਵਾ ਪ੍ਰਦੂਸ਼ਿਤ ਹੁੰਦੀ ਹੈ।



ਈ-ਕੂੜੇ ਦੀ ਮਾਤਰਾ ਵਿੱਚ ਵਾਧੇ ਦਾ ਮੁੱਖ ਕਾਰਨ ਤਕਨਾਲੋਜੀ ਦੀ ਤੇਜ਼ ਰਫ਼ਤਾਰ ਹੈ। ਹਰ ਛੇ ਮਹੀਨੇ ਜਾਂ ਸਾਲ ਵਿੱਚ ਨਵੇਂ ਮਾਡਲ ਆਉਂਦੇ ਹਨ, ਜਿਸ ਕਾਰਨ ਪੁਰਾਣੇ ਉਪਕਰਣ ਤੁਰੰਤ ਰੱਦੀ ਵਿੱਚ ਬਦਲ ਜਾਂਦੇ ਹਨ। ਇੱਕ ਅਨੁਮਾਨ ਅਨੁਸਾਰ ਈ-ਕੂੜਾ, ਰੀਸਾਈਕਲਿੰਗ ਦੀ ਰਫਤਾਰ ਨਾਲੋਂ ਪੰਜ ਗੁਣਾ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਮਤਲਬ ਹੈ ਕਿ ਜਿੰਨੀ ਜਲਦੀ ਅਸੀਂ ਨਵੇਂ ਫੋਨ ਜਾਂ ਲੈਪਟਾਪ ਖਰੀਦਦੇ ਹਾਂ, ਉਨੀ ਜਲਦੀ ਪੁਰਾਣੇ ਉਪਕਰਣ ਕੂੜੇ ਦੇ ਢੇਰ ਵਿੱਚ ਸ਼ਾਮਲ ਹੋ ਜਾਂਦੇ ਹਨ। ਅਮੀਰ ਦੇਸ਼ਾਂ ਵਿੱਚ ਇਹ ਉਪਕਰਣ ਵੱਡੀ ਗਿਣਤੀ ਵਿੱਚ ਵਰਤੇ ਜਾਂਦੇ ਹਨ ਅਤੇ ਉਨ੍ਹਾਂ ਕੋਲ ਇਸ ਨੂੰ ਸੁਰੱਖਿਅਤ ਢੰਗ ਨਾਲ ਨਿਪਟਾਉਣ ਦੀਆਂ ਮਹਿੰਗੀਆਂ ਸਹੂਲਤਾਂ ਵੀ ਹੁੰਦੀਆਂ ਹਨ। ਫਿਰ ਵੀ ਉਹ ਇਸ ਨੂੰ ਆਪਣੇ ਦੇਸ਼ ਵਿੱਚ ਰੱਖਣ ਦੀ ਬਜਾਏ ਗਰੀਬ ਦੇਸ਼ਾਂ ਵਿੱਚ ਭੇਜਦੇ ਹਨ ਕਿਉਂਕਿ ਇਹ ਉਨ੍ਹਾਂ ਲਈ ਸਸਤਾ ਪੈਂਦਾ ਹੈ। ਇਹ ਇੱਕ ਤਰ੍ਹਾਂ ਦਾ ਵਾਤਾਵਰਣਕ ਉਪਨਿਵੇਸ਼ਵਾਦ ਹੈ, ਜਿੱਥੇ ਅਮੀਰ ਦੇਸ਼ ਆਪਣੀ ਸਮੱਸਿਆ ਨੂੰ ਦੂਜਿਆਂ ਦੇ ਗਲੇ ਪਾ ਰਹੇ ਹਨ।

ਇਸ ਸਮੱਸਿਆ ਦੀ ਗੰਭੀਰਤਾ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਈ-ਕੂੜੇ ਵਿੱਚ ਮੌਜੂਦ ਜ਼ਹਿਰੀਲੇ ਤੱਤਾਂ ਦੇ ਪ੍ਰਭਾਵ ਨੂੰ ਜਾਣੀਏ। ਸ਼ੀਸ਼ਾ ਮਨੁੱਖੀ ਦਿਮਾਗ ਅਤੇ ਨਸਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਕੈਡਮੀਅਮ ਕੈਂਸਰ ਦਾ ਕਾਰਨ ਬਣ ਸਕਦਾ ਹੈ ਅਤੇ ਪਾਰਾ ਪਾਣੀ ਵਿੱਚ ਘੁਲ ਕੇ ਮੱਛੀਆਂ ਰਾਹੀਂ ਭੋਜਨ ਚੇਨ ਵਿੱਚ ਦਾਖਲ ਹੋ ਜਾਂਦਾ ਹੈ। ਜਦੋਂ ਇਹ ਕੂੜਾ ਖੁੱਲ੍ਹੇ ਖੇਤਾਂ ਵਿੱਚ ਸਾੜਿਆ ਜਾਂਦਾ ਹੈ, ਤਾਂ ਇਸ ਤੋਂ ਨਿਕਲਣ ਵਾਲਾ ਧੂੰਆਂ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ, ਜਿਸ ਨਾਲ ਅਲਰਜੀ ਅਤੇ ਸਾਹ ਦੀਆਂ ਬਿਮਾਰੀਆਂ ਵਧਦੀਆਂ ਹਨ। ਵਿਕਾਸਸ਼ੀਲ ਦੇਸ਼ਾਂ ਵਿੱਚ ਜਿੱਥੇ ਇਹ ਕੂੜਾ ਭੇਜਿਆ ਜਾਂਦਾ ਹੈ, ਉੱਥੇ ਲੋਕ ਅਕਸਰ ਇਸ ਨੂੰ ਛਾਂਟਦੇ ਹਨ ਅਤੇ ਮਹੱਤਵਪੂਰਨ ਧਾਤਾਂ ਕੱਢਣ ਦੀ ਕੋਸ਼ਿਸ਼ ਕਰਦੇ ਹਨ। ਇਸ ਪ੍ਰਕਿਰਿਆ ਵਿੱਚ ਉਹ ਸਿੱਧੇ ਤੌਰ ਤੇ ਜ਼ਹਿਰੀਲੇ ਤੱਤਾਂ ਦੇ ਸੰਪਰਕ ਵਿੱਚ ਆਉਂਦੇ ਹਨ, ਜਿਸ ਨਾਲ ਉਨ੍ਹਾਂ ਦੀ ਸਿਹਤ ਤੇ ਗੰਭੀਰ ਅਸਰ ਪੈਂਦਾ ਹੈ। ਬੱਚੇ ਅਤੇ ਔਰਤਾਂ ਖਾਸ ਤੌਰ ਤੇ ਇਸ ਦੇ ਸ਼ਿਕਾਰ ਹੁੰਦੇ ਹਨ ਕਿਉਂਕਿ ਉਹ ਅਕਸਰ ਇਸ ਕੰਮ ਵਿੱਚ ਸ਼ਾਮਲ ਹੁੰਦੇ ਹਨ।

ਬੇਸਲ ਕਨਵੈਨਸ਼ਨ ਇੱਕ ਅੰਤਰਰਾਸ਼ਟਰੀ ਸਮਝੌਤਾ ਹੈ ਜੋ ਖਤਰਨਾਕ ਕੂੜੇ ਦੇ ਅੰਤਰਦੇਸ਼ੀ ਆਵਾਜਾਈ ਨੂੰ ਨਿਯੰਤਰਿਤ ਕਰਦਾ ਹੈ। ਇਸ ਅਨੁਸਾਰ, ਸਿਰਫ਼ ਉਹੀ ਕੂੜਾ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਭੇਜਿਆ ਜਾ ਸਕਦਾ ਹੈ ਜੋ ਰੀਸਾਈਕਲਿੰਗ ਯੋਗ, ਮੁੜ ਵਰਤੋਂ ਯੋਗ ਅਤੇ ਵਾਤਾਵਰਣ ਲਈ ਸੁਰੱਖਿਅਤ ਹੋਵੇ। ਪਰ ਅਮੀਰ ਦੇਸ਼ ਅਕਸਰ ਇਸ ਨਿਯਮ ਦੀ ਉਲੰਘਣਾ ਕਰਦੇ ਹਨ। ਉਹ ਈ-ਕੂੜੇ ਨੂੰ ਰੀਸਾਈਕਲਿੰਗ ਦੇ ਨਾਂ ਹੇਠ ਭੇਜਦੇ ਹਨ, ਪਰ ਅਸਲ ਵਿੱਚ ਇਹ ਕੂੜਾ ਅਜਿਹਾ ਹੁੰਦਾ ਹੈ ਜਿਸ ਨੂੰ ਸੁਰੱਖਿਅਤ ਢੰਗ ਨਾਲ ਨਿਪਟਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਇਸ ਲਈ ਲੋੜੀਂਦੀ ਤਕਨਾਲੋਜੀ ਅਤੇ ਸਾਧਨ ਨਹੀਂ ਹੁੰਦੇ, ਨਤੀਜੇ ਵਜੋਂ ਇਹ ਕੂੜਾ ਵਾਤਾਵਰਣ ਵਿੱਚ ਫੈਲ ਜਾਂਦਾ ਹੈ। ਇਸ ਦੇ ਨਾਲ ਹੀ, ਇਹ ਦੇਸ਼ ਆਪਣੀਆਂ ਸਮੱਸਿਆਵਾਂ ਨਾਲ ਜੂਝ ਰਹੇ ਹੁੰਦੇ ਹਨ ਅਤੇ ਉਨ੍ਹਾਂ ਕੋਲ ਇਸ ਵਾਧੂ ਬੋਝ ਨੂੰ ਸੰਭਾਲਣ ਦੀ ਸਮਰੱਥਾ ਨਹੀਂ ਹੁੰਦੀ।


ਇਸ ਸਮੱਸਿਆ ਦਾ ਹੱਲ ਕੀ ਹੈ ? ਸਭ ਤੋਂ ਪਹਿਲਾਂ, ਅਮੀਰ ਦੇਸ਼ਾਂ ਨੂੰ ਆਪਣੇ ਈ-ਕੂੜੇ ਨੂੰ ਆਪਣੇ ਦੇਸ਼ ਵਿੱਚ ਹੀ ਨਿਪਟਾਉਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਕੋਲ ਸਾਧਨ ਅਤੇ ਤਕਨਾਲੋਜੀ ਹੈ, ਇਸ ਲਈ ਉਹ ਸੁਰੱਖਿਅਤ ਰੀਸਾਈਕਲਿੰਗ ਪਲਾਂਟ ਸਥਾਪਤ ਕਰ ਸਕਦੇ ਹਨ। ਦੂਜਾ, ਉਤਪਾਦਕ ਕੰਪਨੀਆਂ ਨੂੰ ਜ਼ਿੰਮੇਵਾਰ ਬਣਾਉਣਾ ਚਾਹੀਦਾ ਹੈ। ਜਿਵੇਂ ਕਿ ਉਹ ਨਵੇਂ ਉਪਕਰਣ ਬਣਾਉਂਦੇ ਹਨ, ਉਨ੍ਹਾਂ ਨੂੰ ਪੁਰਾਣੇ ਉਪਕਰਣਾਂ ਨੂੰ ਵਾਪਸ ਲੈਣ ਅਤੇ ਰੀਸਾਈਕਲ ਕਰਨ ਦੀ ਜ਼ਿੰਮੇਵਾਰੀ ਵੀ ਦਿੱਤੀ ਜਾਣੀ ਚਾਹੀਦੀ ਹੈ। ਤੀਜਾ, ਅੰਤਰਰਾਸ਼ਟਰੀ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਬੇਸਲ ਕਨਵੈਨਸ਼ਨ ਦੀ ਉਲੰਘਣਾ ਕਰਨ ਵਾਲੇ ਦੇਸ਼ਾਂ ਅਤੇ ਕੰਪਨੀਆਂ ਉੱਤੇ ਸਖ਼ਤ ਜੁਰਮਾਨੇ ਅਤੇ ਪਾਬੰਦੀਆਂ ਲਗਾਈਆਂ ਜਾਣ। ਚੌਥਾ, ਵਿਕਾਸਸ਼ੀਲ ਦੇਸ਼ਾਂ ਨੂੰ ਈ-ਕੂੜੇ ਦੀ ਸੁਰੱਖਿਅਤ ਨਿਪਟਾਰੇ ਲਈ ਤਕਨਾਲੋਜੀ ਅਤੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਪੰਜਵਾਂ, ਜਨ ਜਾਗਰੂਕਤਾ ਵਧਾਉਣੀ ਚਾਹੀਦੀ ਹੈ ਤਾਂ ਜੋ ਲੋਕ ਆਪਣੇ ਪੁਰਾਣੇ ਉਪਕਰਣਾਂ ਨੂੰ ਸਹੀ ਢੰਗ ਨਾਲ ਡਿਸਪੋਜ਼ ਕਰਨਾ ਸਿੱਖ ਸਕਣ।

ਭਵਿੱਖ ਵਿੱਚ ਈ-ਕੂੜਾ ਇੱਕ ਵੱਡੀ ਸਮੱਸਿਆ ਬਣਨ ਵਾਲਾ ਹੈ ਜੇਕਰ ਸਮੇਂ ਸਿਰ ਕਦਮ ਨਾ ਚੁੱਕੇ ਗਏ। ਇਹ ਨਾ ਸਿਰਫ਼ ਵਾਤਾਵਰਣ ਨੂੰ ਨੁਕਸਾਨ ਪਹੁੰਚਾਏਗਾ, ਸਗੋਂ ਮਨੁੱਖੀ ਸਿਹਤ, ਜੈਵ ਵਿਭਿੰਨਤਾ ਅਤੇ ਆਰਥਿਕਤਾ ਤੇ ਵੀ ਡੂੰਘਾ ਅਸਰ ਪਾਏਗਾ। ਅਮੀਰ ਦੇਸ਼ਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਕੂੜੇ ਨੂੰ ਗਰੀਬ ਦੇਸ਼ਾਂ ਦੇ ਗਲੇ ਨਾ ਪਾਉਣ। ਇਹ ਸਮਾਂ ਹੈ ਜਦੋਂ ਵਿਸ਼ਵ ਪੱਧਰ ਤੇ ਇੱਕਜੁਟਤਾ ਨਾਲ ਇਸ ਸਮੱਸਿਆ ਦਾ ਹੱਲ ਲੱਭਿਆ ਜਾਵੇ। ਜੇਕਰ ਅਸੀਂ ਅੱਜ ਚੁੱਪ ਰਹੇ, ਤਾਂ ਭਵਿੱਖ ਵਿੱਚ ਸਾਨੂੰ ਇਸ ਦੇ ਭਿਆਨਕ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ। ਈ-ਕੂੜਾ ਸਿਰਫ਼ ਇੱਕ ਦੇਸ਼ ਦੀ ਨਹੀਂ, ਸਗੋਂ ਪੂਰੀ ਮਨੁੱਖਤਾ ਦੀ ਸਮੱਸਿਆ ਹੈ ਅਤੇ ਇਸ ਨੂੰ ਸੁਲਝਾਉਣ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# ਹਜਾਰਾਂ ਪ੍ਰਵਾਸੀਆਂ ਦਾ ਕਾਨੂੰਨੀ ਰੁੱਤਬਾ ਰੱਦ ਕਰਨ ਦੇ ਫੈਸਲੇ ਉਪਰ ਰੋਕ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਬੋਸਟਨ ਦੀ ਯੂ ਐਸ ਡਿਸਟ੍ਰਿਕਟ ਜੱਜ ਇੰਦਰਾ ਤਲਵਾਨੀ ਨੇ ਆਰਜੀ ਤੌਰ 'ਤੇ ਟਰੰਪ ਪ੍ਰਸ਼ਾਸਨ ਦੀ 10 ਹਜਾਰ ਤੋਂ ਵਧ ਪ੍ਰਵਾਸੀਆਂ ਦੀ ਕਾਨੂੰਨੀ ਰੁੱਤਬਾ ਖਤਮ ਕਰਨ ਦੀ ਯੋਜਨਾ ਉਪਰ ਰੋਕ ਲਾ ਦਿੱਤੀ ਹੈ। ਜੱਜ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਸਰਕਾਰ ਪ੍ਰਵਾਸੀਆਂ ਨੂੰ ਉਨਾਂ ਦਾ ਕਾਨੂੰਨੀ ਰੁੱਤਬਾ ਖਤਮ ਕਰਨ ਤੋਂ ਪਹਿਲਾਂ ਉਨਾਂ ਨੂੰ ਇਸ ਸਬੰਧੀ ਸੂਚਿਤ ਕਰਨ ਵਿੱਚ ਨਾਕਾਮ ਰਹੀ ਹੈ। ਜੱਜ ਨੇ ਕਿਹਾ ਕਿ ਪ੍ਰਭਾਵਿਤ ਵਿਅਕਤੀਆਂ ਨੂੰ ਨਿਸਚਤ ਸਮੇ ਅੰਦਰ ਦੱਸਿਆ ਜਾਣਾ ਚਾਹੀਦਾ ਸੀ ਕਿ ਉਹ ਦੇਸ਼ ਵਿੱਚ ਰਹਿਣ ਦਾ ਹੱਕ ਗੁਆ ਚੁੱਕੇ ਹਨ। ਜੱਜ ਦੇ ਫੈਸਲੇ ਤੋਂ ਪਹਿਲਾਂ ਪ੍ਰਵਾਸੀਆਂ ਦੇ ਅਧਿਕਾਰਾਂ ਬਾਰੇ ਸਮੂੰਹਾਂ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਅਦਾਲਤ ਨੇ ਦਖਲਅੰਦਾਜੀ ਨਾ ਕੀਤੀ ਤਾਂ 10000 ਤੋਂ 12000 ਦੇ ਦਰਮਿਆਨ ਪ੍ਰਵਾਸੀਆਂ ਕੋਲੋਂ 14 ਜਨਵਰੀ ਨੂੰ ਦੇਸ਼ ਵਿਚ ਰਹਿਣਾ ਦਾ ਕਾਨੂੰਨੀ ਰੁੱਤਬਾ ਖੁਸ ਜਾਵੇਗਾ ਤੇ ਉਨਾਂ ਨੂੰ ਅਮਰੀਕਾ ਵਿਚੋਂ ਕੱਢ ਦਿੱਤਾ ਜਾਵੇਗਾ। ਆਪਣੇ ਆਦੇਸ਼ ਵਿੱਚ ਜੱਜ ਨੇ ਟਰੰਪ ਪ੍ਰਸ਼ਾਸਨ ਦੇ ਆਦੇਸ਼ ਉਪਰ ਰੋਕ ਲਾਉਂਦਿਆਂ 'ਫੈਮਿਲੀ ਰੀਯੂਨੀਫੀਕੇਸ਼ਨ ਪੈਰੋਲ' ਪ੍ਰੋਗਰਾਮ ਨੂੰ ਕਾਇਮ ਰੱਖਿਆ ਹੈ।



# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਸਿਆਲਕੋਟ

ਸਿਆਲਕੋਟ ਇਕ ਪੁਰਾਤਨ ਸ਼ਹਿਰ ਹੈ, ਜੋ ਅੱਜ ਕੱਲ੍ਹ ਪਾਕਿਸਤਾਨ ਵਿੱਚ ਆਉਂਦਾ ਹੈ। ਸਿਆਲਕੋਟ ਦਾ ਅਕਸ਼ਾਂਸ਼ 320–30 ਅਤੇ ਰੇਖਾਂਸ਼ ਦੇਸ਼ਾਂਤਰ 740–32 ਹੈ। ਇਸ ਸ਼ਹਿਰ ਵਿੱਚ ਗੁਰੂ ਨਾਨਕ ਸਾਹਿਬ ਕਈ ਵੇਰ ਆਏ ਸਨ।

ਗਿਆਨ ਰਤਨਾਵਲੀ ਜਿਸ ਨੂੰ ਆਮ ਤੌਰ 'ਤੇ ਜਨਮ ਸਾਖੀ ਭਾਈ ਮਨੀ ਸਿੰਘ ਆਖਿਆ ਜਾਂਦਾ ਹੈ, ਅਨੁਸਾਰ ਅਤੇ ਮੁਕਾਮੀ ਰਿਵਾਇਤ ਅਨੁਸਾਰ ਜਦੋਂ ਗੁਰੂ ਇਸ ਸ਼ਹਿਰ ਪੁੱਜੇ ਤਾਂ ਸਾਰਾ ਸ਼ਹਿਰ ਸਹਿਮਿਆ ਹੋਇਆ ਸੀ। ਲੋਕਾਂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਇਕ ਕਰਨੀ ਵਾਲਾ ਸੂਫ਼ੀ ਫ਼ਕੀਰ ਬਜ਼ੁਰਗ ਹਜ਼ਰਤ ਹਮਜ਼ਾ ਗੌਸ ਨਾਲ ਕਿਸੇ ਵਾਅਦਾ ਖਿਲਾਫ਼ੀ ਕੀਤੀ ਹੈ ਤੇ ਉਹ ਜਲਾਲ ਵਿੱਚ ਆ ਕੇ 40 ਦਿਨਾਂ ਦਾ ਚਿਲਾ ਕਰ ਰਿਹਾ ਹੈ। ਚਿਲਾ ਪੂਰਾ ਹੋਣ 'ਤੇ ਸਾਰਾ ਸ਼ਹਿਰ ਗਰਕ ਹੋ ਜਾਵੇਗਾ। ਇਹ ਸੁਣ ਕੇ ਗੁਰੂ ਨਾਨਕ ਸਾਹਿਬ ਚਿਲੇ ਵਾਲੀ ਥਾਂ ਤੋਂ ਥੋੜ੍ਹੀ ਦੂਰੀ 'ਤੇ ਇਕ ਬੇਰੀ ਦੇ ਦਰਖ਼ਤ ਹੇਠ ਬਹਿ ਕੇ, ਸ਼ਬਦ ਦੀ ਉਚੀ ਧੁਨੀ ਲਾਈ ਅਤੇ ਹਮਜ਼ਾ ਦਾ ਚਿਲਾ ਟੁੱਟ ਗਿਆ। ਹਮਜ਼ਾ ਗੌਸ ਗੁੱਸੇ ਵਿੱਚ ਬਾਹਰ ਆ ਕੇ ਕਹਿਣ ਲੱਗਾ, ਤੁਸੀਂ (ਗੁਰੂ ਨਾਨਕ ਸਾਹਿਬ) ਇਨ੍ਹਾਂ ਝੂਠਿਆਂ ਨੂੰ ਕਿਉਂ ਬਚਾਉਣਾ ਚਾਹੁੰਦੇ ਹੋ। ਗੁਰੂ ਸਾਹਿਬ ਨੇ ਆਖਿਆ ਕਿ ਇਕ ਦੇ ਝੂਠ ਦੀ ਸਜ਼ਾ ਸਾਰੇ ਸ਼ਹਿਰ ਨੂੰ ਨਹੀਂ ਦੇਣੀ ਚਾਹੀਦੀ। ਗੁਰੂ ਜੀ ਨੇ ਫ਼ੁਰਮਾਇਆ ਕਿ ਇਸ ਸ਼ਹਿਰ ਵਿੱਚ ਕੁਝ ਲੋਕ ਜੀਵਨ ਦਾ ਮਹੱਤਵ ਸਮਝਣ ਵਾਲੇ ਵੀ ਹਨ।

ਇਸ ਨੁਕਤੇ ਨੂੰ ਸਪੱਸ਼ਟ ਕਰਨ ਲਈ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਨੂੰ ਦੋ ਪੈਸੇ ਦੇ ਕੇ ਸੱਚ ਅਤੇ ਝੂਠ ਖਰੀਦਣ ਲਈ ਬਾਜ਼ਾਰ ਭੇਜਿਆ। ਆਖ਼ਰ ਮੂਲਾ ਨਾਮੀ ਇਕ ਕਰਾੜ ਅਜਿਹਾ ਵੀ ਸੀ, ਜਿਸ ਨੇ ਦੋ ਪੈਸੇ ਰੱਖ ਕੇ ਇਕ ਪਰਚੀ ਉੱਤੇ ਲਿਖਿਆ ਹੈ ਕਿ ਜਿਊਣਾ ਕੂੜ ਹੈ ਅਤੇ ਦੂਜੀ ਉੱਤੇ ਮਰਨਾ ਸੱਚ ਹੈ ਲਿਖ ਦਿੱਤਾ। ਜਦੋਂ ਹਮਜ਼ਾ ਗੌਸ ਨੇ ਇਹ ਦੋ ਪਰਚੀਆਂ ਪੜ੍ਹੀਆਂ ਤਾਂ ਉਨ੍ਹਾਂ ਸਿਆਲਕੋਟ ਦੇ ਲੋਕਾਂ ਨੂੰ ਮੁਆਫ਼ ਕਰ ਦਿੱਤਾ। ਮੂਲਾ ਖੱਤਰੀ ਗੁਰੂ ਸਾਹਿਬ ਦਾ ਮੁਰੀਦ ਹੋ ਕੇ ਕਸ਼ਮੀਰ ਅਤੇ ਅਫ਼ਗਾਨਿਸਤਾਨ ਤੱਕ ਗੁਰੂ ਸਾਹਿਬ ਨਾਲ ਗਿਆ। ਇਕ ਵੇਰ ਜਦ ਗੁਰੂ ਸਾਹਿਬ ਦੁਬਾਰਾ ਮੂਲੇ ਦੇ ਘਰ ਸਿਆਲਕੋਟ ਆਏ ਤੇ ਉਸ ਦੀ ਧਰਮ ਪਤਨੀ ਨੇ ਆਖਿਆ ਮੂਲਾ ਘਰ ਨਹੀਂ ਅਤੇ ਕਿਧਰੇ ਬਾਹਰ ਸ਼ਹਿਰ ਗਿਆ ਹੈ। ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਿਆ, ਨਾਲਿ ਕਰਾੜਾਂ ਦੋਸਤੀ.... (ਗੁਰੂ ਗ੍ਰੰਥ ਸਾਹਿਬ, ਅੰਗ 1412) ਇੰਝ ਕੁਝ ਹੀ ਵਕਫ਼ੇ ਬਾਅਦ ਮੂਲਾ ਮਰ ਗਿਆ। ਇਕ ਹੋਰ ਸੋਮੇ ਅਨੁਸਾਰ ਮੂਲਾ ਸੱਪ ਦੇ ਡੰਗ ਨਾਲ ਮਰ ਗਿਆ

ਇਥੇ ਦੋ ਇਤਿਹਾਸਕ ਗੁਰਦੁਆਰੇ ਹਨ।

**(ੳ) ਗੁਰਦੁਆਰੇ ਬਾਬੇ ਦੀ ਬੇਰ:**



ਗੁਰਦੁਆਰਾ ਨਾਨਕਲਾਮਾ ਸਾਹਿਬ ਸਿੱਕਮ

ਇਹ ਗੁਰਦੁਆਰਾ ਉਸ ਥਾਂ ਹੈ ਜਿਥੇ ਗੁਰੂ ਨਾਨਕ ਸਾਹਿਬ ਬਿਰਾਜੇ ਸਨ। ਗੁਰੂ ਸਾਹਿਬ ਬੇਰ ਹੇਠ ਬੈਠੇ ਸਨ, ਜਿਸ ਮੁਹੱਲੇ ਨੂੰ ਅੱਜ ਵੀ ਬਾਬਾ ਬੇਰ ਆਖਿਆ ਜਾਂਦਾ ਹੈ। ਇਹ ਬੇਰ ਅੱਜ ਵੀ ਮੌਜੂਦ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਆਲੀਸ਼ਾਨ ਹੈ। ਬੇਰੀ ਦਾ ਦਰਖ਼ਤ ਗੁਰਦੁਆਰੇ ਦੇ ਪਿਛਵਾੜੇ ਹੈ। ਕੁਝ ਵਰ੍ਹੇ ਹੋਏ ਹਨ, ਇਸ ਬੇਰੀ ਹੇਠ ਕਿਸੇ ਮੁਸਲਮਾਨ ਫ਼ਕੀਰ ਦੀ ਕਬਰ ਬਣਾ ਦਿੱਤੀ ਗਈ ਹੈ। 1913 ਵਿੱਚ ਜਦੋਂ ਹਰਨਾਮ ਸਿੰਘ ਮਹੰਤ ਗੁਜ਼ਰ ਗਿਆ ਤਾਂ ਸਰਕਾਰ ਨੇ ਬਾਲਕ ਗੰਡਾ ਸਿੰਘ ਨੂੰ ਉਸ ਥਾਂ ਮਹੰਤ ਮੁਕੱਰਰ ਕੀਤਾ। ਸਿੱਖਾਂ ਨੇ ਇਹ ਨਾ–ਮਨਜ਼ੂਰ ਕੀਤਾ। ਖ਼ਾਲਸਾ ਸੇਵਕ ਜਥਾ ਹੋਂਦ ਵਿੱਚ ਆਇਆ, ਜੋ ਗੁਰਦੁਆਰੇ ਦੀ ਸੇਵਾ–ਸੰਭਾਲ ਇਕ ਕਮੇਟੀ ਰਾਹੀਂ ਕਰਨੀ ਚਾਹੁੰਦਾ ਸੀ। 5 ਅਕਤੂਬਰ 1920 ਨੂੰ ਅਦਾਲਤ ਵੱਲੋਂ ਸਿੱਖ ਲੀਡਰਾਂ ਦੇ ਸਾਰੇ ਕੇਸ ਵਾਪਸ ਲਏ ਗਏ। ਗੁਰਦੁਆਰੇ ਦਾ ਪ੍ਰਬੰਧ ਨੌਂ ਮੈਂਬਰੀ ਕਮੇਟੀ ਦੇ ਸਪੁਰਦ ਕੀਤਾ ਗਿਆ। ਇਹ ਪਹਿਲੀ ਘਟਨਾ ਸੀ, ਜਿਸ ਨੇ ਬਾਅਦ ਵਿੱਚ ਗੁਰਦੁਆਰਾ ਸੁਧਾਰ ਲਹਿਰ ਦੀ ਨੀਂਹ ਰੱਖੀ।

ਇਸ ਗੁਰਦੁਆਰਾ ਇਮਾਰਤ ਨੂੰ ਸ਼ਹੀਦ ਨੱਥਾ ਸਿੰਘ ਨੇ ਸੁੰਦਰ ਅਤੇ ਪ੍ਰੇਮ ਨਾਲ ਬਣਾਇਆ। ਇਸੇ ਗੁਰਦੁਆਰੇ ਦੇ ਮਹੰਤ ਕੋਲ ਰਹਿ ਕੇ ਗਿਆਨੀ ਗਿਆਨ ਸਿੰਘ ਨੇ ਤਵਾਰੀਖ਼ ਗੁਰੂ ਖ਼ਾਲਸਾ ਲਿਖੀ। ਸ਼ਹੀਦ ਨੱਥਾ ਸਿੰਘ ਦਾ ਸ਼ਹੀਦ ਗੰਜ ਵੀ ਗੁਰਦੁਆਰੇ ਦੇ ਅਹਾਤੇ ਅੰਦਰ ਹੈ। ਇਕ ਵੱਡਾ ਹਲਟਾਂ ਵਾਲਾ ਖੂਹ ਅਤੇ ਇਕ ਸੁੰਦਰ ਤਾਲਾਬ ਵੀ ਹੈ। ਨੱਥਾ ਸਿੰਘ ਦੀ ਅੱਠ (8) ਹਜ਼ਾਰ ਦੀ ਜਗੀਰ ਗੁਰਦੁਆਰੇ ਨਾਲ ਹੈ। ਬਾਗ਼ ਤੋਂ ਇਲਾਵਾ ਤਾਲਾਬ ਅਤੇ ਰਿਹਾਇਸ਼ੀ ਕਮਰੇ ਵੀ ਹਨ। 250 ਏਕੜ ਜ਼ਮੀਨ ਫ਼ੈਸਲਾਬਾਦ (ਲਾਇਲਪੁਰ) ਵਿੱਚ ਹੈ। ਕੁਝ ਵਰ੍ਹੇ ਪਹਿਲਾਂ ਬਾਬਰੀ ਮਸਜਿਦ ਦੇ ਝਗੜੇ ਸਮੇਂ ਇਸ ਪਵਿੱਤਰ ਗੁਰਦੁਆਰੇ ਨੂੰ ਭੁਲੇਖੇ ਨਾਲ ਮੰਦਰ ਸਮਝ ਕੇ ਬਹੁਤ ਨੁਕਸਾਨ ਪਹੁੰਚਿਆ ਹੈ। ਗੁਰਦੁਆਰੇ ਦੇ ਨਾਲ ਹੀ ਇਕ ਉਚਾ ਹਿੰਦੂਆਂ ਦਾ ਮੰਦਰ ਸੀ ਜਿਸ ਨੂੰ ਲੋਕਾਂ ਨੇ ਢਾਹ–ਢੇਰੀ ਕਰ ਦਿੱਤਾ ਹੈ। ਗੁਰਦੁਆਰੇ ਦੀ ਇਮਾਰਤ ਨੂੰ ਮੁਰੰਮਤ ਦੀ ਸਖ਼ਤ ਲੋੜ ਹੈ। ਗੁਰਦੁਆਰੇ ਦੇ ਚਿੱਟੇ ਗੁੰਬਦ ਦੂਰੋਂ ਨਜ਼ਰੀਂ ਪੈਂਦੇ ਹਨ।

**(ਅ) ਗੁਰਦੁਆਰਾ ਬਾਉਲੀ ਸਾਹਿਬ:**

ਇਹ ਗੁਰਦੁਆਰਾ ਬੇਰੀ ਸਾਹਿਬ ਤੋਂ 200 ਮੀਟਰ ਦੀ ਦੂਰੀ 'ਤੇ ਹੈ, ਜਿਥੇ ਮੂਲੇ ਕਰਾੜ ਦਾ ਘਰ ਸੀ। ਇਥੇ ਇਕ ਬਾਉਲੀ ਵੀ ਹੈ, ਜਿਸ ਤੋਂ ਗੁਰਦੁਆਰੇ ਦਾ ਨਾਂ ਪੈ ਗਿਆ। ਗੁਰਦੁਆਰੇ ਦੀ ਇਮਾਰਤ ਭਾਈ ਨੱਥਾ ਸਿੰਘ ਨੇ ਬਣਾਈ ਹੈ। ਗੁਰਦੁਆਰਾ ਸ਼ਾਨਦਾਰ ਬਣਿਆ ਹੋਇਆ ਹੈ। ਦਰਵਾਜ਼ੇ ਦੇ ਮੱਥੇ ਉਪਰ ਅੱਜ ਵੀ ੴ ਦੂਰੋਂ ਨਜ਼ਰੀਂ ਪੈਂਦਾ ਹੈ। ਹੁਣ ਇਸ ਇਮਾਰਤ ਵਿੱਚ ਪਾਕਿਸਤਾਨ ਸਰਕਾਰ ਨੇ ਅੰਨ੍ਹਿਆਂ ਦਾ ਸਕੂਲ ਖੋਲ੍ਹ ਦਿੱਤਾ ਹੈ। ਆਸ–ਪਾਸ ਦੀ ਜ਼ਮੀਨ 'ਤੇ ਲੋਕਾਂ ਕਬਜ਼ੇ ਕਰਕੇ ਮਕਾਨ ਉਸਾਰ ਦਿੱਤੇ ਹਨ। ਇਮਾਰਤ ਵੱਲ ਧਿਆਨ ਦੇਣ ਦੀ ਸਖ਼ਤ ਲੋੜ ਹੈ।

ਪੁਸਤਕ ਸੂਚੀ:–

1. ਹਰਬੰਸ ਸਿੰਘ (ਸੰ.)– ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998
2. ਕਾਨ੍ਹ ਸਿੰਘ ਨਾਭਾ– ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990
3. ਇਕਬਾਲ ਕੈਸਰ– ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998
4. ਖਾਨ ਮੁਹੰਮਦ ਵੱਲੀਉਲਾ ਖ਼ਾਨ– ਸਿੱਖ ਸ਼ਰਾਇਨਜ਼ ਇਨ ਪਾਕਿਸਤਾਨ, ਲਾਹੌਰ, 1962

**ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ**

**ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖ਼ਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖ਼ਬਰ/ਤਸਵੀਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :**

**07966 388 388**

## ਸਿੱਕਮ

ਸਿੱਕਮ ਅੱਜ ਕੱਲ੍ਹ ਭਾਰਤ ਦੀ 22ਵੀਂ ਰਿਆਸਤ ਹੈ। ਇਹ ਪਹਾੜੀ ਰਿਆਸਤ, ਹਿਮਾਲਿਆ ਦੇ ਪੂਰਬ ਵੱਲ ਸਥਿਤ ਹੈ। ਉੱਤਰ ਵੱਲ ਇਹ ਤਿੱਬਤ ਨਾਲ, ਪੱਛਮ ਵੱਲ ਨੇਪਾਲ ਅਤੇ ਪੂਰਵ ਵੱਲ ਭੂਟਾਨ ਨਾਲ ਘਿਰੀ ਹੋਈ ਹੈ। ਗੁਰੂ ਨਾਨਕ ਸਾਹਿਬ ਆਪਣੀ ਇਕ ਉਦਾਸੀ ਸਮੇਂ 1516–17 ਨੂੰ ਸਿੱਕਮ ਆਏ ਸਨ। ਸਿੱਖ ਇਤਿਹਾਸ ਅਤੇ ਜਨਮ–ਸਾਖੀਆਂ ਵਿੱਚ ਗੁਰੂ ਸਾਹਿਬ ਦਾ ਭੂਟਾਨ ਦੇਸ਼ ਅਤੇ ਅਲ–ਲੈਚਨ ਜਾਣ ਦਾ ਸੰਕੇਤ ਮਿਲਦਾ ਹੈ। ਇਸ ਖ਼ਿੱਤੇ ਵਿੱਚ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਬਹੁਤ ਸਾਰੇ ਗੁਰਦੁਆਰੇ ਅਤੇ ਯਾਦ ਚਿੰਨ੍ਹ ਮੌਜੂਦ ਹਨ। ਗੁਰੂ ਡਾਂਗ ਮਾਰ ਗੁਰਦੁਆਰਾ ਬਣਿਆ ਹੋਇਆ ਹੈ। 1987 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਇਥੇ ਰੱਖੀ ਹੋਈ ਹੈ, ਪਰ ਹਿੰਦੂਆਂ ਨੇ ਇਸ ਗੁਰਦੁਆਰੇ ਅੰਦਰ ਮੂਰਤੀ ਸਥਾਪਤ ਕਰ ਦਿੱਤੀ ਸੀ। ਗੁਰੂ ਡਾਂਗ ਮਾਰ ਤਾਲਾਬ ਵੀ 18000 ਫੁੱਟ, ਬਰਫ਼ਾਨੀ ਪਹਾੜੀ ਨਾਲ ਪੈਂਦਾ ਹੈ। 1998 ਵਿੱਚ ਇਹ ਇਤਿਹਾਸਕ ਗੁਰਦੁਆਰਾ ਫੌਜ ਵੱਲੋਂ ਢਾਹ ਦਿੱਤਾ ਗਿਆ ਹੈ। ਗੁਰਦੁਆਰਾ 1980 ਵਿੱਚ ਬਣਾਇਆ ਗਿਆ ਸੀ। ਇਥੇ ਤਾਪਮਾਨ ਨਫ਼ੀ (–) 350 ਸੈਲਸੀਅਸ ਹੋਣ ਕਾਰਨ ਸਾਰਾ ਸਾਲ ਬਰਫ਼ ਜੰਮੀ ਰਹਿੰਦੀ ਹੈ। ਲੋਕਾਂ ਦੀ ਬੇਨਤੀ 'ਤੇ ਗੁਰੂ ਸਾਹਿਬ ਨੇ ਆਪਣੀ ਡਾਂਗ ਮਾਰ ਕੇ ਲੋਕਾਂ ਦੀ ਪਾਣੀ ਪੀਣ ਦੀ ਘਾਟ ਪੂਰੀ ਕੀਤੀ। ਉਸ ਤੋਂ ਬਾਅਦ ਤਲਾਬ ਦਾ ਪਾਣੀ ਕਦੇ ਵੀ ਜੰਮਿਆ ਨਹੀਂ।


ਇਸ ਤੋਂ ਬਾਅਦ ਗੁਰੂ ਸਾਹਿਬ ਥਾਂਗਾਂ, ਲੈਚਿਨ, ਚੰਗਥੰਗ, ਲੈਚੰਗ, ਯਮਥੰਗ ਅਤੇ ਪਾਇਕੋਚਿੰਨ ਥਾਵਾਂ 'ਤੇ ਵੀ ਗਏ। ਚੰਗਥੰਗ ਵਿੱਚ ਵੀ ਗੁਰਦੁਆਰਾ ਬਣਿਆ ਹੋਇਆ ਹੈ, ਅਤੇ ਇਥੇ ਗੁਰੂ ਸਾਹਿਬ ਦੇ ਪੈਰਾਂ ਦੇ ਨਿਸ਼ਾਨ ਵੀ ਮੌਜੂਦ ਹਨ। ਇਥੇ ਹੀ ਇਕ ਤਲਾਬ ਅਤੇ ਝੋਨੇ ਦੇ ਖੇਤ ਵੀ ਗੁਰੂ ਸਾਹਿਬ ਦੀਆਂ ਬਰਕਤਾਂ ਕਾਰਨ ਅੱਜ ਵੀ ਮੌਜੂਦ ਹਨ। ਪਾਇਕੋਚਿੰਨ ਵਿੱਚ ਗੁਰੂ ਸਾਹਿਬ ਦੇ ਪੈਰਾਂ ਦੇ ਨਿਸ਼ਾਨ ਅਤੇ ਗੁਰਮੁਖੀ ਵਿੱਚ ਕੁਝ ਅੱਖਰ ਪੱਥਰਾਂ 'ਤੇ ਉਕਰੇ ਹੋਏ ਮੌਜੂਦ ਹਨ।

**ਪੁਸਤਕ ਸੂਚੀ:–**

1. ਕੋਹਲੀ, ਸੁਰਿੰਦਰ ਸਿੰਘ– ਟ੍ਰੈਵਲਜ਼ ਆਫ਼ ਗੁਰੂ ਨਾਨਕ, ਚੰਡੀਗੜ੍ਹ, 1969
2. ਫੌਜਾ ਸਿੰਘ, ਕ੍ਰਿਪਾਲ ਸਿੰਘ– ਐਟਲਿਸ ਟ੍ਰੈਵਲਜ਼ ਆਫ਼ ਗੁਰੂ ਨਾਨਕ, ਚੰਡੀਗੜ੍ਹ, 1976
3. ਦਲਵਿੰਦਰ ਸਿੰਘ, ਡਾ.– ਗੁਰੂ ਨਾਨਕਸ ਟ੍ਰੈਵਲਜ਼ ਟੂ ਹਿਮਾਲਿਅਨ ਐਂਡ ਈਸਟ ਏਸ਼ੀਅਨ ਰਿਜਨ, ਦਿੱਲੀ, 1999

ਬਾਕੀ ਅਗਲੇ ਹਫ਼ਤੇ ਪੜ੍ਹੋ

# ਸਿਹਤ ਤੇ ਸੁੰਦਰਤਾ




# Samosa? Oh no!-ALERT FOR THOSE HAVE

## HIGH BLOOD PRESSURE AND HIGH CHOLESTEROL AND EXCESS BODY WEIGHT

**Regular Size 1 piece = 90 g, Calories 260, Total Fat 17g, 35% Saturated Fat 7g, Cholesterol 30 mg, Sodium 420 mg, Total Carbohydrate 24g**





Dr. Anil Dheer Columnist. Writer of "Health Alert series" awareness about diet, health and medicine strategy. Alternative Therapist. Health Educator award winner. Social activist. Certified by W.H.O, UNICEF & Canadian Red Cross: PFA Canada. Global Health Reporter. Writer: "Self-care Tips Encyclopedia"

**ਹੈਲਥ ਅਲਰਟ ਸੀਰੀਜ਼-ਅੱਜ ਸਟ੍ਰੀਟ ਫੂਡ** ਸਨੈਕ ਸਮੋਸਾ ਗਲੋਬਲ ਸੁਪਰ ਸਟਾਰ ਬਣ ਚੁੱਕਾ ਹੈ। ਹਰ ਉਮਰ ਦਾ ਵਿਅਕਤੀ ਸਮੋਸਾ ਖਾਣਾ ਪਸੰਦ ਕਰਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਦੱਖਣੀ ਏਸ਼ੀਆਈ ਇਹ ਸਮੋਸਾ ਮਿਡਲ ਈਸਟ ਤੋਂ ਆਏ ਇੱਕ ਮੱਧਕਾਲੀ ਪੂਰਵਜ਼ ਤੋਂ ਲਿਆ ਗਿਆ ਸੀ ਜੋ ਕਿ ਬੇਕ ਕੀਤਾ ਜਾਂਦਾ ਸੀ ਅਤੇ ਡੀਪ ਫਰਾਈ ਨਹੀਂ ਕੀਤਾ ਜਾਂਦਾ ਸੀ। ਕੇਂਦਰੀ ਏਸ਼ੀਆਈ ਸਮੋਸਾ 13ਵੀਂ ਜਾਂ 14ਵੀਂ ਸਦੀ 'ਚ ਮਿਡਲ ਈਸਟ ਅਤੇ ਕੇਂਦਰੀ ਏਸ਼ੀਆ ਦੇ ਸ਼ੈਫ ਦੁਆਰਾ ਭਾਰਤੀ ਉੱਪ ਮਹਾਂਦੀਪ ਵਿਚ ਪ੍ਰਚਾਰਿਤ ਕੀਤਾ ਗਿਆ ਸੀ ਜੋ ਦਿੱਲੀ ਸਲਤਾਨਤ ਦੇ ਸ਼ਾਸਕਾਂ ਲਈ ਰਾਜਸੀ ਵਿਚ ਪਕਾਉਂਦੇ ਸਨ। ਇੱਕ ਸਮੇਂ 'ਤੇ ਸਨੈਕ ਸਮੋਸਾ ਹਰ ਪਾਸੇ ਮਸ਼ਹੂਰ ਹੋ ਗਿਆ। ਅੱਜ ਇਸਦੀ ਮੰਗ ਵਿਸ਼ਵ ਦੇ ਹਰ ਹਿੱਸੇ 'ਚ ਤੇਜ਼ੀ ਨਾਲ ਵੱਧ ਚੁੱਕੀ ਹੈ।

ਸਾਵਧਾਨ ! : ਹਾਈ ਲੈਵਲ ਦੀ ਕੈਲੋਰੀ ਅਤੇ ਫੈਟ ਸਰੀਰ ਅੰਦਰ ਜਾ ਰਿਹਾ ਹੈ। ਸਮੋਸਾ ਡੀਪ ਫਰਾਈ ਹੋਣ ਕਰਕੇ ਸਰੀਰ 'ਤੇ ਮਨ ਨੂੰ ਬਿਮਾਰ ਵੀ ਕਰ ਰਿਹਾ ਹੈ। ਜੋ ਲੋਕ ਹਾਈ ਕੋਲੇਸਟਰੋਲ, ਲੋੜ ਤੋਂ ਵੱਧ ਸਰੀਰ ਦਾ ਵਜ਼ਨ, ਹਾਈ ਬਲੱਡ-ਪ੍ਰੈਸ਼ਰ ਦੇ ਰੋਗੀ ਹਨ ਉਹ ਸੰਭਲ ਜਾਣ। ਵੱਧ ਟ੍ਰਾਂਸ ਫੈਟ ਤੱਤ ਹਾਟਰ-ਅਟੈਕ ਅਤੇ ਸਟ੍ਰੋਕ ਦਾ ਕਾਰਨ ਵੀ ਬਣ ਸਕਦੇ ਹਨ। ਸਮੋਸੇ ਲਈ ਵਰਤਿਆ ਜਾਣ ਵਾਲਾ ਰੀਫਾਂਇੰਡ ਮੈਦਾ ਖੂਨ ਅੰਦਰ ਸ਼ੂਗਰ ਦੇ ਪੱਧਰ ਨੂੰ ਤੇਜ਼ੀ ਨਾਲ ਵਧਾ-ਘਟਾ ਸਕਦਾ ਹੈ। ਜਿਸ ਨਾਲ ਵੱਧੀ ਹੋਈ ਭੁੱਖ ਨਾਲ ਸੰਭਾਵਿਤ ਇੰਸੂਲਿਨ ਰੇਜ਼ਿਸਟੈਂਸ ਹੋ ਸਕਦੀ ਹੈ। ਲਗਾਤਾਰ ਸਮੋਸੇ ਖਾਣ ਨਾਲ ਸਰੀਰ ਅੰਦਰ ਕੋਲੇਸਟਰੋਲ ਲੈਵਲ ਵੱਧ ਜਾਣ ਨਾਲ ਸੋਜ਼ਸ਼ ਦੀ ਸਮੱਸਿਆ ਬਣੀ ਰਹਿ ਸਕਦੀ ਹੈ।

ਨੋਟ: ਸਮੋਸੇ ਦੀ ਜ਼ਿਆਦਾ ਵਰਤੋਂ ਤੰਦਰੁਸਤਾਂ ਨੂੰ ਵੀ ਬਿਮਾਰ ਕਰ ਸਕਦੀ ਹੈ। ਰੋਗੀਆਂ ਨੂੰ ਸੰਭਲ ਜਾਣ ਦੀ ਲੋੜ ਹੈ। ਬਿਮਾਰੀ ਦੀ ਹਾਲਤ 'ਚ ਸਮੋਸਾ ਘੱਟ ਜਾਂ ਵੱਧ ਖਾਣਾ, ਹੁਣ ਫੈਸਲਾ ਤੁਹਾਡਾ ਹੈ।

## ਨਿਊਜ਼ੀਲੈਂਡ ਵਿਗਿਆਨੀਆਂ ਦੀ ਖੋਜ: ਦਿਮਾਗ ਹੀ ਬੀਪੀ ਦਾ ਅਸਲੀ ਮਾਸਟਰਮਾਈਂਡ

**✪ ਹੱਸਣ ਤੇ ਖੰਘਣ ਨਾਲ ਵੀ ਵਧਦਾ ਹੈ ਬਲੱਡ ਪ੍ਰੈਸ਼ਰ**

ਆਕਲੈਂਡ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਖੋਜ ਵਿੱਚ ਦੱਸਿਆ ਕਿ ਬੀਪੀ ਵਧਣ ਵਿੱਚ ਦਿਮਾਗ ਦਾ 'ਲੈਟਰਲ ਪੈਰਾਬ੍ਰੇਕੀਅਲ ਰੀਜਨ' ਵੱਡੀ ਭੂਮਿਕਾ ਨਿਭਾਉਂਦਾ ਹੈ।



ਇਹ ਹਿੱਸਾ ਸਾਡੇ ਆਟੋਮੈਟਿਕ ਕੰਮ ਜਿਵੇਂ ਸਾਹ ਲੈਣਾ ਤੇ ਦਿਲ ਦੀ ਧੜਕਣ ਕੰਟਰੋਲ ਕਰਦਾ ਹੈ। ਜਦੋਂ ਅਸੀਂ ਜ਼ੋਰ ਨਾਲ ਹੱਸਦੇ, ਕਸਰਤ ਕਰਦੇ ਜਾਂ ਖੰਘਦੇ ਹਾਂ ਤਾਂ ਇਹ ਭਾਗ ਸਰਗਰਮ ਹੋ ਜਾਂਦਾ ਹੈ ਤੇ ਖ਼ੂਨ ਦੀਆਂ ਨਲੀਆਂ ਸੁੰਘੜਦੀਆਂ ਹਨ, ਜਿਸ ਨਾਲ ਬੀਪੀ ਵੱਧ ਜਾਂਦਾ ਹੈ।

ਖੋਜ ਮੁਤਾਬਕ ਦਿਮਾਗ ਹੀ ਬੀਪੀ ਦਾ ਕੰਟਰੋਲ ਰੂਮ ਹੈ। ਕੁਝ ਪ੍ਰੋਟੀਨ ਵੀ ਇਸ ਨੂੰ ਜ਼ਿਆਦਾ ਐਕਟਿਵ ਕਰ ਦਿੰਦੇ ਹਨ। ਡਾਕਟਰ ਵਿਨੀਤ ਬੰਗਾ ਦੱਸਦੇ ਹਨ ਕਿ ਨੀਂਦ ਘੱਟ ਹੋਣਾ, ਸਰੀਰਕ ਗਤੀਵਿਧੀ ਨਾ ਕਰਨਾ, ਜੈਨੇਟਿਕ ਕਾਰਨ, ਕਿਡਨੀ ਸਮੱਸਿਆਵਾਂ, ਜ਼ਿਆਦਾ ਕੈਫੀਨ ਜਾਂ ਨਸ਼ੇ ਦੀ ਲਤ, ਘੱਟ ਪਾਣੀ ਪੀਣਾ ਤੇ ਪੇਨਕਿਲਰਾਂ ਦਾ ਜ਼ਿਆਦਾ ਇਸਤੇਮਾਲ ਵੀ ਬੀਪੀ ਵਧਾਉਂਦੇ ਹਨ।

# * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਪਿੰਡ ਪੱਧਰ ਤੋਂ ਸੰਵਿਧਾਨਕ ਜਾਗਰੂਕਤਾ ਮੁਹਿੰਮ ਸ਼ੁਰੂ ਕਰੇਗੀ ਪੰਜਾਬ ਕਾਂਗਰਸ- ਇਕ ਖ਼ਬਰ**

-ਕਾਂਗਰਸ ਪ੍ਰਧਾਨ ਲੋਕਾਂ ਨੂੰ ਪਹਾੜੇ ਵੀ ਯਾਦ ਕਰਵਾਉਣਗੇ। (ਬਾਰਾਂ ਪਾਂਜੇ ਅਠਤਾਲੀ)



***ਹਰਿਆਣਾ ਪੰਜਾਬ ਦੇ ਨਾਲ ਖੜ੍ਹਾ- ਨਾਇਬ ਸਿੰਘ ਸੈਣੀ**

-ਤਾਂ ਹੀ ਨਿੱਤ ਪੰਜਾਬ ਦੇ ਰਾਹ 'ਚ ਕੰਡੇ ਬੀਜਦੇ ਹੋ, ਤੁਸੀਂ ਤੇ ਤੁਹਾਡੀ ਕੇਂਦਰ ਸਰਕਾਰ!



***ਚਰਨਜੀਤ ਸਿੰਘ ਬਰਾੜ ਨੇ ਪੁਨਰ ਸੁਰਜੀਤ ਅਕਾਲੀ ਦਲ ਤੋਂ ਦਿਤਾ ਅਸਤੀਫ਼ਾ- ਇਕ ਖ਼ਬਰ**

-ਕੋਹ ਤੁਰੀ ਨਾ ਅਖੇ ਬਾਬਾ ਤ੍ਰਿਹਾਈ।


***ਅਕਾਲੀ ਦਲ ਦਿਨੋ ਦਿਨ ਨਿਘਾਰ ਵਲ- ਇਕ ਖ਼ਬਰ**

-ਕੀਤੀਆਂ ਲੱਧੀ ਦੀਆਂ ਪੇਸ਼ ਦੁੱਲੇ ਦੇ ਆਈਆਂ।



***25 ਕਰੋੜ ਲੋਕ ਗ਼ਰੀਬੀ ਰੇਖਾ ਤੋਂ ਬਾਹਰ ਆਏ- ਮੋਦੀ**

-ਜਿਨ੍ਹਾਂ ਦੇ ਘਰ ਪੰਜ ਕਿੱਲੋ ਰਾਸ਼ਨ ਪਿਆ ਹੋਵੇ ਉਹ ਤਾਂ ਆਪੇ ਗ਼ਰੀਬੀ ਰੇਖਾ ਤੋਂ ਬਾਹਰ ਹੋ ਗਏ।



***ਸਪੀਕਰ ਸੰਧਵਾਂ ਨੇ ਮਿਲਾਵਟਖੋਰੀ ਛੱਡਣ ਦੀ ਕੀਤੀ ਅਪੀਲ- ਇਕ ਖ਼ਬਰ**

-ਸੰਧਵਾਂ ਸਾਬ ਵਾਦੜੀਆਂ ਸਜਾਦੜੀਆਂ ਅਪੀਲਾਂ ਨਾਲ ਨਹੀਂ ਛੱਡਵਾਈਆਂ ਜਾਂਦੀਆਂ।



***ਗਰੀਨਲੈਂਡ ਨੂੰ ਅਮਰੀਕਾ ਦੇ ਹੱਥਾਂ ਵਿਚ ਰੱਖਣ ਤੋਂ ਘੱਟ ਕੁਝ ਵੀ ਮੰਨਜ਼ੂਰ ਨਹੀਂ- ਟਰੰਪ**

-ਇਕ ਰਾਂਝਣ ਮੈਨੂੰ ਲੋੜੀਦਾ, ਨੀਂ ਮਾਏ ਇਕ ਰਾਂਝਣ ਮੈਨੂੰ ਲੋੜੀਦਾ।



***ਸਰਬਜੀਤ ਕੌਰ ਦੀ ਭਾਰਤ ਵਾਪਸੀ ਫਿਲਹਾਲ ਟਲੀ- ਇਕ ਖ਼ਬਰ**

-ਅਜੇ ਹਨੀਮੂਨ ਪੂਰਾ ਨਹੀ ਹੋਇਆ ਬਈ!

***ਐਸ. ਆਈ. ਟੀਮਾਂ ਰਿਕਾਰਡ ਲੈਣ ਲਈ ਸ਼੍ਰੋਮਣੀ ਕਮੇਟੀ ਦੇ ਦਫ਼ਤਰਾਂ 'ਚ ਪਹੁੰਚੀਆਂ- ਇਕ ਖ਼ਬਰ**

-ਜਦੋਂ ਕੱਢ ਕੇ ਵਹੀ ਲੇਖਾ ਮੰਗਿਆ, ਫੇਰ ਕੀ ਜਵਾਬ ਦੇਵੇਂਗਾ?



***ਬਸਪਾ ਸਾਰੀਆਂ ਚੋਣਾਂ ਇਕੱਲਿਆਂ ਹੀ ਲੜੇਗੀ- ਮਾਇਆਵਤੀ**

-ਮੇਰੀ ਕੱਤਣੀ 'ਚ ਪੈਣ ਫ਼ਰਾਟੇ, ਪੂਣੀਆਂ ਦੇ ਸੱਪ ਬਣ ਗਏ।



***ਫ਼ਸਲ ਬੀਮਾ ਯੋਜਨਾ ਰਾਹੀਂ ਕਿਸਾਨਾਂ ਦੀ ਸੈਂਕੜੇ ਕਰੋੜ ਰੁਪਇਆਂ ਦੀ ਲੁੱਟ ਕੀਤੀ ਜਾ ਰਹੀ ਹੈ- ਭੂਪਿੰਦਰ ਸਿੰਘ ਹੁੱਡਾ**

-ਸਾਰੇ ਜੱਟ ਕਰਜ਼ਾਈ ਕੀਤੇ, ਬਾਣੀਆਂ ਨੇ ਅੱਤ ਚੁੱਕ ਲਈ।



***ਟਰੰਪ ਵਲੋਂ ਯੂਰਪੀ ਦੇਸ਼ਾਂ ਉੱਪਰ ਨਵੇਂ ਟੈਰਿਫ਼ ਦਾ ਸਖ਼ਤ ਵਿਰੋਧ ਸ਼ੁਰੂ- ਇਕ ਖ਼ਬਰ**

-ਗੱਲ ਸੋਚ ਕੇ ਕਰੀਂ ਠਾਣੇਦਾਰਾ, ਅਸਾਂ ਨਹੀਂ ਕਨੌੜ ਝੱਲਣੀ।



***ਧਾਰਮਿਕ ਜੋੜ ਮੇਲਿਆਂ ਵੇਲੇ ਸਿਆਸੀ ਕਾਨਫ਼ਰੰਸਾਂ ਬਾਰੇ ਸਪਸ਼ਟੀਕਰਨ ਦੇਣ ਜਥੇਦਾਰ- ਰਾਜਾ ਵੜਿੰਗ**

-ਜੇ ਤੁਹਾਡੀ ਕਾਨਫ਼ਰੰਸ ਵੀ ਲਗ ਜਾਂਦੀ ਫੇਰ ਕੀਹਨੇ ਸਪਸ਼ਟੀਕਰਨ ਮੰਗਣਾ ਸੀ? ਹੈ ਨਾ ਰਾਜਾ ਸਾਬ!

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



**ਗੁਰੂ ਸਾਹਿਬਾਨ ਨੇ ਭਗਤਾਂ ਦੀ ਬਾਣੀ ਕਿਉਂ ਅਤੇ ਕਿਵੇਂ ਸੰਭਾਲੀ ? ਅਤੇ ਕੀ ਸਿੱਖ ਸਾਹਿਤ ਵਿੱਚੋਂ ਇਨ੍ਹਾਂ ਭਗਤਾਂ ਬਾਰੇ ਕੋਈ ਪੁਰਾਤਨ ਸੂਚਨਾ ਜਾਂ ਕੋਈ ਸਿਮਰਤੀ ਦੀ ਸੂਹ ਮਿਲਦੀ ਹੈ ? ਹਿੰਦੀ ਵਿਦਵਾਨਾਂ ਲਈ ਇਹ ਅਣਜਾਣੀ ਗੱਲ ਬਣੀ ਹੋਈ ਹੈ। ਬਹੁਤੀ ਇਸ ਕਰਕੇ ਕਿ ਸਿੱਖ ਸਾਹਿਤ ਗੁਰਮੁਖੀ ਵਿੱਚ ਹੈ। ਦੂਜਾ ਇਸ ਕਾਰਨ ਕਿ ਹਿੰਦੀ ਵਿਦਵਾਨਾਂ ਨੇ ਇਸ ਪੱਖ 'ਤੇ ਗੰਭੀਰਤਾ ਨਾਲ ਖੋਜ ਨਹੀਂ ਕੀਤੀ । ਭਗਤਾਂ ਦੇ ਜੀਵਨ ਤੇ ਮੱਤ ਬਾਰੇ ਅਨੰਤ ਦਾਸ ਕੀ ਪਰਚਈ, 1645 ਸੰਮਤ ਦੀ ਹੈ । ਸਭ ਤੋਂ ਪ੍ਰਸਿੱਧ ਗ੍ਰੰਥ ਭਗਤਮਾਲ, ਨਾਭਾ ਜੀ ਕ੍ਰਿਤ ਸੰਮਤ 1640 ਤੋਂ 1660 ਦੀ ਰਚਨਾ ਕਿਹਾ ਜਾਂਦਾ ਹੈ ।**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ–26**

ਦੂਜਾ ਗੁਰੂ ਗ੍ਰੰਥ ਸਾਹਿਬ। ਮਹਾਤਮਾ ਦਾਦੂ ਦੇ ਚੇਲੇ ਰੱਜਬ ਜੀ ਨੇ ਸੁਬਾਂਗੀ ਨਾਂ ਹੇਠਾਂ ਸੰਤਾਂ ਭਗਤਾਂ ਦੀਆਂ ਬਾਣੀਆਂ ਦਾ ਸੰਗ੍ਰਹਿ ਕਰਨਾ ਆਰੰਭਿਆ ਉਹ ਬਹੁਤ ਪਿੱਛੋਂ ਦਾ ਹੈ (ਦਾਦੂ ਜੀ ਅਕਬਰ ਅਤੇ ਗੁਰੂ ਅਰਜਨ ਜੀ ਦੇ ਸਮਕਾਲੀ ਸਨ) ਸਰਬਾਂਗੀ ਗ੍ਰੰਥ ਵਿੱਚ ਭਗਤ ਬਾਣੀ ਦੀ ਪੁਣਛਾਣ ਅਤੇ ਤਰਤੀਬ ਕਿਸੇ ਨਿਸ਼ਚਿਤ ਮੱਤ ਦਾ ਨਿਰਗੁਣ ਧਾਰਾ ਨੂੰ ਪ੍ਰਮਾਣਿਤ ਕਰਨ ਲਈ ਨਹੀਂ, ਸਗੋਂ ਜਿਥੋਂ ਜੋ ਮਿਲਿ–ਆ (ਸ਼ਾਇਦ ਸੰਗ੍ਰਹਿ ਵੱਡਾ ਕਰਨ ਦੀ ਭਾਵਨਾ ਨਾਲ) ਇਹ ਗ੍ਰੰਥ ਸੰਚਤ ਕੀਤਾ ਜਾਂਦਾ ਰਿਹਾ ਹੈ। ਸਾਰੇ ਸਾਰਗ੍ਰਾਹੀ ਹਿੰਦੀ ਦੇ ਵਿਦਵਾਨ, ਰਾਮਕੁਮਾਰ ਵਰਮਾ ਤੱਕ ਗੁਰੂ ਗ੍ਰੰਥ ਸਾਹਿਬ ਵਿਚ ਆਏ ਭਗਤਾਂ ਦੇ ਸ਼ਬਦਾਂ

* ਜੋ ਮੂਰਖੋਂ ਕਾ ਨਾਮ ਸੰਤ ਹੋਤਾ ਹੈ ਵੋਹ ਬੇਚਾਰੇ ਵੇਦੋਂ ਕੀ ਮਹਿਮਾ ਕਭੀ ਭੀ ਨਹੀਂ ਜਾਨ ਸਕਤੇ। (ਸਫ਼ਾ 351 ਸਤਿਆਰਥ ਪ੍ਰਕਾਸ਼)

ਜਾਂ ਬਾਣੀ ਨੂੰ ਹੀ, ਇਸ ਭਾਂਤ ਦੇ ਸਭਨਾਂ ਸੈਂਚਿਆਂ ਤੋਂ ਪ੍ਰਾਚੀਨ ਸੰਗ੍ਰਹਿ ਮੰਨ ਰਹੇ ਹਨ। ਇਹ ਸ਼ਾਇਦ ਪਹਿਲਾ ਮੌਕਾ ਹੈ, ਅਸੀਂ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਲਈ ਅਧਾਰ ਬਣਾਈਆਂ ਗਈਆਂ ਪੋਥੀਆਂ ਵਿੱਚ ਆਏ ਉਸ ਤੋਂ ਪਹਿਲਾਂ ਦੀ ਭਗਤ ਬਾਣੀ ਵਾਲੇ ਸੰਗ੍ਰਹਿ ਨੂੰ ਪ੍ਰਗਟ ਕਰ ਰਹੇ ਹਾਂ।


ਗੁਰੂ ਸਾਹਿਬਾਨ ਨੇ ਭਗਤਾਂ ਦੀ ਬਾਣੀ ਕਿਉਂ ਅਤੇ ਕਿਵੇਂ ਸੰਭਾਲੀ ? ਅਤੇ ਕੀ ਸਿੱਖ ਸਾਹਿਤ ਵਿੱਚੋਂ ਇਨ੍ਹਾਂ ਭਗਤਾਂ ਬਾਰੇ ਕੋਈ ਪੁਰਾਤਨ ਸੂਚਨਾ ਜਾਂ ਕੋਈ ਸਿਮਰਤੀ ਦੀ ਸੂਹ ਮਿਲਦੀ ਹੈ ? ਹਿੰਦੀ ਵਿਦਵਾਨਾਂ ਲਈ ਇਹ ਅਣਜਾਣੀ ਗੱਲ ਬਣੀ ਹੋਈ ਹੈ। ਬਹੁਤੀ ਇਸ ਕਰਕੇ ਕਿ ਸਿੱਖ ਸਾਹਿਤ ਗੁਰਮੁਖੀ ਵਿੱਚ ਹੈ। ਦੂਜਾ ਇਸ ਕਾਰਨ ਕਿ ਹਿੰਦੀ ਵਿਦਵਾਨਾਂ ਨੇ ਇਸ ਪੱਖ 'ਤੇ ਗੰਭੀਰਤਾ ਨਾਲ ਖੋਜ ਨਹੀਂ ਕੀਤੀ। ਭਗਤਾਂ ਦੇ ਜੀਵਨ ਤੇ ਮੱਤ ਬਾਰੇ ਅਨੰਤ ਦਾਸ ਕੀ ਪਰਚਈ, 1645 ਸੰਮਤ ਦੀ ਹੈ। ਸਭ ਤੋਂ ਪ੍ਰਸਿੱਧ ਗ੍ਰੰਥ ਭਗਤਮਾਲ, ਨਾਭਾ ਜੀ ਕ੍ਰਿਤ ਸੰਮਤ 1640 ਤੋਂ 1660 ਦੀ ਰਚਨਾ ਕਿਹਾ ਜਾਂਦਾ ਹੈ।

ਸਿੱਖ ਸਾਹਿਤ ਵਿੱਚ ਪ੍ਰਾਣ ਸੰਗਲੀ ਗ੍ਰੰਥ ਦੇ ਨਾਮ ਨਾਲ ਹੱਥ ਲਿਖਤਾਂ (ਤਿੰਨ ਕਾਪੀਆਂ ਮੇਰੇ ਪਾਸ ਹਨ) ਦੇ ਰੂਪ ਵਿੱਚ ਇਹ ਇਕ ਪ੍ਰਸਿੱਧ ਪੁਰਾਣੀ ਰਚਨਾ ਮਿਲਦੀ ਹੈ, ਇਸ ਰਚਨਾ ਬਾਰੇ ਆਦਿ ਗ੍ਰੰਥ ਦੇ ਸੰਕਲਨ ਸਮੇਂ ਪ੍ਰਾਣ ਸੰਗਲੀ ਦੀ ਹੋਂਦ ਸੰਬੰਧੀ ਚਰਚਾ ਕੀਤੀ ਗਈ ਹੈ: ਸੰਮਤ ਬਿਕਰਮੀ, 1691 ਜਾਂ 1634 ਈ: (ਜਨਮ ਸਾਖੀ ਪਰੰਪਰਾ ਪੰਨਾ XV ਅਨੁਸਾਰ) ਵਿੱਚ ਲਿਖੀ ਗਈ ਵਲੈਤ ਵਾਲੀ ਪ੍ਰਾਚੀਨ ਜਨਮ–ਸਾਖੀ ਵਿੱਚ ਇਸ ਗ੍ਰੰਥ ਸੰਬੰਧੀ ਲਿਖਤ ਇੰਝ ਦਿੱਤੀ ਗਈ ਹੈ:

ਸਿੰਗਲਾਦੀਪ ਕੀ ਸੰਗਤਿ ਕੀ ਰਹੁਰਾਸਿ। ਜਬ ਰਾਤ ਪਵੈ ਤਾ ਸਬ ਇਕਠੇ ਹੋਇ ਬਹਿਨ ਧਰਮਸਾਲਾ ਤਬ ਇਕ ਸਿਖ ਪਰਸਾਦੁ ਰਾਤੀ ਕਹਿ ਜਾਵੈ। ਭਲਕੇ ਇਕੱਠੇ ਜਾਇ ਖਾਵਨਿ। ਜਿਸ ਸਿੱਖ ਦੇ ਪ੍ਰਸਾਦਿ ਹੋਵੇ ਤਿਸ ਕੇ ਇੱਕੀਸ ਮਣ ਲੂਣ ਰਸੋਈ ਪਵੈ। ਉਤ ਮਹਿਲ ਗੁਹਜੀ ਬਾਣੀ ਪ੍ਰਗਾਸ ਹੋਈ। ਸ੍ਰੀ ਸਤਿਗੁਰ ਪ੍ਰਸਾਦਿ। ਲਿਖਤ ਪ੍ਰਾਣ ਸੰਗਲੀ ਸੁੰਨ ਮਹਲ ਕੀ ਕਥਾ ਨਿਰੰਕਾਰ ਕਾ ਧਿਆਨ ਗੁਹਜੀ ਬਾਣੀ। ਬਾਬੇ ਕਾ ਬੋਲਣਾ ਪ੍ਰਾਣ ਪਿੰਡ ਕਾ ਮਥੇਤ। ਤਦਹੂੰ ਬਾਬਾ ਪਾਉਣ ਅਹਾਰ ਕਰਤਾ ਥਾ, ਸਮੁੰਦ੍ਰ ਕੇ ਮਾਹਿ ਹੋਈ। ਸਿੰਘਲਾ ਦੀਪ ਰਾਜੇ ਸਿਉ ਨਾਭ ਕੀ ਧਰਤੀ ਹੋਈ। ਤਦਹੂੰ ਨਾਲਿ ਸੈਦੋ ਅਤੇ ਸੀਹੋ ਬੇ ਸਿਖ, ਤਬ ਪ੍ਰਾਣ ਸੰਗਲੀ ਹੋਈ। ਤਿਤ ਮਹਿਲ ਪ੍ਰਾਣ ਸੰਗਲੀ ਹੋਈ, ਦੇਹੀ ਕੀ ਚੀਨ ਪਰ, ਲੈ ਕਿਨੇ ਨਾ ਸਕੀਆਂ ਉਥੇ ਹੀ ਛੱਡੀ।

(ਸਾਖੀ ਨੰ. 47. ਜਨਮ ਸਾਖੀ ਵਲੈਤ ਵਾਲੀ)

ਇਹ ਪ੍ਰਾਣ ਸੰਗਲੀ ਪੋਥੀ ਕੀ ਹੈ ਅਤੇ ਹੁਣ ਮਿਲਦੀਆਂ ਪੋਥੀਆਂ ਤੇ ਪੁਰਾਤਨ ਬੀੜਾਂ, ਜਨਮ ਸਾਖੀਆਂ ਤੇ ਹੋਰਨਾਂ ਗ੍ਰੰਥਾਂ ਵਿੱਚ ਮਿਲਦੇ ਇਸਦੇ ਰੂਪ ਕਿਤਨੇ ਪੁਰਾਣੇ ਹਨ ? ਵਿਚਾਰ ਦਾ ਇਹ ਵੱਖਰਾ ਵਿਸ਼ਾ ਹੈ। ਪ੍ਰਸੰਗ ਵਸ ਇਥੇ ਇਹ ਜਾਨਣਾ ਜ਼ਰੂਰੀ ਹੈ ਕਿ ਕੁਝ ਹੱਥ ਲਿਖਤ ਬੀੜਾਂ ਤੇ ਪ੍ਰਾਚੀਨ ਪੋਥੀਆਂ ਵਿੱਚ ਕਿਸੇ ਵਿੱਚ ਬਹੁਤੀ ਕਿਧਰੇ ਥੋੜ੍ਹੀ ਲਿਖੀ ਮਿਲਦੀ ਹੈ, ਇਸ ਪ੍ਰਸੰਗ ਵਿੱਚ ਸੰਤ ਸੰਪੂਰਨ ਸਿੰਘ ਜੀ ਨੂੰ ਪ੍ਰਾਪਤ ਹੋਈ ਪ੍ਰਾਣ ਸੰਗਲੀ–ਖਾਸ ਦਰਜਾ ਰੱਖਦੀ ਹੈ। ਜਿਸ ਦਾ ਉਨ੍ਹਾਂ ਵੈਲਵੀਡੀਅਰ ਯੰਤ੍ਰਾਲਯ ਅਲਾਹਬਾਦ ਵਿੱਚ 1917 ਵਿੱਚ ਹਿੰਦੀ ਅੱਖਰਾਂ ਵਿੱਚ ਉਲਥਾ ਕਰਕੇ ਛਪਵਾਇਆ ਸੀ। ਤਿੰਨ ਜਿਲਦਾਂ ਵਿੱਚ ਕਰਕੇ ਛਾਪੇ ਗਏ ਗ੍ਰੰਥ ਵਿੱਚ ਹੋਰ ਪੋਥੀਆਂ ਨਾਲੋਂ ਵਧੇਰੇ ਸਮੱਗਰੀ ਆਈ ਹੈ।




ਇਸ ਪੋਥੀ ਦੇ ਭਾਗ ਦੂਜੇ ਦਾ ਸਫ਼ਾ 243 ਤੋਂ ਅਧਿਆਇ ਤੇਰ੍ਹਵਾਂ ਆਰੰਭ ਹੁੰਦਾ ਹੈ। ਆਰੰਭ ਵਿੱਚ ਸੂਚਨਾ ਹੈ– ਗੋਸ਼ਟੀ ਸ੍ਰੀ ਰਾਮਾਨੰਦ ਨਾਲ ਹੋਈ। ਇਸ ਦੇ ਹੇਠਾਂ ਸੰਤ ਜੀ ਨੇ ਲੰਮਾ ਫੁੱਟ ਨੋਟ ਦਿੱਤਾ ਹੈ, ਉਸ ਵਿੱਚ ਦੱਸਿਆ ਹੈ ਕਿ, ਗੁਰੂ ਜੀ ਨੇ ਕਾਂਸ਼ੀ ਵਿੱਚ ਸ਼ਬਦ (ਗਿਆਨ) ਦੇ ਪ੍ਰਭਾਵ ਸਦਕਾ ਪੰਡਤਾਂ, ਚਤਰ ਦਾਸ ਆਦਿ ਵਿਦਵਾਨਾਂ ਨਾਲ ਅਨੇਕ ਤਰ੍ਹਾਂ ਦੀਆਂ ਗੋਸ਼ਟੀਆਂ ਕਰਕੇ ਵਿਜੈ ਹਾਸਲ ਕਰ ਲਈ ਤਾਂ ਗੁਰੂ ਜੀ ਦੀ ਸਾਰੀ ਕਾਂਸ਼ੀ ਵਿੱਚ ਪ੍ਰਸਿੱਧੀ ਫੈਲ ਗਈ ਕਿ ਭਵਿਸ਼ ਦੇ ਹਾਲ ਦੱਸਣ ਵਾਲੇ ਗ੍ਰੰਥ (ਭਵਿਸ਼ਤ ਪੁਰਾਣ) ਵਿੱਚ ਦਿੱਤੀ ਗਈ ਸੂਚਨਾ ਸਹੀ ਹੋ ਰਹੀ ਹੈ: ਪੱਛਮ ਦੇਸ਼ ਤੋਂ ਪ੍ਰਗਟ ਹੋਣ ਵਾਲੇ ਕਲਯੁੱਗ ਦੇ ਅਵਤਾਰ ਨਾਨਕ ਜੀ ਏਹੋ ਹੀ ਸਨ, ਜੋ ਇਸ ਵੇਲੇ ਕਾਂਸ਼ੀ ਆਏ ਹੋਏ ਹਨ ਤਾਂ ਰਾਮਾਨੰਦ ਜੀ ਨੇ ਬ੍ਰਿਤਾਂਤ ਨੂੰ ਸੁਣਕੇ ਆਪਣੇ ਚੇਲਿਆਂ ਤੋਂ ਪੁੱਛਿਆ, ਉਹ ਕਿਥੇ ਨਿਵਾਸ ਕਰਦੇ ਹਨ ? ਤਾਂ ਚੇਲਿਆਂ ਨੇ ਕਿਹਾ– ਉਹ ਰਾਤ ਨੂੰ ਬਣਾਂ ਵਿੱਚ ਗੁਪਤ ਹੋ ਜਾਂਦੇ ਹਨ, ਦਿਨੇ ਹੀ ਉਨ੍ਹਾਂ ਦੇ ਨਗਰ ਵਿੱਚ ਦਰਸ਼ਨ ਹੁੰਦੇ ਹਨ। ਤਾਂ ਇਹ ਸੁਣਕੇ ਆਪਣੇ ਸ਼ਿਸ਼–ਮੰਡਲ ਦੇ ਸਾਥ ਰਾਮਾਨੰਦ ਜੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ ਔਰ ਪ੍ਰਣਾਮ ਕਰਕੇ ਬੈਠ ਗਏ। ਗੁਰੂ ਸਾਹਿਬ ਨੇ ਭੀ ਪਰਮ ਸਤਿਕਾਰ ਸੇ ਪੂਛਾ:

ਆਉ ਸਵਾਮੀ ਰਾਮਾਨੰਦ ਜੀ ਪੁਰਾਤਨ ਜੋਗੀਸ਼ਵਰ ਜੀ ਸਰਵ ਕੁਸ਼ਲ ਤੋਂ ਹੋ ਗੁਸਾਈ ਜੀ ਕੁਸ਼ਲ ਸਮਾਚਾਰ ਕਾ ਉਤਰ ਦੇ ਕਰ ਬੋਲੇ: ਤੁਮਾ ਜੀ ਹਮਰਾ ਪ੍ਰਸ਼ਨ ਹੈ, ਉਸਕਾ ਉਤਰ ਸੁਣ ਕਰ ਦੇਵੋ (ਉਸ ਸਮੇਂ ਯਹਿ ਗੋਸ਼ਟ ਪ੍ਰਸਪਰ ਹੋਈ) ਪ੍ਰੰਤੂ ਸਿਧੋਂ ਕੋ ਯੋਗ ਵੈਰਾਗ ਕਾ ਉਪਦੇਸ਼ ਸੁਨਾਤੇ ਸਮੇਂ ਰਾਜਾ ਸ਼ਿਵਨਾਥ ਕੇ ਵੈਸ਼ਣਵ ਧਰਮ ਕਾ ਹੋਨੇ ਕਾਰਨ ਉਸਕੇ ਭੀਤਰ ਕੀ (ਵੈਸ਼ਣਵ ਪੰਥੀ) ਟੇਕ ਛੁਡਾਨੇ ਨਮਿਤ ਵੈਰਾਗੀ ਮਤ ਕੇ ਉਸ ਸਮੇਂ ਕਿ ਪ੍ਰਸਿੱਧ ਅਚਾਰਯ, ਰਾਮਾਨੰਦ ਜੀ ਤਥਾ ਉਨਕੇ ਮੁਖ ਸ਼ਿਸ਼ (ਕਬੀਰ) ਕੇ ਸਾਥ ਅਪਨੀ ਹੁਈ ਗਯਾਨ ਗੋਸ਼ਟੀ ਕੇ ਪ੍ਰਸੰਗ ਪਾ ਕਰ ਯਹਾਂ ਦੁਹਰਾਯਾ ਜਾਨ ਪੜਤਾ ਹੈ।

(ਸਫ਼ਾ 243–44 ਉਤੇ ਆਏ ਲੰਮੇ ਵਿਰਤਾਂਤ ਦਾ ਸਾਰ)

ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ

ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ ਡਾਰਟਫੋਰਡ ਕੈਂਟ ਵਿਖੇ
ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

ਇਸ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ, ਜੋ ਕੀਰਤਨ ਅਤੇ ਤਬਲਾ ਚੰਗੀ ਤਰ੍ਹਾਂ ਜਾਣਦਾ ਹੋਵੇ । ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ ਜਿਹਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸ਼ਾਮਿਲ ਹਨ । ਉਸ ਦੇ ਕੋਲ ਸਿੱਖ ਧਰਮ ਬਾਰੇ ਗਿਆਨ ਹੋਣਾ ਲਾਜ਼ਮੀ ਹੈ । ਕੰਮ ਅਤੇ ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਦੇ ਮੁਤਾਬਕ ਤਨਖਾਹ, ਖਾਣਾ ਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਦਿੱਤੀ ਜਾਵੇਗੀ । ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ । ਹਫ਼ਤੇ ਦਾ ਘੱਟੋ–ਘੱਟ 23 ਘੰਟੇ ਕੰਮ ਹੋਵੇਗਾ । ਤਨਖਾਹ £12·71 ਪੌਂਡ ਘੰਟੇ ਦੀ ਹੋਵੇਗੀ।

ਆਪਣੇ ਪੂਰੇ ਵੇਰਵੇ ਸਮੇਤ ਅਰਜ਼ੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੇਠਾਂ ਦਿੱਤੇ ਪਤੇ 'ਤੇ 26 ਫਰਵਰੀ 2026 ਤੱਕ ਭੇਜੋ ਜੀ ।

VACANCY for RELIGIOUS WORKER at
GURU HARGOBIND SAHIB GURDWARA, DARTFORD, KENT

Religious worker required at Guru Hargobind Sahib Gurdwara, Dartford, Kent. He Must have sufficient experience to do the Paath reciting Guru Granth Sahib with good command, and also they must know to do Kirtan and play Tabla. He would be performing all the Gurdwara duties as per our requirements. Must have right to work in uk. Accommodation and meals free and Salary £12.71 per hour.

Minimum hours will be 23hrs. per week.

Please send your applications to Gurdwara management committee on address given below or Email: ghsdartford@outlook.com

CLOSING DATE: 26th FEBRUARY 2026

GURDWARA GURU HARGOBIND SAHIB

8-10 Highfield Road, Dartford, Kent, DA1 2JJ (Charity No.1127047)

# ਕਾਵਿ-ਕਿਆਰੀ


## ਇਕ ਹੋਰ ਨੀਰੂ

ਮੈਂ ਇਸ ਲਈ ਤੇਰੇ ਦਰਦ
ਨਹੀਂ ਲਿਖਦੀ ਕਿ ਮੈਂ
ਕੋਈ ਲੇਖਕ ਹਾਂ
ਇਸ ਲਈ ਤੇਰੀਆਂ ਅੱਖਾਂ
ਨਹੀਂ ਪੜ੍ਹਦੀ
ਇਸ ਲਈ ਤੇਰੀ ਨਬਜ਼
ਨਹੀਂ ਫੜਦੀ ਕਿ ਮੈਂ ਕੋਈ
ਲੇਖਕ ਹਾਂ
ਲੇਖਕ ਤਾਂ ਸੋਚ ਦੇ
ਡੂੰਘੇ ਸਾਗਰ ਵਿੱਚ
ਡੁੱਬ ਕੇ ਕੋਈ ਦਰਦ
ਬਿਆਨ ਕਰ ਦਿੰਦੈ
ਮੈਂ ਤਾਂ ਤੈਨੂੰ ਇਸ ਲਈ
ਲਿਖਦੀ ਹਾਂ ਕਿ
ਆਪਣੇ ਆਪ ਨੂੰ ਇਨ੍ਹਾਂ
ਕਵਿਤਾਵਾਂ ਵਿੱਚ ਪੜ੍ਹ ਕੇ
ਤੇਰਾ ਮਨ ਹੌਲਾ ਹੋ ਸਕੇ
ਇਸ ਲਈ ਤੈਨੂੰ ਲਿਖਦੀ ਹਾਂ
ਕਿਉਂਕਿ
ਤੇਰੀਆਂ ਅੱਖਾਂ ਵਿੱਚਲਾ ਦਰਦ
ਕਦੇ ਮੇਰੇ ਅੰਦਰ ਵੀ ਸੀ
ਤੇਰੀਆਂ ਪੀੜ੍ਹਾਂ ਦਾ ਰਾਗ
ਕਦੇ ਮੈਂ ਵੀ ਗਾਇਆ
ਕਰਦੀ ਸਾਂ
ਆਪਣੇ ਜ਼ਖ਼ਮਾਂ ਨੂੰ ਆਪ
ਕਦੇ ਮੈਂ ਵੀ ਸਹਿਲਾਇਆ
ਕਰਦੀ ਸਾਂ
ਨਹੀਂ ਮੈਂ ਤੈਨੂੰ ਇਸ ਲਈ ਨਹੀਂ
ਲਿਖਦੀ ਕਿ ਮੈਂ
ਇਕ ਲੇਖਕ ਹਾਂ
ਮੈਂ ਤਾਂ ਤੈਨੂੰ ਇਸ ਲਈ
ਸਮਝਦੀ ਆਂ
ਕਿਉਂਕਿ ਮੇਰੇ ਇਹੋ ਦਰਦ
ਕਿਸੇ ਨੇ ਸਮਝੇ
ਨਹੀਂ ਸਨ
ਸੁਣੇ ਨਹੀਂ ਸਨ
ਮੇਰੀਆਂ ਅੱਖਾਂ ਕਿਸੇ ਨੇ
ਪੜ੍ਹੀਆਂ ਨਹੀਂ ਸਨ
ਮੇਰੇ ਵੀ ਜ਼ਖ਼ਮਾਂ 'ਤੇ
ਕਿਸ ਨੇ ਮੱਲ੍ਹਮ ਨਹੀਂ
ਸੀ ਲਗਾਇਆ
ਮੇਰੇ ਵੀ ਦੁੱਖਾਂ ਨੂੰ ਕਿਸੇ ਨੇ
ਆਪਣਾ ਨਹੀਂ ਸੀ
ਬਣਾਇਆ
ਮੇਰੇ ਅਣਸੁਲਝੇ ਖ਼ਿਆਲ
ਕਿਸੇ ਨੇ ਨਹੀਂ ਸਨ
ਸੁਲਝਾਏ
ਮੇਰੇ ਅੰਦਰ ਉੱਠਦੇ ਵਾ-ਵਰੋਲੇ
ਕਿਸੇ ਨੇ ਨਹੀਂ ਸਨ
ਦਬਾਏ
ਇਸ ਲਈ ਮੈਂ ਰੱਜ ਕੇ
ਸੁਣਨਾ ਚਾਹੁੰਦੀ ਹਾਂ
ਤੇਰੀ ਹਰ ਗੱਲ
ਲਿਆਉਣਾ ਚਾਹੁੰਦੀ ਹਾਂ
ਖ਼ੁਦ ਵਿੱਚ ਇਹ ਵੱਲ
ਕਿ ਤੈਨੂੰ ਦੇਖ ਸਕਾਂ
ਸੁਣ ਸਕਾਂ, ਸਮਝ ਸਕਾਂ
ਅਤੇ ਤੈਨੂੰ ਤੇਰੇ ਹੀ
ਸ਼ਬਦਾਂ ਵਿੱਚ ਲਿਖ ਸਕਾਂ
ਤੈਨੂੰ ਕਿਸੇ ਕਾਗਜ਼ 'ਤੇ
ਉਲੀਕ ਸਕਾਂ ਉਹ ਵੀ
ਸਾਫ਼ ਸਾਫ਼
ਤਾਂ ਕਿ ਇਕ ਹੋਰ
ਨੀਰੂ ਨਾ ਬਣੇ।-**ਨੀਰੂ ਜੱਸਲ**

## ਅਲਵਿਦਾ

**ਤੁਰ ਗਏ ਨੇ ਯਾਰ ਸਾਡੇ, ਬੜੇ ਚਾਅ ਮਲ੍ਹਾਰ ਕਰਕੇ**
**ਜਾਂਦੇ ਸੁਨੇਹਾ ਦੇ ਗਏ, ਸਰਨਾ ਹੈ ਪਿਆਰ ਕਰਕੇ**

**ਜੱਗ ਬੜਾ ਹੈ ਪਿਆਰਾ, ਅੱਖਰ ਜੇ ਹੋਏ ਸਹਾਰਾ**
**ਨਹੀਂ ਤਾਂ ਗੰਢਦੇ ਨੇ ਰਿਸ਼ਤੇ, ਖੰਭਾਂ ਦੀ ਡਾਰ ਕਰਕੇ**



**ਜੀਂਦੇ ਹੀ ਜੀਅ ਉਹਨਾ ਨੂੰ, ਰੋਣਾ ਬੜਾ ਹੈ ਪੈਣਾ**
**ਰੱਖਦੇ ਨੇ ਰਿਸ਼ਤਿਆਂ ਨੂੰ, ਜੋ ਤਾਰ ਤਾਰ ਕਰਕੇ**

**ਜੇ ਸਾਥ ਮਾਨਣੇ ਨੇ, ਸੱਥਾਂ ਨੂੰ ਸਾਂਭ ਲਈਏ**
**ਨਹੀਂ ਤਾਂ ਡੋਲਦੀ ਹੈ ਧਰਤੀ, ਮਤਲਬ ਦੇ ਭਾਰ ਕਰਕੇ**

**ਜੀਂਦੇ ਜੀਅ ਮੁਕਤ ਹੋਣਾ, ਵਿਰਲੇ ਹੀ ਜਾਣਦੇ ਨੇ**
**ਓਹੀ ਮਾਣਦੇ ਨੇ ਜੀਵਨ, ਜੀਅ ਦਾ ਨਿਖਾਰ ਕਰਕੇ**

**ਜੰਤਰ ਦਾ ਯੁੱਗ ਹੈ ਬੰਦਾ ਵੀ ਹੋ ਰਿਹਾ ਹੈ ਜੰਤਰ**
**ਬੜੇ ਬਦਲ ਰਹੇ ਨੇ ਰਿਸ਼ਤੇ, ਦੇਖੋ ਔਜ਼ਾਰ ਕਰਕੇ**

**ਸੱਚ ਪੁੱਛੋ ਤਾਂ ਇਜ ਮੌਤ ਹੀ ਏ, ਜੀਣ ਦਾ ਇਸ਼ਾਰਾ**
**ਜੀਵਨ ਨੂੰ ਅਰਥ ਮਿਲਦੇ, ਜੀਵਨ ਉਧਾਰ ਕਰਕੇ**

**'ਢੇਸੀ' ਸਮਾਂ ਹੈ ਹਾਲੇ, ਜੇ ਤੂੰ ਮਾਨਣੀ ਮੁੱਹਬਤ**
**ਪੌਡਾਂ ਦੇ ਭਾਅ ਬਥੇਰੇ, ਦੇਖੇ ਵਿਹਾਰ ਕਰਕੇ**
**ਕੁਲਵੰਤ ਸਿੰਘ 'ਢੇਸੀ' ਕਾਵੈਂਟਰੀ, ਯੂ ਕੇ**

## ਸਰਬੱਤ ਦਾ ਭਲਾ

ਮੰਗੋ ਭਲਾ ਸਰਬੱਤ ਦਾ ਹੀ,
ਮੰਗੋ ਸਭ ਦੀ ਖੈਰ ਵੇ ਲੋਕੋ ।
ਸੁਣੋ ਮੰਗਤੇ, ਗਰੀਬ, ਮਜਬੂਰ ਦੀ,
ਐਵੇ ਧਰਕੇ ਨਾ ਲੰਘੋ ਪੈਰ ਵੇ ਲੋਕੋ।
ਛਾਂ ਬਣੋ ਜੋ ਤਪਦੇ ਨੂੰ ਠਾਰੇ,
ਨਾ ਬਣੋ ਸ਼ਿਖਰ ਦੁਪਹਿਰ ਵੇ ਲੋਕੋ।
ਜੀਣ ਦਿਓ ਅਣ-ਜੰਮੀਆਂ ਨੂੰ ਵੀ,
ਨਾ ਢਾਹੋ ਕੁੱਖ 'ਤੇ ਕਹਿਰ ਵੇ ਲੋਕੋ।
ਨਾ ਕਰੋ ਵਧੀਕੀ,ਅਤਿਆਚਾਰ ਐਵੇ।
ਵਸਣ ਦਿਓ ਮੇਰਾ ਸ਼ਹਿਰ ਵੇ ਲੋਕੋ।
ਇਸ ਨੇ ਲੱਖਾਂ ਹੀ ਘਰ ਸਾੜੇ,
ਛੱਡ ਦਿਓ ਪੀਣਾ ਜ਼ਹਿਰ ਵੇ ਲੋਕੋ।
ਅਸੀਂ ਹੀ ਹਾਂ ਚਲਾਉਣੀ ਜਿਨ੍ਹਾਂ ਨੇ,
ਯੁੱਗ ਬਦਲਣ ਦੀ ਲਹਿਰ ਵੇ ਲੋਕੋ।
ਦੁਨੀਆਂ ਸਵਰਗ ਬਣੇ ਰਛਪਾਲ,
ਈਦ ਬਣੇ ਹਰ ਪਹਿਰ ਵੇ ਲੋਕੋ।



ਰਛਪਾਲ ਸਿੰਘ ਰੈਸਲ ਹਰੀਦਾਸ ਕਲੋਨੀ ਨਾਭਾ

## ਕਵਿਤਾ- ਸੇਵਾ ਲਿਬਾਸ

ਡਾ. ਮੁਹਿੰਦਰ ਸਿੰਘ ਰਾਏ

ਹਨ ਰਹਿਣੇ ਹਮੇਸ਼ਾ ਜੰਮਦੇ,
ਘਰ ਗ਼ੱਦਾਰਾਂ ਦੇ ਗ਼ੱਦਾਰ।
ਭਾਵੇਂ ਦੇਖਣੇ ਨੂੰ ਤਾਂ ਲੱਗਦੇ,
ਉਹ ਵੀ ਹਨ ਸਰਦਾਰ।
ਰਹੇ ਜੁੱਤੀ ਚੱਟ ਸਰਕਾਰ ਦੇ,
ਇਹਨਾਂ ਦੀ ਨਾ ਕੋਈ ਜ਼ਮੀਰ।
ਇਹ ਕੌਮ ਨਾਲ ਕਰ ਗਦਾਰੀਆਂ,
ਹਥਿਆਉਂਦੇ ਰਹਿਣ ਜਗੀਰ।
ਨਾ ਇਹਨਾਂ ਦੇ ਘਰ ਜੰਮਣੇ,
ਕੋਈ ਦੁਲੇ ਭੱਟੀ ਨਾ ਕੋਈ ਮੌੜ।
ਰੱਖੀਆਂ ਨਾਲ ਅਬਦਾਲੀ ਵੀ ਯਾਰੀਆਂ,
ਤੇ ਰੱਖੇ ਅੰਗਰੇਜ਼ਾਂ ਨਾਲ ਵੀ ਜੋੜ।



ਇਹਨਾਂ ਸਿੱਖੀ ਦਿਲੋਂ ਵਿਸਾਰ ਲਈ,
ਬਣੇ ਡੇਰਿਆਂ ਦੇ ਪੈਰੋਕਾਰ।
ਜਿੱਧਰੋਂ ਵੀ ਵੋਟਾਂ ਮਿਲਦੀਆਂ,
ਇਹ ਓਧਰ ਜਾਣ ਪਧਾਰ।
ਇਹ ਚੋਰਾਂ ਦੀ ਜੁੰਡਲੀ ਦੇ,
ਨੇ ਬਣ ਬੈਠੇ ਸਰਦਾਰ।
ਗੋਲਕ ਗੁਰੂ ਦੀ ਤੇ ਬੈਠ ਗਏ,
ਇਹ ਆਪਣੇ ਫ਼ਨ ਖਿਲਾਰ।
ਜੇ ਕਿਤੇ ਕੋਈ ਉਠਦੀ,
ਕੋਈ ਦੱਬੀ ਜਿਹੀ ਆਵਾਜ਼,
ਇਹ ਘੰਡੀ ਜਾ ਮਰੋੜਦੇ,
ਖੋਹ ਲੈਣ ਅਹੁਦੇ ਤਾਜ।
ਸਮਝਣ ਗਲਤੀਆਂ ਸਾਰੀਆਂ ਮੰਨਕੇ,
ਫਿਰ ਦੁੱਧ ਧੋਤੇ ਗਏ ਨੇ ਹੋ।
ਫਿਰ ਹੱਥ ਕੰਡੇ ਅਜ਼ਮਾਉਣਗੇ,
ਨਾ ਛੱਡਣਗੇ ਕੁਰਸੀ ਮੋਹ।
ਜਦੋਂ ਹੋਵੇ ਹੇਠਾਂ ਕੁਰਸੀ,
ਤਾਂ ਬੰਦੀ ਸਿੰਘ ਨਾ ਚੇਤੇ ਆਉਣ।
ਹੁਣ ਉਹਨਾਂ ਨੂੰ ਛਡਵਾਉਣ ਲਈ,
ਇਹ ਰੋਜ਼ ਅਵਾਜ਼ਾਂ ਲਾਉਣ।
ਕਾਲੇ ਤਿੰਨ ਕਨੂੰਨਾਂ ਤੇ ਵੀ,
ਦਿੱਤੀ ਸੀ ਸਹੀ ਪਾ।
ਵਿੱਚੋਂ ਵਿੱਚ ਕਿਸਾਨੀ ਸੰਘਰਸ਼ ਨੂੰ,
ਲਾਉਂਦੇ ਰਹੇ ਸੀ ਢਾਹ।
ਇਹ ਸੌ ਵਾਰੀ ਝੂਠ ਬੋਲ ਕੇ,
ਝੂਠ ਬਨਾਵਣ ਸੱਚ।
ਪਰ ਸੱਚ ਬੜਾ ਅਡੋਲ ਹੈ,
ਹੋਵੇ ਨਾ ਟੱਸ ਤੋਂ ਮੱਸ।
ਸੱਚ ਨੂੰ ਦਬਾ ਕੇ ਸਦਾ,
ਇਹ ਝੂਠ ਨੂੰ ਚਮਕਾਉਂਦੇ ਰਹੇ।
ਪਾ ਕੇ ਲਿਬਾਸ ਨੇਕੀ ਸੇਵਾ ਦਾ,
ਫਰੇਬ ਕਰਵਾਉਂਦੇ ਰਹੇ ।
ਬੋਰਡ ਲੱਗੇ ਸੇਵਾ ਅਤੇ ਤਰੱਕੀ ਦੇ,
ਦੇਖੋ ਹਰ ਗਲੀ ਮੋੜ ਤੇ।
'ਰਾਏ ' ਪੰਜਾਬ ਕਰਜ਼ਾਈ ਕਰ ਦਿੱਤਾ,
ਅਤੇ ਪਿੰਡ ਅੱਧੇ ਰੋੜ੍ਹ ਤੇ।

* * * * * * *

# ਪੰਜਾਬ ਵਿੱਚ ਯੂਏਪੀਏ ਤਹਿਤ 259 ਗ੍ਰਿਫ਼ਤਾਰੀਆਂ, ਪਰ ਸਜ਼ਾ ਦੀ ਦਰ ਸਿਫ਼ਰ

## ✪ ਸਿੱਖ ਨੌਜਵਾਨਾਂ ਵਿਰੁੱਧ ਪੰਜਾਬ ਵਿੱਚ ਯੂਏਪੀਏ ਦੀ ਵਰਤੋਂ ਕਿਉਂ, ਮਨੁੱਖੀ ਅਧਿਕਾਰ ਆਗੂਆਂ ਨੇ ਉਠਾਏ ਸੁਆਲ






ਭਾਰਤ ਭਰ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਨੂੰ ਲੈ ਕੇ ਵਿਵਾਦ ਵਧ ਰਹੇ ਹਨ। ਇਸ ਕਾਨੂੰਨ ਨੂੰ ਅੱਤਵਾਦ ਵਿਰੋਧੀ ਕਾਨੂੰਨ ਵਜੋਂ ਪੇਸ਼ ਕੀਤਾ ਜਾਂਦਾ ਹੈ ਪਰ ਇਸ ਦੀ ਵਰਤੋਂ ਨੂੰ ਮਨੁੱਖੀ ਅਧਿਕਾਰਾਂ ਦੇ ਵਿਰੋਧ ਵਜੋਂ ਵੇਖਿਆ ਜਾ ਰਿਹਾ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ, 2019 ਤੋਂ 2023 ਤੱਕ ਦੇਸ਼ ਭਰ ਵਿੱਚ ਇਸ ਕਾਨੂੰਨ ਤਹਿਤ 5,690 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਸਨ ਪਰ ਸਿਰਫ਼ 288 (5 ਫੀਸਦੀ) ਨੂੰ ਹੀ ਸਜ਼ਾ ਹੋਈ ਹੈ। ਪੰਜਾਬ ਅਤੇ ਜੰਮੂ-ਕਸ਼ਮੀਰ ਵਿੱਚ ਤਾਂ ਸਜ਼ਾ ਦੀ ਦਰ ਸਿਫ਼ਰ ਰਹੀ ਹੈ। ਇਹ ਅੰਕੜੇ ਇਸ ਕਾਨੂੰਨ ਨੂੰ ਮਨੁੱਖੀ ਅਧਿਕਾਰ ਦੀ ਉਲੰਘਣਾ ਵਾਲੇ ਹਥਿਆਰ ਵਜੋਂ ਵਰਤਣ ਦੇ ਇਲਜ਼ਾਮਾਂ ਨੂੰ ਮਜ਼ਬੂਤ ਕਰਦੇ ਹਨ।

ਯੂਏਪੀਏ ਕਾਨੂੰਨ 30 ਦਸੰਬਰ 1967 ਨੂੰ ਲਾਗੂ ਹੋਇਆ ਸੀ। ਇਸ ਦਾ ਮੁੱਖ ਮਕਸਦ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਵਿਰੁੱਧ ਹੋਣ ਵਾਲੀਆਂ ਗਤੀਵਿਧੀਆਂ (ਖ਼ਾਸ ਕਰਕੇ ਵੱਖਵਾਦੀ ਲਹਿਰਾਂ) ਨੂੰ ਰੋਕਣਾ ਸੀ।

ਸ਼ੁਰੂਆਤ ਵਿੱਚ ਇਹ ਸਿਰਫ਼ 'ਜਥੇਬੰਦੀਆਂ' ਜਾਂ 'ਸੰਗਠਨਾਂ' ਨੂੰ ਗੈਰ-ਕਾਨੂੰਨੀ ਐਲਾਨਣ ਲਈ ਵਰਤਿਆ ਜਾਂਦਾ ਸੀ। ਇਸ ਕਾਨੂੰਨ ਨੂੰ ਸਮੇਂ ਦੇ ਨਾਲ ਹੋਰ ਸਖ਼ਤ ਬਣਾਇਆ ਗਿਆ ਹੈ:

2004 ਦੀ ਸੋਧ: ਜਦੋਂ ਪੋਟਾ ਕਾਨੂੰਨ ਨੂੰ ਖ਼ਤਮ ਕੀਤਾ ਗਿਆ, ਤਾਂ ਉਸ ਦੀਆਂ ਕਈ ਸਖ਼ਤ ਧਾਰਾਵਾਂ ਯੂਏਪੀਏ ਵਿੱਚ ਸ਼ਾਮਲ ਕਰ ਦਿੱਤੀਆਂ ਗਈਆਂ। ਪਹਿਲੀ ਵਾਰ ਇਸ ਵਿੱਚ 'ਅੱਤਵਾਦੀ ਗਤੀਵਿਧੀਆਂ' ਸ਼ਬਦ ਜੋੜਿਆ ਗਿਆ।

2008 ਦੀ ਸੋਧ: ਮੁੰਬਈ ਹਮਲਿਆਂ (26/11) ਤੋਂ ਬਾਅਦ ਇਸ ਨੂੰ ਹੋਰ ਸਖ਼ਤ ਬਣਾਇਆ ਗਿਆ, ਜਿਸ ਵਿੱਚ ਹਿਰਾਸਤ ਦਾ ਸਮਾਂ ਵਧਾ ਦਿੱਤਾ ਗਿਆ।

2019 ਦੀ ਸੋਧ: ਇਹ ਸਭ ਤੋਂ ਚਰਚਿਤ ਸੋਧ ਰਹੀ ਹੈ। ਇਸ ਦੇ ਤਹਿਤ ਸਰਕਾਰ ਨੂੰ ਇਹ ਅਧਿਕਾਰ ਮਿਲ ਗਿਆ ਕਿ ਉਹ ਕਿਸੇ ਜਥੇਬੰਦੀ ਦੇ ਨਾਲ-ਨਾਲ ਕਿਸੇ ਇਕੱਲੇ ਵਿਅਕਤੀ ਨੂੰ ਵੀ 'ਅੱਤਵਾਦੀ' ਐਲਾਨ ਸਕਦੀ ਹੈ।

2008 ਅਤੇ 2019 ਵਿੱਚ ਇਸ ਵਿੱਚ ਸੋਧਾਂ ਕੀਤੀਆਂ ਗਈਆਂ ਸਨ ਜਿਨ੍ਹਾਂ ਨੇ ਅਧਿਕਾਰੀਆਂ ਨੂੰ ਵਿਅਕਤੀਆਂ ਨੂੰ ਖਾੜਕੂ ਘੋਸ਼ਿਤ ਕਰਨ ਅਤੇ ਬੇਲ ਨਾ ਮਿਲਣ ਵਰਗੇ ਅਧਿਕਾਰ ਦਿੱਤੇ। ਭਾਰਤ ਸਰਕਾਰ ਇਸ ਨੂੰ ਖਾੜਕੂਵਾਦ ਨਾਲ ਲੜਨ ਲਈ ਜ਼ਰੂਰੀ ਮੰਨਦੀ ਹੈ ਅਤੇ ਕਹਿੰਦੀ ਹੈ ਕਿ ਇਹ ਕਾਨੂੰਨ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਦਾ ਹੈ। ਪਰ ਮਨੁੱਖੀ ਅਧਿਕਾਰ ਸੰਗਠਨ ਜਿਵੇਂ ਐਮਨੈਸਟੀ ਇੰਟਰਨੈਸ਼ਨਲ ਇਸ ਨੂੰ ਦਮਨਕਾਰੀ ਮੰਨਦੇ ਹਨ। ਉਹ ਕਹਿੰਦੇ ਹਨ ਕਿ ਇਸ ਕਾਨੂੰਨ ਨਾਲ ਵਿਰੋਧੀ ਆਵਾਜ਼ਾਂ ਨੂੰ ਚੁੱਪ ਕਰਵਾਇਆ ਜਾਂਦਾ ਹੈ, ਲੰਬੇ ਸਮੇਂ ਜੇਲ ਵਿਚ ਬੰਦ ਕੀਤਾ ਜਾਂਦਾ ਹੈ ਅਤੇ ਜਮਾਨਤ ਮਿਲਣੀ ਮੁਸ਼ਕਲ ਹੋ ਜਾਂਦੀ ਹੈ। ਐਮਨੈਸਟੀ ਨੇ ਕਿਹਾ ਹੈ ਕਿ ਇਹ ਕਾਨੂੰਨ ਭਾਰਤ ਵਿੱਚ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾਂਦਾ ਹੈ ਅਤੇ ਇਸ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ।

ਪੰਜਾਬ ਵਿੱਚ ਯੂਏਪੀਏ ਦੀ ਵਰਤੋਂ ਵਿਸ਼ੇਸ਼ ਤੌਰ 'ਤੇ ਵਿਵਾਦ ਗ੍ਰਸਿਤ ਹੈ। 2019 ਤੋਂ 2023 ਤੱਕ ਇੱਥੇ 259 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਸਨ ਪਰ ਕਿਸੇ ਨੂੰ ਵੀ ਸਜ਼ਾ ਨਹੀਂ ਹੋਈ। ਸਾਲ-ਦਰ-ਸਾਲ ਅੰਕੜੇ ਵਧਦੇ ਗਏ: 2019 ਵਿੱਚ 30, 2020 ਵਿੱਚ 44, 2021 ਵਿੱਚ 49, 2022 ਵਿੱਚ 86 ਅਤੇ 2023 ਵਿੱਚ 50 ਗ੍ਰਿਫ਼ਤਾਰੀਆਂ ਹੋਈਆਂ। ਪਰ ਸਜ਼ਾ ਦੀ ਦਰ ਸਿਫ਼ਰ ਰਹਿਣ ਨਾਲ ਇਹ ਸਵਾਲ ਉੱਠਦਾ ਹੈ ਕਿ ਕੀ ਇਹ ਗ੍ਰਿਫ਼ਤਾਰੀਆਂ ਸਬੂਤਾਂ 'ਤੇ ਆਧਾਰਿਤ ਹਨ ਜਾਂ ਸਿਰਫ਼ ਤੰਗ ਕਰਨ ਲਈ? ਪੰਜਾਬ ਵਿੱਚ ਇਹ ਕਾਨੂੰਨ ਅਕਸਰ ਸਿੱਖ ਨੌਜਵਾਨਾਂ ਵਿਰੁੱਧ ਵਰਤਿਆ ਜਾਂਦਾ ਹੈ, ਖਾਸ ਕਰਕੇ ਉਨ੍ਹਾਂ ਵਿਰੁੱਧ ਜੋ ਖਾਲਿਸਤਾਨ ਜਾਂ ਸਿੱਖ ਅਧਿਕਾਰਾਂ ਨਾਲ ਜੁੜੇ ਮੰਨੇ ਜਾਂਦੇ ਹਨ।

ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਰਾਜਵਿੰਦਰ ਬੈਂਸ ਨੇ ਕਿਹਾ ਕਿ ਪੰਜਾਬ ਵਿੱਚ ਇਹ ਕਾਨੂੰਨ ਖਾਲਿਸਤਾਨ ਅੰਦੋਲਨ ਨੂੰ ਦਬਾਉਣ ਲਈ ਵਰਤਿਆ ਜਾਂਦਾ ਹੈ। ਸਰਕਾਰ ਇਸ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਮੰਨਦੀ ਹੈ। ਪਰ ਇਹ ਕਾਨੂੰਨ ਘੱਟਗਿਣਤੀਆਂ,ਸੱਤਾ ਵਿਰੋਧੀਆਂ, ਅਤੇ ਦਲਿਤਾਂ ਤੇ ਸਿੱਖ ਨੌਜਵਾਨਾਂ ਨੂੰ ਬਿਨਾਂ ਸਬੂਤਾਂ ਨਿਸ਼ਾਨਾ ਬਣਾਉਂਦਾ ਹੈ। ਸਿੱਖ ਭਾਈਚਾਰੇ ਵਿੱਚ ਇਹ ਕਾਨੂੰਨ ਡਰ ਅਤੇ ਅਲਗਾਵ ਪੈਦਾ ਕਰ ਰਿਹਾ ਹੈ। ਇੱਕ ਉਦਾਹਰਨ ਵਜੋਂ, 2021 ਵਿੱਚ ਇੱਕ ਨੌਜਵਾਨ ਦਮਨਪ੍ਰੀਤ ਸਿੰਘ ਨੇ ਯੂਏਪੀਏ ਤਹਿਤ ਗ੍ਰਿਫ਼ਤਾਰੀ ਕਾਰਨ ਖ਼ੁਦਕੁਸ਼ੀ ਕਰ ਲਈ ਸੀ।

ਜਸਪਾਲ ਸਿੰਘ ਮੰਝਪੁਰ ਪੰਜਾਬ ਵਿੱਚ ਯੂਏਪੀਏ ਦੇ ਕੇਸਾਂ ਦੀ ਸੂਚੀ ਰੱਖਣ ਅਤੇ ਇਨ੍ਹਾਂ ਕੇਸਾਂ ਨੂੰ ਲੜਨ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ ਕਈ ਵਾਰ ਕਿਹਾ ਹੈ ਕਿ ਪੰਜਾਬ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਨੂੰ ਖਾਲਿਸਤਾਨੀ ਸਾਹਿਤ ਜਾਂ ਪੋਸਟਰ ਰੱਖਣ ਦੇ ਨਾਮ 'ਤੇ ਗ੍ਰਿਫ਼ਤਾਰ ਕਰਨਾ ਗਲਤ ਹੈ। ਇੱਕ ਵਾਰ ਯੂਏਪੀਏ ਲੱਗਣ ਨਾਲ ਨੌਜਵਾਨ ਦਾ ਕਰੀਅਰ ਅਤੇ ਸਮਾਜਿਕ ਰੁਤਬਾ ਖ਼ਤਮ ਹੋ ਜਾਂਦਾ ਹੈ, ਭਾਵੇਂ ਉਹ ਬਾਅਦ ਵਿੱਚ ਬੇਗੁਨਾਹ ਹੀ ਸਾਬਤ ਕਿਉਂ ਨਾ ਹੋ ਜਾਵੇ।

ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਨ੍ਹਾਂ ਦੀ ਜਥੇਬੰਦੀ ਨੇ ਵੀ ਇਸ ਕਾਨੂੰਨ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ 80ਵਿਆਂ ਅਤੇ 90ਵਿਆਂ ਵਾਲਾ ਦੌਰ ਮੁੜ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿੱਥੇ ਕਾਨੂੰਨ ਦੀ ਵਰਤੋਂ ਦਮਨ ਲਈ ਕੀਤੀ ਜਾਂਦੀ ਸੀ।

ਸੰਯੁਕਤ ਰਾਸ਼ਟਰ ਅਤੇ ਕੌਮਾਂਤਰੀ ਭਾਈਚਾਰੇ ਨੇ ਵੱਖ-ਵੱਖ ਸਮੇਂ 'ਤੇ ਯੂਏਪੀਏ ਬਾਰੇ ਚਿੰਤਾ ਜਤਾਈ ਹੈ, ਪਰ ਪਿਛਲੇ ਕੁਝ ਸਾਲਾਂ ਵਿੱਚ ਇਹ ਦਬਾਅ ਬਹੁਤ ਵਧਿਆ ਹੈ। ਮੁੱਖ ਤੌਰ 'ਤੇ ਇਹ ਚਿੰਤਾਵਾਂ ਇਨ੍ਹਾਂ ਸਾਲਾਂ ਵਿੱਚ ਪ੍ਰਗਟਾਈਆਂ ਗਈਆਂ:

ਸਾਲ 2020 ਵਿੱਚ, ਸੰਯੁਕਤ ਰਾਸ਼ਟਰ ਦੇ ਪੰਜ ਵਿਸ਼ੇਸ਼ ਪ੍ਰਤੀਨਿਧਾਂ ਨੇ ਭਾਰਤ ਸਰਕਾਰ ਨੂੰ ਇੱਕ ਸਖ਼ਤ ਚਿੱਠੀ ਲਿਖੀ ਸੀ। ਉਨ੍ਹਾਂ ਨੇ 2019 ਦੀਆਂ ਸੋਧਾਂ 'ਤੇ ਸਵਾਲ ਚੁੱਕਦਿਆਂ ਕਿਹਾ ਸੀ ਕਿ ਕਿਸੇ ਵਿਅਕਤੀ ਨੂੰ 'ਅੱਤਵਾਦੀ' ਐਲਾਨਣ ਦੀ ਤਾਕਤ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਸਕਦੀ ਹੈ।

ਅਕਤੂਬਰ 2021 ਵਿੱਚ, ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਦੀ ਹਾਈ ਕਮਿਸ਼ਨਰ ਮਿਸ਼ੇਲ ਬੈਚਲੇਟ ਨੇ ਜਨਤਕ ਤੌਰ 'ਤੇ ਚਿੰਤਾ ਜਤਾਈ ਕਿ ਭਾਰਤ ਵਿੱਚ ਯੂਏਪੀਏ ਦੀ ਵਰਤੋਂ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਫਾਦਰ ਸਟੈਨ ਸਵਾਮੀ ਦੀ ਮੌਤ ਅਤੇ ਕਈ ਕਾਰਕੁਨਾਂ ਦੀ ਗ੍ਰਿਫ਼ਤਾਰੀ ਦਾ ਹਵਾਲਾ ਦਿੱਤਾ ਸੀ।

ਨਵੰਬਰ 2022 ਵਿੱਚ ਜਨੇਵਾ ਵਿਖੇ ਹੋਈ ਸੰਯੁਕਤ ਰਾਸ਼ਟਰ ਦੀ ਬੈਠਕ ਦੌਰਾਨ, ਦੁਨੀਆ ਦੇ ਕਈ ਦੇਸ਼ਾਂ ਨੇ ਭਾਰਤ ਦੇ ਮਨੁੱਖੀ ਅਧਿਕਾਰਾਂ ਦੇ ਰਿਕਾਰਡ ਦੀ ਸਮੀਖਿਆ ਕੀਤੀ:

ਅਮਰੀਕਾ, ਕੈਨੇਡਾ, ਜਰਮਨੀ, ਅਤੇ ਬੈਲਜੀਅਮ ਵਰਗੇ ਦੇਸ਼ਾਂ ਨੇ ਸਾਲ 2022 ਦੀ ਇਸੇ ਬੈਠਕ ਵਿੱਚ ਯੂਏਪੀਏ ਦੀ ਦੁਰਵਰਤੋਂ ਰੋਕਣ ਅਤੇ ਇਸ ਦੀਆਂ ਧਾਰਾਵਾਂ ਨੂੰ ਕੌਮਾਂਤਰੀ ਮਿਆਰਾਂ ਮੁਤਾਬਕ ਬਣਾਉਣ ਦੀ ਸਲਾਹ ਦਿੱਤੀ ਸੀ।

ਸਾਲ 2023 ਵਿੱਚ ਵੀ ਸੰਯੁਕਤ ਰਾਸ਼ਟਰ ਦੇ ਮਾਹਿਰਾਂ ਨੇ ਇੱਕ ਰਿਪੋਰਟ ਜਾਰੀ ਕੀਤੀ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਭਾਰਤ ਵਿੱਚ ਯੂਏਪੀਏ ਦੀ ਵਰਤੋਂ ਘੱਟਗਿਣਤੀਆਂ (ਖਾਸ ਕਰਕੇ ਮੁਸਲਮਾਨਾਂ ਅਤੇ ਸਿੱਖਾਂ) ਅਤੇ ਧਾਰਮਿਕ ਆਜ਼ਾਦੀ ਨੂੰ ਦਬਾਉਣ ਲਈ ਕੀਤੀ ਜਾ ਰਹੀ ਹੈ।

ਭਾਰਤ ਸਰਕਾਰ ਯੂਏਪੀਏ ਨੂੰ ਅੱਤਵਾਦ ਨੂੰ ਰੋਕਣ ਲਈ ਜ਼ਰੂਰੀ ਮੰਨਦੀ ਹੈ। ਉਹ ਕਹਿੰਦੀ ਹੈ ਕਿ ਇਹ ਕਾਨੂੰਨ ਖਾੜਕੂ ਸੰਗਠਨਾਂ ਨੂੰ ਰੋਕਦਾ ਹੈ ਜੋ ਖਾਲਿਸਤਾਨ ਨੂੰ ਉਤਸ਼ਾਹਿਤ ਕਰਦੇ ਹਨ।

ਅੰਤ ਵਿੱਚ, ਯੂਏਪੀਏ ਨੂੰ ਮਨੁੱਖੀ ਅਧਿਕਾਰਾਂ ਵਿਰੋਧੀ ਮੰਨਣ ਵਾਲੇ ਇਲਜ਼ਾਮ ਮਜ਼ਬੂਤ ਹਨ ਕਿਉਂਕਿ ਘੱਟ ਸਜ਼ਾ ਦਰ ਅਤੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਨਾਲ ਇਹ ਪ੍ਰਕਿਰਿਆ ਮਨੁੱਖੀ ਅਧਿਕਾਰਾਂ ਵਿਰੋਧੀ ਹੈ। ਪੰਜਾਬ ਵਿੱਚ ਇਸ ਦੀ ਵਰਤੋਂ ਸਿੱਖ ਨੌਜਵਾਨਾਂ ਨੂੰ ਡਰਾਉਣ ਅਤੇ ਖਾਲਿਸਤਾਨ ਅੰਦੋਲਨ ਨੂੰ ਦਬਾਉਣ ਲਈ ਕੀਤੀ ਜਾ ਰਹੀ ਹੈ। ਸਰਕਾਰ ਨੂੰ ਇਸ ਕਾਨੂੰਨ ਨੂੰ ਖਤਮ ਕਰਨਾ ਚਾਹੀਦਾ ਹੈ।

## ਸੁਖਬੀਰ ਬਾਦਲ ਨੇ ਸਰਬਜੀਤ ਝਿੰਜਰ ਨੂੰ 2027 ਚੋਣਾਂ ਲਈ ਦਿੱਤਾ ਥਾਪੜਾ

### ✪ ਘਨੌਰ ਹਲਕੇ ਤੋਂ ਝਿੰਜਰ ਨੂੰ ਉਮੀਦਵਾਰ ਐਲਾਨਿਆ

ਘਨੌਰ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿੰਡ ਲਾਛੜੂ ਖੁਰਦ ਵਿੱਚ ਐਲਾਨ ਕੀਤਾ ਕਿ 2027 ਵਿਧਾਨ ਸਭਾ ਚੋਣਾਂ ਵਿੱਚ ਸਰਬਜੀਤ ਸਿੰਘ ਝਿੰਜਰ ਘਨੌਰ ਹਲਕੇ ਤੋਂ ਪਾਰਟੀ ਉਮੀਦਵਾਰ ਹੋਣਗੇ। ਉਨ੍ਹਾਂ ਝਿੰਜਰ ਨੂੰ ਆਪਣਾ 'ਛੋਟਾ ਭਰਾ' ਦੱਸਿਆ।

# ਪਾਠਾਂ ਦੀਆਂ 'ਕੋਤਰੀਆਂ' ਤੇ 'ਲੜੀਆਂ' ਮਰਿਆਦਾ ਨਾਲ਼ ਲੜੀਆਂ !

**ਤਰਲੋਚਨ ਸਿੰਘ ਦੁਪਾਲ ਪੁਰ**
001-408-905-5517
tsdupalpuri@yahoo.com



ਵੋਟ-ਭੁੱਖ ਕਾਰਨ ਪਏ ਹੋਏ ਪੰਜਾਬ ਵਿਚਲੇ ਅਜੋਕੇ ਰਾਜ-ਰੌਲ਼ੇ ਵਿਚ ਸਿੱਖ ਪੰਥ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਨਾਮ ਨਾਲ ਬੋਲੇ ਜਾ ਰਹੇ 'ਲਾਪਤਾ' 'ਚੋਰੀ ਹੋ ਗਏ' ਜਾਂ 'ਭ੍ਰਿਸ਼ਟਾਚਾਰ' ਜਿਹੇ ਸ਼ਬਦ ਸੁਣਕੇ ਸਮੂੰਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਹਿਰਦਿਆਂ 'ਤੇ ਸੱਟ ਵੱਜਦੀ ਹੈ ਕਦੇ ਸਮਾਂ ਸੀ ਆਮ ਗੁਰਦੁਆਰੇ ਵਿੱਚ ਗੁਰੂ ਮਹਾਰਾਜ ਦਾ ਇੱਕ ਹੀ ਸਰੂਪ ਹੁੰਦਾ ਸੀ ਪਰ ਹੁਣ ਗੁਰਦੁਆਰਿਆਂ ਅਤੇ ਡੇਰਿਆਂ ਵਿਚ ਸੱਤਰ-ਅੱਸੀ ਜਾਂ ਸੈਂਕੜਿਆਂ ਤੋਂ ਵੀ ਵੱਧ ਸਰੂਪ ਮੌਜੂਦ ਹਨ। ਕਾਰਨ ? ਕਿਉਂ ਕਿ ਸੰਗਤ ਨੇ ਘਰਾਂ ਵਿਚ ਅਖੰਡ ਪਾਠ ਕਰਵਾਉਣੇ ਬਹੁਤ ਘੱਟ ਕਰ ਦਿੱਤੇ ਅਤੇ ਇਨ੍ਹਾਂ 'ਅਸਥਾਨਾਂ' ਵਿਚ ਹੁਣ ਅਖੰਡ ਪਾਠਾਂ ਦੀਆਂ ਲੜੀਆਂ ਚੱਲਣ ਲੱਗ ਪਈਆਂ।

ਪੰਥ ਪ੍ਰਵਾਨਿਤ ਰਹਿਤ ਮਰਿਆਦਾ ਨੂੰ ਤਾਂ ਸਾਡੀ ਕੌਮ ਨੇ ਜਮਾਂ ਈ ਪਿੱਠ ਦਿੱਤੀ ਹੋਈ ਹੈ ਇਸ ਕਰਕੇ ਉਹਦੇ ਵਿੱਚੋਂ ਅਖੰਡ ਪਾਠ ਬਾਰੇ ਕੋਈ ਹਵਾਲੇ ਦੇਣ ਦੀ ਬਜਾਏ ਕੁੱਝ ਗੱਲਾਂ ਲੜੀਆਂ ਬਾਰੇ ਹੀ ਕਰ ਲਈਏ।

ਕਦੇ ਉਹ ਵੀ ਸਮਾਂ ਸੀ ਜਦ ਕੋਈ ਗੁਰੂ ਨਾਨਕ ਨਾਮ ਲੇਵਾ ਆਪਣੇ ਘਰੇ ਅਖੰਡ ਪਾਠ ਜਾਂ ਸਹਿਜ ਪਾਠ ਕਰਵਾਉਂਦਾ ਸੀ ਤਾਂ ਭੋਗ ਉਪਰੰਤ ਘਰ ਦਾ ਮੁਖੀਆ ਮਹਾਰਾਜ ਦਾ ਸਰੂਪ ਸਿਰ 'ਤੇ ਲੈ ਕੇ ਘਰ ਦੇ ਹਰ ਕਮਰੇ ਵਿਚ ਘੁੰਮਦਾ ਹੁੰਦਾ ਸੀ। ਪਰ ਹੁਣ ਅਮੀਰੀ ਨੇ ਸ਼ਰਧਾ ਸਤਿਕਾਰ ਘਟਾ ਦਿੱਤੇ ਅਤੇ ਸ਼ਰਧਾਲੂ ਜਨ ਪਿੰਡ ਦੇ ਗੁਰਦੁਆਰੇ ਜਾਂ ਕਿਸੇ ਲਾਗਲੇ ਡੇਰੇ ਵਿਚ 'ਲੜੀ' ਜਾਂ 'ਕੋਤਰੀ' ਸ਼ੁਰੂ ਹੋਣ 'ਤੇ ਉੱਥੇ ਹੀ ਨਿਰਧਾਰਤ ਮਾਇਆ ਜਮ੍ਹਾਂ ਕਰਾ ਦਿੰਦੇ ਹਨ। ਬੀਬੀਆਂ ਵੀ ਖੁਸ਼ ਅਤੇ ਬੀਬੇ ਵੀ ਵਿਹਲੇ !

ਪਾਠੀ ਸਿੰਘ ਦੱਸਦੇ ਨੇ ਕਿ ਲੜੀਆਂ ਚਲਾਉਣ ਵਾਲ਼ੇ ਪ੍ਰਬੰਧਕ ਸ਼ਰਧਾਲੂਆਂ ਪਾਸੋਂ ਤਾਂ ਖੁੱਲ੍ਹੀ ਮਾਇਆ ਲੈਂਦੇ ਹਨ ਪਰ ਪਾਠੀ ਸਿੰਘਾਂ ਨੂੰ ਭੇਟਾ 'ਹੱਥ ਘੁੱਟ ਕੇ' ਦਿੰਦੇ ਹਨ। ਮਾਇਕ ਪੱਖੋਂ ਲੋੜਵੰਦ ਪਾਠੀ ਸਿੰਘ ਵਿਚਾਰੇ ਪ੍ਰਬੰਧਕਾਂ ਮੋਹਰੇ ਕੋਈ ਉਜ਼ਰ ਨਹੀਂ ਕਰਦੇ।

ਲੜੀਆਂ ਵਿਚ ਪਾਠ ਕਰਨ ਵਾਲ਼ੇ ਪਾਠੀਆਂ ਨੇ ਬਾਣੀ ਦੀ ਸੰਥਿਆ ਲਈ ਹੋਈ ਹੈ ਜਾਂ ਨਹੀਂ ? ਇਹਦਾ ਪਤਾ ਨਾ ਅਖੰਡ ਪਾਠ ਕਰਾਉਣ ਵਾਲੇ ਕਰਦੇ ਹਨ ਅਤੇ ਨਾ ਹੀ ਪ੍ਰਬੰਧਕ। ਇਸ ਦਾ ਫੈਦਾ ਉਠਾਉਂਦਿਆਂ ਧੁਵੀਏ ਵੀ 'ਪਾਠੀ' ਬਣ ਕੇ ਰੌਲਾਂ ਲਾਈ ਜਾਂਦੇ ਹਨ। ਅੱਗੇ ਪਾਠੀਆਂ ਵਿਚ ਵੀ ਕਈ 'ਠੇਕੇਦਾਰ' ਬਣ ਜਾਂਦੇ ਹਨ ਜੋ ਪਾਠੀ ਸਿੰਘਾਂ ਨੂੰ ਲੜੀ ਵਿਚਲੇ ਪਾਠਾਂ ਦੀਆਂ ਡਿਊਟੀਆਂ ਦਿੰਦੇ ਹਨ ! ਅਜਿਹੇ ਠੇਕੇਦਾਰ ਸਿਰਫ ਉਤਲੀ ਦੇਖ-ਰੇਖ ਹੀ ਕਰਦੇ ਹਨ ਅਖੰਡ ਪਾਠ ਵਿਚ ਕੋਈ ਰੌਲ਼ ਨਹੀਂ ਲਾਉਂਦੇ !

ਜਦੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੜ੍ਹੀਆਂ ਜਾਂ ਸਮਾਧਾਂ ਉੱਤੇ ਗੁਰੂ ਮਹਾਰਾਜ ਸਰੂਪ ਲੈਜਾਣ 'ਤੇ ਪਾਬੰਦੀ ਲਾਈ ਗਈ ਤਾਂ ਬਹੁਤੇ ਡੇਰਿਆਂ, ਖਾਸ ਕਰਕੇ ਦੁਆਬੇ ਵਿਚਲੇ ਜਠੇਰਿਆਂ ਵਾਲ਼ਿਆਂ ਨੇ ਅਖੰਡ ਪਾਠਾਂ ਵਾਸਤੇ ਵੱਖਰੇ ਹਾਲ ਬਣਾ ਲਏ।

ਅਜਿਹੇ 'ਧਾਰਮਿਕ ਅਸਥਾਨਾਂ' ਵਿਚ ਭਾਵੇਂ ਪੰਜਾਹ ਪੰਜਾਹ ਅਖੰਡ ਪਾਠ ਅਰੰਭ ਹੋਏ ਹੋਣ ਪਰ ਲੰਗਰ ਆਦਿ ਦੀ ਅਰਦਾਸ ਮੜ੍ਹੀ ਜਾਂ ਸਮਾਧ ਅੱਗੇ ਥਾਲ਼ ਪਰੋਸ ਕੇ ਕੀਤੀ ਜਾਂਦੀ ਹੈ। ਇੱਥੇ ਹੀ ਬੱਸ ਨਹੀਂ ਅਰੰਭ ਜਾਂ ਭੋਗ ਵੇਲੇ ਕੀਤੀ ਜਾਂਦੀ ਅਰਦਾਸ ਵਿਚ ਮੜ੍ਹੀ/ ਸਮਾਧ ਵਾਲ਼ੇ ਬਾਬੇ ਦਾ ਉਚੇਚਾ ਨਾਂ ਲਿਆ ਜਾਂਦਾ ਹੈ-'ਧੰਨ ਧੰਨ ਬਾਬਾ ਫਲਾਣਾ ਜੀ ਮਹਾਰਾਜ....!'

ਅਜਿਹੇ ਡੇਰਿਆਂ ਵਿਚ ਅਖੰਡ ਪਾਠਾਂ ਦੀ ਗਿਣਤੀ ਵੀ ਆਏ ਸਾਲ ਵਧੀ ਜਾਂਦੀ ਹੈ ਅਤੇ ਗੁਰਮਤਿ ਮਰਿਆਦਾ ਦਾ ਘਾਣ ਵੀ ਨਿਰੰਤਰ ਹੁੰਦਾ ਰਹਿੰਦਾ ਹੈ। ਇਕ ਡੇਰੇ ਵਿਚ ਮੈਂ ਅੱਖੀਂ ਦੇਖਿਆ ਕਿ ਲੜੀ ਦੇ ਪ੍ਰਬੰਧਕ ਸ਼ਰਧਾਲੂਆਂ ਨੂੰ ਦੋ ਦੋ ਰਮਾਲੇ ਲਿਆਉਣ ਲਈ ਕਹਿ ਸਨ-ਇਕ ਗੁਰੂ ਮਹਾਰਾਜ ਤੇ ਦੂਜਾ ਮੜ੍ਹੀ ਜਾਂ ਸਮਾਧ ਉੱਤੇ ਦੇਣ ਲਈ।

ਪਹਿਲੋ ਪਹਿਲ ਤਾਂ ਲੜੀਆਂ ਵਾਸਤੇ ਆਂਢ ਗੁਆਂਢ ਦੇ ਪਿੰਡਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਇਕੱਠੇ ਕੀਤੇ ਜਾਂਦੇ ਸਨ ਪਰ ਜਦ ਪਿੰਡਾਂ ਦੀਆਂ ਕਮੇਟੀਆਂ ਵਾਲ਼ੇ ਚੜ੍ਹਾਵੇ ਦੀ ਮੰਗ ਕਰਨ ਲੱਗ ਪਏ ਤਦ ਲੜੀ-ਪ੍ਰਬੰਧਕਾਂ ਨੇ ਆਪਣੇ ਡੇਰੇ ਵਿਚ ਹੀ ਸੱਚਖੰਡ ਅਸਥਾਨ ਬਣਾ ਕੇ ਵੱਡੀ ਗਿਣਤੀ ਵਿਚ ਮਹਾਰਾਜ ਦੇ ਸਰੂਪ ਰੱਖਣੇ ਸ਼ੁਰੂ ਕਰ ਦਿੱਤੇ।

ਇਨਾਂ ਡੇਰਿਆਂ ਜਠੇਰਿਆਂ ਦੀ ਗੱਲ ਤਾਂ ਇਕ ਪਾਸੇ ਰਹੀ ਅਖੰਡ ਪਾਠਾਂ ਦੀਆਂ ਲੜੀਆਂ (ਕੁੱਝ ਵੱਖਰੇ ਢੰਗ ਨਾਲ) ਇਤਿਹਾਸਕ ਅਤੇ ਦੇਸ-ਵਿਦੇਸ਼ ਦੇ ਗੁਰਦੁਆਰਿਆਂ ਵਿਚ ਵੀ ਚੱਲਦੀਆਂ ਹਨ। ਮਰਿਆਦਾ ਜਾਂ ਗੁਰਮਤਿ ਸਿਧਾਂਤ ਬਾਰੇ ਸਵਾਲ ਕਰਨ ਵਾਲਿਆਂ ਨੂੰ ਪ੍ਰਬੰਧਕ ਸੱਜਣ ਠੋਕ ਕੇ ਕਹਿ ਦਿੰਦੇ ਹਨ ਕਿ ਸ਼ਰਧਾਲੂ ਅਖੰਡ ਪਾਠਾਂ ਲਈ ਮਾਇਆ ਭੇਜਦੇ ਹਨ, ਅਸੀਂ ਕੁੱਝ ਨੀ ਕਰ ਸਕਦੇ। ਇਸ ਵਿਸ਼ੇ ਬਾਰੇ ਬਹੁਤ ਸੰਕੋਚ ਨਾਲ ਲਿਖਿਆ ਹੈ ਨਹੀਂ ਤਾਂ ਹੋਰ ਬਹੁਤ ਕੁੱਝ ਅਜਿਹਾ ਹੋ ਰਿਹਾ ਹੈ ਜਿਸਨੂੰ ਲਿਖਦਿਆਂ ਗੁਰੇਜ਼ ਕਰਨਾ ਪੈਂਦਾ।

ਸ਼ਬਦ-ਗੁਰੂ ਦੇ ਪੁਜਾਰੀ, ਬੰਦਿਆਂ ਦੇ ਬੰਦੇ ਬਣੇ ਹੋਏ ਹਨ-

'ਝੁਕਦਾ ਹੈ ਜੋ ਬੰਦੇ ਅੱਗੇ ਉਸਦੀ ਕੀਮਤ ਕੁੱਝ ਵੀ ਨਹੀਂ,
ਲਾਹਣਤ ਹੈ ਉਸ ਬੰਦੇ ਉੱਤੇ
ਜੋ ਬੰਦੇ ਦਾ ਬੰਦਾ ਹੈ !'

ਭੁੱਲ-ਚੁੱਕ ਦੀ ਖਿਮਾਂ

# ਕਿਉਂ ਨਾ ਮਨੁੱਖੀ ਜਾਨਾਂ ਦੀਆਂ ਡੋਰਾਂ ਕੱਟਣ ਵਾਲੀ ਪਤੰਗ ਦੀ ਹੀ ਡੋਰ ਕੱਟ ਦਿੱਤੀ ਜਾਵੇ

**ਹਰਲਾਜ ਸਿੰਘ ਬਹਾਦਰਪੁਰ**
ਮੋਬਾਇਲ-94170-23911



ਹੁਣ ਠੰਡ ਖਤਮ ਹੋਣ ਤੇ ਪਤੰਗਾਂ ਉਡਾਣ ਦੀ ਰੁੱਤ ਆਉਣੀ ਹੈ, ਚਾਇਨਾ ਡੋਰ ਦਾ ਰੌਲਾ ਪੈਣਾ ਹੈ, ਫਿਰ ਚਾਇਨਾ ਡੋਰ ਦੇ ਜਖਮੀ ਕੀਤਿਆਂ, ਪਤੰਗ ਉਡਾਉਣ ਸਮੇਂ ਕੋਠਿਆਂ ਤੋਂ ਡਿੱਗਦਿਆਂ, ਹਾਈ ਬੋਲਟ ਬਿਜਲੀ ਦੀਆਂ ਤਾਰਾਂ ਨਾਲ ਪਤੰਗਾਂ ਦੀਆਂ ਡੋਰਾਂ ਲੱਗਣ ਨਾਲ ਵਾਪਰੇ ਹਾਦਸਿਆਂ ਦੀਆਂ ਕਹਾਣੀਆਂ ਅਖਬਾਰਾਂ ਲਈ ਖਬਰਾਂ ਸ਼ੋਸਲ ਮੀਡੀਏ ਲਈ ਪੋਸਟਾਂ ਬਣ ਕੇ ਕਮਾਈ ਦਾ ਸਾਧਨ ਬਣਨਗੀਆਂ, ਬਦਨਸੀਬ ਲੋਕ ਹਾਦਸਿਆਂ ਦਾ ਸ਼ਿਕਾਰ ਹੋਣਗੇ, ਬਾਕੀ ਦੇ ਕੁੱਝ ਲੋਕ ਪਤੰਗਾਂ ਤੋਂ, ਕੁੱਝ ਲੋਕ ਚਾਇਨਾ ਡੋਰ ਤੋਂ ਅਤੇ ਕੁੱਝ ਲੋਕ ਹਾਦਸਿਆਂ ਦੀਆਂ ਖਬਰਾਂ/ ਪੋਸਟਾਂ ਤੋਂ ਕਮਾਈ ਕਰਨਗੇ, ਸਰਕਾਰਾਂ ਦੋਸ਼ੀਆਂ ਉਤੇ ਸਖਤ ਕਾਰਵਾਈ ਕਰਨ ਦੇ ਬਿਆਨ ਦੇ ਕੇ ਹੀ ਇਹ ਸਿੱਧ ਕਰਨਗੀਆਂ ਕਿ ਸਾਨੂੰ ਆਮ ਲੋਕਾਂ ਦੀ ਜਾਨ ਦੀ ਬਹੁਤ ਪ੍ਰਵਾਹ ਹੈ, ਸਾਨੂੰ ਹਾਦਸਿਆਂ ਤੋਂ ਬਚਾਉਣ ਵਾਲੀ ਦੇਸ਼ ਦੀ ਪੁਲਿਸ ਕੁੱਝ ਕੁ ਦੁਕਾਨਦਾਰਾਂ ਤੇ ਪਰਚੇ ਦਰਜ ਕਰਕੇ ਬਾਕੀਆਂ ਤੋਂ ਮੋਟੀ ਕਮਾਈ ਕਰਦਿਆਂ ਲੋਕਾਂ ਨੂੰ ਚਾਇਨਾ ਡੋਰ ਨਾ ਵਰਤਣ ਦੇ ਉਪਦੇਸ਼ ਦਿੰਦੀ ਸਾਡੀ ਸੁਰੱਖਿਆ ਲਈ ਹਾਜਰ ਆਪਣੇ ਫਰਜ਼ ਨਿਭਾਉਂਦੀ ਨਜ਼ਰ ਆਵੇਗੀ, ਪਰ ਪਰਨਾਲਾ ਉੱਥੇ ਦਾ ਉੱਥੇ ਹੀ ਰਹੇਗਾ, ਹਰ ਸਾਲ ਪਤੰਗ ਉਡਣਗੇ, ਚਾਇਨਾ ਡੋਰ ਵਿਕੇਗੀ, ਰਾਹਗੀਰਾਂ ਦੇ ਗਲੇ ਕੱਟੇਗੀ, ਪੰਛੀਆਂ ਦੇ ਪੰਖਾਂ ਵਿੱਚ ਲਿਪਟੇਗੀ, ਬੱਚੇ ਕੋਠਿਆਂ ਤੋਂ ਡਿੱਗਕੇ ਅਤੇ ਡੋਰਾਂ ਹਾਈ ਬੋਲਟ ਬਿਜਲੀ ਦੀਆਂ ਤਾਰਾਂ ਨਾਲ ਲੱਗਣ ਕਾਰਨ ਮਰਨਗੇ, ਪਰ ਸਾਨੂੰ ਕੀ ਅਸੀਂ ਤਾਂ ਹਰ ਸਾਲ ਆਪਣੀ ਖੁਸ਼ੀ ਮਨਾਉਣੀ ਹੀ ਹੈ ਇਹ ਤਾਂ ਖੁਸ਼ੀਆਂ ਦਾ ਪ੍ਰਤੀਕ ਤਿਉਹਾਰ ਹੈ ਭਾਵੇਂ ਇਸ ਨਾਲ ਕਿਸੇ ਦੇ ਘਰ ਸੱਥਰ ਵੀ ਵਿਛ ਜਾਣ। ਪਤੰਗਾਂ ਉਡਾਉਣ ਅਤੇ ਪਤੰਗਾਂ ਕੱਟਣ (ਲੁੱਟਣ) ਵਾਲਿਆਂ ਨੂੰ ਇਸ ਮਾੜੀ ਖੇਡ ਵਿੱਚੋਂ ਕੀ ਮਿਲਦਾ ਹੈ ਇਹ ਤਾਂ ਓਹੀ ਦੱਸ ਸਕਦੇ ਹਨ ਪਰ ਇਹਨਾ ਪਤੰਗਾਂ ਨੇ ਕਿੰਨਿਆਂ ਰਾਹਗੀਰਾਂ, ਬੱਚਿਆਂ ਤੇ ਪੰਛੀਆਂ ਦੀ ਜਿੰਦਗੀ ਦੀਆਂ ਡੋਰਾਂ ਕੱਟ ਦਿੱਤੀਆਂ ਹਨ ਉਹ ਹਰ ਸਾਲ ਸੱਭ ਦੇ ਸਾਹਮਣੇ ਹੀ ਆਉਂਦੀਆਂ ਹਨ। ਕੀ ਆਮ ਰਾਹਗੀਰਾਂ, ਬੱਚਿਆਂ ਅਤੇ ਜਾਨਵਰਾਂ ਦੀ ਜਾਨ ਦਾ ਖੌਅ ਬਣੇ ਇਹਨਾ ਪਤੰਗਾਂ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਕੇ ਇਹਨਾ ਉਤੇ ਪੂਰਨ ਤੌਰ ਤੇ ਪਾਬੰਦੀ ਨਹੀਂ ਲਗਾਈ ਜਾ ਸਕਦੀ ? ਇਹ ਪਤੰਗ ਨਾ ਉਡਾਉਣ ਕਾਰਨ ਸਾਡੇ ਦੇਸ਼ ਜਾਂ ਸਮਾਜ ਦੀ ਕਿਹੜੀ ਵਿਵਸਥਾ ਦਾ ਨੁਕਸਾਨ ਹੋ ਜਾਵੇਗਾ, ਜਿਸ ਕਾਰਨ ਮਨੁੱਖੀ ਜਾਨਾ ਗੁਆ ਕੇ ਵੀ ਪਤੰਗ ਉਡਦੇ ਰੱਖਣੇ ਲਾਜ਼ਮੀ ਹੋਣ ? ਕਰੋਨਾ ਕਾਲ ਸਮੇਂ ਸਾਰੇ ਦੇਸ਼ ਨੂੰ ਘਰਾਂ ਵਿੱਚ ਨਜ਼ਰਬੰਦ ਕਰਨ ਵਾਲੀਆਂ ਸਰਕਾਰਾਂ ਪਤੰਗਾਂ ਨੂੰ ਕਿਉਂ ਨਹੀਂ ਬੰਦ ਕਰ ਸਕਦੀਆਂ ? ਜੇ ਪਤੰਗ ਉਡਾਉਣ ਉੱਤੇ ਹੀ ਪਾਬੰਦੀ ਲਗਾ ਦਿੱਤੀ ਜਾਵੇ ਤਾਂ ਚਾਇਨਾ ਡੋਰ ਦੀ ਸਮੱਸਿਆ ਤਾਂ ਆਪਣੇ ਆਪ ਹੀ ਖਤਮ ਹੋ ਜਾਵੇਗੀ, ਚਾਇਨਾ ਡੋਰ ਦੇ ਨਾਮ ਤੇ ਹੁੰਦੀ ਕਾਲਾਬਜ਼ਾਰੀ ਵੀ ਖਤਮ, ਰਾਹਗੀਰ, ਬੱਚੇ ਅਤੇ ਅਸਮਾਨ ਵਿੱਚ ਉਡਣ ਵਾਲੇ ਪੰਛੀ ਵੀ ਸੁਰੱਖਿਅਤ ਹੋ ਜਾਣਗੇ, ਨਾਲੇ ਪਤੰਗ ਉਡਾਉਣ ਵਾਲੇ ਤਾਂ ਫੜਨੇ ਵੀ ਬਹੁਤ ਸੌਖੇ ਹਨ, ਕਿਉਂਕਿ ਪਤੰਗ ਨੇ ਤਾਂ ਅਸਮਾਨ ਵਿੱਚ ਹੀ ਉਡਣਾ ਹੈ, ਜੋ ਸੱਭ ਨੂੰ ਦਿਸੇਗਾ, ਅਸਮਾਨ ਵਿੱਚ ਉਡਦਾ ਪਤੰਗ ਪੁਲਿਸ ਨੂੰ ਆਪਣੇ ਉਡਾਉਣ ਵਾਲੇ ਨੂੰ ਮਿਲਾ ਦੇਵੇਗਾ, ਫਿਰ ਪਤੰਗ ਉਡਾਉਣ ਵਾਲਾ ਡੋਰ ਵੇਚਣ ਵਾਲੇ ਨੂੰ ਮਿਲਾ ਦੇਵੇਗਾ ਇਸ ਤਰਾਂ ਸਾਰੇ ਝੱਟ ਹੀ ਫੜੇ ਜਾਣਗੇ। ਨਾਲੇ ਸਾਡੇ ਲਈ ਮਨੁੱਖ ਦੀ ਜਾਨ ਤੋਂ ਵੱਧ ਕੀਮਤੀ ਤਾਂ ਕੁੱਝ ਵੀ ਨਹੀਂ ਹੈ, ਇਹਨਾ ਅਸਮਾਨ ਵਿੱਚ ਉਡਣ ਵਾਲੇ ਪਤੰਗਾਂ ਨੇ ਕਿੰਨੀਆਂ ਮਨੁੱਖੀ ਜਾਨਾਂ ਦੀਆਂ ਡੋਰਾਂ ਕੱਟ ਦਿੱਤੀਆਂ ਹਨ, ਕਿਉਂ ਨਾ ਸਰਕਾਰਾਂ ਅਤੇ ਅਸੀਂ ਰਲ ਕੇ ਇਹਨਾਂ ਪਤੰਗਾਂ ਦੀ ਹੀ ਡੋਰ ਕੱਟ ਦੇਈਏ, ਦੇਸ਼ ਦੇ ਚੰਗੇ ਨਾਗਰਿਕ ਹੋਣ ਦੇ ਨਾਮ ਤੇ ਸਾਡੀ ਵੀ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਪਤੰਗ ਉਡਾਉਣ ਤੋਂ ਰੋਕੀਏ, ਤਾਂ ਕਿ ਮਨੁੱਖਾਂ ਅਤੇ ਪੰਛੀਆਂ ਦੀਆਂ ਜਾਨਾਂ ਬਚਾਈਆਂ ਜਾ ਸਕਣ, ਜੋ ਪਰੰਪਰਾ ਮਨੁੱਖਤਾ ਲਈ ਹਾਨੀਕਾਰਕ ਸਿੱਧ ਹੋ ਜਾਵੇ ਤਾਂ ਮਨੁੱਖਤਾ ਦੇ ਭਲੇ ਲਈ ਉਸ ਪਰੰਪਰਾ ਨੂੰ ਬਿਨਾ ਦੇਰ ਕੀਤਿਆਂ ਬੰਦ ਕਰਨ ਵਿੱਚ ਹੀ ਭਲਾਈ ਹੈ।





ਪਿੰਡ ਤੇ ਡਾਕ : ਬਹਾਦਰਪੁਰ
ਤਹਿ: ਬੁਢਲਾਡਾ, ਜਿਲ੍ਹਾ ਮਾਨਸਾ (ਪੰਜਾਬ)
harlajsingh7@gmail.com

# ਅਕਾਲੀ ਦਲ ਪੁਨਰ ਸੁਰਜੀਤ ਨਿਘਾਰ ਵਲ ਕਿਉਂ ? ਪਾਰਟੀ ਨੂੰ ਕਿਉਂ ਛਡ ਰਹੇ ਨੇ ਸੀਨੀਅਰ ਲੀਡਰ ?

**ਨਿਊਜ਼ ਵਿਸ਼ਲੇਸ਼ਣ**

## ✪ ਪਾਰਟੀ ਦੇ ਸਿਆਸੀ ਭਵਿੱਖ ਦੇ ਉਪਰ ਸਵਾਲ ਕਿਉਂ ਖੜੇ ਹੋਏ ? ✪ ਲੋਕਾਂ ਅਗੇ ਪੰਜਾਬ ਬਾਰੇ ਵਿਜਨ ਪੇਪਰ ਕਿਉਂ ਨਹੀਂ ਪੇਸ਼ ਕਰ ਸਕੀ, ਜਥੇਬੰਦਕ ਢਾਂਚਾ ਹੁਣ ਤਕ ਕਿਉਂ ਨਹੀਂ ਬਣ ਸਕਿਆ ?






ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ, ਜਿਸ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨਾਲ ਬਣਾਇਆ ਗਿਆ ਸੀ ਤੇ ਜਿਸ ਨੂੰ ਬਾਦਲ ਪਰਿਵਾਰ ਵਾਲੇ ਅਕਾਲੀ ਦਲ ਦੇ ਬਦਲ ਵਜੋਂ ਵੇਖਿਆ ਜਾਂਦਾ ਸੀ, ਅੱਜ ਕੱਲ੍ਹ ਆਪਣੇ ਆਪ ਨੂੰ ਸੰਕਟ ਵਿੱਚ ਘਿਰਿਆ ਮਹਿਸੂਸ ਕਰ ਰਹੀ ਹੈ। ਪਾਰਟੀ ਨੂੰ ਲੱਗ ਰਹੇ ਲਗਾਤਾਰ ਝਟਕਿਆਂ ਕਰਕੇ ਇਹ ਸਵਾਲ ਉੱਠ ਰਹੇ ਹਨ ਕਿ ਇਹ ਨਿਘਾਰ ਵਲ ਕਿਉਂ ਜਾ ਰਹੀ ਹੈ ? ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ, ਨੂੰ ਲੱਗੇ ਤਾਜ਼ਾ ਝਟਕੇ ਨਾਲ ਸ਼ੁਰੂ ਕਰੀਏ। ਸਭ ਤੋਂ ਪਹਿਲਾਂ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਪਾਰਟੀ ਤੋਂ ਦੂਰੀ ਬਣਾਈ ਤੇ ਹੁਣ ਮੁੱਖ ਬੁਲਾਰੇ ਚਰਨਜੀਤ ਬਰਾੜ ਨੇ ਅਸਤੀਫ਼ਾ ਦੇ ਕੇ ਭਾਜਪਾ ਵਿੱਚ ਸ਼ਾਮਲ ਹੋ ਚੁਕੇ ਹਨ। ਬਰਾੜ ਨੇ ਬੀਤੇ ਦਿਨੀਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਭਾਜਪਾ ਆਗੂ ਸੁਨੀਲ ਜਾਖੜ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਮਿਲ ਕੇ ਭਾਜਪਾ ਵਿਚ ਸ਼ਾਮਲ ਹੋਏ ਕੀਤੀ। ਇਸ ਨਾਲ ਪੰਜਾਬ ਦੀ ਸਿਆਸਤ ਵਿੱਚ ਤਰਥੱਲੀ ਮਚ ਗਈ ਹੈ। ਬਰਾੜ ਨੇ ਅਸਤੀਫ਼ੇ ਵਿੱਚ ਲਿਖਿਆ ਕਿ ਉਹ ਭਰੇ ਮਨ ਨਾਲ ਅਸਤੀਫ਼ਾ ਦੇ ਰਹੇ ਹਨ ਕਿਉਂਕਿ ਪਾਰਟੀ ਸਿਧਾਂਤਾਂ ਉੱਤੇ ਪਹਿਰਾ ਨਹੀਂ ਦੇ ਰਹੀ ਤੇ ਲੋਕ ਮੁੱਦਿਆਂ ਉੱਤੇ ਸੰਘਰਸ਼ ਨਹੀਂ ਕਰ ਰਹੀ। ਉਹਨਾਂ ਨੇ ਕਿਹਾ ਕਿ 11 ਅਗਸਤ ਨੂੰ ਪ੍ਰਧਾਨ ਚੋਣ ਤੋਂ ਬਾਅਦ ਪੰਜ ਮਹੀਨੇ ਵਿੱਚ ਪਾਰਟੀ ਨੇ ਕਿਸੇ ਵੀ ਮੁੱਦੇ ਉੱਤੇ ਧਰਤੀ ਉੱਤੇ ਲੜਾਈ ਨਹੀਂ ਲੜੀ ਤੇ ਨਾ ਹੀ ਕੋਈ ਠੋਸ ਪ੍ਰੋਗਰਾਮ ਦਿੱਤਾ। ਇਸ ਕਰਕੇ ਵਰਕਰਾਂ ਦਾ ਮਨੋਬਲ ਟੁੱਟ ਚੁੱਕਾ ਹੈ।

ਬਰਾੜ ਨੇ ਅਸਤੀਫ਼ੇ ਵਿੱਚ ਇਹ ਵੀ ਲਿਖਿਆ ਕਿ ਉਹਨਾਂ ਨੇ ਪੰਜ ਮੈਂਬਰੀ ਭਰਤੀ ਕਮੇਟੀ ਰਾਹੀਂ ਬਹੁਤ ਮਿਹਨਤ ਨਾਲ ਭਰਤੀ ਕੀਤੀ ਸੀ, ਖਾਸ ਕਰ ਮਾਲਵੇ ਵਿੱਚ ਬਾਦਲ ਪਰਿਵਾਰ ਦੇ ਦਬਾਅ ਹੋਣ ਦੇ ਬਾਵਜੂਦ। ਪਰ ਹੁਣ ਪਾਰਟੀ ਨਵੀਂ ਲੀਡਰਸ਼ਿਪ ਨਾਲ ਪੰਥ ਤੇ ਪੰਜਾਬ ਪ੍ਰਸਤ ਨਹੀਂ ਬਣ ਸਕੀ। ਉਹਨਾਂ ਨੇ ਉਮੀਦ ਜਤਾਈ ਕਿ ਲੀਡਰਸ਼ਿਪ ਸੁਧਾਰ ਕਰ ਲਵੇ ਤਾਂ ਪਾਰਟੀ ਕਾਮਯਾਬ ਹੋ ਸਕਦੀ ਹੈ। ਇਸ ਅਸਤੀਫ਼ੇ ਨੇ ਪਾਰਟੀ ਨੂੰ ਵੱਡਾ ਝਟਕਾ ਦਿੱਤਾ ਹੈ ਤੇ ਸਿਆਸੀ ਹਲਕੇ ਇਸ ਨੂੰ ਪਾਰਟੀ



ਦੀ ਅੰਦਰੂਨੀ ਕਮਜ਼ੋਰੀ ਵਜੋਂ ਵੇਖ ਰਹੇ ਹਨ।

ਮਨਪ੍ਰੀਤ ਸਿੰਘ ਇਆਲੀ ਪਾਰਟੀ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਹਨ ਤੇ ਕਮੇਟੀ ਵਿੱਚ ਵੀ ਸਨ। ਪਰ ਉਹਨਾਂ ਨੇ ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ ਬਾਅਦ ਕਿਹਾ ਕਿ ਉਹ ਕਿਸੇ ਵੀ ਪਾਰਟੀ ਨਾਲ ਨਹੀਂ ਹਨ। ਬਾਅਦ ਵਿੱਚ ਸਪੱਸ਼ਟੀਕਰਨ ਵਿੱਚ ਕਿਹਾ ਕਿ ਅਕਾਲ ਤਖ਼ਤ ਨੇ ਉਹਨਾਂ ਨੂੰ ਭਰਤੀ ਕਰਨ ਦੀ ਡਿਊਟੀ ਲਾਈ ਸੀ ਤੇ ਉਹ ਪੰਥਕ ਧਿਰਾਂ ਨੂੰ ਇਕੱਠੇ ਕਰਨ ਲਈ ਯਤਨਸ਼ੀਲ ਹਨ। ਇਆਲੀ ਨੇ ਕਿਹਾ ਕਿ ਪੁਨਰ ਸੁਰਜੀਤ ਅਕਾਲੀ ਦਲ ਨਾਲ ਕੋਈ ਮੱਤਭੇਦ ਨਹੀਂ ਹੈ ਪਰ ਉਹ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਐਕਟਿਵ ਨਹੀਂ ਹਨ। ਪਰ ਸੁਆਲ ਇਹ ਹੈ ਕਿ ਇਆਲੀ ਦਾ ਰੁਝਾਨ ਅਕਾਲੀ ਦਲ ਵਾਰਿਸ ਪੰਜਾਬ ਵੱਲ ਕਿਉਂ ਹੈ ?

ਮਾਘੀ ਮੇਲੇ ਮੌਕੇ ਉਹਨਾਂ ਨੇ ਵਾਰਿਸ ਪੰਜਾਬ ਦੀ ਸਟੇਜ ਤੋਂ ਸੰਬੋਧਨ ਕੀਤਾ ਸੀ। ਇਸ ਤੋਂ ਇਲਾਵਾ ਅਕਾਲੀ ਦਲ ਪੁਨਰ ਸੁਰਜੀਤ ਨੇ ਤਰਨਤਾਰਨ ਜ਼ਿਮਨੀ ਚੋਣ ਵਿੱਚ ਵਾਰਿਸ ਪੰਜਾਬ ਨੂੰ ਸਮਰਥਨ ਵੀ ਦਿੱਤਾ ਸੀ। ਮਾਹਿਰਾਂ ਮੁਤਾਬਕ ਇਆਲੀ ਪੰਥਕ ਏਕਤਾ ਲਈ ਕੰਮ ਕਰ ਰਹੇ ਹਨ ਤੇ ਵਾਰਿਸ ਪੰਜਾਬ ਨੂੰ ਪੰਥਕ ਧਿਰ ਵਜੋਂ ਵੇਖਦੇ ਹਨ ਜੋ ਨੌਜਵਾਨਾਂ ਵਿੱਚ ਪ੍ਰਸਿੱਧ ਹੈ।

ਇਆਲੀ ਨੂੰ ਲੱਗਦਾ ਹੈ ਕਿ ਅਕਾਲੀ ਦਲ ਪੁਨਰ ਸੁਰਜੀਤ ਅਜੇ ਤੱਕ ਮਜ਼ਬੂਤ ਨਹੀਂ ਬਣਿਆ ਤੇ ਵਾਰਿਸ ਪੰਜਾਬ ਵਰਗੀਆਂ ਧਿਰਾਂ ਨਾਲ ਮਿਲ ਕੇ ਪੰਥ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਇਹ ਰੁਝਾਨ ਪੁਨਰ ਸੁਰਜੀਤ ਲਈ ਚਿੰਤਾ ਦੀ ਗੱਲ ਹੈ, ਕਿਉਂਕਿ ਇਹ ਪੰਥਕ ਵੋਟਾਂ ਨੂੰ ਵੰਡ ਸਕਦਾ ਹੈ।

ਸਿਆਸੀ ਮਾਹਿਰਾਂ ਨੇ ਵੀ ਪਾਰਟੀ ਦੀ ਹਾਲਤ ਬਾਰੇ ਚਿੰਤਾ ਜਤਾਈ ਹੈ। ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਨੇ ਕਿਹਾ ਕਿ ਅਕਾਲੀ ਦਲ ਪੁਨਰ ਸੁਰਜੀਤ ਪਾਰਟੀ ਨੇ ਕੋਈ ਸਿਆਸੀ ਜਾਂ ਸਮਾਜਿਕ ਸਰਗਰਮੀ ਨਹੀਂ ਕੀਤੀ ਤੇ ਕੋਈ ਮੁੱਦਾ ਨਹੀਂ ਉਠਾਇਆ। ਉਹਨਾਂ ਨੇ ਕਿਹਾ ਕਿ ਪਾਰਟੀ ਨੇ ਵਿਜ਼ਨ ਪੇਪਰ ਲਿਆਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਨਹੀਂ ਆਇਆ। ਆਗੂਆਂ ਵਿੱਚ ਤਾਲਮੇਲ ਨਹੀਂ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੇਵਾਮੁਕਤ ਪ੍ਰੋਫੈਸਰ ਜਗਰੂਪ ਸਿੰਘ ਸੇਖੋਂ ਨੇ ਕਿਹਾ ਕਿ ਇਹ ਅਜਿਹਾ ਜਹਾਜ਼ ਹੈ ਜਿਸ ਦੀ ਮੰਜ਼ਿਲ ਨਹੀਂ ਹੈ। ਪਾਰਟੀ ਨੇ ਜਥੇਬੰਦਕ ਢਾਂਚਾ ਨਹੀਂ ਖੜ੍ਹਾ ਕੀਤਾ ਤੇ ਏਜੰਡਾ ਸਾਂਝਾ ਨਹੀਂ ਕੀਤਾ। ਸਿਆਸੀ ਆਗੂ ਬਣਨ ਲਈ ਲੋਕਾਂ ਵਿੱਚ ਜਾਣਾ ਪੈਂਦਾ ਹੈ ਪਰ ਪਾਰਟੀ ਅਜੇ ਤੱਕ ਲੋਕਾਂ ਵਿੱਚ ਨਹੀਂ ਵਿਚਰੀ। ਇਹਨਾਂ ਵਿਚਾਰਾਂ ਤੋਂ ਸਾਫ਼ ਹੈ ਕਿ ਪਾਰਟੀ ਨੂੰ ਸਰਗਰਮੀਆਂ ਦੀ ਘਾਟ ਤੇ ਮੁੱਦੇ ਨਾ ਚੁੱਕਣ ਕਰਕੇ ਨੁਕਸਾਨ ਹੋ ਰਿਹਾ ਹੈ। ਪੰਜਾਬ ਵਿੱਚ ਨਸ਼ੇ, ਬੇਰੁਜ਼ਗਾਰੀ, ਕਿਸਾਨ ਮੁੱਦੇ ਵਰਗੇ ਵੱਡੇ ਮਸਲੇ ਹਨ ਪਰ ਪਾਰਟੀ ਨੇ ਇਨ੍ਹਾਂ ਉੱਤੇ ਕੋਈ ਵੱਡੀ ਲਹਿਰ ਨਹੀਂ ਚਲਾਈ।

ਅਕਾਲੀ ਦਲ ਪੁਨਰ ਸੁਰਜੀਤ ਆਗੂ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਪਾਰਟੀ ਨੂੰ ਸਰਗਰਮੀਆਂ ਕਰਨੀਆਂ ਪੈਣਗੀਆਂ ਤੇ ਅਸੀਂ ਕਰਾਂਗੇ ਵੀ। ਪਰਮਿੰਦਰ ਢੀਂਡਸਾ ਨੇ ਕਿਹਾ ਕਿ ਸਾਰੀਆਂ ਸਰਗਰਮੀਆਂ ਦੀ ਯੋਜਨਾ ਉਲੀਕੀ ਹੈ ਤੇ ਹੌਲੀ-ਹੌਲੀ ਕਰ ਰਹੇ ਹਾਂ। ਬਰਾੜ ਦੇ ਇਲਜ਼ਾਮਾਂ ਬਾਰੇ ਉਹਨਾਂ ਨੇ ਕਿਹਾ ਕਿ ਦੋ-ਤਿੰਨ ਮਹੀਨੇ ਸਰਗਰਮੀ ਘੱਟ ਹੋਣ ਨੂੰ ਕੋਈ ਸਰਗਰਮੀ ਨਾ ਹੋਣਾ ਨਹੀਂ ਕਿਹਾ ਜਾ ਸਕਦਾ। ਜੇ ਬਰਾੜ ਭਾਜਪਾ ਵਿੱਚ ਜਾਣਾ ਚਾਹੁੰਦੇ ਸਨ ਤਾਂ ਇਤਰਾਜ਼ ਨਹੀਂ ਪਰ ਪਾਰਟੀ ਉੱਤੇ ਇਲਜ਼ਾਮ ਨਹੀਂ ਲਾਉਣੇ ਚਾਹੀਦੇ ਸਨ। ਇਆਲੀ ਬਾਰੇ ਉਹਨਾਂ ਨੇ ਕਿਹਾ ਕਿ ਉਹ ਮੀਟਿੰਗਾਂ ਵਿੱਚ ਹਿੱਸਾ ਲੈ ਰਹੇ ਹਨ ਤੇ ਪਿਛਲੀਆਂ ਦੋ ਮੀਟਿੰਗਾਂ ਵਿੱਚ ਮੌਜੂਦ ਸਨ। ਉਹਨਾਂ ਨੇ ਦੂਰੀ ਨਹੀਂ ਬਣਾਈ ਬਲਕਿ ਸਰਗਰਮੀਆਂ ਵਿੱਚ ਹਿੱਸਾ ਨਹੀਂ ਲੈ ਰਹੇ। ਇਹ ਜਵਾਬ ਦੱਸਦੇ ਹਨ ਕਿ ਪਾਰਟੀ ਅੰਦਰੂਨੀ ਮੱਤਭੇਦਾਂ ਨੂੰ ਨਕਾਰ ਰਹੀ ਹੈ ਪਰ ਬਾਹਰੀ ਨਜ਼ਰ ਵਿੱਚ ਇਹ ਕਮਜ਼ੋਰੀਆਂ ਸਾਫ਼ ਨਜ਼ਰ ਆ ਰਹੀਆਂ ਹਨ।

ਹੁਣ ਸਵਾਲ ਇਹ ਹੈ ਕਿ ਅਕਾਲੀ ਦਲ ਪੁਨਰ ਸੁਰਜੀਤ ਨੂੰ ਕੀ ਉਪਰਾਲੇ ਕਰਨ ਦੀ ਲੋੜ ਹੈ ਤੇ ਕਿਉਂ ?

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪਹਿਲਾਂ ਤਾਂ ਪਾਰਟੀ ਨੂੰ ਜਥੇਬੰਦਕ ਢਾਂਚਾ ਖੜ੍ਹਾ ਕਰਨਾ ਚਾਹੀਦਾ ਹੈ। ਬਿਨਾਂ ਢਾਂਚੇ ਦੇ ਪਾਰਟੀ ਨਹੀਂ ਚੱਲ ਸਕਦੀ। ਮਾਹਿਰਾਂ ਮੁਤਾਬਕ ਪਾਰਟੀ ਨੂੰ ਆਪਣੇ ਏਜੰਡੇ ਸਾਂਝੇ ਕਰਨੇ ਚਾਹੀਦੇ ਹਨ ਤੇ ਲੋਕਾਂ ਵਿੱਚ ਜਾ ਕੇ ਮੁੱਦੇ ਚੁੱਕਣੇ ਚਾਹੀਦੇ ਹਨ। ਵਿਜ਼ਨ ਪੇਪਰ ਜਲਦੀ ਲਿਆਉਣਾ ਚਾਹੀਦਾ ਹੈ ਜਿਸ ਵਿੱਚ ਪੰਜਾਬ ਦੇ ਵਿਕਾਸ, ਪੰਥਕ ਏਕਤਾ, ਨੌਜਵਾਨਾਂ ਲਈ ਨੌਕਰੀਆਂ, ਕਿਸਾਨਾਂ ਦੇ ਮਸਲੇ ਤੇ ਨਸ਼ੇ ਵਿਰੋਧੀ ਯੋਜਨਾਵਾਂ ਹੋਣ। ਪਾਰਟੀ ਨੂੰ ਸਰਗਰਮੀਆਂ ਵਧਾਉਣੀਆਂ ਚਾਹੀਦੀਆਂ ਹਨ ਜਿਵੇਂ ਰੈਲੀਆਂ, ਧਰਨੇ ਤੇ ਸਮਾਜਿਕ ਪ੍ਰੋਗਰਾਮ। ਇਹ ਉਪਰਾਲੇ ਇਸ ਲਈ ਜ਼ਰੂਰੀ ਹਨ, ਕਿਉਂਕਿ ਪੰਜਾਬ ਵਿੱਚ ਅਗਲੀਆਂ ਚੋਣਾਂ ਨੇੜੇ ਹਨ ਤੇ ਪਾਰਟੀ ਨੂੰ ਆਪਣੀ ਹੋਂਦ ਬਚਾਉਣ ਲਈ ਮਜ਼ਬੂਤ ਹੋਣਾ ਪਵੇਗਾ। ਜੇ ਅਜਿਹਾ ਨਾ ਹੋਇਆ ਤਾਂ ਵਰਕਰ ਵਧੇਰੇ ਨਿਰਾਸ਼ ਹੋ ਜਾਣਗੇ ਤੇ ਪਾਰਟੀ ਹੋਰ ਕਮਜ਼ੋਰ ਹੋ ਜਾਵੇਗੀ।

ਪੰਥਕ ਧਿਰਾਂ ਨੂੰ ਇਕੱਠੇ ਕਰਨ ਲਈ ਵੀ ਯਤਨ ਵਧਾਉਣੇ ਚਾਹੀਦੇ ਹਨ ਤਾਂ ਜੋ ਵੋਟ ਨਾ ਵੰਡੇ ਜਾਣ। ਅਕਾਲੀ ਦਲ ਪੁਨਰ ਸੁਰਜੀਤ ਨੂੰ ਆਪਣੇ ਆਪ ਨੂੰ ਮਜ਼ਬੂਤ ਕਰਨ ਲਈ ਤੇਜ਼ੀ ਨਾਲ ਕੰਮ ਕਰਨਾ ਪਵੇਗਾ। ਜੇ ਉਹ ਸਿਆਸੀ ਸਰਗਰਮੀਆਂ ਵਧਾਏ ਤੇ ਲੋਕ ਮੁੱਦੇ ਚੁੱਕੇ ਤਾਂ ਪੰਥਕ ਵੋਟਾਂ ਨੂੰ ਇਕੱਠਾ ਕਰ ਸਕਦੀ ਹੈ।

# ਭਾਰਤ ਵਲੋਂ ਰੂਸੀ ਤੇਲ ਖਰੀਦ ਘਟਾਉਣ ਨਾਲ ਮਾਸਕੋ ਨੂੰ ਵੱਡਾ ਝਟਕਾ

## ✪ ਰੂਸ ਨੇ ਚਾਰ ਸਾਲਾਂ ਵਿੱਚ ਸੋਨੇ ਦੇ ਭੰਡਾਰਾਂ ਦਾ 60% ਵੇਚ ਦਿੱਤਾ ✪ ਦੁਨੀਆ ਵਿੱਚ ਸਭ ਤੋਂ ਵੱਧ ਸੋਨਾ ਅਮਰੀਕਾ ਕੋਲ, ਭਾਰਤ 8ਵੇਂ ਨੰਬਰ 'ਤੇ

ਨਵੀਂ ਦਿੱਲੀ-ਅੱਜ ਦੇ ਸਮੇਂ ਵਿੱਚ ਦੁਨੀਆ ਭਰ ਵਿੱਚ ਆਰਥਿਕ ਅਸਥਿਰਤਾ ਵਧ ਰਹੀ ਹੈ। ਯੂਕਰੇਨ ਯੁੱਧ, ਅਮਰੀਕਾ-ਚੀਨ ਵਪਾਰਕ ਤਣਾਅ ਅਤੇ ਵਿਆਜ ਦਰਾਂ ਦੇ ਉਤਰਾਅ-ਚੜ੍ਹਾਅ ਨੇ ਕਈ ਦੇਸ਼ਾਂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਦੌਰਾਨ ਭਾਰਤ ਦੀ ਅਰਥਵਿਵਸਥਾ ਮਜ਼ਬੂਤੀ ਨਾਲ ਵਧ ਰਹੀ ਹੈ। 2026 ਵਿੱਚ ਭਾਰਤ ਦੀ ਜੀਡੀਪੀ ਵਿਕਾਸ ਦਰ 7 ਤੋਂ 7.4 ਪ੍ਰਤੀਸ਼ਤ ਰਹਿਣ ਦੀ ਉਮੀਦ ਹੈ। ਇਹ ਅੰਕੜੇ ਆਰਥਿਕ ਮਾਹਿਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਦਿੱਤੇ ਗਏ ਹਨ। ਉਦਾਹਰਨ ਵਜੋਂ, ਡੇਲੋਇਟ ਅਤੇ ਕੇਅਰਐੱਜ ਵਰਗੀਆਂ ਕੰਪਨੀਆਂ ਨੇ ਕਿਹਾ ਹੈ ਕਿ ਗਲੋਬਲ ਅਨਿਸ਼ਚਿਤਤਾਵਾਂ ਦੇ ਬਾਵਜੂਦ ਭਾਰਤ 7 ਪ੍ਰਤੀਸ਼ਤ ਵਿਕਾਸ ਨਾਲ ਅੱਗੇ ਵਧੇਗਾ। ਇਸ ਦੇ ਨਾਲ ਹੀ ਮਹਿੰਗਾਈ ਘਟ ਰਹੀ ਹੈ ਅਤੇ ਬੇਰੁਜ਼ਗਾਰੀ ਦਰ ਵੀ ਕਾਬੂ ਵਿੱਚ ਹੈ, ਜੋ ਲਗਭਗ 3.2 ਪ੍ਰਤੀਸ਼ਤ ਹੈ।

ਪਰ ਇਸ ਦੌਰਾਨ ਰੂਸ ਨਾਲ ਵਪਾਰ ਵਿੱਚ ਬਦਲਾਅ ਆਇਆ ਹੈ। ਭਾਰਤ ਨੇ ਰੂਸੀ ਤੇਲ ਦੀ ਖਰੀਦ ਵਿੱਚ ਵੱਡੀ ਕਟੌਤੀ ਕੀਤੀ ਹੈ। ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਭਾਰਤ ਰੂਸੀ ਤੇਲ ਦਾ ਵੱਡਾ ਖਰੀਦਾਰ ਬਣ ਗਿਆ ਸੀ। ਰੂਸ ਨੂੰ ਪੱਛਮੀ ਪਾਬੰਦੀਆਂ ਕਾਰਨ ਆਪਣਾ ਤੇਲ ਸਸਤੇ ਰੇਟਾਂ 'ਤੇ ਵੇਚਣਾ ਪੈ ਰਿਹਾ ਸੀ ਅਤੇ ਭਾਰਤ ਨੂੰ ਇਸ ਨਾਲ ਫਾਇਦਾ ਹੋ ਰਿਹਾ ਸੀ। ਪਰ 2025 ਦੇ ਅਖੀਰ ਵਿੱਚ ਅਤੇ 2026 ਦੀ ਸ਼ੁਰੂਆਤ ਵਿੱਚ ਇਹ ਖਰੀਦ ਘਟ ਕੇ ਤਿੰਨ ਸਾਲਾਂ ਦੇ ਨੀਵੇਂ ਪੱਧਰ 'ਤੇ ਪਹੁੰਚ ਗਈ ਹੈ। ਦਸੰਬਰ 2025 ਵਿੱਚ ਭਾਰਤ ਨੇ ਰੂਸੀ ਤੇਲ ਦੀ ਖਰੀਦ 29 ਪ੍ਰਤੀਸ਼ਤ ਘਟਾ ਦਿੱਤੀ ਅਤੇ ਜਨਵਰੀ 2026 ਵਿੱਚ ਵੀ ਇਹ ਘਟਾਅ ਜਾਰੀ ਹੈ। ਰਿਲਾਇੰਸ ਵਰਗੀਆਂ ਵੱਡੀਆਂ ਕੰਪਨੀਆਂ ਨੇ ਰੂਸੀ ਤੇਲ ਦੀ ਖਰੀਦ ਬੰਦ ਕਰ ਦਿੱਤੀ ਹੈ ਜਾਂ ਘਟਾ ਦਿੱਤੀ ਹੈ।

ਇਸ ਘਟਾਅ ਦੇ ਕਈ ਕਾਰਨ ਹਨ। ਪਹਿਲਾ, ਅਮਰੀਕਾ ਨੇ ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ 'ਤੇ ਪਾਬੰਦੀਆਂ ਅਤੇ ਟੈਰਿਫ ਵਧਾ ਦਿੱਤੇ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਨੂੰ ਚੇਤਾਵਨੀ ਦਿੱਤੀ ਸੀ ਅਤੇ 25 ਪ੍ਰਤੀਸ਼ਤ ਵਾਧੂ ਟੈਕਸ ਲਗਾ ਦਿੱਤਾ ਹੈ, ਜਿਸ ਨਾਲ ਭਾਰਤੀ ਸਾਮਾਨਾਂ 'ਤੇ ਕੁੱਲ ਟੈਰਿਫ 50 ਪ੍ਰਤੀਸ਼ਤ ਹੋ ਗਿਆ ਸੀ। ਦੂਜਾ, ਰੂਸੀ ਤੇਲ ਦਾ ਡਿਸਕਾਊਂਟ ਘਟ ਗਿਆ ਹੈ ਅਤੇ ਕੀਮਤਾਂ ਵਿੱਚ ਡਿਸਕਾਊਂਟ ਘੱਟ ਹੋਣ ਨਾਲ ਫਾਇਦਾ ਨਹੀਂ ਰਿਹਾ। ਤੀਜਾ, ਯੂਰਪੀਅਨ ਯੂਨੀਅਨ ਅਤੇ ਅਮਰੀਕੀ ਪਾਬੰਦੀਆਂ ਨੇ ਰੂਸੀ ਤੇਲ ਦੀ ਸਪਲਾਈ ਨੂੰ ਮੁਸ਼ਕਲ ਬਣਾ ਦਿੱਤਾ ਹੈ। ਇਸ ਕਾਰਨ ਭਾਰਤ ਨੇ ਸਾਊਦੀ ਅਰਬ ਅਤੇ ਯੂਏਈ ਵਰਗੇ ਹੋਰ ਦੇਸ਼ਾਂ ਤੋਂ ਤੇਲ ਖਰੀਦਿਆ ਹੈ। ਇਹ ਬਦਲਾਅ ਭਾਰਤ ਲਈ ਆਰਥਿਕ ਤੌਰ 'ਤੇ ਚੰਗਾ ਹੈ ਕਿਉਂਕਿ ਇਹ ਵਪਾਰਕ ਸੰਤੁਲਨ ਬਿਹਤਰ ਬਣਾਉਂਦਾ ਹੈ ਅਤੇ ਅਮਰੀਕਾ ਨਾਲ ਰਿਸ਼ਤੇ ਮਜ਼ਬੂਤ ਕਰਦਾ ਹੈ।

ਪਰ ਇਸ ਦਾ ਵੱਡਾ ਅਸਰ ਰੂਸ 'ਤੇ ਪਿਆ ਹੈ। ਰੂਸ ਦੀ ਅਰਥਵਿਵਸਥਾ ਮੁੱਖ ਤੌਰ 'ਤੇ ਤੇਲ ਅਤੇ ਗੈਸ ਨਿਰਯਾਤ 'ਤੇ ਨਿਰਭਰ ਹੈ। ਭਾਰਤ ਵਰਗੇ ਵੱਡੇ ਖਰੀਦਾਰ ਨੇ ਖਰੀਦ ਘਟਾਈ ਹੈ,ਜਿਸ ਕਾਰਣ ਰੂਸੀ ਆਮਦਨ ਵਿੱਚ ਵੱਡੀ ਗਿਰਾਵਟ ਆਈ ਹੈ। ਪਿਛਲੇ ਸਾਲ ਰੂਸੀ ਊਰਜਾ ਨਿਰਯਾਤ ਆਮਦਨ ਮਹਾਮਾਰੀ ਤੋਂ ਬਾਅਦ ਦੇ ਨੀਵੇਂ ਪੱਧਰ 'ਤੇ ਪਹੁੰਚ ਗਈ ਹੈ। ਇਸ ਘਾਟੇ ਨੂੰ ਪੂਰਾ ਕਰਨ ਲਈ ਰੂਸ ਨੇ ਆਪਣੇ ਨੈਸ਼ਨਲ ਵੈਲਥ ਫੰਡ (ਐੱਨਐੱਫਡਬਲਿਊ) ਤੋਂ ਵਿਦੇਸ਼ੀ ਮੁਦਰਾ ਅਤੇ ਸੋਨੇ ਦੀ ਵੱਡੀ ਵਿਕਰੀ ਸ਼ੁਰੂ ਕੀਤੀ ਹੈ। ਜਨਵਰੀ 2026 ਵਿੱਚ ਰੂਸੀ ਵਿੱਤ ਮੰਤਰਾਲੇ ਨੇ ਰੋਜ਼ਾਨਾ 12.8 ਅਰਬ ਰੂਬਲ ਦੇ ਚੀਨੀ ਯੁਆਨ ਅਤੇ ਸੋਨੇ ਵੇਚਣ ਦਾ ਐਲਾਨ ਕੀਤਾ ਹੈ, ਜੋ ਕੁੱਲ 192 ਅਰਬ ਰੂਬਲ (ਲਗਭਗ 2.48 ਅਰਬ ਡਾਲਰ) ਹੈ। ਇਹ ਕੋਵਿਡ ਸੰਕਟ ਤੋਂ ਵੀ ਵੱਡੀ ਵਿਕਰੀ ਹੈ।

ਰੂਸ ਨੇ ਪਿਛਲੇ ਚਾਰ ਸਾਲਾਂ ਵਿੱਚ ਆਪਣੇ ਸੋਨੇ ਦੇ ਭੰਡਾਰਾਂ ਦਾ 60 ਪ੍ਰਤੀਸ਼ਤ ਵੇਚ ਦਿੱਤਾ ਹੈ। ਯੂਕਰੇਨ ਯੁੱਧ ਤੋਂ ਪਹਿਲਾਂ ਐੱਨਐੱਫਡਬਲਿਊ ਵਿੱਚ 113 ਅਰਬ ਡਾਲਰ ਦੀ ਲਿਕਵਿਡ ਐਸੈੱਟਸ ਸਨ, ਜਿਸ ਵਿੱਚ 405 ਟਨ ਸੋਨਾ ਸੀ। ਹੁਣ ਇਹ ਘਟ ਕੇ 173 ਟਨ ਰਹਿ ਗਿਆ ਹੈ। ਰੂਸੀ ਤੇਲ ਦੀ ਕੀਮਤ ਡਿਸਕਾਊਂਟ ਕਾਰਨ 39 ਡਾਲਰ ਪ੍ਰਤੀ ਬੈਰਲ ਤੱਕ ਡਿੱਗ ਗਈ ਹੈ, ਜਦਕਿ ਬਜਟ ਵਿੱਚ 59 ਡਾਲਰ ਦਾ ਅੰਦਾਜ਼ਾ ਲਗਾਇਆ ਗਿਆ ਸੀ। ਮਾਹਿਰਾਂ ਨੇ ਕਿਹਾ ਹੈ ਕਿ ਇਸ ਸਾਲ ਰੂਸ ਨੂੰ ਤੇਲ-ਗੈਸ ਆਮਦਨ ਵਿੱਚ ਵੱਡਾ ਦਬਾਅ ਰਹੇਗਾ। ਰੂਸ ਭਾਰਤ ਨੂੰ ਆਪਣਾ ਦੋਸਤ ਮੰਨਦਾ ਹੈ, ਪਰ ਇਹ ਘਟਾਅ ਰੂਸ ਲਈ ਨਾਜ਼ੁਕ ਸਥਿਤੀ ਪੈਦਾ ਕਰ ਰਿਹਾ ਹੈ। ਰੂਸ ਹੁਣ ਪਾਬੰਦੀਆਂ ਨੂੰ ਬਾਈਪਾਸ ਕਰਨ ਦੇ ਤਰੀਕੇ ਲੱਭ ਰਿਹਾ ਹੈ ਤਾਂ ਜੋ ਭਾਰਤ ਨਾਲ ਵਪਾਰ ਜਾਰੀ ਰੱਖੇ।



### ਕੀ ਕਾਰਨ ਹੈ ਸੋਨਾ ਵਧਿਆ

ਸੋਨੇ ਦੇ ਰੇਟ ਵਧਣ ਦੇ ਕਾਰਨ ਵੀ ਵੱਡੇ ਹਨ। 2025 ਵਿੱਚ ਸੋਨੇ ਨੇ ਰਿਕਾਰਡ ਤੋੜੇ ਅਤੇ 2026 ਵਿੱਚ ਵੀ ਵਧ ਰਿਹਾ ਹੈ। ਅੱਜ ਦੀ ਕੀਮਤ ਲਗਭਗ 4,600 ਡਾਲਰ ਪ੍ਰਤੀ ਔਂਸ ਹੈ। ਮਾਹਿਰਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਇਹ 5,000 ਡਾਲਰ ਤੱਕ ਜਾ ਸਕਦਾ ਹੈ। ਕਾਰਨ ਹਨ: ਪਹਿਲਾ, ਜੀਓਪੌਲੀਟੀਕਲ ਤਣਾਅ ਜਿਵੇਂ ਯੁੱਧ ਅਤੇ ਵਪਾਰਕ ਜੰਗਾਂ ਨਾਲ ਨਿਵੇਸ਼ਕ ਸੋਨੇ ਵੱਲ ਭੱਜਦੇ ਹਨ। ਦੂਜਾ, ਕੇਂਦਰੀ ਬੈਂਕਾਂ ਨੇ 2025 ਵਿੱਚ 1,000 ਟਨ ਤੋਂ ਵੱਧ ਸੋਨਾ ਖਰੀਦਿਆ ਅਤੇ ਇਹ ਜਾਰੀ ਹੈ, ਜਿਸ ਨਾਲ ਸਪਲਾਈ ਘਟਦੀ ਹੈ। ਤੀਜਾ, ਅਮਰੀਕੀ ਡਾਲਰ ਕਮਜ਼ੋਰ ਹੋਣ ਅਤੇ ਫੈੱਡ ਨੇ ਵਿਆਜ ਦਰਾਂ ਵਿੱਚ ਕਟੌਤੀ ਕੀਤੀ ਹੈ, ਜਿਸ ਨਾਲ ਸੋਨਾ ਆਕਰਸ਼ਕ ਬਣਦਾ ਹੈ। ਚੌਥਾ, ਮਹਿੰਗਾਈ ਅਤੇ ਵਿਸ਼ਵ ਭਰ ਵਿੱਚ ਵਧਦੇ ਕਰਜ਼ੇ ਸੋਨੇ ਨੂੰ ਸੁਰੱਖਿਅਤ ਨਿਵੇਸ਼ ਬਣਾਉਂਦੇ ਹਨ ਜੇ ਆਰਥਿਕ ਵਿਕਾਸ ਹੌਲੀ ਹੋਇਆ ਤਾਂ ਸੋਨਾ ਹੋਰ ਵਧੇਗਾ, ਪਰ ਸਥਿਰਤਾ ਆਈ ਤਾਂ ਥੋੜ੍ਹੀ ਗਿਰਾਵਟ ਵੀ ਆ ਸਕਦੀ ਹੈ।

> ਭਾਰਤ ਦੀ ਅਰਥਵਿਵਸਥਾ ਮੰਦੀ ਵੱਲ ਨਹੀਂ ਜਾ ਰਹੀ, ਬਲਕਿ ਮਜ਼ਬੂਤ ਵਿਕਾਸ ਨਾਲ ਅੱਗੇ ਵਧ ਰਹੀ ਹੈ। ਰੂਸ ਨਾਲ ਤੇਲ ਵਪਾਰ ਘਟਾਉਣ ਨਾਲ ਰੂਸ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਉਸ ਨੇ ਸੋਨਾ ਵੇਚ ਕੇ ਘਾਟਾ ਪੂਰਾ ਕੀਤਾ ਹੈ। ਪਰ ਸੋਨੇ ਦੇ ਵਧਦੇ ਰੇਟ ਅਤੇ ਵਿਸ਼ਵ ਭੰਡਾਰਾਂ ਵਿੱਚ ਭਾਰਤ ਦੀ ਮਜ਼ਬੂਤ ਸਥਿਤੀ ਦੱਸਦੀ ਹੈ ਕਿ ਭਵਿੱਖ ਵਿੱਚ ਵੀ ਸੋਨਾ ਆਰਥਿਕ ਸੁਰੱਖਿਆ ਦਾ ਪ੍ਰਤੀਕ ਰਹੇਗਾ। ਇਹ ਸਥਿਤੀ ਦੱਸਦੀ ਹੈ ਕਿ ਵਿਸ਼ਵ ਅਰਥਵਿਵਸਥਾ ਵਿੱਚ ਬਦਲਾਅ ਤੇਜ਼ ਹਨ।

## ਕਿਸ ਦੇਸ਼ ਕੋਲ ਕਿੰਨਾ ਸੋਨਾ ਭੰਡਾਰ


ਹੁਣ ਗੱਲ ਕਰੀਏ ਸੋਨੇ ਦੇ ਭੰਡਾਰਾਂ ਬਾਰੇ। ਸੋਨਾ ਅੱਜ ਦੇ ਸਮੇਂ ਵਿੱਚ ਆਰਥਿਕ ਸੁਰੱਖਿਆ ਦਾ ਵੱਡਾ ਹਥਿਆਰ ਹੈ। ਕੇਂਦਰੀ ਬੈਂਕ ਸੋਨੇ ਨੂੰ ਯੁੱਧ ਜਾਂ ਸੰਕਟ ਵੇਲੇ ਬਚਾਅ ਵਜੋਂ ਵਰਤਦੇ ਹਨ। 2026 ਦੀ ਸ਼ੁਰੂਆਤ ਵਿੱਚ ਵਰਲਡ ਗੋਲਡ ਕਾਉਂਸਲ ਅਤੇ ਆਈਐੱਮਐੱਫ ਦੇ ਅੰਕੜਿਆਂ ਅਨੁਸਾਰ, ਦੁਨੀਆ ਵਿੱਚ ਸਭ ਤੋਂ ਵੱਧ ਸੋਨਾ ਅਮਰੀਕਾ ਕੋਲ ਹੈ - 8,133 ਟਨ। ਇਹ ਫੋਰਟ ਨੌਕਸ ਵਰਗੀਆਂ ਸੁਰੱਖਿਅਤ ਜਗ੍ਹਾਵਾਂ 'ਤੇ ਰੱਖਿਆ ਗਿਆ ਹੈ ਅਤੇ ਅਮਰੀਕੀ ਡਾਲਰ ਨੂੰ ਮਜ਼ਬੂਤੀ ਦਿੰਦਾ ਹੈ। ਦੂਜੇ ਨੰਬਰ 'ਤੇ ਜਰਮਨੀ ਹੈ,ਜਿਸ ਕੋਲ ਲਗਭਗ 3,350 ਟਨ ਹੈ। ਤੀਜੇ 'ਤੇ ਇਟਲੀ ਹੈ, ਜਿਸ ਕੋਲ 2,452 ਟਨ ਹੈ, ਚੌਥੇ ਉਪਰ ਫਰਾਂਸ ਹੈ,ਜਿਸ ਕੋਲ 2,437 ਟਨ ਹੈ। ਪੰਜਵੇਂ ਨੰਬਰ 'ਤੇ ਰੂਸ ਹੈ ਜਿਸ ਕੋਲ 2,333 ਟਨ ਹੈ, ਜੋ ਪਿਛਲੇ ਸਾਲਾਂ ਵਿੱਚ ਵਧਾਇਆ ਗਿਆ ਸੀ ਪਰ ਹੁਣ ਵੇਚ ਰਿਹਾ ਹੈ। ਛੇਵੇਂ ਨੰਬਰ ਉਪਰ ਚੀਨ ਹੈ ਜਿਹ ਕੋਲ 2,304 ਟਨ ਹੈ, ਜੋ ਡੀ-ਡਾਲਰਾਈਜ਼ੇਸ਼ਨ ਲਈ ਵਧਾ ਰਿਹਾ ਹੈ। ਸੱਤਵੇਂ ਸਵਿਟਜ਼ਰਲੈਂਡ ਹੈ,ਜਿਸ ਕੋਲ 1,040 ਟਨ ਹੈ, ਅੱਠਵੇਂ ਨੰਬਰ ਉਪਰ ਭਾਰਤ ਹੈ ਜਿਸ ਕੋਲ ਲਗਭਗ 880 ਟਨ ਹੈ। ਨੌਵੇਂ ਨੰਬਰ ਉਪਰ ਜਾਪਾਨ ਹੈ ਜਿਸ ਕੋਲ 846 ਟਨ ਹੈ ਅਤੇ ਦੱਸਵੇਂ ਨੰਬਰ ਉਪਰ ਟਰਕੀ ਹੈ ਜਿਸ ਕੋਲ 640 ਟਨ ਸੋਨਾ ਹੈ। ਭਾਰਤ ਅੱਠਵੇਂ ਨੰਬਰ 'ਤੇ ਹੈ ਅਤੇ ਰਿਜ਼ਰਵ ਬੈਂਕ ਆਫ ਇੰਡੀਆ (ਆਰਬੀਆਈ) ਨੇ ਪਿਛਲੇ ਸਾਲਾਂ ਵਿੱਚ ਸੋਨਾ ਵਧਾਇਆ ਹੈ। ਭਾਰਤ ਵਿੱਚ ਸੋਨੇ ਦੇ ਭੰਡਾਰ ਵਿਦੇਸ਼ਾਂ ਤੋਂ ਵਾਪਸ ਲਿਆਂਦੇ ਗਏ ਹਨ । ਭਾਰਤ ਦੁਨੀਆ ਦਾ ਸਭ ਤੋਂ ਵੱਡਾ ਸੋਨਾ ਉਪਭੋਗਤਾ ਵੀ ਹੈ, ਜਿੱਥੇ ਵਿਆਹ ਅਤੇ ਤਿਉਹਾਰਾਂ ਲਈ ਲੋਕ ਵੱਡੀ ਮਾਤਰਾ ਵਿੱਚ ਖਰੀਦਦੇ ਹਨ। ਪਰ ਆਯਾਤ ਕਾਰਨ ਵਿਦੇਸ਼ੀ ਮੁਦਰਾ ਖਰਚ ਹੁੰਦੀ ਹੈ, ਇਸ ਲਈ ਸਰਕਾਰ ਡਿਜੀਟਲ ਗੋਲਡ ਅਤੇ ਗੋਲਡ ਬਾਂਡ ਨੂੰ ਉਤਸ਼ਾਹਿਤ ਕਰ ਰਹੀ ਹੈ।

## ਪੰਜਾਬ ਪੁਲੀਸ ਨੇ ਗੋਲਡੀ ਬਰਾੜ ਦਾ ਜਬਰੀ ਵਸੂਲੀ ਰੈਕੇਟ ਬੇਨਕਾਬ ਕੀਤਾ

ਲੁਧਿਆਣਾ-ਲੁਧਿਆਣਾ ਪੁਲੀਸ ਨੇ ਖ਼ਤਰਨਾਕ ਗੈਂਗਸਟਰ ਗੋਲਡੀ ਬਰਾੜ (ਜੋ ਵਿਦੇਸ਼ ਵਿੱਚ ਲੁਕਿਆ ਹੋਇਆ ਹੈ) ਨਾਲ ਜੁੜੇ ਇੱਕ ਵੱਡੇ ਜਬਰੀ ਵਸੂਲੀ (ਫਿਰੌਤੀ) ਅਤੇ ਗੈਰ-ਕਾਨੂੰਨੀ ਹਥਿਆਰਾਂ ਵਾਲੇ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਤਿੰਨ ਹਫਤਿਆਂ ਦੀ ਮੁਹਿੰਮ ਤੋਂ ਬਾਅਦ ਲੁਧਿਆਣਾ ਕਮਿਸ਼ਨਰੇਟ ਪੁਲੀਸ ਨੇ ਇਸ ਗਰੋਹ ਦੇ 10 ਮੁੱਖ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹਨਾਂ ਕੋਲੋਂ 12 ਆਧੁਨਿਕ ਵਿਦੇਸ਼ੀ ਹਥਿਆਰ ਬਰਾਮਦ ਕੀਤੇ ਗਏ ਹਨ। ਇਹਨਾਂ ਵਿੱਚ ਦੋ ਆਸਟ੍ਰੀਅਨ ਬਣੇ ਗਲੌਕ ਪਿਸਤੌਲ ਅਤੇ 10 ਹੋਰ ਤਕਨੀਕੀ ਹਥਿਆਰ ਸ਼ਾਮਲ ਹਨ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੁਲੀਸ ਨੇ ਇਹਨਾਂ ਵਿਰੁੱਧ ਬੀਐਨਐਸ ਅਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ। ਬਾਕੀ ਸਾਥੀਆਂ ਨੂੰ ਫੜਨ ਲਈ ਜਾਂਚ ਜਾਰੀ ਹੈ।

# ਪੰਜਾਬ ਕਾਂਗਰਸ ਵਿੱਚ ਧੜੇਬੰਦੀ ਤਿੱਖੀ, ਇਕਜੁੱਟਤਾ ਦੀਆਂ ਕੋਸ਼ਿਸ਼ਾਂ ਨੂੰ ਲੱਗ ਰਿਹਾ ਝਟਕਾ

**ਨਿਊਜ਼ ਸਟੋਰੀ** ✪ ਮੁਖ ਮੰਤਰੀ ਚਿਹਰੇ ਸਬੰਧੀ ਜੱਟ ਤੇ ਦਲਿਤ ਮੁਦੇ ਨੂੰ ਲੈਕੇ ਮਚਿਆ ਘਮਸਾਨ ✪ ਚੰਨੀ ਨੂੰ ਭਾਜਪਾ ਨਾਲ ਜੋੜਨ ਦੀਆਂ ਫੈਲੀਆਂ ਅਫਵਾਹਾਂ ✪ ਚੰਨੀ ਨੇ ਕਿਹਾ ਕਿ ਉਹ ਕਾਂਗਰਸ ਵਿਚ ਹੀ ਰਹਿਣਗੇ



ਪੰਜਾਬ ਕਾਂਗਰਸ ਵਿੱਚ ਅੰਦਰੂਨੀ ਝਗੜੇ ਅਤੇ ਧੜੇਬੰਦੀ ਨੇ ਪਾਰਟੀ ਨੂੰ ਡੂੰਘੀ ਸੰਕਟ ਵਿੱਚ ਧੱਕ ਦਿੱਤਾ ਹੈ। 2027 ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਵੇਖ ਕੇ ਪਾਰਟੀ ਹਾਈਕਮਾਂਡ ਵੱਲੋਂ ਇਕਜੁੱਟਤਾ ਵਧਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਧੜੇਬੰਦੀ ਨੇ ਇਨ੍ਹਾਂ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲਾਇਆ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਅਹੁਦੇ ਦੇ ਚਿਹਰੇ ਵਜੋਂ ਪੇਸ਼ ਕਰਨ ਵਾਲੇ ਧੜੇ ਨੇ ਹਾਈਕਮਾਂਡ ਨੂੰ ਚਿੱਠੀ ਲਿਖ ਕੇ ਚੰਨੀ ਦੀ ਹਮਾਇਤ ਕੀਤੀ ਹੈ, ਜਦਕਿ ਪਾਰਟੀ ਵਿੱਚ ਜੱਟ ਅਤੇ ਐੱਸਸੀ ਨੇਤਾਵਾਂ ਵਿਚਕਾਰ ਘਮਸਾਨ ਵਧ ਗਿਆ ਹੈ। ਇਸ ਵਿਵਾਦ ਵਿੱਚ ਚੰਨੀ ਦੇ ਭਾਜਪਾ ਨਾਲ ਸੰਪਰਕ ਵਿੱਚ ਹੋਣ ਵਾਲੀਆਂ ਅਫਵਾਹਾਂ ਵੀ ਉੱਠ ਰਹੀਆਂ ਹਨ, ਜਿਸ ਨਾਲ ਪਾਰਟੀ ਦੇ ਟੁੱਟਣ ਦੇ ਖਦਸ਼ੇ ਵਧ ਗਏ ਹਨ।

ਪੰਜਾਬ ਕਾਂਗਰਸ ਦੇ ਅੰਦਰੂਨੀ ਸੰਕਟ ਦੀ ਸ਼ੁਰੂਆਤ ਤੋਂ ਗੱਲ ਕਰੀਏ ਤਾਂ ਇਹ ਕੋਈ ਨਵੀਂ ਗੱਲ ਨਹੀਂ ਹੈ। ਪਾਰਟੀ ਨੂੰ ਲੰਮੇ ਸਮੇਂ ਤੋਂ ਧੜੇਬੰਦੀ ਨੇ ਘੇਰਿਆ ਹੋਇਆ ਹੈ, ਜਿਸ ਨੇ ਪਾਰਟੀ ਨੂੰ ਕਮਜ਼ੋਰ ਕੀਤਾ ਹੈ। ਪਿਛਲੇ ਸਾਲਾਂ ਵਿੱਚ ਪੰਜਾਬ ਕਾਂਗਰਸ ਨੇ ਕਈ ਵੱਡੇ ਨੇਤਾਵਾਂ ਨੂੰ ਗੁਆਇਆ ਹੈ, ਜਿਵੇਂ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਰਗੇ ਆਗੂਆਂ ਨੇ ਪਾਰਟੀ ਛੱਡ ਕੇ ਨਵੇਂ ਰਾਹ ਅਪਣਾਏ ਹਨ।

ਹੁਣ 2027 ਦੀਆਂ ਚੋਣਾਂ ਨੇੜੇ ਆਉਂਦੀਆਂ ਵੇਖ ਕੇ ਪਾਰਟੀ ਹਾਈਕਮਾਂਡ ਨੇ ਸੂਬਾ ਇੰਚਾਰਜ ਭੁਪੇਸ਼ ਬਘੇਲ ਨੂੰ ਜ਼ਿੰਮੇਵਾਰੀ ਸੌਂਪੀ ਹੈ ਕਿ ਧੜੇਬੰਦੀ ਨੂੰ ਖਤਮ ਕਰਕੇ ਪਾਰਟੀ ਨੂੰ ਇਕਜੁੱਟ ਕੀਤਾ ਜਾਵੇ। ਬਘੇਲ ਨੇ ਦਾਅਵਾ ਕੀਤਾ ਹੈ ਕਿ 2027 ਵਿੱਚ ਕਾਂਗਰਸ 2022 ਦੀਆਂ ਗਲਤੀਆਂ ਨਹੀਂ ਦੁਹਰਾਏਗੀ ਅਤੇ ਮੁੱਖ ਮੰਤਰੀ ਅਹੁਦੇ ਦੇ ਚਿਹਰੇ ਦਾ ਐਲਾਨ ਕੀਤੇ ਬਿਨਾਂ ਚੋਣਾਂ ਲੜੇਗੀ। ਪਰ ਇਹ ਦਾਅਵਾ ਪਾਰਟੀ ਦੇ ਇੱਕ ਵੱਡੇ ਵਰਗ ਨੂੰ ਪਸੰਦ ਨਹੀਂ ਆ ਰਿਹਾ ਹੈ, ਜਿਸ ਕਰਕੇ ਧੜੇਬੰਦੀ ਹੋਰ ਵਧ ਰਹੀ ਹੈ।

ਪੰਜਾਬ ਕਾਂਗਰਸ ਦੇ ਅੰਦਰ ਇਸ ਵੇਲੇ ਸਭ ਤੋਂ ਵੱਡਾ ਵਿਵਾਦ ਮੁੱਖ ਮੰਤਰੀ ਅਹੁਦੇ ਦੇ ਚਿਹਰੇ ਨੂੰ ਲੈ ਕੇ ਹੈ। ਇੱਕ ਧੜਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 2027 ਦੀਆਂ ਚੋਣਾਂ ਵਿੱਚ ਪਾਰਟੀ ਦਾ ਚਿਹਰਾ ਬਣਾਉਣਾ ਚਾਹੁੰਦਾ ਹੈ, ਜਦਕਿ ਦੂਜਾ ਧੜਾ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਰਗੇ ਨੇਤਾਵਾਂ ਨੂੰ ਅੱਗੇ ਵਧਾਉਣਾ ਚਾਹੁੰਦਾ ਹੈ। ਚੰਨੀ ਦੇ ਸਮਰਥਕਾਂ ਨੇ ਪਾਰਟੀ ਵਿੱਚ ਐੱਸਸੀ (ਦਲਿਤ) ਭਾਈਚਾਰੇ ਨੂੰ ਨੁਮਾਇੰਦਗੀ ਨਾ ਮਿਲਣ ਦਾ ਮੁੱਦਾ ਉਠਾਇਆ ਹੈ। ਚੰਨੀ ਨੇ ਇੱਕ ਮੀਟਿੰਗ ਵਿੱਚ ਕਿਹਾ ਕਿ ਪਾਰਟੀ ਵਿੱਚ ਦਲਿਤ ਨੇਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਅਤੇ ਸਾਰੇ ਵੱਡੇ ਅਹੁਦੇ ਜੱਟ ਸਿੱਖ ਨੇਤਾਵਾਂ ਕੋਲ ਹਨ। ਇਸ ਬਿਆਨ ਨੇ ਪਾਰਟੀ ਵਿੱਚ ਜੱਟ ਬਨਾਮ ਦਲਿਤ ਦਾ ਵਿਵਾਦ ਖੜ੍ਹਾ ਕਰ ਦਿੱਤਾ ਹੈ।

ਇਸ ਵਿਵਾਦ ਨੂੰ ਹੋਰ ਹਵਾ ਮਿਲੀ ਜਦੋਂ ਰਾਜਾ ਵੜਿੰਗ ਨੇ ਚੰਨੀ ਦੇ ਬਿਆਨ ਤੇ ਪਲਟਵਾਰ ਕੀਤਾ। ਵੜਿੰਗ ਨੇ ਕਿਹਾ ਕਿ ਕਾਂਗਰਸ ਨੇ ਚੰਨੀ ਨੂੰ ਮੁੱਖ ਮੰਤਰੀ, ਵਿਧਾਇਕ ਦਲ ਨੇਤਾ ਅਤੇ ਸੀਡਬਲਯੂਸੀ ਮੈਂਬਰ ਬਣਾ ਕੇ ਵੱਡੀ ਜ਼ਿੰਮੇਵਾਰੀ ਦਿੱਤੀ ਹੈ ਅਤੇ ਪਾਰਟੀ ਜਾਤੀ ਦੇ ਆਧਾਰ ਤੇ ਫੈਸਲੇ ਨਹੀਂ ਲੈਂਦੀ। ਉਹਨਾਂ ਨੇ ਇਹ ਵੀ ਕਿਹਾ ਕਿ ਚੰਨੀ ਨੂੰ ਪਾਰਟੀ ਅੰਦਰ ਹੀ ਗੱਲ ਕਰਨੀ ਚਾਹੀਦੀ ਹੈ, ਨਾ ਕਿ ਜਨਤਕ ਤੌਰ ਤੇ। ਇਸ ਬਿਆਨ ਨਾਲ ਪਾਰਟੀ ਵਿੱਚ ਫੁੱਟ ਹੋਰ ਡੂੰਘੀ ਹੋ ਗਈ ਹੈ।

ਚੰਨੀ ਦੀ ਹਮਾਇਤ ਵਿੱਚ ਹਾਈਕਮਾਂਡ ਨੂੰ ਲਿਖੀ ਚਿੱਠੀ ਵੀ ਇਸ ਵਿਵਾਦ ਨੂੰ ਵਧਾਉਣ ਵਾਲੀ ਵੱਡੀ ਵਜ੍ਹਾ ਬਣੀ ਹੈ। ਪਾਰਟੀ ਦੇ 32 ਜੱਟ ਨੇਤਾਵਾਂ ਨੇ ਰਾਸ਼ਟਰੀ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਨੂੰ ਚਿੱਠੀ ਲਿਖ ਕੇ ਚੰਨੀ ਨੂੰ ਮੁੱਖ ਮੰਤਰੀ ਅਹੁਦੇ ਦੇ ਚਿਹਰੇ ਵਜੋਂ ਪੇਸ਼ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ 42 ਤੋਂ ਵੱਧ ਗੈਰ-ਜਾਟ ਨੇਤਾਵਾਂ ਨੇ ਵੀ ਹਾਈਕਮਾਂਡ ਤੋਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਚਿੱਠੀ ਵਿੱਚ ਉਨ੍ਹਾਂ ਨੇ ਕਿਹਾ ਕਿ ਚੰਨੀ ਨੂੰ ਪਾਰਟੀ ਦੀ ਅਗਵਾਈ ਸੌਂਪੀ ਜਾਵੇ ਤਾਂ ਜੋ ਐੱਸਸੀ ਵੋਟ ਬੈਂਕ ਨੂੰ ਮਜ਼ਬੂਤ ਕੀਤਾ ਜਾ ਸਕੇ। ਪਰ ਇਹ ਚਿੱਠੀ ਸਿਰਫ਼ ਵਿਚਾਰ ਸੁਣਾਉਣ ਤੱਕ ਸੀਮਤ ਨਹੀਂ, ਇਸ ਨੇ ਪਾਰਟੀ ਵਿੱਚ ਅੰਦਰੂਨੀ ਲੜਾਈ ਨੂੰ ਸਪੱਸ਼ਟ ਕਰ ਦਿੱਤਾ ਹੈ। ਜੇਕਰ ਹਾਈਕਮਾਂਡ ਇਸ ਮੰਗ ਨਾਲ ਸਹਿਮਤ ਹੋ ਜਾਂਦੀ ਹੈ ਤਾਂ ਚੰਨੀ ਨੂੰ ਚੋਣਾਂ ਵਿੱਚ ਵੱਡੀ ਜ਼ਿੰਮੇਵਾਰੀ ਮਿਲ ਸਕਦੀ ਹੈ, ਪਰ ਜੇ ਨਹੀਂ ਤਾਂ ਧੜੇਬੰਦੀ ਹੋਰ ਵਧੇਗੀ।

ਇਸ ਸਭ ਨਾਲ ਪੰਜਾਬ ਕਾਂਗਰਸ ਵਿੱਚ ਟੁੱਟਣ ਦੇ ਖਦਸ਼ੇ ਵਧ ਗਏ ਹਨ। ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਹਾਈਕਮਾਂਡ ਨੂੰ ਹੁਣ ਸਖ਼ਤ ਫੈਸਲੇ ਲੈਣੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਕਿ ਜਿਸ ਨੂੰ ਪਾਰਟੀ ਵਿੱਚ ਰਹਿਣਾ ਹੈ ਉਹ ਰਹੇ ਅਤੇ ਜਿਸ ਨੂੰ ਜਾਣਾ ਹੈ ਉਹ ਜਾਵੇ, ਤਾਂ ਜੋ ਪਾਰਟੀ ਵਿੱਚ ਸਪੱਸ਼ਟਤਾ ਆਵੇ। ਗਾਂਧੀ ਨੇ ਚੇਤਾਵਨੀ ਦਿੱਤੀ ਕਿ ਜੇਕਰ ਧੜੇਬੰਦੀ ਨੂੰ ਨਹੀਂ ਰੋਕਿਆ ਗਿਆ ਤਾਂ ਪਾਰਟੀ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਪਾਰਟੀ ਨੇ ਪਿਛਲੇ ਸਾਲਾਂ ਵਿੱਚ ਵੀ ਅਜਿਹੇ ਸੰਕਟਾਂ ਨੂੰ ਝੱਲਿਆ ਹੈ, ਜਿਵੇਂ ਕਿ 2025 ਵਿੱਚ ਲੁਧਿਆਣਾ ਅਤੇ ਤਰਨਤਾਰਨ ਉਪ ਚੋਣਾਂ ਵਿੱਚ ਹਾਰ ਦਾ ਕਾਰਨ ਧੜੇਬੰਦੀ ਨੂੰ ਮੰਨਿਆ ਗਿਆ ਹੈ।

ਇਸ ਵਿਵਾਦ ਵਿੱਚ ਚੰਨੀ ਨੂੰ ਭਾਜਪਾ ਨਾਲ ਜੋੜਨ ਵਾਲੀਆਂ ਅਫਵਾਹਾਂ ਵੀ ਚੱਲ ਰਹੀਆਂ ਹਨ। ਚੰਨੀ ਦੇ ਦਲਿਤ ਨੁਮਾਇੰਦਗੀ ਵਾਲੇ ਬਿਆਨ ਦੇ ਬਾਅਦ ਭਾਜਪਾ ਨੇਤਾ ਕੇਵਲ ਸਿੰਘ ਢਿੱਲੋਂ ਨੇ ਚੰਨੀ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਢਿੱਲੋਂ ਨੇ ਕਿਹਾ ਕਿ ਭਾਜਪਾ ਵਿੱਚ ਚੰਨੀ ਨੂੰ ਇੱਜ਼ਤ ਅਤੇ ਮੌਕਾ ਮਿਲੇਗਾ ਅਤੇ ਉਹ ਹਰ ਭਾਈਚਾਰੇ ਦੀ ਸੇਵਾ ਕਰ ਸਕੇਗਾ। ਇਹ ਸੱਦਾ ਚੰਨੀ ਦੇ ਕਾਂਗਰਸ ਵਿੱਚ ਅਸੰਤੁਸ਼ਟ ਹੋਣ ਨੂੰ ਲੈ ਕੇ ਆਇਆ ਹੈ, ਪਰ ਚੰਨੀ ਨੇ ਇਸ ਨੂੰ ਰੱਦ ਕਰਦੇ ਹੋਏ ਕਿਹਾ ਕਿ ਉਹ ਕਾਂਗਰਸ ਵਿੱਚ ਹੀ ਰਹਿਣਗੇ ਅਤੇ ਉਨ੍ਹਾਂ ਨੇ ਕਿਸੇ ਜਾਤੀ ਵਿਰੋਧੀ ਬਿਆਨ ਨਹੀਂ ਦਿੱਤਾ। ਉਨ੍ਹਾਂ ਨੇ ਆਪਣੇ ਬਿਆਨ ਵਿੱਚ ਸਮਾਜਿਕ ਨਿਆਂ ਦੀ ਗੱਲ ਕੀਤੀ ਹੈ। ਹਾਲਾਂਕਿ, ਅਜੇ ਤੱਕ ਚੰਨੀ ਅਤੇ ਭਾਜਪਾ ਵਿਚਕਾਰ ਕਿਸੇ ਸਿੱਧੇ ਸੰਪਰਕ ਦੀ ਪੁਸ਼ਟੀ ਨਹੀਂ ਹੋਈ ਹੈ, ਪਰ ਇਹ ਅਫਵਾਹਾਂ ਪਾਰਟੀ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ।

ਪੰਜਾਬ ਕਾਂਗਰਸ ਦੇ ਇਸ ਸੰਕਟ ਨੂੰ ਸਮਝਣ ਲਈ 2022 ਵਿਧਾਨ ਸਭਾ ਚੋਣਾਂ ਨੂੰ ਯਾਦ ਕਰਨਾ ਜ਼ਰੂਰੀ ਹੈ। ਉਸ ਵੇਲੇ ਕਾਂਗਰਸ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਹਟਾ ਕੇ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਸੀ, ਜੋ ਪੰਜਾਬ ਦੇ ਪਹਿਲੇ ਦਲਿਤ ਮੁੱਖ ਮੰਤਰੀ ਬਣੇ। ਪਰ ਚੰਨੀ ਨੇ ਦੋ ਸੀਟਾਂ ਤੋਂ ਚੋਣ ਲੜੀ ਅਤੇ ਦੋਵੇਂ ਹਾਰ ਗਏ। ਪਾਰਟੀ ਕੋਲ 78 ਵਿਧਾਇਕ ਸਨ, ਜੋ ਘਟ ਕੇ 18 ਰਹਿ ਗਏ ਸਨ। ਕਾਂਗਰਸ ਨੇ ਇਸ ਹਾਰ ਦਾ ਕਾਰਨ ਜੱਟ ਵੋਟਾਂ ਨਾ ਮਿਲਣ ਨੂੰ ਮੰਨਿਆ, ਜਦਕਿ ਦੋਆਬਾ ਵਿੱਚ ਐੱਸਸੀ ਵੋਟਾਂ ਨੇ ਪਾਰਟੀ ਨੂੰ ਸਮਰਥਨ ਦਿੱਤਾ। ਪਰ ਮਾਲਵਾ ਅਤੇ ਮਾਝੇ ਵਿੱਚ ਐੱਸਸੀ ਉਮੀਦਵਾਰਾਂ ਨੂੰ ਜ਼ੋਰ ਨਹੀਂ ਮਿਲਿਆ। ਇਸੇ ਕਰਕੇ ਬਘੇਲ ਹੁਣ ਕਹਿ ਰਹੇ ਹਨ ਕਿ ਪਾਰਟੀ ਹਾਈਕਮਾਂਡ ਦੇ ਚਿਹਰੇ ਤੇ ਚੋਣਾਂ ਲੜੇਗੀ ਅਤੇ ਚਿਹਰਾ ਐਲਾਨ ਨਹੀਂ ਕਰੇਗੀ।

ਪੰਜਾਬ ਕਾਂਗਰਸ ਦੇ ਨੇਤਾ ਸੁਖਜਿੰਦਰ ਰੰਧਾਵਾ ਨੇ ਇਕਜੁੱਟਤਾ ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਪਾਰਟੀ ਦਾ ਟੀਚਾ ਸਿਰਫ਼ ਸੱਤਾ ਵਿੱਚ ਵਾਪਸੀ ਹੈ ਅਤੇ ਲੀਡਰਸ਼ਿਪ ਦੇ ਫੈਸਲੇ ਹਾਈਕਮਾਂਡ ਤੇ ਛੱਡੇ ਜਾਣ। ਉਨ੍ਹਾਂ ਨੇ ਕਿਹਾ ਕਿ ਧੜੇਬੰਦੀ ਪਹਿਲਾਂ ਵੀ ਸੀ, ਪਰ ਅਸਲ ਕਾਂਗਰਸੀ ਡੀਐੱਨਏ ਵਾਲੇ ਹੀ ਬਚਣਗੇ। ਪਰ ਆਮ ਆਦਮੀ ਪਾਰਟੀ (ਆਪ) ਨੇ ਇਸ ਨੂੰ ਮੌਕਾ ਮੰਨ ਕੇ ਤੰਜ ਕੱਸੇ ਹਨ। ਆਪ ਨੇਤਾ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਕਾਂਗਰਸ ਦੀ ਇਕਜੁੱਟਤਾ ਵਾਲੀ ਗੱਲ ਖੋਖਲੀ ਹੈ ਅਤੇ ਪਾਰਟੀ ਅੰਦਰ ਵੜਿੰਗ, ਚੰਨੀ, ਬਾਜਵਾ ਅਤੇ ਰਾਣਾ ਗੁਰਜੀਤ ਵਰਗੇ ਨੇਤਾ ਆਪੋ-ਆਪਣੇ ਖੇਮੇ ਚਲਾ ਰਹੇ ਹਨ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਕਾਂਗਰਸ ਨੂੰ ਇਸ ਸੰਕਟ ਤੋਂ ਬਾਹਰ ਨਿਕਲਣ ਲਈ ਹਾਈਕਮਾਂਡ ਨੂੰ ਸਖ਼ਤ ਕਦਮ ਚੁੱਕਣੇ ਪੈਣਗੇ। ਜੇਕਰ ਧੜੇਬੰਦੀ ਨੂੰ ਨਹੀਂ ਰੋਕਿਆ ਗਿਆ ਤਾਂ 2027 ਵਿੱਚ ਪਾਰਟੀ ਨੂੰ ਵੱਡੀ ਹਾਰ ਮਿਲ ਸਕਦੀ ਹੈ। ਪੰਜਾਬ ਵਿੱਚ ਆਪ ਸਰਕਾਰ ਨੂੰ ਚੁਣੌਤੀ ਦੇਣ ਲਈ ਕਾਂਗਰਸ ਨੂੰ ਇਕਜੁੱਟ ਹੋਣਾ ਪਵੇਗਾ, ਨਹੀਂ ਤਾਂ ਭਾਜਪਾ ਅਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਇਸ ਸੰਕਟ ਨੂੰ ਆਪਣੇ ਫਾਇਦੇ ਵਿੱਚ ਵਰਤ ਸਕਦੀਆਂ ਹਨ। ਚੰਨੀ ਨੂੰ ਭਾਜਪਾ ਨਾਲ ਜੋੜਨ ਵਾਲੀਆਂ ਅਫਵਾਹਾਂ ਜੇਕਰ ਸੱਚ ਨਹੀਂ ਵੀ ਹਨ ਤਾਂ ਵੀ ਪਾਰਟੀ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਪੰਜਾਬ ਕਾਂਗਰਸ ਦੇ ਭਵਿੱਖ ਨੂੰ ਬਚਾਉਣ ਲਈ ਹਾਈਕਮਾਂਡ ਨੂੰ ਜਲਦੀ ਫੈਸਲੇ ਲੈਣੇ ਪੈਣਗੇ।

# ਗਲਾਸਗੋ 'ਚ ਪੰਜਾਬੀ ਲੜਕਿਆਂ ਦੇ ਇਮੀਗ੍ਰੇਸ਼ਨ ਦੁਆਰਾ ਫੜੇ ਜਾਣ ਦੇ ਵਿਰੋਧ 'ਤੇ ਬਣੀ ਫਿਲਮ "ਐਵਰੀਬੌਡੀ ਟੂ ਕੇਨਮੂਰ ਸਟਰੀਟ"



13 ਮਈ 2021 ਦੇ ਪ੍ਰਦਰਸ਼ਨ ਨੂੰ ਦਰਸਾਉਂਦੀ ਤਸਵੀਰ

ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - 13 ਮਈ 2021 ਨੂੰ ਗਲਾਸਗੋ ਦੇ ਦੱਖਣ ਦੀ ਕੈਨਮੂਰ ਸਟਰੀਟ ਤੋਂ ਇਮੀਗ੍ਰੇਸ਼ਨ ਵਿਭਾਗ ਨੇ ਛਾਪੇਮਾਰੀ ਕਰਕੇ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਦੋ ਪੰਜਾਬੀ ਵਿਅਕਤੀਆਂ ਲਖਵੀਰ ਸਿੰਘ ਅਤੇ ਸੁਮਿਤ ਸਹਿਦੇਵ ਨੂੰ ਇੱਕ ਘਰ ਵਿੱਚੋਂ ਫੜ ਲਿਆ ਸੀ, ਜਿਸ ਦੇ ਰੋਸ ਵਿੱਚ ਸਥਾਨਕ ਲੋਕਾਂ ਨੇ ਭਾਰੀ ਵਿਰੋਧ ਕੀਤਾ ਸੀ ਅਤੇ 'ਤੁਸੀਂ ਜਾਓ', 'ਸ਼ਰਨਾਰਥੀਆਂ ਨੂੰ ਜੀ ਆਇਆਂ ਨੂੰ ' ਦੇ ਨਾਅਰੇ ਲਗਾਏ ਗਏ ਸਨ । ਲੋਕਾਂ ਦੇ ਵਿਰੋਧ ਸਦਕਾ ਇਹਨਾਂ ਦੋਵਾਂ ਲੜਕਿਆਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ । ਗਲਾਸਗੋ ਦੇ ਇਸ ਵਿਰੋਧ ਪ੍ਰਦਰਸ਼ਨ ਬਾਰੇ ਇੱਕ ਦਸਤਾਵੇਜ਼ੀ ਫਿਲਮ ਬਣਾਈ ਗਈ ਹੈ ਜਿਸ ਵਿੱਚ ਦੋ ਪੰਜਾਬੀ ਲੜਕਿਆਂ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਫੜਿਆ ਗਿਆ ਸੀ। ਇਸ ਫਿਲਮ ਨਾਲ ਅਗਲੇ ਮਹੀਨੇ 25 ਫ਼ਰਵਰੀ ਨੂੰ ਗਲਾਸਗੋ ਦੇ ਫਿਲਮ ਫੈਸਟੀਵਲ ਦੀ ਸ਼ੁਰੂਆਤ ਹੋਵੇਗੀ ਅਤੇ ਇਹ ਫਿਲਮ ਗਲਾਸਗੋ ਫਿਲਮ ਥੀਏਟਰ ਵਿੱਚ ਦਿਖਾਈ ਜਾਵੇਗੀ । ਇਸ ਫਿਲਮ ਦਾ ਨਾਮ "ਐਵਰੀਬੌਡੀ ਟੂ ਕੇਨਮੂਰ ਸਟਰੀਟ" ਹੈ ਅਤੇ ਇਹ 13 ਮਈ 2021 ਦੀ ਇਸ ਘਟਨਾ 'ਤੇ ਕੇਂਦ੍ਰਿਤ ਹੈ, ਜਦੋਂ ਗਲਾਸਗੋ ਵਿੱਚ ਗ੍ਰਹਿ ਦਫਤਰ ਦੇ ਛਾਪੇਮਾਰੀ ਦੌਰਾਨ ਸੈਂਕੜੇ ਸਥਾਨਕ ਲੋਕਾਂ ਦੇ ਇਕੱਠ ਵਿਰੋਧ ਪ੍ਰਦਰਸ਼ਨ ਕੀਤਾ ਸੀ। ਪ੍ਰਦਰਸ਼ਨਕਾਰੀਆਂ ਦੁਆਰਾ ਕਈ ਘੰਟਿਆਂ ਤੱਕ ਪੁਲਿਸ ਵਾਹਨਾਂ ਨੂੰ ਘੇਰਨ ਤੋਂ ਬਾਅਦ ਦੋਵਾਂ ਲੜਕਿਆਂ ਨੂੰ ਇੱਕ ਵੈਨ ਤੋਂ ਰਿਹਾਅ ਕਰ ਦਿੱਤਾ ਗਿਆ ਸੀ। ਇਹ ਫਿਲਮ ਗਲਾਸਗੋ ਫਿਲਮ ਨਿਰਮਾਤਾ ਫੇਲਿਪ ਬੁਸਟੋਸ ਸੀਅਰਾ ਦੁਆਰਾ ਨਿਰਦੇਸ਼ਤ ਕੀਤੀ ਗਈ ਹੈ । ਸੈੱਟ-ਡਿਜ਼ਾਈਨ ਕੀਤੇ ਦ੍ਰਿਸ਼ਾਂ ਦੀ ਵਰਤੋਂ ਕੀਤੀ ਗਈ ਹੈ ਜਿਸ ਵਿੱਚ ਅਦਾਕਾਰ ਉਨ੍ਹਾਂ ਲੋਕਾਂ ਦੀਆਂ ਗਵਾਹੀਆਂ ਦਿੰਦੇ ਹਨ ਜੋਗੁਮਨਾਮ ਰਹਿਣਾ ਚਾਹੁੰਦੇ ਸਨ।

## ਡਰੱਗ ਤੇ ਦੇਹ ਵਪਾਰ ਦਾ ਧੰਦਾ ਕਰਨ ਦੇ ਮਾਮਲੇ ਵਿੱਚ ਭਾਰਤੀ ਪਤੀ-ਪਤਨੀ ਸਮੇਤ 5 ਵਿਰੁੱਧ ਦੋਸ਼ ਆਇਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਡਮਫਰਾਈਸ ਵਿੱਚ ਪਟੇ 'ਤੇ ਲਏ ਮੋਟਲ ਵਿੱਚ ਡਰੱਗ ਤੇ ਦੇਹ ਵਪਾਰ ਦਾ ਧੰਦਾ ਕਰਨ ਦੇ ਮਾਮਲੇ ਵਿੱਚ ਭਾਰਤੀ ਪਤੀ-ਪਤਨੀ ਸਮੇਤ 5 ਵਿਅਕਤੀਆਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਉਹ ਅਲੈਗਜੰਡਰੀਆ, ਵਰਜੀਨੀਆ ਦੀ ਇੱਕ ਸੰਘੀ ਅਦਾਲਤ ਵਿੱਚ ਪੇਸ਼ ਹੋਏ। ਵਰਜੀਨੀਆ ਦੇ ਪੂਰਬੀ ਜਿਲੇ ਦੇ ਅਟਾਰਨੀ ਦਫਤਰ ਅਨੁਸਾਰ ਅਦਾਲਤ ਵਿੱਚ ਦਾਇਰ ਦੋਸ਼ਾਂ ਅਨੁਸਾਰ ਕੋਸ਼ਾ ਸ਼ਰਮਾ (52) ਤੇ ਉਸ ਦੇ ਪਤੀ ਤਰੁਨ ਸ਼ਰਮਾ (55) ਨੇ ਮਈ 2023 ਵਿਚ ਆਪਣੀ ਕੰਪਨੀ ਕੋਸ਼ਾ ਐਲ ਐਲ ਸੀ ਰਾਹੀਂ ਪਟੇ 'ਤੇ ਇਕ ਮੋਟਲ ਲਿਆ ਸੀ। ਇਸਤਗਾਸਾ ਪੱਖ ਅਨੁਸਾਰ ਮੋਟਲ ਦੀ ਤੀਸਰੀ ਮੰਜਿਲ 'ਤੇ ਡਰੱਗ ਤੇ ਦੇਹ ਵਪਾਰ ਦਾ ਧੰਦਾ ਹੁੰਦਾ ਸੀ। ਜਾਂਚਕਾਰਾਂ ਅਨੁਸਾਰ ਕਥਿੱਤ ਤੌਰ 'ਤੇ ਵੇਚੇ ਜਾਂਦੇ ਨਸ਼ੀਲੇ ਪਦਾਰਥਾਂ ਵਿੱਚ ਫੈੱਟਾਨਾਇਲ ਤੇ ਕੋਕੀਨ ਸ਼ਾਮਿਲ ਹਨ। ਇਸ ਮਾਮਲੇ ਵਿੱਚ ਪਤੀ- ਪਤਨੀ ਤੋਂ ਇਲਾਵਾ ਤੀਸਰੇ ਦੋਸ਼ੀ 51 ਸਾਲਾ ਮਾਰਗੋ ਵਾਲਡਨ ਪੀਅਰਸ ਤੇ ਦੋ ਹੋਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਨਸ਼ੀਲੇ ਪਦਾਰਥਾਂ ਸਬੰਧੀ ਲਾਏ ਦੋਸ਼ਾਂ ਤਹਿਤ 10 ਸਾਲ ਤੱਕ ਸਜ਼ਾ ਦੀ ਵਿਵਸਥਾ ਹੈ ਜੋ ਸਜ਼ਾ ਸੰਘੀ ਅਦਾਲਤ ਦੁਆਰਾ ਤੈਅ ਕੀਤੀ ਜਾਣੀ ਹੈ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

TO PAY BY CREDIT CARD TEL: 01332-372851

Account Name: Punjab Times Trust Ltd

Account No: 20853011 Sort Code: 20-25-85


## ਟਰੰਪ ਦੇ ਗ੍ਰੀਨਲੈਂਡ ਬਿਆਨਾਂ ਕਾਰਨ ਕਿੰਗ ਚਾਰਲਜ਼ ਦੀ ਅਮਰੀਕਾ ਯਾਤਰਾ 'ਤੇ ਸੰਕਟ

ਲੈਸਟਰ - (ਸੁਖਜਿੰਦਰ ਸਿੰਘ ਢੱਡੇ)-ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗ੍ਰੀਨਲੈਂਡ ਸਬੰਧੀ ਦਿੱਤੀਆਂ ਗਈਆਂ ਧਮਕੀਆਂ ਅਤੇ ਤਿੱਖੇ ਬਿਆਨਾਂ ਕਾਰਨ ਬ੍ਰਿਟੇਨ ਅਤੇ ਅਮਰੀਕਾ ਦਰਮਿਆਨ ਕੂਟਨੀਤਿਕ ਤਣਾਅ ਵਧਦਾ ਨਜ਼ਰ ਆ ਰਿਹਾ ਹੈ, ਜਿਸ ਦਾ ਸਿੱਧਾ ਅਸਰ ਬ੍ਰਿਟੇਨ ਦੇ ਰਾਜਾ ਕਿੰਗ ਚਾਰਲਜ਼ ਤੀਜੇ ਦੀ ਆਉਣ ਵਾਲੀ ਅਮਰੀਕਾ ਯਾਤਰਾ ਫ਼ਲਸਤੋਤੇ ਪੈ ਸਕਦਾ ਹੈ। ਬ੍ਰਿਟੇਨ ਦੀ ਸੰਸਦ ਦੇ ਕਈ ਮੈਂਬਰਾਂ ਵੱਲੋਂ ਰਾਜਾ ਨੂੰ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਆਪਣੀ ਯਾਤਰਾ ਰੱਦ ਜਾਂ ਮੋਅੱਤਲ ਕਰਨ ਦੀ ਅਪੀਲ ਕੀਤੀ ਗਈ ਹੈ।ਰਿਪੋਰਟਾਂ ਮੁਤਾਬਕ ਕਿੰਗ ਚਾਰਲਜ਼ ਦੀ ਇਹ ਅਮਰੀਕਾ ਯਾਤਰਾ ਬਸੰਤ ਰੁੱਤ ਦੌਰਾਨ ਹੋਣੀ ਸੀ, ਜਿਸਦਾ ਮਕਸਦ ਬ੍ਰਿਟੇਨ-ਅਮਰੀਕਾ ਸੰਬੰਧਾਂ ਨੂੰ ਮਜ਼ਬੂਤ ਕਰਨਾ ਅਤੇ ਕਈ ਕੂਟਨੀਤਿਕ ਕਾਰਜਕ੍ਰਮਾਂ ਵਿੱਚ ਸ਼ਮੂਲੀਅਤ ਕਰਨਾ ਸੀ। ਪਰ ਟਰੰਪ ਵੱਲੋਂ ਗ੍ਰੀਨਲੈਂਡ ਨੂੰ ਲੈ ਕੇ ਬ੍ਰਿਟੇਨ, ਡੈਨਮਾਰਕ ਅਤੇ ਯੂਰਪੀ ਦੇਸ਼ਾਂ ਪ੍ਰਤੀ ਅਪਣਾਏ ਗਏ ਸਖ਼ਤ ਰੁਖ ਨੇ ਇਸ ਯਾਤਰਾ ਨੂੰ ਵਿਵਾਦਾਂ ਚ ਘੇਰ ਲਿਆ ਹੈ।ਬ੍ਰਿਟਿਸ਼ ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਅਜਿਹੇ ਹਾਲਾਤਾਂ ਵਿੱਚ ਰਾਜਾ ਦੀ ਅਮਰੀਕਾ ਯਾਤਰਾ ਗਲਤ ਸੰਦੇਸ਼ ਦੇ ਸਕਦੀ ਹੈ ਅਤੇ ਬ੍ਰਿਟੇਨ ਦੀ ਕੂਟਨੀਤਿਕ ਸਥਿਤੀ ਨੂੰ ਅਸਹਜ ਕਰ ਸਕਦੀ ਹੈ। ਕੁਝ ਸਾਂਸਦਾਂ ਨੇ ਸਪਸ਼ਟ ਤੌਰ ਫ਼ਲਸਤੋ-ਤੇ ਕਿਹਾ ਹੈ ਕਿ ਜਦੋਂ ਤੱਕ ਟਰੰਪ ਸਰਕਾਰ ਵੱਲੋਂ ਗ੍ਰੀਨਲੈਂਡ ਮਾਮਲੇ ਫ਼ਲਸਤੋਤੇ ਆਪਣਾ ਰੁਖ ਨਰਮ ਨਹੀਂ ਕੀਤਾ ਜਾਂਦਾ, ਤਦ ਤੱਕ ਇਹ ਯਾਤਰਾ ਮੁਲਤਵੀ ਰਹਿਣੀ ਚਾਹੀਦੀ ਹੈ।ਕੂਟਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਕਿੰਗ ਚਾਰਲਜ਼ ਇੱਕ ਸੰਵਿਧਾਨਕ ਰਾਜਾ ਹੋਣ ਦੇ ਨਾਤੇ ਸਿਆਸੀ ਵਿਵਾਦਾਂ ਤੋਂ ਦੂਰ ਰਹਿੰਦੇ ਹਨ, ਪਰ ਮੌਜੂਦਾ ਹਾਲਾਤਾਂ ਫ਼ਲਸਤੋਚ ਉਨ੍ਹਾਂ ਦੀ ਅਮਰੀਕਾ ਯਾਤਰਾ ਨੂੰ ਰਾਜਨੀਤਿਕ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਬ੍ਰਿਟੇਨ ਸਰਕਾਰ ਇਸ ਮਾਮਲੇ ਚ ਕਾਫ਼ੀ ਸਾਵਧਾਨੀ ਵਰਤ ਰਹੀ ਹੈ ਅਤੇ ਹਾਲਾਤਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ।ਦੂਜੇ ਪਾਸੇ, ਬਕਿੰਘਮ ਪੈਲੇਸ ਵੱਲੋਂ ਅਜੇ ਤੱਕ ਇਸ ਯਾਤਰਾ ਸਬੰਧੀ ਕੋਈ ਅਧਿਕਾਰਿਕ ਐਲਾਨ ਨਹੀਂ ਕੀਤਾ ਗਿਆ। ਸੂਤਰਾਂ ਮੁਤਾ-ਬਕ ਰਾਜਾ ਦੀ ਯਾਤਰਾ ਬਾਰੇ ਅੰਤਿਮ ਫ਼ੈਸਲਾ ਕੂਟਨੀਤਿਕ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਜਾਵੇਗਾ।ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਗ੍ਰੀਨਲੈਂਡ ਮਾਮਲਾ ਹੁਣ ਸਿਰਫ਼ ਅਮਰੀਕਾ ਅਤੇ ਡੈਨਮਾਰਕ ਤੱਕ ਸੀਮਿਤ ਨਹੀਂ ਰਿਹਾ, ਸਗੋਂ ਇਸ ਨੇ ਯੂਰਪ ਅਤੇ ਬ੍ਰਿਟੇਨ-ਅਮਰੀਕਾ ਸੰਬੰਧਾਂ ਚ ਵੀ ਤਣਾਅ ਪੈਦਾ ਕਰ ਦਿੱਤਾ ਹੈ। ਅਜਿਹੇ ਵਿੱਚ ਕਿੰਗ ਚਾਰਲਜ਼ ਦੀ ਯਾਤਰਾ ਦਾ ਮੁੱਦਾ ਅਗਲੇ ਕੁਝ ਦਿਨਾਂ ਵਿੱਚ ਬ੍ਰਿਟਿਸ਼ ਰਾਜਨੀਤੀ ਦਾ ਕੇਂਦਰੀ ਵਿਸ਼ਾ ਬਣ ਸਕਦਾ ਹੈ।

## ਭਾਰਤੀ ਮੂਲ ਦੀ ਕੁਲਕਰਨੀ ਕੈਲੀਫੋਰਨੀਆ ਕਮਿਸ਼ਨ ਵਿੱਚ ਨਿਯੁਕਤ

ਸੈਕਰਾਮੈਂਟੋ, ਕੈਲੀਫੋਰਨਆ (ਹੁਸਨ ਲੜੋਆ ਬੰਗਾ)-ਗਵਰਨਰ ਗੈਵਿਨ ਨਿਊਸੋਮ ਦੁਆਰਾ ਭਾਰਤੀ ਮੂਲ ਦੀ ਮਾਨਵੀ ਅਧਿਕਾਰਾਂ ਬਾਰੇ ਵਕੀਲ ਮੰਜੂਸ਼ਾ ਪੀ ਕੁਲਕਰਨੀ ਨੂੰ ਏਸ਼ੀਅਨ ਤੇ ਪੈਸੀਫਿਕ ਆਈਸਲੈਂਡਰ ਅਮਰੀਕੀ ਮਾਮਲਿਆਂ ਬਾਰੇ ਕੈਲੀਫੋਰਨੀਆ ਕਮਿਸ਼ਨ (ਏ ਏ ਪੀ ਆਈ) ਵਿੱਚ ਨਿਯੁਕਤ ਕੀਤਾ ਗਿਆ ਹੈ। ਕਮਿਸ਼ਨ ਵਿੱਚ ਸੇਵਾਵਾਂ ਬਦਲੇ ਉਨਾਂ ਨੂੰ ਕੋਈ ਆਰਥਕ ਲਾਭ ਨਹੀਂ ਮਿਲੇਗਾ ਤੇ ਇਸ ਵਾਸਤੇ ਸੈਨਟ ਦੀ ਪ੍ਰਵਾਨਗੀ ਦੀ ਵੀ ਲੋੜ ਨਹੀਂ ਹੈ। ਇਸ ਤੋਂ ਪਹਿਲਾਂ ਕੁਲਕਰਨੀ ਕਈ ਸੰਸਥਾਵਾਂ ਵਿੱਚ ਅਹਿਮ ਅਹੁੱਦਿਆਂ 'ਤੇ ਕੰਮ ਕਰ ਚੁੱਕੀ ਹੈ। ਇਸ ਸਮੇ ਉਹ ਏ ਏ ਪੀ ਆਈ ਇਕੁਇਟੀ ਅਲਾਇੰਸ ਜੋ 40 ਭਾਈਚਾਰਿਆਂ ਤੋਂ ਵਧ ਦਾ ਸੰਗਠਨ ਹੈ, ਵਿੱਚ ਕਾਰਜਕਾਰੀ ਡਾਇਰੈਕਟਰ ਵਜੋਂ ਸੇਵਾਵਾਂ ਦੇ ਰਹੀ ਹੈ।

# ਲੰਡਨ ਸੈਰ ਸਪਾਟਾ ਟੈਕਸ 'ਚ ਹੋਵੇਗਾ ਵਾਧਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਸੈਰ ਸਪਾਟਾ ਟੈਕਸ ਵਿੱਚ ਵਾਧਾ ਹੋਵੇਗਾ ਅਤੇ ਆਸ ਹੈ ਕਿ ਨਵੀਂ ਨੀਤੀ ਤਹਿਤ ਰਾਜਧਾਨੀ 'ਚੋਂ 350 ਮਿਲੀਅਨ ਪੌਂਡ ਖਜ਼ਾਨੇ ਵਿੱਚ ਆਉਣਗੇ। ਇਹ ਵਾਧਾ ਪਿਛਲੇ ਅਨੁਮਾਨਾਂ ਤੋਂ ਕਾਫੀ ਜ਼ਿਆਦਾ ਹੈ, ਪਹਿਲਾਂ 240 ਮਿਲੀਅਨ ਪੌਂਡ ਸਲਾਨਾ ਫੰਡ ਇਕੱਠਾ ਹੋਣ ਦਾ ਅਨੁਮਾਨ ਸੀ। ਇਹ ਨਵੇਂ ਅੰਕੜੇ ਸੈਂਟਰਲ ਲੰਡਨ ਫਾਰਵਰਡ (ਸੀ ਐਲ ਐਫ) ਜਿਸ ਦੀ 12 ਲੰਡਨ ਅਥਾਰਟੀਆਂ ਨੁਮਾਇੰਦਗੀ ਕਰਦੀਆਂ ਹਨ, ਵੱਲੋਂ ਜਾਰੀ ਕੀਤੇ ਗਏ ਹਨ, ਜੋ ਹੋਟਲਾਂ ਦੇ ਕਮਰਿਆਂ ਜਾਂ ਥੋੜੇ ਸਮੇਂ ਲਈ ਕਿਰਾਏ ਤੇ ਰਹਿਣ ਲਈ 3 ਫੀਸਦੀ ਵਾਧੂ ਟੈਕਸ ਦੇ ਅਧਾਰਿਤ ਹੈ।

ਲੰਡਨ ਦੇ ਮੇਅਰ ਸਦੀਕ ਖਾਨ ਨੂੰ ਪਿਛਲੇ ਸਾਲ ਸਿਰਫ ਰਾਤ ਨੂੰ ਆਉਣ ਵਾਲੇ ਸੈਲਾਨੀਆਂ ਤੇ ਟੈਕਸ ਲਗਾਉਣ ਦੀਆਂ ਸ਼ਕਤੀਆਂ ਮਿਲੀਆਂ ਸਨ। ਮੇਅਰ ਨੇ ਕਿਹਾ ਕਿ ਇਸ ਨਾਲ ਰਾਜਧਾਨੀ ਦੀ ਆਰਥਿਕਤਾ ਨੂੰ ਸਿੱਧੇ ਤੌਰ ਤੇ ਲਾਭ ਹੋਵੇਗਾ ਅਤੇ ਇੱਕ ਵਿਸ਼ਵਵਿਆਪੀ ਸੈਰ ਸਪਾਟਾ ਅਤੇ ਵਪਾਰਕ ਸਥਾਨ ਵਜੋਂ ਸਾਡੀ ਸਾਖ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ।

# ਡੰਗ ਮਨਚੰਦੇ ਦੇ



rajinder.pardesi7@gmail.com
ਤੇਜਿੰਦਰ ਮਨਚੰਦਾ ਪ੍ਰਦੇਸੀ

**-ਪੰਜਾਬ ਵਿੱਚ ਹੋਣ ਲੱਗੇ ਵਿਹਲੇ ਬਹਿਣ ਦੇ ਮੁਕਾਬਲੇ - (ਇੱਕ ਖ਼ਬਰ)-**




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

### ਘਰ ਦਾ ਕੰਮ


Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
**ਹਰ, ਸਰ, ਟਨ, ਬਸ, ਜਗ**

Go to fremontkhalsaschool.org, Click on Sabad Bhandar in the menu on the left, find & write two letter Mukta words which have either of the following letters in it.

**ਤ, ਥ, ਦ, ਧ, ਨ**

ਸਿੱਖਿਆ - ਗੁਰਮੁਖੀ Page 51 Level I




Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਵਿਕਟੋਰੀਆ ਬੁਸ਼ਫਾਇਰ ਵਿੱਚ ਸਿੱਖਾਂ ਨੇ ਸੇਵਾ ਨਾਲ ਗੋਰਿਆਂ ਦਾ ਦਿਲ ਜਿੱਤਿਆ

## ✪ ਨਸਲਵਾਦ ਵਿਰੁੱਧ ਸਿੱਖਾਂ ਵਲੋਂ ਸ਼ਾਂਤੀ, ਸੇਵਾ ਨਾਲ ਲਹਿਰ ਉਸਾਰੀ
## ✪ ਆਸਟ੍ਰੇਲੀਆ ਵਿੱਚ ਸਿੱਖਾਂ ਦਾ ਰਾਜਨੀਤੀ ਉਪਰ ਪ੍ਰਭਾਵ ਵਧਿਆ




ਜਨਵਰੀ 2026 ਦੌਰਾਨ ਆਸਟ੍ਰੇਲੀਆ ਦੇ ਵਿਕਟੋਰੀਆ ਸੂਬੇ ਵਿੱਚ ਭਿਆਨਕ ਜੰਗਲੀ ਅੱਗਾਂ ਨੇ ਵੱਡਾ ਵਿਨਾਸ਼ ਮਚਾਇਆ ਸੀ। ਇਹ ਅੱਗਾਂ ਤੇਜ਼ੀ ਨਾਲ ਫੈਲੀਆਂ ਅਤੇ ਸੈਂਕੜੇ ਘਰਾਂ, ਜੰਗਲਾਂ ਅਤੇ ਖੇਤਾਂ ਨੂੰ ਸਾੜ ਕੇ ਰਾਖ ਕਰ ਦਿੱਤਾ ਸੀ। ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ ਵੱਲ ਭੱਜਣਾ ਪਿਆ ਸੀ। ਸੈਮੋਰ, ਮੈਨਸਫੀਲਡ ਅਤੇ ਰਫੀ ਵਰਗੇ ਛੋਟੇ ਕਸਬੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਸਨ। ਲੋਕਾਂ ਕੋਲ ਨਾ ਖਾਣਾ ਸੀ, ਨਾ ਪਾਣੀ ਅਤੇ ਨਾ ਹੀ ਆਰਾਮ ਦੀ ਜਗ੍ਹਾ। ਐਮਰਜੈਂਸੀ ਸੇਵਾਵਾਂ ਅਤੇ ਅੱਗ ਬੁਝਾਉਣ ਵਾਲੇ ਵੀ ਥੱਕ ਚੁੱਕੇ ਸਨ ਅਤੇ ਉਹਨਾਂ ਨੂੰ ਵੀ ਖਾਣ-ਪੀਣ ਦੀ ਲੋੜ ਸੀ।

ਇਸ ਸੰਕਟ ਵਿੱਚ ਸਿੱਖ ਵਾਲੰਟੀਅਰਜ਼ ਆਸਟ੍ਰੇਲੀਆ ਨਾਂ ਦਾ ਇੱਕ ਜੱਥਾ ਲੋਕਾਂ ਦੀ ਮਦਦ ਲਈ ਅੱਗੇ ਆਇਆ। ਇਹ ਸੰਗਠਨ ਸਾਲਾਂ ਤੋਂ ਆਸਟ੍ਰੇਲੀਆ ਵਿੱਚ ਵੱਖ-ਵੱਖ ਆਫ਼ਤਾਂ ਵਿੱਚ ਲੰਗਰ ਅਤੇ ਸੇਵਾ ਕਰਦਾ ਆ ਰਿਹਾ ਹੈ। ਇਸ ਵਾਰ ਵੀ ਉਹਨਾਂ ਨੇ 10 ਜਨਵਰੀ ਤੋਂ ਹੀ ਆਪਣੇ ਫੂਡ ਵੈਨਾਂ ਨੂੰ ਤਿਆਰ ਕਰਕੇ ਪ੍ਰਭਾਵਿਤ ਇਲਾਕਿਆਂ ਵੱਲ ਰਵਾਨਾ ਕੀਤਾ। ਉਹਨਾਂ ਨੇ ਦਾਲ, ਸਬਜ਼ੀਆਂ, ਰੋਟੀ, ਚੌਲ ਅਤੇ ਮਿਠਾਈ ਬਣਾ ਕੇ ਬੇਘਰ ਪਰਿਵਾਰਾਂ, ਅੱਗ ਬੁਝਾਉਣ ਵਾਲਿਆਂ ਅਤੇ ਐਮਰਜੈਂਸੀ ਵਰਕਰਾਂ ਨੂੰ ਮੁਫ਼ਤ ਵੰਡੀ। ਇਹ ਸਭ ਆਪਣੇ ਖਰਚੇ ਅਤੇ ਦਸਵੰਧ ਨਾਲ ਕੀਤਾ ਗਿਆ।

ਸਿੱਖ ਵਾਲੰਟੀਅਰਾਂ ਨੇ ਸੈਮੋਰ ਦੇ ਰਾਹਤ ਕੇਂਦਰ ਵਿੱਚ, ਜੋ ਲੋਕਲ ਸਪੋਰਟਸ ਕੰਪਲੈਕਸ ਵਿੱਚ ਬਣਾਇਆ ਗਿਆ ਸੀ, ਰੋਜ਼ਾਨਾ ਸੈਂਕੜੇ ਲੋਕਾਂ ਨੂੰ ਖਾਣਾ ਪਰੋਸਿਆ ਗਿਆ। ਅੱਗ ਦੇ ਭਾਂਬੜਾਂ ਵਿੱਚ ਵੀ ਉਹ ਆਪਣੀਆਂ ਵੈਨਾਂ ਨੂੰ ਚਲਾਉਂਦੇ ਰਹੇ। ਕਈ ਵਾਰ ਅੱਗ ਨੇੜੇ ਆ ਜਾਂਦੀ ਸੀ ਪਰ ਉਹ ਪਿੱਛੇ ਨਹੀਂ ਹਟੇ। ਯੂਨਾਈਟਿਡ ਸਿੱਖਸ ਵਰਗੇ ਹੋਰ ਜੱਥੇ ਵੀ ਸਹਾਇਤਾ ਲਈ ਪਹੁੰਚੇ ਅਤੇ ਗਰਮ ਖਾਣੇ ਤੇ ਜ਼ਰੂਰੀ ਸਾਮਾਨ ਵੰਡੇ।

ਵਿਕਟੋਰੀਆ ਦੀ ਪ੍ਰੀਮੀਅਰ ਜੈਸਿੰਟਾ ਐਲਨ ਨੇ ਇਹਨਾਂ ਵਾਲੰਟੀਅਰਾਂ ਨਾਲ ਮੁਲਾਕਾਤ ਕੀਤੀ ਅਤੇ ਕਿਹਾ, "ਸਿੱਖ ਵਾਲੰਟੀਅਰਜ਼ ਲੋਕਾਂ ਦੀ ਸੇਵਾ ਵਿੱਚ ਮੌਜੂਦ ਸਨ ਜੋ ਪਰਿਵਾਰਾਂ ਨੂੰ ਖਾਣਾ ਖਵਾਉਂਦੇ, ਐਮਰਜੈਂਸੀ ਕਰੂ ਨੂੰ ਮਦਦ ਕਰਦੇ ਰਹੇ ਸਨ।ਇਹਨਾਂ ਨੇ ਸੰਕਟ ਵਿਚ ਫਸੇ ਲੋਕਾਂ ਦਾ ਹੌਸਲਾ ਵਧਾਇਆ ਸੀ ਅਤੇ ਰਾਹਤ ਕੇਂਦਰਾਂ ਵਿੱਚ ਵੀ ਮਦਦ ਕੀਤੀ ਸੀ।

ਇਹ ਸਾਖੀ ਸਾਨੂੰ ਯਾਦ ਕਰਵਾਉਂਦੀ ਹੈ ਕਿ ਸੱਚੀ ਮਨੁੱਖਤਾ ਧਰਮ ਜਾਂ ਦੇਸ਼ ਦੀਆਂ ਹੱਦਾਂ ਤੋਂ ਉੱਪਰ ਹੁੰਦੀ ਹੈ। ਸਿੱਖ ਭਾਈਚਾਰਾ ਹਰ ਮੁਸੀਬਤ ਵਿੱਚ ਲੋਕਾਂ ਦੀ ਸਹਾਇਤਾ ਲਈ ਪਹਿਲਾਂ ਪਹੁੰਚਦਾ ਹੈ ਅਤੇ ਬਿਨਾਂ ਉਮੀਦ ਤੋਂ ਸੇਵਾ ਕਰਦਾ ਹੈ। ਜਦੋਂ ਸੰਸਾਰ ਨਫਰਤਾਂ, ਨਸਲਵਾਦ ਅਤੇ ਜਾਤ-ਪਾਤ ਵਿੱਚ ਸੜ ਰਿਹਾ ਹੈ, ਤਾਂ ਸਿੱਖ ਪੰਥ ਦੇ ਲੋਕ ਸੇਵਾ ਅਤੇ ਲੰਗਰ ਨਾਲ ਸੰਕਟ ਵਿਚ ਫਸੀ ਮਨੁੱਖਤਾ ਲਈ ਸਰਗਰਮ ਹਨ। ਆਸਟ੍ਰੇਲੀਆ ਵਿੱਚ ਸਿੱਖਾਂ ਦੇ ਨਗਰ ਕੀਰਤਨ ਨੂੰ ਇੱਕ ਨਸਲਵਾਦੀ ਗਰੁੱਪ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਨੇ ਕਾਨੂੰਨ ਦੀ ਪਾਲਣਾ ਕਰਦੇ ਹੋਏ ਸ਼ਾਂਤੀ ਨਾਲ ਮੁਕਾਬਲਾ ਕੀਤਾ। ਬਹੁਤੇ ਆਸਟ੍ਰੇਲੀਆ ਵਾਸੀ ਅਤੇ ਰਾਜਨੀਤਕ ਲੀਡਰ ਸਿੱਖਾਂ ਦੇ ਹੱਕ ਵਿੱਚ ਖੜ੍ਹੇ ਹੋਏ।

ਸਿੱਖ ਭਾਈਚਾਰਾ ਆਸਟ੍ਰੇਲੀਆ ਵਿੱਚ ਨਸਲਵਾਦ ਵਿਰੁੱਧ ਜੂਝ ਰਿਹਾ ਹੈ। ਕਈ ਵਾਰ ਉਹਨਾਂ ਨੂੰ ਨਸਲੀ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਉਹ ਸ਼ਾਂਤੀ ਨਾਲ ਵਿਰੋਧ ਕਰਦੇ ਹਨ ਅਤੇ ਭਾਈਚਾਰੇ ਨਾਲ ਮਿਲ ਕੇ ਰਹਿੰਦੇ ਹਨ।

ਆਸਟ੍ਰੇਲੀਆ ਵਿੱਚ ਸਿੱਖਾਂ ਦਾ ਯੋਗਦਾਨ ਵੱਡਾ ਹੈ। ਉਹ 19ਵੀਂ ਸਦੀ ਤੋਂ ਇੱਥੇ ਆਏ ਅਤੇ ਕੈਮਲੀਅਰ, ਵਪਾਰੀ, ਦੁਕਾਨਦਾਰ ਵਜੋਂ ਕੰਮ ਕੀਤਾ। ਅੱਜ ਉਹ ਵਪਾਰ, ਕਲਾ, ਫੌਜ ਅਤੇ ਸਮਾਜ ਸੇਵਾ ਵਿੱਚ ਯੋਗਦਾਨ ਪਾ ਰਹੇ ਹਨ। ਵੂਲਗੂਲਗਾ ਵਿੱਚ ਪਹਿਲਾ ਗੁਰਦੁਆਰਾ 1968 ਵਿੱਚ ਬਣਿਆ ਅਤੇ ਹੁਣ ਉਹਨਾਂ ਨੇ ਬਹੁਤ ਸਾਰੇ ਗੁਰਦੁਆਰੇ ਅਤੇ ਕਮਿਊਨਿਟੀ ਸੈਂਟਰ ਬਣਾਏ ਹਨ। ਉਹ ਬਨਾਨਾ ਫਾਰਮਾਂ ਤੇ ਕੰਮ ਕਰਕੇ ਅਰਥ ਵਿਵਸਥਾ ਵਿੱਚ ਯੋਗਦਾਨ ਪਾਉਂਦੇ ਹਨ ਅਤੇ ਸਮਾਜੀ ਕੰਮਾਂ ਵਿੱਚ ਅੱਗੇ ਰਹਿੰਦੇ ਹਨ। ਪੱਛਮੀ ਆਸਟ੍ਰੇਲੀਆ ਵਿੱਚ ਪਾਇਨੀਅਰ ਸਿੱਖਾਂ ਨੇ ਆਰਥਿਕ ਅਤੇ ਰਾਜਨੀਤਕ ਹਾਲਾਤਾਂ ਕਾਰਨ ਪੰਜਾਬ ਤੋਂ ਆ ਕੇ ਨਵੀਂ ਜ਼ਿੰਦਗੀ ਸ਼ੁਰੂ ਕੀਤੀ ਸੀ। ਪਹਿਲੀ ਵਿਸ਼ਵ ਜੰਗ ਵਿੱਚ ਵੀ ਉਹਨਾਂ ਨੇ ਯੋਗਦਾਨ ਪਾਇਆ ਸੀ।

ਆਸਟ੍ਰੇਲੀਅਨ ਰਾਜਨੀਤੀ ਵਿੱਚ ਸਿੱਖਾਂ ਦਾ ਪ੍ਰਭਾਵ ਵਧ ਰਿਹਾ ਹੈ। ਪਰਵਿੰਦਰ ਕੌਰ ਪੱਛਮੀ ਆਸਟ੍ਰੇਲੀਆ ਵਿੱਚ ਪਹਿਲੀ ਸਿੱਖ ਵਿਧਾਇਕ ਬਣੀ ਸੀ ਜਿਸ ਨੇ ਗੁਟਕਾ ਸਾਹਿਬ ਨਾਲ ਸਹੁੰ ਚੁੱਕੀ। ਗੁਰਮੇਸ਼ ਸਿੰਘ ਨਿਊ ਸਾਊਥ ਵੇਲਜ਼ ਨੈਸ਼ਨਲ ਪਾਰਟੀ ਦਾ ਲੀਡਰ ਬਣਿਆ ਅਤੇ ਪਹਿਲਾ ਸਿੱਖ ਹੈ ਜੋ ਮੁੱਖ ਪਾਰਟੀ ਨੂੰ ਲੀਡ ਕਰ ਰਿਹਾ ਹੈ। ਇਹ ਉਹਨਾਂ ਦੀ ਮਿਹਨਤ ਅਤੇ ਭਾਈਚਾਰੇ ਦੀ ਮਾਨਤਾ ਨੂੰ ਦਰਸਾਉਂਦਾ ਹੈ। ਪੈਰੀ ਕਾਹਲੋਂ ਵਰਗੇ ਸਿੱਖ ਰਾਜਨੀਤੀ ਵਿੱਚ ਅੱਗੇ ਵਧ ਰਹੇ ਹਨ ਅਤੇ ਨਸਲਵਾਦ ਵਿਰੁੱਧ ਆਵਾਜ਼ ਉਠਾਉਂਦੇ ਹਨ। ਸਿੱਖ ਡਾਇਸਪੋਰਾ ਆਸਟ੍ਰੇਲੀਆ ਵਿੱਚ ਸਿੱਖ ਮੁੱਦਿਆਂ ਤੇ ਵੀ ਸਰਗਰਮ ਹੈ ਅਤੇ ਵਿਦੇਸ਼ੀ ਦਖਲ ਅੰਦਾਜ਼ੀ ਵਿਰੁੱਧ ਲੜਦਾ ਹੈ।

ਹਾਲਾਂਕਿ ਸਿੱਖਾਂ ਕੋਲ ਕੋਈ ਕੇਂਦਰੀ ਲੀਡਰਸ਼ਿਪ ਨਹੀਂ ਹੈ ਪਰ ਉਹ ਗੁਰੂ ਦੇ ਭਰੋਸੇ ਅਤੇ ਮਾਰਗ ਤੇ ਚੱਲ ਕੇ ਸੰਕਟਾਂ ਅਤੇ ਨਸਲਵਾਦ ਨਾਲ ਨਿਬੜ ਰਹੇ ਹਨ। ਇਹ ਸਿੱਖ ਧਰਮ ਦੀ ਕਰਾਮਾਤ ਹੈ ਕਿ ਉਹ ਸੰਕਟਾਂ ਵਿੱਚ ਮਜ਼ਬੂਤ ਹੁੰਦਾ ਰਿਹਾ ਹੈ। ਸੇਵਾ, ਚੜ੍ਹਦੀ ਕਲਾ ਅਤੇ ਮਨੁੱਖਤਾ ਲਈ ਹਮਦਰਦੀ ਵਰਗੇ ਗੁਣ ਉਹਨਾਂ ਨੂੰ ਮਜ਼ਬੂਤ ਕਰਦੇ ਹਨ ਅਤੇ ਸੰਸਾਰ ਵਿੱਚ ਦੇਵਤਾ ਵਾਂਗ ਬਣਾਉਂਦੇ ਹਨ। ਗੁਰਮਤਿ ਦਾ ਸੰਦੇਸ਼ ਹੈ: ਗੁਰ ਸੇਵਾ ਤੇ ਹਰਿ ਪਾਈਐ, ਜਾ ਕਉ ਨਦਰਿ ਕਰੇਇ॥ ਮਾਣਸ ਤੇ ਦੇਵਤੇ ਭਏ, ਧਿਆਇਆ ਨਾਮੁ ਹਰੇ॥ ਹਉਮੈ ਮਾਰਿ ਮਿਲਾਇਅਨੁ, ਗੁਰ ਕੈ ਸਬਦਿ ਤਰੇ॥ (ਸਲੋਕ ਮ: ੩ ਪੰਨਾ ੯੫੦)

ਜਿਹੜਾ ਗੁਰੂ ਦੇ ਹੁਕਮ ਅਨੁਸਾਰ ਮਨੁੱਖਤਾ ਦੀ ਸੇਵਾ ਕਰਦਾ ਹੈ ਉਹ ਅਕਾਲ ਪੁਰਖ ਨੂੰ ਪ੍ਰਾਪਤ ਕਰ ਲੈਂਦਾ ਹੈ। ਪ੍ਰਭੂ ਦਾ ਨਾਮ ਅਤੇ ਸਤਿਗੁਰੂ ਦਾ ਹੁਕਮ ਅਪਣਾ ਕੇ ਸਿੱਖ ਮਨੁੱਖ ਤੋਂ ਦੇਵਤਾ ਬਣ ਜਾਂਦੇ ਹਨ। ਗੁਰੂ ਦੇ ਹੁਕਮ ਤੇ ਚੱਲ ਕੇ ਸਿੱਖ ਸੰਸਾਰ ਵਿੱਚ ਆਪਣਾ ਨਾਮ ਰੌਸ਼ਨ ਕਰ ਰਹੇ ਹਨ।

ਸਿੱਖ ਭਾਈਚਾਰਾ ਮਨੁੱਖਤਾ ਨੂੰ ਸੇਵਾ, ਬਰਾਬਰੀ ਅਤੇ ਹਮਦਰਦੀ ਦਿੰਦਾ ਹੈ। ਉਹ ਨਸਲਵਾਦ ਵਿਰੁੱਧ ਲੜ ਕੇ ਏਕਤਾ ਦੀ ਮਿਸਾਲ ਬਣ ਰਿਹਾ ਹੈ ਅਤੇ ਆਸਟ੍ਰੇਲੀਆ ਵਿੱਚ ਆਰਥਿਕ, ਸਮਾਜੀ ਅਤੇ ਰਾਜਨੀਤਕ ਯੋਗਦਾਨ ਨਾਲ ਮਾਣ ਵਧਾ ਰਿਹਾ ਹੈ। ਇਹ ਸੇਵਾ ਅਜੇ ਜਾਰੀ ਹੈ ਅਤੇ ਲੋਕਾਂ ਨੂੰ ਲੰਬੇ ਸਮੇਂ ਤੱਕ ਸਹਾਰਾ ਦੇ ਰਹੀ ਹੈ।






# ਯੂਕਰੇਨ ਦੀ ਅਜ਼ਾਦੀ ਲਈ ਜਾਨ ਵਾਰਨ ਵਾਲਾ ਕੈਨੇਡੀਅਨ ਨੌਜਵਾਨ

## ✪ ਆਪਣੀ ਮਰਜ਼ੀ ਨਾਲ ਫਰੰਟ ਲਾਈਨ ਤੇ - ਇੰਟਰਨੈਸ਼ਨਲ ਲੀਜ਼ਨ ਵਿੱਚ ਸ਼ਾਮਲ ਹੋਕੇ ਸ਼ਹਾਦਤ ਦਿੱਤੀ

ਮਨਦੀਪ ਸਿੰਘ, ਇੱਕ 30 ਸਾਲਾਂ ਦਾ ਕੈਨੇਡੀਅਨ ਸਿੱਖ ਨੌਜਵਾਨ, ਜੋ ਆਮ ਜ਼ਿੰਦਗੀ ਜੀ ਰਿਹਾ ਸੀ, ਅਚਾਨਕ ਯੂਕਰੇਨ ਦੀ ਅਜ਼ਾਦੀ ਲਈ ਸ਼ਹਾਦਤ ਦੇਕੇ ਵਿਸ਼ਵ ਪੱਧਰੀ ਨਾਇਕ ਬਣ ਗਿਆ। ਉਹ ਮਿਸੀਸਾਗਾ (ਟੋਰਾਂਟੋ ਨੇੜੇ) ਵਿੱਚ ਰਹਿੰਦਾ ਸੀ, ਕੈਨੇਡੀਅਨ ਰੇਲਵੇ ਵਿੱਚ ਨੌਕਰੀ ਕਰਦਾ ਸੀ ਅਤੇ ਆਪਣੇ ਪਰਿਵਾਰ ਨਾਲ ਖੁਸ਼ਹਾਲ ਜੀਵਨ ਬਤੀਤ ਕਰ ਰਿਹਾ ਸੀ। ਪਰ ਉਸ ਦੇ ਅੰਦਰ ਇੱਕ ਅਜਿਹੀ ਭਾਵਨਾ ਸੀ ਜੋ ਉਸ ਨੂੰ ਸਿੱਖ ਧਰਮ ਦੇ ਸਿਧਾਂਤਾਂ ਅਨੁਸਾਰ ਮਨੁੱਖਤਾ ਦੀ ਸੇਵਾ ਅਤੇ ਨਿਆਂ ਲਈ ਲੜਨ ਵੱਲ ਲੈ ਗਈ। ਫਰਵਰੀ 2022 ਵਿੱਚ ਜਦੋਂ ਰੂਸ ਨੇ ਯੂਕਰੇਨ ਉਪਰ ਹਮਲਾ ਕੀਤਾ, ਤਾਂ ਮਨਦੀਪ ਨੇ ਫੈਸਲਾ ਕੀਤਾ ਕਿ ਉਹ ਉੱਥੇ ਜਾ ਕੇ ਯੂਕਰੇਨੀ ਲੋਕਾਂ ਦੀ ਮਦਦ ਕਰੇਗਾ। ਭਾਵੇਂ ਉਸ ਦਾ ਯੂਕਰੇਨ ਨਾਲ ਕੋਈ ਨਿੱਜੀ ਜਾਂ ਪਰਿਵਾਰਕ ਸਬੰਧ ਨਹੀਂ ਸੀ।

ਮਨਦੀਪ ਸਿੰਘ ਦਾ ਜਨਮ 1994 ਵਿੱਚ ਹੋਇਆ ਸੀ ਅਤੇ ਉਸ ਦੇ ਮਾਤਾ-ਪਿਤਾ ਜਸਵਿੰਦਰ ਸਿੰਘ ਅਤੇ ਆਸ਼ਾ ਕੌਰ 2004 ਵਿੱਚ ਮੁੰਬਈ ਤੋਂ ਕੈਨੇਡਾ ਆ ਵੱਸੇ ਸਨ। ਮਨਦੀਪ ਬਚਪਨ ਤੋਂ ਹੀ ਅਨੁਸ਼ਾਸਿਤ ਅਤੇ ਮਦਦਗਾਰ ਸੀ। ਉਹ ਨਿਯਮਿਤ ਖੂਨ ਦਾਨ ਕਰਦਾ ਸੀ ਅਤੇ ਹਾਈ ਸਕੂਲ ਤੋਂ ਬਾਅਦ ਡਿਟੈਕਟਿਵ ਕੋਰਸ ਕੀਤਾ ਸੀ। ਉਸ ਨੇ ਕੈਨੇਡੀਅਨ ਆਰਮੀ ਵਿੱਚ ਪਾਰਟ-ਟਾਈਮ ਸੇਵਾ ਵੀ ਨਿਭਾਈ, ਜਿੱਥੇ ਉਸ ਨੂੰ ਯੂਨੀਫਾਰਮ ਅਤੇ ਅਨੁਸ਼ਾਸਨ ਨੇ ਪ੍ਰਭਾਵਿਤ ਕੀਤਾ। ਉਸ ਦੇ ਪਰਿਵਾਰ ਨੇ ਦੱਸਿਆ ਕਿ ਉਹ ਹਮੇਸ਼ਾ ਕਹਿੰਦਾ ਸੀ ਕਿ ਜੇ ਉਸ ਦੀ ਜ਼ਿੰਦਗੀ ਕਿਸੇ ਦੀ ਮੱਦਦ ਕਰ ਸਕੇ ਤਾਂ ਇਹ ਉਸ ਲਈ ਕਾਫ਼ੀ ਹੈ। ਉਸ ਨੇ ਕੈਨੇਡੀਅਨ ਰੇਲਵੇ ਵਿੱਚ ਨੌਕਰੀ ਕੀਤੀ । ਪਰ ਰੂਸੀ ਹਮਲੇ ਨੇ ਉਸ ਨੂੰ ਬਦਲ ਦਿੱਤਾ। ਉਸ ਨੂੰ ਲੱਗਾ ਕਿ ਯੂਕਰੇਨ ਵਿੱਚ ਬਜ਼ੁਰਗ ਅਤੇ ਬੱਚੇ ਲੜ ਰਹੇ ਹਨ, ਅਤੇ ਉਹ ਉੱਥੇ ਜਾ ਕੇ ਉਹਨਾਂ ਦੀ ਮੱਦਦ ਕਰ ਸਕਦਾ ਹੈ। ਇਹ ਭਾਵਨਾ ਸਿੱਖ ਧਰਮ ਦੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਆਈ ਸੀ ਕਿ ਮਨੁੱਖਤਾ ਦੀ ਰਖਿਆ ਤੇ ਨਿਆਂ ਲਈ ਖੜ੍ਹੇ ਹੋਣਾ ਚਾਹੀਦਾ ਹੈ।

ਰੂਸੀ ਹਮਲੇ ਤੋਂ ਬਾਅਦ ਲਗਭਗ 26 ਕੈਨੇਡੀਅਨ ਨਾਗਰਿਕ ਯੂਕਰੇਨ ਵਿੱਚ ਮਾਰੇ ਗਏ ਸਨ, ਪਰ ਮਨਦੀਪ ਉਨ੍ਹਾਂ ਵਿੱਚੋਂ ਇੱਕਲਾ ਸਿੱਖ ਸੀ। ਮਨਦੀਪ ਨੇ ਆਪਣੇ ਮਾਤਾ ਨੂੰ ਕਿਹਾ ਸੀ ਕਿ "ਯੂਕਰੇਨ ਵਿੱਚ ਮੱਦਦ ਦੀ ਬਹੁਤ ਜ਼ਰੂਰਤ ਹੈ, ਬਜ਼ੁਰਗ ਲੜ ਰਹੇ ਹਨ ਅਤੇ ਮੈਂ ਜਵਾਨ ਹਾਂ,ਉਥੇ ਲੋਕਾਂ ਦੀ ਅਜ਼ਾਦੀ ਬਚਾਉਣ ਲਈ ਜਾਵਾਂਗਾ।" ਉਸ ਦੇ ਮਾਤਾ-ਪਿਤਾ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਆਪਣੇ ਫੈਸਲੇ ਤੇ ਅੜਿਆ ਰਿਹਾ।

ਦਸੰਬਰ 2023 ਵਿੱਚ ਆਪਣੇ ਜਨਮ ਦਿਨ ਤੋਂ ਬਾਅਦ ਉਹ ਪੋਲੈਂਡ ਰਾਹੀਂ ਯੂਕਰੇਨ ਪਹੁੰਚ ਕੇ ਇੰਟਰਨੈਸ਼ਨਲ ਲੀਜ਼ਨ ਵਿੱਚ ਸ਼ਾਮਲ ਹੋ ਗਿਆ। ਉਹ ਫਰੰਟ ਲਾਈਨ ਤੇ ਲੜਾਈ ਵਿੱਚ ਹਿੱਸਾ ਲੈਂਦਾ ਸੀ। ਉਸ ਨੇ ਜਨਵਰੀ 2024 ਤੋਂ ਅਕਤੂਬਰ 2024 ਤੱਕ ਸੇਵਾ ਨਿਭਾਈ। ਉਹ ਅਪ੍ਰੈਲ 2024 ਵਿੱਚ ਥੋੜ੍ਹੇ ਸਮੇਂ ਲਈ ਕੈਨੇਡਾ ਵਾਪਸ ਆਇਆ, ਪਰ ਫਿਰ ਵਾਪਸ ਚਲਾ ਗਿਆ। ਉਸ ਨੇ ਆਪਣੀ ਮਾਂ ਨੂੰ ਆਖਰੀ ਵਾਰ 24 ਅਕਤੂਬਰ 2024 ਨੂੰ ਗੱਲ



ਕੀਤੀ ਅਤੇ ਕਿਹਾ ਕਿ ਇਹ ਉਹ ਜਲਦੀ ਵਾਪਸ ਆਵੇਗਾ। ਪਰ 27 ਅਕਤੂਬਰ 2024 ਨੂੰ ਇੱਕ ਮਿਸ਼ਨ ਦੌਰਾਨ ਉਸ ਨੂੰ ਗੋਲੀ ਲੱਗੀ ਅਤੇ ਉਸ ਦੀ ਮੌਤ ਹੋ ਗਈ। ਉਸ ਨੂੰ ਬ੍ਰਾਇੰਸਕ ਓਬਲਾਸਟ ਵਿੱਚ ਮਾਰਿਆ ਗਿਆ, ਜੋ ਰੂਸੀ ਖੇਤਰ ਵਿੱਚ ਹੈ, ਪਰ ਉਹ ਯੂਕਰੇਨੀ ਫੌਜ ਵੱਲੋਂ ਲੜ ਰਿਹਾ ਸੀ।

ਮਨਦੀਪ ਦੀ ਸਾਖੀ ਨੂੰ ਯੂਕਰੇਨ ਵਿੱਚ ਮਸ਼ਹੂਰ ਅੰਗਰੇਜ਼ੀ ਅਖ਼ਬਾਰ ਕੀਵ ਪੋਸਟ ਨੇ ਵਿਸਥਾਰ ਨਾਲ ਕਵਰ ਕੀਤਾ ਹੈ। 17 ਜਨਵਰੀ 2026 ਨੂੰ ਛਪੇ ਆਰਟੀਕਲ "ਫ੍ਰਾਮ ਕੈਨੇਡਾ ਟੂ ਦ ਫਰੰਟ ਲਾਈਨ: ਵਾਈ ਅ ਕੈਨੇਡੀਅਨ ਸਿੱਖ ਫੌਟ ਫਾਰ ਯੂਕਰੇਨ" ਵਿੱਚ ਉਸ ਦੇ ਪੂਰੇ ਜੀਵਨ, ਪਰਿਵਾਰ ਅਤੇ ਬਲੀਦਾਨ ਨੂੰ ਵਿਸਥਾਰ ਨਾਲ ਦੱਸਿਆ ਗਿਆ ਹੈ। ਇਸ ਅਖ਼ਬਾਰ ਨੇ ਉਸ ਨੂੰ ਇੱਕ ਨਾਇਕ ਵਜੋਂ ਪੇਸ਼ ਕੀਤਾ ਅਤੇ ਸਿੱਖ ਧਰਮ ਦੇ ਪ੍ਰਭਾਵ ਨੂੰ ਉਜਾਗਰ ਕੀਤਾ।

ਗਲੋਬਲ ਅਵੇਅਰਜ਼ ਕੈਨੇਡਾ ਨੇ ਇੱਕ ਅਧਿਕਾਰੀ ਬਿਆਨ ਵਿੱਚ ਕਿਹਾ ਕਿ ਉਹ ਫਰਵਰੀ 2022 ਤੋਂ ਯੂਕਰੇਨ ਵਿੱਚ ਮਾਰੇ ਗਏ 26 ਕੈਨੇਡੀਅਨ ਨਾਗਰਿਕਾਂ ਬਾਰੇ ਜਾਣੂ ਹੈ। ਉਹਨਾਂ ਨੇ ਮਨਦੀਪ ਸਿੰਘ ਦੇ ਸਰੀਰ ਨੂੰ ਵਾਪਸ ਲਿਆਉਣ ਵਿੱਚ ਮੱਦਦ ਕੀਤੀ, ਜਿਸ ਵਿੱਚ ਇੰਟਰਨੈਸ਼ਨਲ ਲੀਜ਼ਨ ਅਤੇ ਰੈੱਡ ਕਰਾਸ ਨਾਲ ਮਿਲ ਕੇ ਕੰਮ ਕੀਤਾ ਗਿਆ। ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਨੇ ਉਸ ਦੀ ਆਰਮੀ ਸੇਵਾ ਦੀ ਪੁਸ਼ਟੀ ਨਹੀਂ ਕੀਤੀ, ਪਰ ਉਸ ਨੂੰ ਯੂਕਰੇਨ ਵਿੱਚ ਵਾਲੰਟੀਅਰ ਵਜੋਂ ਮਾਨਤਾ ਦਿੱਤੀ। ਯੂਕਰੇਨੀ ਕੈਨੇਡੀਅਨ ਕਾਂਗਰਸ ਅਤੇ ਯੂਕਰੇਨੀ ਵਾਰ ਵੈਟਰਨਜ਼ ਐਸੋਸੀਏਸ਼ਨ ਨੇ 4 ਦਸੰਬਰ 2025 ਨੂੰ ਟੋਰਾਂਟੋ ਵਿੱਚ ਯੂਕਰੇਨੀਅਨ ਕੈਨੇਡੀਅਨ ਸੈਕਰੀਫਾਈਸ ਮੈਡਲ ਨਾਲ ਉਸ ਨੂੰ ਸਨਮਾਨਿਤ ਕੀਤਾ, ਜਿੱਥੇ ਉਸ ਨੂੰ 14 ਨਾਇਕਾਂ ਵਿੱਚ ਸ਼ਾਮਲ ਕੀਤਾ ਗਿਆ। ਉਸ ਦੇ ਮਾਤਾ-ਪਿਤਾ ਨੇ ਆਪਣੇ ਪੁੱਤਰ ਦੀ ਸ਼ਹਾਦਤ ਉਪਰ ਮਾਣ ਕੀਤਾ।

ਮਨਦੀਪ ਦੇ ਬਲੀਦਾਨ ਨੇ ਸਿੱਖ ਧਰਮ ਦੇ ਮਨੁੱਖਤਾ ਦੀ ਸੇਵਾ ਤੇ ਨਿਆਂ ਦੇ ਸਿਧਾਂਤ ਨੂੰ ਜੀਵੰਤ ਕੀਤਾ। ਉਸ ਨੇ ਦੂਰ ਦੇਸ਼ ਲਈ, ਬਿਨਾਂ ਕਿਸੇ ਸਵਾਰਥ ਤੋਂ ਆਪਣੀ ਜਾਨ ਵਾਰ ਦਿੱਤੀ। ਉਸ ਦੇ ਮਾਤਾ ਆਸ਼ਾ ਕੌਰ ਨੇ ਕਿਹਾ ਕਿ "ਸੈਕਰੀਫਾਈਸ ਮੈਡਲ ਮੇਰੇ ਪੁੱਤਰ ਦੇ ਬਲੀਦਾਨ ਦੀ ਮਾਨਤਾ ਹੈ। ਉਹ ਹਰ ਇੱਕ ਨੂੰ ਬਰਾਬਰ ਮੰਨਦਾ ਸੀ।"

# ਹਰਿਆਣਾ ਵਿੱਚ 1984 ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੇ ਨੌਕਰੀਆਂ ਦੇ ਨਿਯੁਕਤੀ ਪੱਤਰ ਵਾਪਸ ਕੀਤੇ



ਚੰਡੀਗੜ੍ਹ-1984 ਦੇ ਹਰਿਆਣਾ ਸਿੱਖ ਕਤਲੇਆਮ (ਜਿਸ ਨੂੰ ਅਕਸਰ ਐਂਟੀ-ਸਿੱਖ ਕਤਲੇਆਮ ਵਜੋਂ ਵੀ ਜਾਣਿਆ ਜਾਂਦਾ ਹੈ) ਦੇ ਪੀੜਤ ਪਰਿਵਾਰਾਂ ਨੇ ਸਰਕਾਰ ਵੱਲੋਂ ਦਿੱਤੇ ਗਏ ਨਿਯੁਕਤੀ ਪੱਤਰ ਵਾਪਸ ਕਰ ਕੇ ਸਾਫ਼ ਕਰ ਦਿੱਤਾ ਹੈ ਕਿ ਉਹ ਪ੍ਰਾਈਵੇਟ ਜਾਂ ਕੰਟਰੈਕਚੁਅਲ ਨੌਕਰੀਆਂ ਕਬੂਲ ਨਹੀਂ ਕਰਨਗੇ। ਇਹ ਫੈਸਲਾ ਪੀੜਤ ਪਰਿਵਾਰਾਂ ਵੱਲੋਂ ਗੁਰਦੁਆਰਾ ਸਿੰਘ ਸਭਾ ਗੁੜਵਾਉ ਵਿਖੇ ਹੋਈ ਅਹਿਮ ਮੀਟਿੰਗ ਵਿੱਚ ਲਿਆ ਗਿਆ।

ਮੀਟਿੰਗ ਦੀ ਅਗਵਾਈ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਕੀਤੀ। ਉਨ੍ਹਾਂ ਨੇ ਕਿਹਾ ਕਿ 42 ਸਾਲ ਬੀਤ ਜਾਣ ਤੋਂ ਬਾਅਦ ਵੀ ਕੇਂਦਰ ਅਤੇ ਹਰਿਆਣਾ ਸਰਕਾਰ ਵੱਲੋਂ ਪੀੜਤਾਂ ਨੂੰ ਅਸਲ ਨਿਆਂ ਨਹੀਂ ਮਿਲਿਆ। ਇਹ ਭਾਰਤੀ ਨਿਆਂ ਪ੍ਰਣਾਲੀ ਉੱਤੇ ਵੱਡਾ ਸਵਾਲ ਖੜ੍ਹਾ ਕਰਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਸਰਕਾਰ ਪੀੜਤਾਂ ਨਾਲ ਭੇਦਭਾਵ ਕਰ ਰਹੀ ਹੈ ਅਤੇ ਸਰਕਾਰੀ ਨੌਕਰੀਆਂ ਦੇ ਵਾਅਦੇ ਸਿਰਫ਼ ਡਰਾਮਾ ਸਾਬਤ ਹੋ ਰਹੇ ਹਨ।

ਭਾਈ ਘੋਲੀਆ ਨੇ ਵਧੇਰੇ ਸਪੱਸ਼ਟ ਕੀਤਾ ਕਿ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਨੌਕਰੀਆਂ ਪ੍ਰਾਈਵੇਟ ਜਾਂ ਕੰਟਰੈਕਚੁਅਲ ਅਧਾਰ ਉੱਤੇ ਹਨ, ਜੋ ਕਿਸੇ ਵੀ ਹਾਲਤ ਵਿੱਚ ਮਨਜ਼ੂਰ ਨਹੀਂ। ਪੀੜਤ ਪਰਿਵਾਰ ਮੱਧ ਪ੍ਰਦੇਸ਼, ਦਿੱਲੀ ਅਤੇ ਉੱਤਰ ਪ੍ਰਦੇਸ਼ ਵਰਗੀਆਂ ਤਰ੍ਹਾਂ ਪੂਰੀਆਂ ਸਰਕਾਰੀ ਸਹੂਲਤਾਂ ਸਮੇਤ ਪੱਕੀਆਂ ਸਰਕਾਰੀ ਨੌਕਰੀਆਂ ਦੀ ਮੰਗ ਕਰ ਰਹੇ ਹਨ।

ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪੀੜਤ ਪਰਿਵਾਰ ਹਾਜ਼ਰ ਸਨ, ਜਿਨ੍ਹਾਂ ਵਿੱਚ ਰਾਮ ਸਿੰਘ ਪਟਿਆਲਾ, ਗੁਰਪ੍ਰੀਤ ਸਿੰਘ ਸਾਹਨੀ ਗੁੜਗਾਓਂ, ਗੁਰਜੀਤ ਸਿੰਘ ਪਟੌਦੀ, ਊਸਦੇਵੀ ਗੁੜਗਾਓਂ, ਬਸਰਾ ਕੌਰ, ਪਵਨ ਕੁਮਾਰ ਰੇਵਾੜੀ, ਗੋਪਾਲ ਸਿੰਘ ਰੇਵਾੜੀ, ਅੰਕਿਤ ਹਨੂੰਮਾਨਗੜ੍ਹ, ਜਸਪ੍ਰੀਤ ਕੌਰ, ਅਮਨਦੀਪ ਕੌਰ ਹੇਲੀਮੰਡੀ, ਦੀਵਿਆਂ ਪਟੌਦੀ, ਗੁਰਦੀਪ ਸਿੰਘ ਕੁਰੂਕਸ਼ੇਤਰ, ਸਰਵਜੀਤ ਕੌਰ ਸਿਰਸਾ, ਪਰੀਤੀ ਫਰੀਦਾਬਾਦ, ਹਰਦੀਪ ਸਿੰਘ, ਅਮਰੀਕ ਸਿੰਘ, ਰਵਿੰਦਰ ਸਿੰਘ ਹਰਿਆਣਾ, ਓਮਪ੍ਰਕਾਸ਼ ਜਾਟੂਥਾਨਾ ਰੇਵਾੜੀ, ਦੀਵਾਨ ਚੰਦ ਮਹਾਰਾਸ਼ਟਰ ਅਤੇ ਪਰਮਜੀਤ ਸਿੰਘ ਯੂ.ਪੀ. ਸ਼ਾਮਲ ਸਨ। ਇਸ ਮੌਕੇ ਹਾਈ ਕੋਰਟ ਦੇ ਸੀਨੀਅਰ ਵਕੀਲ ਬਰਜਿੰਦਰ ਸਿੰਘ ਲੂੰਬਾ ਵੀ ਮੌਜੂਦ ਰਹੇ।

ਯਾਦ ਰਹੇ ਕਿ ਹਰਿਆਣਾ ਸਰਕਾਰ ਨੇ 2025 ਵਿੱਚ 1984 ਦੇ ਕਤਲੇਆਮ ਵਿੱਚ ਮਾਰੇ ਗਏ 121 ਵਿਅਕਤੀਆਂ ਦੇ ਪਰਿਵਾਰਾਂ ਲਈ ਨੌਕਰੀਆਂ ਦਾ ਐਲਾਨ ਕੀਤਾ ਸੀ, ਪਰ ਬਾਅਦ ਵਿੱਚ ਇਹ ਨੌਕਰੀਆਂ ਕੰਟਰੈਕਚੁਅਲ/ਪ੍ਰਾਈਵੇਟ ਅਧਾਰ ਉੱਤੇ ਦਿੱਤੀਆਂ ਜਾ ਰਹੀਆਂ ਸਨ।

# ਅਮਰੀਕਾ-ਪਾਕਿਸਤਾਨ ਨੇ ਪੂਰਾ ਕੀਤਾ ਸਾਂਝਾ ਫੌਜੀ ਅਭਿਆਸ

## ✪ ਕਾਂਗਰਸ ਨੇ ਮੋਦੀ ਸਰਕਾਰ ਨੂੰ ਨਿਸ਼ਾਨਾ ਬਣਾਇਆ-ਕਿਹਾ ਕਿ 'ਵਿਸ਼ਵ ਗੁਰੂ' ਦੀ ਕੂਟਨੀਤੀ ਨੂੰ ਵੱਡਾ ਝਟਕਾ

## ✪ ਭਾਰਤ ਲਈ ਚਿੰਤਾ ਵਧੀ - ਖੇਤਰੀ ਰਣਨੀਤੀ ਉਪਰ ਅਸਰ ਅਤੇ ਅੰਤਰਰਾਸ਼ਟਰੀ ਮੀਡੀਆ ਦੀ ਨਜ਼ਰ



## ਟਰੰਪ ਨੇ ਪੀਐੱਮ ਮੋਦੀ ਨੂੰ ਗਾਜ਼ਾ ਲਈ 'ਬੋਰਡ ਆਫ਼ ਪੀਸ' ਵਿੱਚ ਸ਼ਾਮਲ ਹੋਣ ਦਾ ਦਿੱਤਾ ਸੱਦਾ

ਨਵੀਂ ਦਿੱਲੀ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗਾਜ਼ਾ ਵਿੱਚ ਸ਼ਾਂਤੀ ਅਤੇ ਸਥਿਰਤਾ ਲਿਆਉਣ ਲਈ ਬਣਾਏ ਗਏ 'ਬੋਰਡ ਆਫ਼ ਪੀਸ' (ਸ਼ਾਂਤੀ ਬੋਰਡ) ਵਿੱਚ ਹਿੱਸਾ ਬਣਨ ਲਈ ਸੱਦਾ ਦਿੱਤਾ ਹੈ। ਟਰੰਪ ਨੇ ਇੱਕ ਪੱਤਰ ਵਿੱਚ ਇਹ ਸੱਦਾ ਦਿੱਤਾ, ਜਿਸ ਨੂੰ ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ। ਇਸ ਦਾ ਮੁੱਖ ਕੰਮ ਗਾਜ਼ਾ ਦੇ ਪ੍ਰਸ਼ਾਸਨ ਦੀ ਨਿਗਰਾਨੀ ਕਰਨਾ, ਪੁਨਰ ਨਿਰਮਾਣ ਲਈ ਫੰਡ ਜੁਟਾਉਣਾ ਅਤੇ ਖੇਤਰ ਵਿੱਚ ਲੰਬੇ ਸਮੇਂ ਦੀ ਸ਼ਾਂਤੀ ਯਕੀਨੀ ਬਣਾਉਣਾ ਹੈ। ਟਰੰਪ ਦੀ 20-ਨੁਕਾਤੀ ਸ਼ਾਂਤੀ ਯੋਜਨਾ ਨੂੰ ਪੂਰਾ ਕਰਨ ਵਿੱਚ ਇਹ ਬੋਰਡ ਅਹਿਮ ਭੂਮਿਕਾ ਨਿਭਾਏਗਾ। ਭਾਰਤ ਨੂੰ ਇਸ ਵਿੱਚ ਸ਼ਾਮਲ ਹੋਣ ਦਾ ਸੱਦਾ ਮਿਲਣ ਨਾਲ ਭਾਰਤ ਦੀ ਅੰਤਰਰਾਸ਼ਟਰੀ ਭੂਮਿਕਾ ਵਧੇਰੇ ਮਜ਼ਬੂਤ ਹੋ ਸਕਦੀ ਹੈ।

ਬੀਤੇ ਦਿਨੀਂ ਪਾਕਿਸਤਾਨ ਵਿੱਚ ਅਮਰੀਕਾ-ਪਾਕਿਸਤਾਨ ਨੇ ਸਾਂਝਾ ਫੌਜੀ ਅਭਿਆਸ 'ਇੰਸਪਾਇਰਡ ਗੈਬਿਟ 2026' ਕੀਤਾ ਸੀ। ਇਹ ਅਭਿਆਸ 8 ਤੋਂ 16 ਜਨਵਰੀ 2026 ਤੱਕ ਪਬੀ (ਖੈਬਰ ਪਖਤੂਨਖਵਾ) ਵਿੱਚ ਹੋਇਆ ਅਤੇ ਇਸ ਨੂੰ ਅੱਤਵਾਦ ਵਿਰੋਧੀ ਖੇਤਰ ਵਿੱਚ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਇਹ ਅਭਿਆਸ ਪਾਕਿਸਤਾਨ ਅਤੇ ਅਮਰੀਕਾ ਦੀਆਂ ਫੌਜਾਂ ਵਿਚਾਲੇ 13ਵਾਂ ਸਾਂਝਾ ਅਭਿਆਸ ਹੈ, ਜੋ 1995 ਤੋਂ ਚੱਲ ਰਿਹਾ ਹੈ। ਇਸ ਵਿੱਚ ਮੁੱਖ ਤੌਰ ਤੇ ਅੱਤਵਾਦ ਵਿਰੋਧੀ ਕਾਰਵਾਈਆਂ (ਕਾਊਂਟਰ ਟੈਰਰਿਜ਼ਮ), ਪੈਦਲ ਫੌਜ ਦੇ ਹੁਨਰ, ਸ਼ਹਿਰੀ ਜੰਗ ਵਿੱਚ ਮੁਹਾਰਤ ਅਤੇ ਦੋਵਾਂ ਫੌਜਾਂ ਵਿਚਕਾਰ ਤਾਲਮੇਲ ਬਾਰੇ ਧਿਆਨ ਸੀ। ਅਮਰੀਕੀ ਸੈਂਟਰਲ ਕਮਾਂਡ (ਸੈਂਟਕਾਮ) ਨੇ ਕਿਹਾ ਕਿ ਇਹ ਅਭਿਆਸ ਦੋਵਾਂ ਦੇਸ਼ਾਂ ਵਿਚਕਾਰ ਲੰਮੇ ਸਮੇਂ ਦੇ ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ ਅਤੇ ਖੇਤਰੀ ਸੁਰੱਖਿਆ ਲਈ ਜ਼ਰੂਰੀ ਹੈ। ਪਾਕਿਸਤਾਨੀ ਫੌਜ ਦੇ ਮੀਡੀਆ ਵਿੰਗ ਆਈਐਸਪੀਆਰੇ ਵੀ ਇਸ ਨੂੰ ਸ਼ਾਂਤੀ ਅਤੇ ਸਥਿਰਤਾ ਲਈ ਸਹਿਯੋਗ ਵਜੋਂ ਉਚਿੱਤ ਨੀਤੀ ਕਿਹਾ ਹੈ। ਅਮਰੀਕੀ ਚਾਰਜ ਡੀ ਅਫੇਅਰਜ਼ ਨੈਟਾਲੀ ਬੇਕਰ ਵੀ ਵਿਜ਼ਿਟਰਜ਼ ਡੇ 'ਤੇ ਸ਼ਾਮਲ ਹੋਈ।

ਅਮਰੀਕਾ ਪਾਕਿਸਤਾਨ ਨਾਲ ਫੌਜੀ ਸਹਿਯੋਗ ਵਧਾ ਰਿਹਾ ਹੈ ਕਿਉਂਕਿ ਉਹ ਮੱਧ ਏਸ਼ੀਆ ਅਤੇ ਅਫਗਾਨਿਸਤਾਨ ਵਿੱਚ ਅੱਤਵਾਦ ਵਿਰੋਧੀ ਲੜਾਈ ਲਈ ਪਾਕਿਸਤਾਨ ਨੂੰ ਮਹੱਤਵਪੂਰਨ ਮੰਨਦਾ ਹੈ। ਜੂਨ 2025 ਵਿੱਚ ਸੈਂਟਕਾਮ ਮੁਖੀ ਨੇ ਪਾਕਿਸਤਾਨ ਨੂੰ "ਅਦਭੁੱਤ ਸਾਥੀ" ਕਿਹਾ ਸੀ ਅਤੇ ਰਾਸ਼ਟਰਪਤੀ ਟਰੰਪ ਨੇ ਪਾਕਿਸਤਾਨੀ ਫੌਜ ਮੁਖੀ ਆਸਿਮ ਮੁਨੀਰ ਦੀ ਤਾਰੀਫ਼ ਕੀਤੀ ਸੀ। ਇਹ ਸਬੰਧ ਟਰੰਪ ਦੇ ਕਾਰਜਕਾਲ ਵਿੱਚ ਵਧੇਰੇ ਮਜ਼ਬੂਤ ਹੋ ਰਹੇ ਹਨ।

ਪਰ ਭਾਰਤ ਲਈ ਇਹ ਚਿੰਤਾ ਵਾਲੀ ਗੱਲ ਹੈ ਕਿਉਂਕਿ ਭਾਰਤ ਪਾਕਿਸਤਾਨ ਨੂੰ ਅੱਤਵਾਦ ਨੂੰ ਸਮਰਥਨ ਦੇਣ ਵਾਲਾ ਮੰਨਦਾ ਹੈ। ਵਿਸ਼ਲੇਸ਼ਕਾਂ ਅਨੁਸਾਰ ਇਹ ਅਭਿਆਸ ਭਾਰਤ ਦੀ ਖੇਤਰੀ ਰਣਨੀਤੀ ਉਪਰ ਅਸਰ ਪਾਉਂਦਾ ਹੈ, ਖਾਸ ਕਰਕੇ ਅਫਗਾਨਿਸਤਾਨ ਤੱਕ ਪਹੁੰਚ ਵਿੱਚ। ਕੁਝ ਮੀਡੀਆ ਵਿੱਚ ਇਸ ਨੂੰ ਭਾਰਤ ਲਈ ਇੱਕ ਸੰਕੇਤ ਵਜੋਂ ਵੇਖਿਆ ਜਾ ਰਿਹਾ ਹੈ, ਪਰ ਅਮਰੀਕਾ ਇਸ ਨੂੰ ਸਿਰਫ਼ ਅੱਤਵਾਦ ਵਿਰੋਧੀ ਸਹਿਯੋਗ ਵਜੋਂ ਦੱਸਦਾ ਹੈ। ਇਹ ਭਾਰਤ-ਅਮਰੀਕਾ ਸਬੰਧਾਂ ਵਿੱਚ ਵੀ ਥੋੜ੍ਹਾ ਤਣਾਅ ਪੈਦਾ ਕਰ ਸਕਦਾ ਹੈ।

ਕਾਂਗਰਸ ਨੇ ਇਸ ਅਭਿਆਸ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਵਿਦੇਸ਼ ਨੀਤੀ ਲਈ ਵੱਡਾ ਝਟਕਾ ਕਿਹਾ ਹੈ। ਜੈਰਾਮ ਰਮੇਸ਼ ਨੇ ਕਿਹਾ ਕਿ ਇਹ ਮੋਦੀ ਸਰਕਾਰ ਦੀ ਆਪਣੇ ਆਪ ਨੂੰ "ਵਿਸ਼ਵ ਗੁਰੂ" ਕਹਿਣ ਵਾਲੀ ਕੂਟਨੀਤੀ ਨੂੰ ਇੱਕ ਹੋਰ ਝਟਕਾ ਹੈ। ਉਨ੍ਹਾਂ ਨੇ ਯਾਦ ਕਰਵਾਇਆ ਕਿ ਅਮਰੀਕਾ ਪਾਕਿਸਤਾਨ ਨੂੰ ਅੱਤਵਾਦ ਵਿਰੋਧੀ ਵਿੱਚ ਸਾਥੀ ਮੰਨ ਰਿਹਾ ਹੈ ਅਤੇ ਟਰੰਪ ਨੇ ਆਸਿਮ ਮੁਨੀਰ ਦੀ ਤਾਰੀਫ਼ ਕੀਤੀ ਹੈ, ਜਦਕਿ ਭਾਰਤ ਵਿੱਚ ਉਸ ਨੂੰ ਅੱਤਵਾਦ ਨਾਲ ਜੋੜਿਆ ਜਾਂਦਾ ਹੈ। ਕਾਂਗਰਸ ਨੇ ਇਸ ਨੂੰ ਮੋਦੀ ਦੀ ਡਿਪਲੋਮੈਸੀ ਦੀ ਨਾਕਾਮੀ ਵਜੋਂ ਪੇਸ਼ ਕੀਤਾ ਅਤੇ ਪੁੱਛਿਆ ਕਿ ਅਮਰੀਕਾ ਪਾਕਿਸਤਾਨ ਨਾਲ ਨੇੜੇ ਜਾ ਰਿਹਾ ਹੈ ਤਾਂ ਭਾਰਤ ਦੀ ਵਿਸ਼ਵ ਗੁਰੂ ਵਾਲੀ ਤਸਵੀਰ ਕਿਵੇਂ ਬਣੇਗੀ?

ਇਸ ਅਭਿਆਸ ਨੂੰ ਚਾਬਹਾਰ ਪੋਰਟ (ਈਰਾਨ) ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ। ਚਾਬਹਾਰ ਭਾਰਤ ਲਈ ਰਣਨੀਤਕ ਹੈ ਕਿਉਂਕਿ ਇਹ ਪਾਕਿਸਤਾਨ ਨੂੰ ਬਾਈਪਾਸ ਕਰਕੇ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਪਹੁੰਚ ਦਿੰਦਾ ਹੈ। ਪਰ ਅਮਰੀਕਾ ਨੇ ਈਰਾਨ ਤੇ ਪਾਬੰਦੀਆਂ ਦੀ ਛੋਟ ਅਕਤੂਬਰ 2025 ਵਿੱਚ ਦਿੱਤੀ ਸੀ ਜੋ 26 ਅਪ੍ਰੈਲ 2026 ਤੱਕ ਵੈਲਿਡ ਹੈ। ਭਾਰਤ ਅਮਰੀਕਾ ਨਾਲ ਗੱਲਬਾਤ ਕਰ ਰਿਹਾ ਹੈ ਤਾਂ ਜੋ ਇਹ ਛੋਟ ਜਾਰੀ ਰਹੇ ਅਤੇ ਭਾਰਤ ਆਪਣੀ ਭੂਮਿਕਾ ਬਣਾਈ ਰੱਖ ਸਕੇ। ਮੋਦੀ ਸਰਕਾਰ ਦੀਆਂ ਵਿਰੋਧੀ ਪਾਰਟੀਆਂ ਖਾਸ ਕਰਕੇ ਕਾਂਗਰਸ ਨੇ ਦੋਸ਼ ਲਾਇਆ ਕਿ ਸਰਕਾਰ ਅਮਰੀਕੀ ਦਬਾਅ ਅੱਗੇ ਝੁੱਕ ਗਈ ਹੈ। ਅੰਤਰਰਾਸ਼ਟਰੀ ਮੀਡੀਆ ਵਿੱਚ ਇਸ ਅਭਿਆਸ ਨੂੰ ਅਮਰੀਕਾ-ਪਾਕਿਸਤਾਨ ਸਬੰਧਾਂ ਦੀ ਮਜ਼ਬੂਤੀ ਵਜੋਂ ਵੇਖਿਆ ਜਾ ਰਿਹਾ ਹੈ।

ਦਿ ਹਿੰਦੂ, ਇਕਨਾਮਿਕ ਟਾਈਮਜ਼ ਅਤੇ ਅਰਬ ਨਿਊਜ਼ ਵਰਗੇ ਅਖਬਾਰਾਂ ਨੇ ਇਸ ਨੂੰ ਕਵਰ ਕੀਤਾ ਅਤੇ ਭਾਰਤ ਲਈ ਚਿੰਤਾ ਜਤਾਈ। ਅਮਰੀਕੀ ਥਿੰਕ ਟੈਂਕ ਨੇ ਚੇਤਾਵਨੀ ਦਿੱਤੀ ਕਿ ਅੱਤਵਾਦ ਵਧਣ ਨਾਲ ਭਾਰਤ-ਪਾਕਿਸਤਾਨ ਵਿਚਕਾਰ ਟਕਰਾਅ ਦੀ ਸੰਭਾਵਨਾ ਹੈ। ਇਹ ਘਟਨਾ ਦੱਖਣੀ ਏਸ਼ੀਆ ਵਿੱਚ ਰਣਨੀਤਕ ਬਦਲਾਅ ਨੂੰ ਦਰਸਾਉਂਦੀ ਹੈ ਜਿੱਥੇ ਅਮਰੀਕਾ ਆਪਣੇ ਹਿੱਤਾਂ ਲਈ ਸੰਤੁਲਨ ਬਣਾ ਰਿਹਾ ਹੈ।

# ਪਿੰਡ ਸ਼ੇਰੇਵਾਲ ਵਿੱਚ ਨਸ਼ੇ ਨੇ ਪੂਰਾ ਪਰਿਵਾਰ ਤਬਾਹ ਕਰ ਦਿੱਤਾ

## ✪ ਭਾਜਪਾ ਨੇ ਆਪ ਨੂੰ ਜ਼ਿੰਮੇਵਾਰ ਠਹਿਰਾਇਆ



ਜਗਰਾਓਂ-ਇਥੋਂ ਨੇੜੇ ਪਿੰਡ ਸ਼ੇਰੇਵਾਲ ਵਿੱਚ ਨਸ਼ਿਆਂ ਨੇ ਇੱਕ ਪੂਰੇ ਪਰਿਵਾਰ ਨੂੰ ਬਰਬਾਦ ਕਰ ਦਿੱਤਾ। ਘਰ ਦੇ ਮੁਖੀ ਮੁਖਤਿਆਰ ਸਿੰਘ ਦੀ 2012 ਵਿੱਚ ਸ਼ਰਾਬ ਕਾਰਨ ਟਰੈਕਟਰ ਹਾਦਸੇ ਵਿੱਚ ਮੌਤ ਹੋ ਗਈ ਸੀ। ਉਸ ਤੋਂ ਬਾਅਦ ਉਸ ਦੀ ਪਤਨੀ ਛਿੰਦਰ ਕੌਰ ਨੇ ਛੇ ਪੁੱਤਰਾਂ ਨੂੰ ਪਾਲਿਆ ਪਰ ਨਸ਼ਿਆਂ ਦੇ ਜਾਲ ਨੇ ਸਾਰੇ ਗੱਭਰੂ ਪੁੱਤਰਾਂ ਨੂੰ ਨਿਗਲ ਲਿਆ।

ਸਾਲ 2021 ਤੋਂ ਹੁਣ ਤੱਕ ਜਸਵੰਤ, ਰਾਜੂ, ਗੁਰਦੀਪ, ਬਲਜੀਤ, ਕੁਲਵੰਤ ਤੇ ਜਸਵੀਰ ਸਿੰਘ 'ਚਿੱਟੇ' ਕਾਰਨ ਮਰ ਗਏ। ਆਖਰੀ ਪੁੱਤ ਜਸਵੀਰ ਸਿੰਘ (27) ਦੀ ਲਾਸ਼ 15 ਜਨਵਰੀ ਨੂੰ ਨਹਿਰ ਕੰਢੇ ਝਾੜੀਆਂ ਵਿੱਚੋਂ ਮਿਲੀ। ਹੁਣ ਘਰ ਵਿੱਚ ਸਿਰਫ਼ ਤਿੰਨ ਵਿਧਵਾ ਔਰਤਾਂ ਅਤੇ ਤਿੰਨ ਛੋਟੇ ਬੱਚੇ ਬਚੇ ਹਨ। ਮਾਂ ਛਿੰਦਰ ਕੌਰ ਬਹੁਤ ਦੁੱਖੀ ਹੈ ਅਤੇ ਕਹਿੰਦੀ ਹੈ ਕਿ ਉਹ ਆਪਣੇ ਛੇ ਪੁੱਤਰਾਂ ਨੂੰ 'ਚਿੱਟੇ' ਦੇ ਕਫਨ ਪਾਉਂਦੀ ਰਹੀ ਤੇ ਉਹ ਖੁਦ ਕਿਉਂ ਨਾ ਚਲੀ ਗਈ। ਪੁਲਿਸ ਕਹਿੰਦੀ ਹੈ ਕਿ ਜ਼ਿਆਦਾਤਰ ਮੌਤਾਂ ਦਾ ਕਾਰਨ ਸ਼ਰਾਬ ਜਾਂ ਹੋਰ ਕਾਰਨ ਸਨ, ਪਰ ਪਰਿਵਾਰ 'ਚਿੱਟੇ' ਦੱਸ ਰਿਹਾ ਹੈ। ਪੁਲਿਸ ਨੇ ਕੇਸ ਦਰਜ ਕਰ ਲਿਆ ਹੈ।

ਭਾਜਪਾ ਵਰਕਿੰਗ ਕਮੇਟੀ ਪ੍ਰਧਾਨ ਅਤੇ ਪਠਾਨਕੋਟ ਵਿਧਾਇਕ ਅਸ਼ਵਨੀ ਸ਼ਰਮਾ ਨੇ ਪਿੰਡ ਪਹੁੰਚਕੇ ਪੀੜਤ ਪਰਿਵਾਰ ਨੂੰ ਹਮਦਰਦੀ ਭਰਪੂਰਨ ਸ਼ਰਧਾਂਜਲੀ ਦਿੱਤੀ। ਉਨ੍ਹਾਂ ਨੇ ਆਮ ਆਦਮੀ ਪਾਰਟੀ ਸਰਕਾਰ ਤੇ ਤਿੱਖਾ ਹਮਲਾ ਬੋਲਿਆ: "ਪੀੜ੍ਹੀਆਂ ਖਤਮ ਹੋ ਰਹੀਆਂ ਹਨ, ਸਰਕਾਰ ਅੱਖਾਂ ਮੀਟ ਰਹੀ ਹੈ। ਨਸ਼ਾ ਪੰਜਾਬ ਲਈ ਕੈਂਸਰ ਬਣ ਗਿਆ ਹੈ। ਨਾਅਰੇ ਕਾਫ਼ੀ ਨਹੀਂ, ਜਨਤਾ ਨੂੰ ਖੜ੍ਹਾ ਹੋਣਾ ਪਵੇਗਾ।" ਸ਼ਰਮਾ ਨੇ ਐਲਾਨ ਕੀਤਾ ਕਿ ਉਹ ਇਸ ਮਾਮਲੇ ਨੂੰ ਵਿਧਾਨ ਸਭਾ ਵਿੱਚ ਉਠਾਉਣਗੇ ਤੇ ਹਰ ਪਲੇਟਫਾਰਮ ਤੇ ਉੱਚੀ ਆਵਾਜ਼ ਕਰਨਗੇ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ "ਨਸ਼ਿਆਂ ਵਿਰੁੱਧ ਜੰਗ" ਦੇ ਨਾਮ ਤੇ ਜਨਤਾ ਨੂੰ ਗੁੰਮਰਾਹ ਨਾ ਕਰੇ, ਬਲਕਿ ਠੋਸ ਰਣਨੀਤੀ ਅਪਣਾਏ।

# ਦਿੱਲੀ ਪੁਲਿਸ ਵਲੋਂ ਗਣਤੰਤਰ ਦਿਵਸ ਤੋਂ ਪਹਿਲਾਂ ਦਿੱਲੀ ਵਿਚ ਵੱਡੇ ਗਿਰੋਹ ਦੇ ਪੰਜ ਦੋਸ਼ੀ ਹਥਿਆਰਾਂ ਸਮੇਤ ਫੜੇ



ਨਵੀਂ ਦਿੱਲੀ-ਗਣਤੰਤਰ ਦਿਵਸ ਸਮਾਰੋਹ ਤੋਂ ਪਹਿਲਾਂ ਚਾਕ-ਚੌਬੰਦ ਸੁਰੱਖਿਆ ਤਿਆਰੀਆਂ ਵਿੱਚ ਜੁਟੀ ਦੱਖਣ-ਪੱਛਮੀ ਜ਼ਿਲ੍ਹੇ ਦੀ ਸਪੈਸ਼ਲ ਸਟਾਫ ਟੀਮ ਨੇ ਰਾਜਧਾਨੀ ਵਿੱਚ ਨਾਜਾਇਜ਼ ਹਥਿਆਰ ਬਣਾਉਣ ਅਤੇ ਵੇਚਣ ਵਾਲੇ ਇੱਕ ਸਿੰਡੀਕੇਟ ਦਾ ਭੰਡਾਫੋੜ ਕਰਦਿਆਂ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ ਨਾਜਾਇਜ਼ ਹਥਿਆਰਾਂ ਦੀ ਵੱਡੀ ਖੇਪ, ਜਿਸ ਵਿੱਚ 20 ਕੱਟੇ, 12 ਕਾਰਤੂਸ ਅਤੇ ਹੋਰ ਸਾਮਾਨ ਸ਼ਾਮਲ ਹੈ, ਬਰਾਮਦ ਕੀਤਾ ਹੈ। ਇਹ ਸਾਰੇ ਮੁਲਜ਼ਮ ਕਤਲ, ਗੈਂਗਸਟਰ ਐਕਟ, ਲੁੱਟ-ਖੋਹ, ਡਾਕਾ ਅਤੇ ਆਰਮਜ਼ ਐਕਟ ਵਰਗੇ ਗੰਭੀਰ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਰਹੇ ਹਨ। ਇਹ ਸਿੰਡੀਕੇਟ ਲੰਬੇ ਸਮੇਂ ਤੋਂ ਦਿੱਲੀ-ਐੱਨਸੀਆਰ (ਢ਼), ਯੂਪੀ ਅਤੇ ਹਰਿਆਣਾ ਦੇ ਗੈਂਗਸਟਰਾਂ ਅਤੇ ਬਦਮਾਸ਼ਾਂ ਨੂੰ ਨਾਜਾਇਜ਼ ਹਥਿਆਰਾਂ ਦੀ ਸਪਲਾਈ ਕਰ ਰਿਹਾ ਸੀ।

ਡੀਸੀਪੀ ਅਮਿਤ ਗੋਇਲ ਦੇ ਅਨੁਸਾਰ, ਗ੍ਰਿਫ਼ਤਾਰ ਕੀਤੇ ਗਏ ਤਸਕਰਾਂ ਵਿੱਚ ਉਪੇਂਦਰ (ਵਾਸੀ ਪਿੰਡ ਖੇੜੀ ਰਕਧਾਨ, ਮੁਜ਼ੱਫਰਨਗਰ, ਯੂਪੀ) ਸ਼ਾਮਲ ਹੈ, ਜੋ ਕਤਲ ਅਤੇ ਗੈਂਗਸਟਰ ਐਕਟ ਦੇ ਪਹਿਲੇ ਦੋ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ। ਅਸ਼ਰਫ ਅਲੀ (ਵਾਸੀ ਪਿੰਡ ਕੈਲੀ ਦੌਰਾਲਾ, ਮੇਰਠ) ਵੀ ਕਤਲ ਅਤੇ ਗੈਂਗਸਟਰ ਐਕਟ ਦੇ ਦੋ ਮਾਮਲਿਆਂ ਵਿੱਚ ਨਾਮਜ਼ਦ ਹੈ। ਦੱਸਿਆ ਗਿਆ ਹੈ ਕਿ ਸਤੀਸ਼ (ਵਾਸੀ ਪਿੰਡ ਕਪਸਰਹ, ਮੇਰਠ) ਵੀ ਕਤਲ ਅਤੇ ਗੈਂਗਸਟਰ ਐਕਟ ਦੇ ਦੋ ਪੁਰਾਣੇ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ। ਭਰਤ (ਵਾਸੀ ਰਾਜ ਨਗਰ ਪਾਰਟ-2, ਪਾਲਮ) ਕਤਲ ਦੀ ਕੋਸ਼ਿਸ਼ ਅਤੇ ਡਕੈਤੀ ਦੇ ਪਹਿਲੇ ਛੇ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ।

ਇਮਤਿਆਜ਼ (ਵਾਸੀ ਪਿੰਡ ਬਗਡੋਲਾ, ਸੈਕਟਰ-8, ਦਵਾਰਕਾ) ਡਕੈਤੀ, ਝਪਟਮਾਰੀ ਅਤੇ ਆਰਮਜ਼ ਐਕਟ ਦੇ ਅੱਠ ਪੁਰਾਣੇ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ। ਇਨ੍ਹਾਂ ਦੀ ਗ੍ਰਿਫ਼ਤਾਰੀ ਨਾਲ ਪੁਲਿਸ ਨੇ ਦਿੱਲੀ-ਐਨਸੀਆਰ ਅਤੇ ਉੱਤਰ ਪ੍ਰਦੇਸ਼ ਵਿੱਚ ਚੱਲ ਰਹੇ ਨਾਜਾਇਜ਼ ਹਥਿਆਰਾਂ ਦੇ ਨਿਰਮਾਣ ਅਤੇ ਤਸਕਰੀ ਕਰਨ ਵਾਲੇ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ।

ਪੁਲਿਸ ਨੇ ਇਨ੍ਹਾਂ ਦੀ ਨਿਸ਼ਾਨਦੇਹੀ 'ਤੇ ਨਾਜਾਇਜ਼ ਹਥਿਆਰਾਂ ਦੇ ਨਿਰਮਾਣ ਵਿੱਚ ਵਰਤੀ ਜਾਣ ਵਾਲੀ ਵੱਡੀ ਮਾਤਰਾ ਵਿੱਚ ਮਸ਼ੀਨਰੀ ਅਤੇ ਕੱਚਾ ਮਾਲ ਵੀ ਬਰਾਮਦ ਕੀਤਾ ਹੈ।

ਪੁੱਛਗਿੱਛ ਦੌਰਾਨ ਉਸ ਨੇ ਨਾਜਾਇਜ਼ ਹਥਿਆਰ ਬਣਾਉਣ ਵਾਲੇ ਇੱਕ ਸਿੰਡੀਕੇਟ ਬਾਰੇ ਦੱਸਿਆ ਅਤੇ ਮੇਰਠ ਦੇ ਕੈਲੀ ਪਿੰਡ ਦੇ ਰਹਿਣ ਵਾਲੇ ਅਸ਼ਰਫ ਅਲੀ ਦੇ ਸ਼ਾਮਲ ਹੋਣ ਬਾਰੇ ਜਾਣਕਾਰੀ ਦਿੱਤੀ। ਉਹ ਨਾਜਾਇਜ਼ ਹਥਿਆਰ ਬਣਾਉਣ ਵਿੱਚ ਸਰਗਰਮ ਸੀ। ਉਸ ਨੇ ਦੱਸਿਆ ਕਿ ਅਸ਼ਰਫ ਆਪਣੇ ਸਾਥੀਆਂ ਨਾਲ ਮਿਲ ਕੇ ਨਾਜਾਇਜ਼ ਹਥਿਆਰਾਂ ਦੀ ਫੈਕਟਰੀ ਚਲਾ ਰਿਹਾ ਹੈ ਅਤੇ ਦਿੱਲੀ-ਐਨਸੀਆਰ, ਯੂਪੀ ਅਤੇ ਹਰਿਆਣਾ ਵਿੱਚ ਸਰਗਰਮ ਅਪਰਾਧੀਆਂ ਨੂੰ ਹਥਿਆਰ ਸਪਲਾਈ ਕਰ ਰਿਹਾ ਹੈ। ਉਸ ਦੀ ਨਿਸ਼ਾਨਦੇਹੀ 'ਤੇ ਕੈਲੀ ਪਿੰਡ ਵਿੱਚ ਛਾਪੇਮਾਰੀ ਕਰਕੇ ਨਾਜਾਇਜ਼ ਹਥਿਆਰ ਬਣਾਉਣ ਵਾਲੀ ਯੂਨਿਟ ਦਾ ਭੰਡਾਫੋੜ ਕੀਤਾ ਗਿਆ। ਉੱਥੋਂ ਅਸ਼ਰਫ ਅਲੀ, ਉਪੇਂਦਰ ਅਤੇ ਸਤੀਸ਼ ਨਾਮ ਦੇ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।ਇਨ੍ਹਾਂ ਤੋਂ ਪੁੱਛਗਿੱਛ ਤੋਂ ਬਾਅਦ ਇਮਤਿਆਜ਼ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਲੋਕ ਸੁਨਸਾਨ ਖੇਤਾਂ ਵਿੱਚ ਇੱਕ ਸੰਗਠਿਤ ਤਰੀਕੇ ਨਾਲ ਨਾਜਾਇਜ਼ ਹਥਿਆਰ ਬਣਾਉਣ ਵਾਲੀ ਯੂਨਿਟ ਚਲਾ ਰਹੇ ਸਨ। ਉਹ ਭਾਰੀ ਮਸ਼ੀਨਰੀ ਅਤੇ ਕੱਚੇ ਮਾਲ ਦੀ ਵਰਤੋਂ ਕਰਕੇ ਕੱਟੇ ਤਿਆਰ ਕਰ ਰਹੇ ਸਨ।

ਇਨ੍ਹਾਂ ਦੇ ਕਬਜ਼ੇ ਵਿੱਚੋਂ 20 ਕੱਟੇ, 12 ਕਾਰਤੂਸ, 7 ਲੋਹੇ ਦੇ ਬੈਰਲ, ਇੱਕ ਲੋਹੇ ਦੀ ਮਸ਼ੀਨ (ਜਿਸ ਦੀ ਵਰਤੋਂ ਲੋਹੇ ਦੀਆਂ ਪਲੇਟਾਂ ਨੂੰ ਆਕਾਰ ਦੇਣ ਲਈ ਕੀਤੀ ਜਾਂਦੀ ਹੈ), ਚਾਰ ਲੋਹੇ ਦੇ ਬਲੇਡਾਂ ਵਾਲਾ ਇੱਕ ਗ੍ਰਾਈਂਡਰ, 5 ਛੈਣੀਆਂ, 9 ਲੋਹੇ ਦੇ ਸੈਂਡਿੰਗ ਟੂਲ, 12 ਵੈਲਡਿੰਗ ਰਾਡਾਂ, 5 ਲੋਹੇ ਦੀਆਂ ਰਾਡਾਂ, 18 ਸਪਰਿੰਗ, ਹਥੌੜੇ ਅਤੇ ਸਕ੍ਰੂ-ਡ੍ਰਾਈਵਰ, ਇੱਕ ਹੈਂਡ ਏਅਰ ਬਲੋਅਰ ਅਤੇ ਹਥਿਆਰ ਬਣਾਉਣ ਵਿੱਚ ਵਰਤੇ ਜਾਣ ਵਾਲੇ ਹੋਰ ਉਪਕਰਣ ਅਤੇ ਕੱਚਾ ਮਾਲ ਬਰਾਮਦ ਕੀਤਾ ਗਿਆ।

## ਬਠਿੰਡਾ ਵਿੱਚ ਪੁਲਿਸ ਦੀ ਜ਼ਿਆਦਤੀ ਕਾਰਣ ਨਾਬਾਲਗ ਬਲਾਤਕਾਰ ਪੀੜਤਾ ਦੀ ਖੁਦਕੁਸ਼ੀ ਦੀ ਕੋਸ਼ਿਸ਼




ਬਠਿੰਡਾ-ਬਠਿੰਡਾ ਜ਼ਿਲ੍ਹੇ ਦੇ ਥਾਣਾ ਨਥਾਣਾ ਅਧੀਨ ਇੱਕ ਪਿੰਡ ਦੀ ਨਾਬਾਲਗ ਕੁੜੀ ਨੂੰ ਪਿੰਡ ਮਹਿਰਾਜ ਦੀ ਔਰਤ ਕੁਸ਼ਨੂਰ ਕੌਰ ਤੇ ਉਸਦੀ ਮਾਂ ਸੁਖਦੀਪ ਕੌਰ ਨੇ ਸੁਖਪ੍ਰੀਤ ਸਿੰਘ (ਵਾਸੀ ਲਹਿਰਾ ਬੇਗਾ) ਕੋਲ ਭੇਜ ਦਿੱਤਾ, ਜਿਸ ਨੇ ਉਸ ਨਾਲ ਬਲਾਤਕਾਰ ਕੀਤਾ। ਪੀੜਤਾ ਨੇ ਪੁਲਿਸ ਕੋਲ ਬਿਆਨ ਦਰਜ ਕਰਵਾਏ ਤੇ ਕੇਸ ਵੀ ਦਰਜ ਹੋ ਗਿਆ ਪਰ ਮੁਲਜ਼ਮਾਂ ਖਿਲਾਫ਼ ਕੋਈ ਕਾਰਵਾਈ ਨਾ ਹੋਣ ਕਾਰਨ ਕੁੜੀ ਵਾਰ-ਵਾਰ ਥਾਣੇ ਜਾਂਦੀ ਰਹੀ। ਪੁਲਿਸ ਨੇ ਇਨਸਾਫ਼ ਦੇਣ ਦੀ ਬਜਾਏ ਉਸ ਨੂੰ ਤੇ ਉਸਦੇ ਪਿਓ ਨੂੰ ਬਹੁਤ ਜ਼ਲੀਲ ਕੀਤਾ। ਇੱਕ ਥਾਣੇਦਾਰ ਨੇ ਇੰਨੀ ਬੇਇੱਜ਼ਤੀ ਕੀਤੀ ਕਿ ਨਾਬਾਲਗ ਕੁੜੀ ਨੇ ਜ਼ਹਿਰੀਲੀ ਚੀਜ਼ ਨਿਗਲ ਲਈ। ਉਸ ਨੂੰ ਪਹਿਲਾਂ ਸਿਵਲ ਹਸਪਤਾਲ ਤੇ ਫਿਰ ਏਮਜ਼ ਵਿੱਚ ਭਰਤੀ ਕਰਵਾਇਆ ਗਿਆ ਜਿੱਥੇ ਉਹ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੀ ਹੈ। ਘਟਨਾ ਤੋਂ ਬਾਅਦ ਐਸਐਸਪੀ ਬਠਿੰਡਾ ਏਮਜ਼ ਪਹੁੰਚੇ ਤੇ ਪੀੜਤਾ ਨਾਲ ਗੱਲਬਾਤ ਕੀਤੀ। ਕੁੜੀ ਨੇ ਦੋ ਪੁਲਿਸ ਅਧਿਕਾਰੀਆਂ ਤੇ ਵੀ ਜ਼ਲੀਲ ਕਰਨ ਦੇ ਦੋਸ਼ ਲਾਏ ਹਨ। ਪਰਿਵਾਰ ਤੇ ਸੂਤਰਾਂ ਅਨੁਸਾਰ ਪੁਲਿਸ ਦੀ ਲਾਪਰਵਾਹੀ ਕਾਰਨ ਇਸ ਮੁਟਿਆਰ ਦੀ ਜਾਨ ਨੂੰ ਖ਼ਤਰਾ ਪੈ ਗਿਆ।

## ਪਤਨੀ ਦੀ ਬੇਵਫਾਈ ਕਾਰਣ ਨੌਜਵਾਨ ਨੇ ਕੀਤੀ ਆਤਮ-ਹੱਤਿਆ



ਲੁਧਿਆਣਾ ਵਿੱਚ ਜੁਨੇਦ ਅਹਿਮਦ ਨੇ ਆਪਣੀ ਪਤਨੀ ਲਕਸ਼ਮੀ ਦੀ ਬੇਵਫਾਈ ਤੇ ਉਸ ਦੇ ਪ੍ਰੇਮੀ ਨਾਲ ਵਿਆਹ ਕਰਨ ਕਾਰਨ ਬਹੁਤ ਦੁੱਖ ਝੱਲਿਆ। ਲਕਸ਼ਮੀ ਨੇ ਜੁਨੇਦ ਦੀ ਸਹਿਮਤੀ ਤੋਂ ਬਿਨਾਂ ਤਲਾਕ ਦੇ ਦਿੱਤਾ ਤੇ ਯੁਵਰਾਜ (ਲੱਕੀ) ਨਾਲ ਵਿਆਹ ਕਰ ਲਿਆ। ਇਹ ਜਾਣ ਕੇ ਜੁਨੇਦ ਬਹੁਤ ਨਿਰਾਸ਼ ਹੋ ਗਿਆ। ਜੁਨੇਦ ਨੇ ਸੁਸਾਈਡ ਨੋਟ ਲਿਖ ਕੇ ਆਪਣੀ ਪਤਨੀ ਲਕਸ਼ਮੀ, ਕ੍ਰਿਸ਼ਨ ਕੰਡਾ ਤੇ ਲੱਕੀ ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਦੱਸਿਆ। ਉਸ ਨੇ ਲਿਖਿਆ ਕਿ ਉਹ ਧਮਕੀਆਂ ਤੇ ਪਰੇਸ਼ਾਨੀਆਂ ਤੋਂ ਤੰਗ ਆ ਚੁੱਕਾ ਸੀ। ਫਿਰ ਘਰ ਦੀ ਗਰਿਲ ਨਾਲ ਫਾਹਾ ਲਗਾ ਲਿਆ। ਪੁਲਿਸ ਨੇ ਮਾਮਲਾ ਦਰਜ ਕਰਕੇ ਤਿੰਨਾਂ ਖਿਲਾਫ਼ ਖੁਦਕੁਸ਼ੀ ਲਈ ਮਜਬੂਰ ਕਰਨ ਦੀਆਂ ਧਾਰਾਵਾਂ ਲਾਈਆਂ ਤੇ ਤਲਾਸ਼ ਸ਼ੁਰੂ ਕਰ ਦਿੱਤੀ।

## ਗੁੜਗਾਉਂ ਜੇਲ੍ਹੋਂ ਰਿਮਾਂਡ ਤੇ ਆਇਆ ਗੈਂਗਸਟਰ ਕੰਧ ਟੱਪ ਕੇ ਭੱਜਣ ਦੀ ਕੋਸ਼ਿਸ਼ ਵਿੱਚ ਲੱਤਾਂ ਤੁੜਵਾ ਬੈਠਾ



ਲੁਧਿਆਣਾ-ਜਗਰਾਓਂ ਵਿੱਚ ਗੈਂਗਸਟਰ ਕੌਸ਼ਲ ਚੌਧਰੀ ਨੂੰ ਗੁੜਗਾਉਂ ਜੇਲ੍ਹੋਂ ਰਿਮਾਂਡ ਤੇ ਲਿਆਂਦਾ ਗਿਆ ਸੀ। ਥਾਣਾ ਮੁੱਲਾਂਪੁਰ ਵਿੱਚ ਹਵਾਲਾਤ ਵਿੱਚ ਬੰਦ ਉਸ ਨੇ ਬਾਥਰੂਮ ਜਾਣ ਦੇ ਬਹਾਨੇ ਪੁਲਿਸ ਨੂੰ ਧੱਕਾ ਮਾਰ ਕੇ ਕੰਧ ਟੱਪ ਲਈ ਤੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਤੁਰੰਤ ਪਿੱਛਾ ਕੀਤਾ ਤੇ ਕੰਧ ਤੋਂ ਡਿੱਗਦਿਆਂ ਉਸ ਨੂੰ ਫੜ ਲਿਆ ਪਰ ਉਸ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ। ਇਲਾਜ ਲਈ ਉਸ ਨੂੰ ਸੁਧਾਰ ਦੇ ਸਿਵਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਇਹ ਘਟਨਾ ਬੱਦੋਵਾਲ ਮਿਲਟਰੀ ਕੈਂਪ ਨੇੜੇ ਲਗਜ਼ਰੀ ਕਾਰ ਰੈਂਟਲ ਸ਼ੋਅਰੂਮ ਤੇ ਫਾਇਰਿੰਗ ਕੇਸ ਨਾਲ ਜੁੜੀ ਹੈ।

## ਪਠਾਨਕੋਟ ਵਿੱਚ ਵੱਡੀ ਮਾਤਰਾ ਵਿੱਚ ਗੋਲਾ-ਬਾਰੂਦ ਬਰਾਮਦ

### ✪ ਪੁਲਿਸ ਨੇ ਬੱਬਰ ਖਾਲਸਾ ਉਪਰ ਦੋਸ਼ ਲਗਾਏ

ਪਠਾਨਕੋਟ-ਪਠਾਨਕੋਟ ਜ਼ਿਲ੍ਹੇ ਦੇ ਬਮਿਆਲ ਚੌਕ ਨੇੜੇ ਪੁਲਿਸ ਨੇ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ-ਬਾਰੂਦ ਬਰਾਮਦ ਕੀਤਾ ਹੈ। ਇਸ ਵਿੱਚ 3 ਏਕੇ-47 ਰਾਈਫਲਾਂ, 5 ਮੈਗਜ਼ੀਨਾਂ, 2 ਪਿਸਤੌਲ (ਇੱਕ ਤੁਰਕੀ ਅਤੇ ਇੱਕ ਚੀਨੀ ਬਣਾਈ), 2 ਮੈਗਜ਼ੀਨਾਂ ਅਤੇ 98 ਜ਼ਿੰਦਾ ਗੋਲੀਆਂ ਸ਼ਾਮਲ ਹਨ। ਪੁਲਿਸ ਨੂੰ ਖੁਫੀਆ ਜਾਣਕਾਰੀ ਮਿਲੀ ਸੀ ਕਿ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁੱਖ ਸਰਗਨਾ ਹਰਵਿੰਦਰ ਸਿੰਘ ਰਿੰਦਾ (ਜੋ ਪਾਕਿਸਤਾਨ ਵਿੱਚ ਛੁਪਿਆ ਹੈ ਅਤੇ ਆਈਐੱਸਆਈ ਦੇ ਇਸ਼ਾਰੇ 'ਤੇ ਕੰਮ ਕਰਦਾ ਹੈ) ਨੇ ਇਹ ਹਥਿਆਰ ਭਾਰਤ ਵਿੱਚ ਭੇਜੇ ਸਨ। ਉਹ ਇਸ ਨਾਲ ਵੱਡੀ ਵਾਰਦਾਤ ਕਰਨਾ ਚਾਹੁੰਦਾ ਸੀ।

ਡੀਆਈਜੀ ਬਾਰਡਰ ਰੇਂਜ ਸੰਦੀਪ ਗੋਇਲ ਨੇ ਦੱਸਿਆ ਕਿ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਤਲਾਸ਼ੀ ਮੁਹਿੰਮ ਚਲਾਈ ਗਈ। ਰਿੰਦਾ ਅਤੇ ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

# ਦੁਨੀਆਂ ਭਰ ਦੇ ਬੂਹਿਆਂ ਉੱਤੇ ਸ਼ਰੀਂਹ ਅੰਬ ਦੇ ਪੱਤ ਸਜੇ ਸ਼ਿੰਗਾਰੇ ਰਹਿਣ ਗੀਗਿਆਂ ਦੀ ਉਡੀਕ ਤੇ ਆਸ ਲੈ ਕੇ-ਡਾ ਅਮਰਜੀਤ ਟਾਂਡਾ

ਸਾਡੇ ਤਿਉਹਾਰ ਨਾ ਹੁੰਦੇ ਤਾਂ ਕਿਸੇ ਨੇ ਰਲ ਮਿਲ ਕੇ ਨਹੀਂ ਸੀ ਬੈਠਣਾ। ਖੁਸ਼ੀਆਂ ਰੌਣਕਾਂ ਨੇ ਦਰਾਂ ਤੇ ਨਹੀਂ ਸੀ ਦਸਤਕ ਕਰਨੀ। ਰੰਗ ਬਰੰਗੇ ਸੂਟਾਂ ਨੇ ਨਹੀਂ ਸੀ ਕਾਇਨਾਤ ਸਜਾਉਣੀ ਕਿਸੇ ਵਿਹੜੇ ਵਿੱਚ ਗਿੱਧਿਆਂ ਦੀਆਂ ਧਮਾਲਾਂ ਨਹੀਂ ਸੀ ਪੈਣੀਆਂ, ਭੰਗੜਿਆਂ ਨੇ ਨੱਚਣ ਨਹੀਂ ਸੀ ਆਉਣਾ। ਧੁਣੀਆਂ ਨਹੀਂ ਸੀ ਸਜਣੀਆਂ ਝੁਮਰ ਲੁੱਡੀਆਂ ਨੇ ਓਹਲੇ ਹੋ ਹੋ ਕੇ ਕੌੜੇ ਘੁੱਟ ਨਹੀਂ ਸੀ ਭਰਨੇ। ਲੋਹੜੀ ਦਾ ਤਿਉਹਾਰ ਲੋਕ-ਰੂਹ, ਸਵੈ-ਸੰਸਕ੍ਰਿਤੀ ਅਤੇ ਜੀਵਨ-ਦਰਸ਼ਨ ਨੂੰ ਇਕੱਠਿਆਂ ਜੋੜ ਸਕਦਾ ਹੈ। ਆਤਮਿਕ ਅਤੇ ਸੰਸਕ੍ਰਿਤਿਕ ਪਿਛੋਕੜ ਨੂੰ ਸੰਜੀਵ ਰੂਪ ਦੇ ਸਕਦਾ ਹੈ। ਲੋਹੜੀ ਸਿਰਫ਼ ਅੱਗ ਦੇ ਗੋਲ ਚੱਕਰ ਵਿੱਚ ਫੇਰੀ ਲਾਉਣ ਦਾ ਤਿਉਹਾਰ ਹੀ ਨਹੀਂ ਹੈ; ਇਹ ਅੱਗ ਦੀ ਲੋਅ ਵਿੱਚ ਆਪਣੀ ਮਿੱਟੀ, ਆਪਣੀਆਂ ਜੜ੍ਹਾਂ ਅਤੇ ਆਪਣੇ ਅੰਤਰ-ਚਾਨਣ ਨੂੰ ਪਛਾਣਨ ਦਾ ਸਮਾਂ ਹੈ। ਵੇਲਾ ਹੈ ਗਿੱਧੇ ਨੂੰ ਸੱਦਣ ਦਾ।

ਭੰਗੜੇ ਉੱਤੋਂ ਦੀ ਵਾਰਨੇ ਕਰਨ ਦਾ ਪੰਜਾਬੀ ਜੀਵਨ ਦੇ ਦਰਸ਼ਨ ਵਿੱਚ, ਲੋਹੜੀ ਘਰਾਂ ਦੀਆਂ ਛੱਤਾਂ ਤੋਂ ਲੈ ਕੇ ਲੋਕਾਂ ਦੇ ਚਿਹਰਿਆਂ ਤੱਕ ਚਾਨਣ ਹੋ ਜਾਣ ਦਾ ਅਰਥ ਰੱਖਦੀ ਹੈ। ਇਹ ਪੁਰਾਣੇ ਸਾਲ ਦੇ ਦੁੱਖਾਂ ਨੂੰ ਜਲਾਉਣ ਤੇ ਰਾਖ ਸੁਆਹ ਕਰਨ ਤੇ ਨਵੀਂਆਂ ਉਮੀਦਾਂ ਦੇ ਬੀਜ਼ ਬੀਜਣ ਦਾ ਪ੍ਰਤੀਕ ਦਿਨ ਰਾਤ ਚ ਚਾਨਣੀ ਹੈ।

ਜਦੋਂ ਲੋਹੜੀ ਦੀ ਅੱਗ ਦਹਿਕਦੀ ਹੈ, ਉਹ ਦਹਿਕਣ ਸਿਰਫ਼ ਲੱਕੜਾਂ ਦੀ ਨਹੀਂ ਹੁੰਦੀ-ਉਹ ਮਨੁੱਖ ਦੇ ਅੰਤਰਲੇਖ, ਚਿੰਤਾ ਅਤੇ ਅਹੰਕਾਰ ਨੂੰ ਵੀ ਨਾਲ ਜਲਾਉਂਦੀ ਹੈ।

ਹਰ ਜਲਿਆ ਹਿੱਸਾ ਇੱਕ ਪ੍ਰਾਰਥਨਾ ਹੈ ਕਿ ਜੀਵਨ ਦੀ ਹਰ ਅਧਿਆਰੀ ਘੜੀ ਵਿੱਚ ਕੋਈ ਚਾਨਣ ਬਣ ਕੇ ਆਵੇ। ਲੋਹੜੀ ਦੀ ਲੋਅ ਅਜਿਹੀ ਲੋਅ ਹੈ ਜਿਸ ਵਿੱਚ ਮਨੁੱਖ ਆਪਣੇ ਆਪ ਨੂੰ ਪਰਖਦਾ ਹੈ ਕਿ ਕਿਹੜੀ ਗਰਮੀ ਸੱਚੀ ਹੈ, ਕਿਹੜੀ ਰੋਸ਼ਨੀ ਝੂਠੀ।

ਪੁਰਾਣੇ ਸਮਿਆਂ ਵਿੱਚ ਕਿਸਾਨ ਲਈ ਇਹ ਤਿਉਹਾਰ ਖੇਤੀ ਦੀ ਕਿਰਤ ਦਾ ਧੰਨਵਾਦ ਸੀ-ਕਣਕ ਦੇ ਛਿੱਟੇ ਬੱਲੀਆਂ ਦੇ ਸੋਨਾ ਬਣ ਜਾਣ ਦੀ ਖੁਸ਼ੀ ਅਤੇ ਮਿਹਨਤ ਦੇ ਪੈਰਾਂ ਨੂੰ ਚੁੰਮਣ ਦੇ ਪਲ। ਪਰ ਆਧੁਨਿਕ ਸਮੇਂ ਵਿੱਚ ਲੋਹੜੀ ਸਮਾਜਿਕ ਪਿਆਰ, ਸਾਂਝ ਅਤੇ ਔਖੇ ਸਮਿਆਂ ਵਿੱਚ ਅਡੋਲ ਖੜ੍ਹੇ ਰਹਿਣ ਦੀ ਦਾਰਸ਼ਨਿਕ ਪ੍ਰੇਰਣਾ ਹੈ। ਜਿਵੇਂ ਲੋਹੜੀ ਦੀ ਅੱਗ ਕਦੇ ਥੰਮਦੀ ਰੁਕਦੀ ਨਹੀਂ, ਉਸੇ ਤਰ੍ਹਾਂ ਹੀ ਮਨੁੱਖੀ ਜੀਵਨ ਵਿੱਚ ਆਸ਼ਾ ਦੀ ਕਿਰਣ ਜਗਦੀ ਰਹਿਣੀ ਚਾਹੀਦੀ ਹੈ। ਹਰ ਪਾਸੇ ਚਾਨਣੀ ਖਿਲਰ ਜਾਣੀ ਚਾਹੀਦੀ ਹੈ। ਸਾਹਿਤਕ ਮੰਡਲ ਵਿੱਚ ਲੋਹੜੀ ਆਪਣੀ ਅਲੌਕਿਕ ਭਾਸ਼ਾ ਨਾਲ ਪੰਜਾਬੀ ਕਵਿਤਾ ਅਤੇ ਗੀਤਾਂ ਵਿੱਚ ਰੂਪਕ ਬਣੀ ਰਹੀ ਹੈ।

"ਸੁੰਦਰ ਮੁੰਦਰੀਏ ਹੋ!"

ਦੀ ਸੁਰੀਲੀ ਪੁਕਾਰ ਸਿਰਫ਼ ਲੋਕ ਗਾਇਕੀ ਨਹੀਂ, ਇੱਕ ਸਮੂਹਿਕ ਆਤਮਾ ਦਾ ਪ੍ਰਗਟਾਵਾ ਹੈ ਜੋ ਸੌਂਹ ਖਾਂਦੀ ਹੈ-ਵੱਖਰੇਪਣ ਨੂੰ ਪਿਘਲਾ ਏਕਤਾ ਵਿੱਚ ਤਬਦੀਲ ਕਰਨਾ।

ਅਸਲ ਵਿੱਚ, ਲੋਹੜੀ ਅੱਗ ਦੀ ਨਹੀਂ;



'ਜੀਵਨ ਦੀ ਲੋਅ, ਤੇ ਜਿਉਣ ਦੀ ਤਮੰਨਾ' ਦੀ ਰੂਹਾਨੀ ਅਵਸਥਾ ਹੈ। ਜਦੋਂ ਅਸੀਂ ਉਸ ਅੱਗ ਅੱਗੇ ਬੈਠ ਕੇ ਮੂੰਗਫ਼ਲੀ ਰਿਉੜੀਆਂ ਤੇ ਗੁੜ ਦਾ ਸੁਆਦ ਲੈਂਦੇ ਹਾਂ, ਅਸੀਂ ਸਿਰਫ਼ ਮਿਠਾਸ ਹੀ ਨਹੀਂ ਮਾਣ ਇੰਜੋਆਏ ਕਰ ਰਹੇ ਹੁੰਦੇ -ਅਸੀਂ ਆਪਸ ਦੇ ਰਿਸ਼ਤਿਆਂ ਦੀ ਗਰਮੀ ਮਹਿਸੂਸ ਕਰ ਰਹੇ ਹੁੰਦੇ ਹਾਂ।

ਰਲ ਮਿਲ ਨੇੜੇ ਬੈਠਣ ਦਾ ਲੁਤਫ਼ ਆ ਰਿਹਾ ਹੁੰਦਾ ਹੈ। ਰੰਗ ਬਿਰੰਗੇ ਸੂਟ ਦੁਪੱਟੇ ਘੁੰਮਣ ਘੇਰੀਆਂ ਵਿੱਚ ਝੂਮ ਰਹੇ ਹੁੰਦੇ ਹਨ। ਖੁਸ਼ੀਆਂ ਮੰਡਰਾਅ ਰਹੀਆਂ ਹੁੰਦੀਆਂ ਹਨ ਅੱਗ ਦੇ ਉਤਾਂਹ ਨੂੰ ਜਾਂਦੇ ਨਿੱਕੇ ਨਿੱਕੇ ਤਾਰਿਆਂ ਨਾਲ। ਹਰ ਮਨ ਚਾਵਾਂ ਵਿੱਚ ਖਾਂਦਾ ਪੀਂਦਾ ਨੱਚ ਟੱਪ ਰਿਹਾ ਹੁੰਦਾ ਹੈ।

ਲੋਹੜੀ ਸਾਨੂੰ ਸਿਖਾਉਂਦੀ ਹੈ ਕਿ ਹਰ ਰੁੱਤ ਦੀ ਇੱਕ ਅਰਥਵਾਦੀ ਖਾਮੋਸ਼ੀ ਵੀ ਹੁੰਦੀ ਹੈ ਅਤੇ ਹਰ ਅੱਗ ਦੀ ਆਪਣੀ ਬੋਲੀ ਵੀ। ਇਹ ਤਿਉਹਾਰ ਸਿਰਫ਼ ਯਾਦਾਂ ਦਾ ਹੀ ਨਹੀਂ, ਜੀਵਨ ਦੇ ਅਰਥਾਂ ਦਾ ਉਤਸਵ ਵੀ ਹੈ-ਜਿਥੇ ਹਰ ਚਿੰਗਾਰੀ ਇੱਕ ਵਿਚਾਰ ਬਣਦੀ ਹੈ ਤੇ ਹਰ ਰੋਸ਼ਨੀ ਇੱਕ ਨਵੀਂ ਸ਼ੁਰੂਆਤ। ਭਵਿੱਖ ਵਿੱਚ ਹੋਰ ਆਨੰਦਮਈ ਜ਼ਿੰਦਗੀ ਨੂੰ ਜਿਉਣ ਦਾ ਰਾਹ ਮਾਰਗ ਸੁਨੇਹਾ।

ਕੱਲ੍ਹ ਪੰਜਾਬ ਦੇ ਅਨੇਕਾਂ ਜੰਗਾਲ ਲੱਗੇ ਜਿੰਦਰਿਆਂ, ਬੰਦ ਬੂਹਿਆਂ ਉੱਤੇ ਕਿਸੇ ਨੇ ਵੀ ਅੜ੍ਹ ਅੜ੍ਹ ਲੋਹੜੀਆਂ ਨਹੀਂ ਮੰਗੀਆਂ। ਵਿਹੜੇ ਉਡੀਕਦੇ ਰਹੇ ਅੱਡੀਆਂ ਦੀਆਂ ਧਮਾਲਾਂ ਲਈ ਕੋਈ ਨਹੀਂ ਖੜਿਆ ਗੀਗੇ ਦੀ ਲੋਹੜੀ ਮੰਗਣ ਲਈ। ਕਿਸੇ ਨੇ ਨਹੀਂ ਕਿਹਾ ਘਰ ਦੀ ਕੱਢੀ ਜਾਂ ਵਲੈਤੀ ਬੋਤਲ ਦਾ ਡੱਟ ਖੋਲਣ ਲਈ। ਕਿਸੇ ਨੇ ਪੀ ਕੇ ਮੱਘੇ ਲਲਕਾਰੇ ਨਹੀਂ ਮਾਰੇ ਕਿਉਂਕਿ ਘਰਾਂ ਦੇ ਰਾਜੇ ਮਹਾਰਾਜੇ ਮਹਾਰਾਣੀਆਂ ਘਰਾਂ ਵਿੱਚ ਨਹੀਂ ਸਨ, ਉਹ ਤਾਂ ਟੂਰ ਗਏ ਸਨ ਕਬਰਾਂ ਦੇ ਰਾਹ ਤੇ ਉਹਨਾਂ ਦੇ ਵਿਦੇਸ਼ਾਂ ਦੇ ਵਿੱਚ ਬੈਠੇ ਵਾਰਸਾਂ ਨੇ ਸੱਭਿਆਚਾਰ ਦੀ ਓਟ ਲੈ ਕੇ ਕਿਸੇ ਨੇ ਠੰਡ ਵਿੱਚ ਤੇ ਕਿਸੇ ਨੇ ਗਰਮੀ ਵਿੱਚ ਹੀ ਅੱਗ ਵਾਲੀ ਤੇ ਮੂੰਗਫਲੀ ਰਿਉੜੀਆਂ ਗਚਕਾਂ ਤੇ ਲੱਡੂਆਂ ਨਾਲ ਘੜੀ ਪਲ ਪਿੰਡਾਂ ਵਿੱਚ ਰਹਿ ਗਈ ਲੋਹੜੀ ਦੇ ਦਿਨਾਂ ਨੂੰ ਚੇਤੇ ਕੀਤਾ।

ਤੇ ਅੱਜ ਗੰਨੇ ਦੇ ਰਸ ਵਿੱਚ ਮੁੱਠ ਕੁ ਚਾਵਲ ਪਾ ਕੇ ਸਮਿਆਂ ਨੂੰ ਫਿਰ ਚੇਤੇ ਵਿੱਚ ਵਸਾਉਣਗੇ ਜਾਂ ਗੁਰੂ ਘਰ ਜਾ ਕੇ ਅਰਦਾਸ ਕਰਨਗੇ ਪਿੱਤਰਾਂ ਦੀ ਪੁੱਤਰਾਂ ਦੀ। ਲੋਕੋ ਬੰਦ ਬੂਹਿਆਂ ਉੱਤੇ ਕੋਈ ਨਹੀਂ ਸਿਰਾਂ ਤੇ ਥਾਲ ਲੈ ਕੇ ਮਹਿੰਦੀਆਂ ਲਾ ਕੇ ਰੰਗ ਬਰੰਗੇ ਦੁਪੱਟੇ ਲੈ ਕੇ ਆਉਂਦਾ।

ਕੋਈ ਗੀਗਿਆਂ ਦੇ ਗੀਤ ਨਹੀਂ ਗਾਉਂਦਾ-ਲੋਹੜੀ ਅੱਗ ਦੀ ਲੋਅ ਰੂਹ ਦੀ ਗੱਲ ਕਰਦੀ ਹੈ, ਚਾਨਣ ਜਗਾ ਸਜਾ ਲੋਹੜੀ ਦੀ ਰਾਤ ਨੂੰ ਉਂਗਲੀ ਨਾਲ ਲਾ ਕੇ ਨਾਲ ਤੋਰਦੀ ਹੈ, ਮਨ ਵਿਚ ਇਕ ਨਵੀਂ ਬਾਤ ਪਾਉਂਦੀ ਹੈ। ਲੱਕੜਾਂ ਨਾਲ ਸੜਦਾ ਅਹੰਕਾਰ, ਬੁਝਦਾ ਮਨ ਦਾ ਕਾਲਾ ਭਾਰ ਲਾਉਂਦੀ ਹੈ। ਮੂੰਗਫ਼ਲੀ ਰਿਉੜੀਆਂ ਨਾਲ ਪਿਆਰ ਵੀ ਵੰਡਿਆ ਜਾ ਰਿਹਾ ਹੁੰਦਾ ਹੈ। ਗੁੜ ਵਰਗੀ ਗੱਲਾਂ ਦੀ ਖੁਸ਼ਬੂ-ਧਾਰਾ ਲੋਕ ਰੰਗ ਵੀ ਵਹਿ ਰਿਹਾ ਹੁੰਦਾ ਹੈ।

ਕਿਸਾਨਾਂ ਦੇ ਹੱਸਦੇ ਮੁਖੜੇ, ਮਿਹਨਤ ਦੇ ਰੰਗ ਸੋਨੇ ਵਰਗੇ ਹੋ ਲਹਿਰਾਉਂਦੇ ਹਨ ਖੇਤਾਂ ਵਿੱਚ ਸੁੰਦਰ ਮੁੰਦਰੀਏ ਦੀ ਧੁਨ ਉੱਠਦੀ ਹੈ ਬੱਚਿਆਂ, ਬਜ਼ੁਰਗਾਂ ਦੀਆਂ ਢਾਣੀਆਂ ਵਿੱਚ। ਲੋਹੜੀ ਨੂੰ, ਤੂੰ ਸਿਰਫ਼ ਤਿਉਹਾਰ ਨਾ ਜਾਣੀ ਇਹ ਇੱਕ ਜੀਵਨ ਦੀ ਲੋਅ ਹੈ ਕੋਈ ਸਿੰਗਾਰ ਨਹੀਂ। ਹਰ ਚਿੰਗਾਰੀ ਇੱਕ ਅਰਦਾਸ ਬਣਦੀ ਹੈ,ਹਰ ਰੋਸ਼ਨੀ ਵਿਚ ਜੀਵਨ ਵਸ ਜਾਂਦਾ ਹੈ ਆਸ ਉੱਗਦੀ ਹੈ।

ਮੇਰੀ ਨਿੱਕੀ ਜਿਹੀ ਅਰਜ਼ ਦੁਆ ਹੈ ਕਿ ਕੋਈ ਘਰ ਕਦੇ ਮਕਾਨ ਨਾ ਬਣੇ। ਸੰਸਾਰ ਭਰ ਦੇ ਬੂਹੇ ਖੁੱਲੇ ਰਹਿਣ ਰਿਸ਼ਤੇਦਾਰਾਂ ਮਿੱਤਰਾਂ ਯਾਰਾਂ ਲਈ ਦੁਨੀਆਂ ਭਰ ਦੇ ਬੂਹਿਆਂ ਉੱਤੇ ਸ਼ਰੀਂਹ ਅੰਬ ਦੇ ਪੱਤੇ ਲਟਕਦੇ ਰਹਿਣ ਗੀਗਿਆਂ ਦੀ ਉਡੀਕ ਤੇ ਆਸ ਲੈ ਕੇ-ਤੇ ਸੁੰਦਰ ਮੁੰਦਰੀਏ ਦੀਆਂ ਸੁਰਾਂ ਅਲਾਪ ਰਾਗ ਰੰਗ ਸੰਗੀਤ ਸਦਾ ਵਹਿੰਦਾ ਵਿਛਿਆ ਰਹੇ ਨੱਚਦੀ ਗਾਉਂਦੀ ਮੇਰੀ ਇਹ ਦੁਨੀਆਂ ਰੰਗਾਂ ਵਿੱਚ ਵਸੀ ਰਹੇ।

ਸੰਪਰਕ+61 412913021
ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ

## ਸੰਘੀ ਅਦਾਲਤ ਵੱਲੋਂ ਇਮੀਗ੍ਰੇਸ਼ਨ ਦੁਆਰਾ ਭਾਰਤੀ ਦੀ ਗ੍ਰਿਫਤਾਰੀ ਗੈਰ ਕਾਨੂੰਨੀ ਕਰਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਸੰਘੀ ਅਦਾਲਤ ਨੇ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੁਆਰਾ ਇਕ ਭਾਰਤੀ ਨਾਗਰਿਕ ਦੀ ਗ੍ਰਿਫਤਾਰੀ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਹੈ। ਕੈਲੀਫੋਰਨੀਆ ਦੇ ਦੱਖਣੀ ਜਿਲੇ ਦੀ ਡਿਸਟ੍ਰਿਕਟ ਕੋਰਟ ਨੇ ਵਿਕਾਸ ਕੁਮਾਰ ਦੀ ਹੈਬੀਅਸ ਕਾਰਪਸ ਰਿਟ ਸਵਿਕਾਰ ਕਰਦਿਆਂ ਕਿਹਾ ਕਿ ਸਰਕਾਰ ਉਸ ਨੂੰ ਦੁਬਾਰਾ ਹਿਰਾਸਤ ਵਿਚ ਲੈਣ ਲਈ ਬੁਨਿਆਦੀ ਸੰਵਿਧਾਨਕ ਲੋੜਾਂ ਪੂਰੀਆਂ ਕਰਨ ਵਿੱਚ ਨਾਕਾਮ ਰਹੀ ਹੈ।



ਵਿਕਾਸ ਕੁਮਾਰ ਨੂੰ ਓਟੇ ਮੈਸਾ ਡੀਟੈਨਸ਼ਨ ਸੈਂਟਰ ਵਿਚ ਰਖਿਆ ਗਿਆ ਹੈ। ਅਦਾਲਤ ਨੇ 6 ਜਨਵਰੀ ਨੂੰ ਕੁਮਾਰ ਨੂੰ ਤੁਰੰਤ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ। ਉਸ ਨੂੰ 24 ਦਸੰਬਰ 2025 ਨੂੰ ਉਸ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਸੀ ਜਦੋਂ ਉਹ ਮੈਰੀਨ ਕਾਰਪਸ ਕੈਂਪ ਪੈਂਡਲਟਨ ਵਿਖੇ ਇਕ ਗਾਹਕ ਨੂੰ ਭੋਜਨ ਦੇਣ ਗਿਆ ਸੀ।

## ਦੰਦਾਂ ਦੇ ਡਾਕਟਰ ਤੇ ਉਸ ਦੀ ਪਤਨੀ ਦੀ ਹੱਤਿਆ ਦੇ ਮਾਮਲੇ ਵਿੱਚ ਸਾਬਕਾ ਪਤੀ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਇਲੀਨੋਇਸ, ਉਹਾਈਓ ਵਿੱਚ ਦੰਦਾਂ ਦੇ ਡਾਕਟਰ ਸਪੈਨਸਰ ਟੇਪੇ (37) ਤੇ ਉਸ ਦੀ ਪਤਨੀ ਮੋਨੀਕ ਟੇਪੇ (39) ਦੀ ਪਿਛਲੇ ਦਿਨੀਂ ਉਨਾਂ ਦੇ ਘਰ ਵਿਚ ਹੀ ਹੋਈ ਹੱਤਿਆ ਦੇ ਮਾਮਲੇ ਵਿੱਚ ਡਾਕਟਰ ਮਾਈਕਲ ਡੇਵਿਡ ਮੈਕੀ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਿ ਮੋਨੀਕ ਟੇਪੇ ਦਾ ਸਾਬਕਾ ਪਤੀ ਹੈ। ਮੋਨੀਕ ਤੇ ਮੈਕੀ ਦਾ ਵਿਆਹ ਬਹੁਤ ਥੋੜਾਂ ਸਮਾਂ ਕਾਇਮ ਰਿਹਾ ਸੀ ਤੇ ਕੋਈ ਦਹਾਕਾ ਪਹਿਲਾਂ ਉਨਾਂ ਦਾ ਤਲਾਕ ਹੋ ਗਿਆ ਸੀ। ਮੈਕੀ ਇਲੀਨੋਇਸ ਪੁਲਿਸ ਦੀ ਹਿਰਾਸਤ ਵਿਚ ਹੈ ਤੇ ਉਸ ਵਿਰੁੱਧ ਦੋ ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਮੈਕੀ ਨੂੰ ਸੋਮਵਾਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਜੱਜ ਨੇ ਕੁਝ ਮਿੰਟਾਂ ਦੀ ਸੁਣਵਾਈ ਉਪਰੰਤ ਉਸ ਨੂੰ ਵਾਪਿਸ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ। ਮੈਕੀ ਦੇ ਵਕੀਲ ਨੇ ਕਿਹਾ ਹੈ ਕਿ ਉਹ ਦੋਸ਼ੀ ਨਹੀਂ ਹੈ ਤੇ ਇਸ ਸਬੰਧੀ ਉਹ ਛੇਤੀ ਅਪੀਲ ਦਾਇਰ ਕਰੇਗਾ। ਇਥੇ ਜਿਕਰਯੋਗ ਹੈ ਕਿ ਟੇਪੇ ਪਤੀ-ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਵੇਲੇ ਉਨਾਂ ਦੇ ਦੋ ਛੋਟੇ ਬੱਚੇ ਵੀ ਘਰ ਵਿਚ ਮੌਜੂਦਾ ਸਨ ਜਿਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ ਸੀ।




# • ਪੰਜਾਬੀ ਫ਼ਿਲਮ ਦਰਪਣ •

## ਖੁਸ਼ੀ ਅਠਵਾਲ ਬਦਲੇਗੀ ਚਾਲ ਅਮਰ ਨਿਮਾਣਾ ਬਣੇ ਗੋਡਫਾਦਰ



ਅਮਰ ਨਿਮਾਣਾ ਕੋਲ ਕੋਈ ਸੁੰਢ ਦੀ ਗੰਢੀ ਹੈ ਜਾਂ ਅਲਾਦੀਨ ਦਾ ਚਿਰਾਗ ਮਾਡਲ ਕੁੜੀਆਂ ਉਸ ਕੋਲ ਆਪਣਾ ਕੈਰੀਅਰ ਬਣਾਉਣ ਲਈ ਆਪ ਉਸ ਦਾ ਬੂਹਾ ਖੋਲ੍ਹ ਲੈਂਦੀਆਂ ਹਨ। ਬਿਲਕੁਲ ਇੱਕ ਅੱਲੜ੍ਹ ਉਮਰ ਦੀ ਮੁਟਿਆਰ ਖੁਸ਼ੀ ਨਾਲ ਬੂਹੇ ਬਾਰੀਆਂ ਅਮਰ ਨਿਮਾਣਾ ਕੋਲ ਖੋਹਲ ਆਈ ਹੈ ਤੇ ਉਸ ਦਾ ਨਾਮ ਵੀ ਖੁਸ਼ੀ ਹੈ ਖੁਸ਼ੀ ਅਠਵਾਲ। ਖਿੜੀ ਕਿਆਰੀ ਫੁੱਲਾਂ ਦੀ ਲੱਗਦੀ ਖੁਸ਼ੀ ਨੂੰ ਅਮਰ ਨਿਮਾਣਾ ਨੇ ਸਿਰੀ ਫੋਰਟ ਸਟੇਡੀਅਮ ਦਿੱਲੀ ਵਿਖੇ ਗੁਰਦਾਸ ਮਾਨ ਦੇ ਸ਼ੋ ਤੱਕ ਅਦਾਇਗੀ ਲਈ ਮੌਕਾ ਦਿੱਤਾ ਹੈ। ਖੁਸ਼ੀ ਇਸ ਸਮੇਂ ਨਵੇਂ ਸਾਲ ਦੇ ਟੀਵੀ ਪ੍ਰੋਗਰਾਮ ਵੀ ਕਰ ਚੁੱਕੀ ਹੈ ਤੇ ਪੇਸ਼ਕਾਰ ਬਣ ਵੀ ਅੱਗੇ ਕਦਮ ਵਧਾ ਰਹੀ ਹੈ। ਤੂਤ ਦੀ ਲਗਰ ਜਿਹੀ ਪਤਲੀ ਕਮਰੀਆ ਵਲ ਤੇ ਵਲ ਖਾਏ ਤੇ ਜਲਦੀ ਖੁਸ਼ੀ ਅਠਵਾਲ ਨੂੰ ਓਹ ਕਈ ਵੀਡੀਓ ਗੀਤਾਂ ਦੀ ਨਾਇਕਾ ਬਣਾ ਰਹੇ ਹਨ। ਨਿਮਾਣਾ ਪੰਜਾਬ ਦੇ ਨਾਮਚੀਨ ਵੀਡੀਓ ਨਿਰਦੇਸ਼ਕ ਨੇ ਤੇ ਲਲਿਤ ਮਹਿਤਾ ਜਿਹੇ ਫ਼ਿਲਮ ਨਗਰੀ ਦੇ ਦਿੱਗਜ ਓਹਨਾਂ ਕੋਲ ਹਨ। ਇਸ ਤਰਾਂ ਖੁਸ਼ੀ ਨੂੰ ਤੇ ਖੁਸ਼ੀ ਹੋਣੀ ਸੁਭਾਵਿਕ ਹੈ ਕਿ ਉਸ ਨੂੰ ਅੱਗੇ ਕਾਮਯਾਬ ਪਾਲੀਵੁੱਡ ਤੇ ਬਾਲੀਵੁੱਡ ਦੇ ਬੂਹੇ ਬਾਰੀਆਂ ਲੰਘਣ ਦਾ ਮੌਕਾ ਮਿਲਣ ਵਾਲਾ ਹੈ।

## ਬਲਜਿੰਦਰ ਪੰਮਾ ਮੱਲ੍ਹੀ ਗਾ ਕਿ ਮਨਾ ਰਹੇ ਨੇ ਸ਼੍ਰੀ ਗੁਰੂ ਰਵੀਦਾਸ ਜੀ ਦਾ ਜਨਮ ਦਿਹਾੜਾ




ਬਹੁਤ ਨਾਮ ਪਿਛਲੇ ਸਾਲ ਗਾਇਕੀ ਵਿੱਚ ਬਲਜਿੰਦਰ ਪੰਮਾ ਮੱਲ੍ਹੀ ਦਾ ਰਿਹਾ ਤੇ ਗਾਣੇ ਦੋਗਾਣੇ ਦੇ ਇਲਾਵਾ ਪੰਜਾਬੀ ਦੇ ਤਕਰੀਬਨ ਸਾਰੇ ਖ਼ਬਰ ਚੈਨਲਾਂ ਤੇ ਓਹਨਾਂ ਦੀ ਸੰਗੀਤਕ ਮਹਿਫ਼ਿਲ ਸੱਜੀ ਨਜ਼ਰ ਆਈ। ਸੁਰੀਲੇ ਗੁੱਲੂਕਾਰ ਮੱਲ੍ਹੀ ਨੇ ਹੁਣ ਪੰਮਾ ਮੱਲ੍ਹੀ ਮਿਊਜ਼ਿਕ ਚੈਨਲ ਤੇ ਧਾਰਮਿਕ ਐਲਬਮ "ਜਨਮ ਦਿਹਾੜਾ" ਨੂੰ ਲਾਂਚ ਕਰਨ ਦੀ ਯੋਜਨਾ ਬਣਾਈ ਹੈ। ਬੀ ਲੇਹਲ ਇਸ ਗਾਣੇ ਦੇ ਨਿਰਮਾਤਾ ਦੱਸਦੇ ਨੇ ਕਿ ਪੰਮਾ ਮੱਲ੍ਹੀ ਐਵਰਗਰੀਨ ਕਲਾਕਾਰ ਨੇ ਗੀਤ ਤੇ ਦੋਗਾਣੇ ਤੇ ਸਮਾਜ ਸੁਧਾਰ ਲਈ "ਯੁੱਧ ਨਸ਼ਿਆਂ ਵਿਰੁੱਧ" ਓਹਨਾਂ ਦੇ ਟਰੈਕ ਚਰਚਿਤ ਰਹੇ ਤੇ ਹੁਣ "ਜਨਮ ਦਿਹਾੜਾ" ਨੂੰ ਸ਼ਾਨਦਾਰ ਰੂਪ ਦੇਣ ਲਈ ਕੋਈ ਕਸਰ ਨਹੀਂ ਰਹਿਣ ਦੇ ਰਹੇ ਤੇ ਪ੍ਰਤਾਪ ਪਾਰਸ ਦੇ ਬੋਲਾਂ ਨੂੰ ਆਪਣੀ ਮਹਿਕਦੀ ਆਵਾਜ਼ ਨਾਲ ਸ਼ਿੰਗਾਰ ਓਹ ਸ਼੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦਾ "ਜਨਮ ਦਿਹਾੜਾ" ਸ਼ਰਧਾ ਨਾਲ ਮਨਾ ਰਹੇ ਹਨ। ਜੱਸੀ ਬ੍ਰਦਰਸ ਨੂੰ ਮੱਲ੍ਹੀ ਦੀ ਸੁਰ ਦਾ ਬਾਖੂਬ ਅੰਦਾਜ਼ਾ ਸੂ ਤੇ ਓਹਨਾਂ ਸੰਗੀਤ ਨੂੰ ਸ਼ਰਧਾ ਦੀਆਂ ਤਰੰਗਾਂ ਨਾਲ ਛੇੜ੍ਹ ਨਗਮਾ "ਜਨਮ ਦਿਹਾੜਾ" ਸ਼੍ਰੀ ਗੁਰੂ ਰਵੀਦਾਸ ਜੀ ਦੀਆਂ ਸੰਗਤਾਂ ਪਿਆਰੀਆਂ ਲਈ ਮਿਠਤ ਭਰਪੂਰ ਨਗਮਾ ਬਣਾ ਦਿੱਤਾ ਹੈ ਤੇ ਰਹਿੰਦੀ ਸਹਿੰਦੀ ਕਸਰ ਮਨੀਸ਼ ਠੁਕਰਾਲ ਨੇ ਵਧੀਆ ਵੀਡੀਓ ਬਣਾ ਕੱਢ ਦਿੱਤੀ ਸੂ। ਲੋਕ ਪ੍ਰਿਅ ਹੋ ਨਵੇਂ ਰਿਕਾਰਡ ਦਰਜ ਕਰੇਗਾ ਬਲਜਿੰਦਰ ਪੰਮਾ ਮੱਲ੍ਹੀ ਦਾ ਟਰੈਕ "ਜਨਮ ਦਿਹਾੜਾ"।

## ਕਮਲਜੀਤ ਕਮਲ ਪਾਹੜਾ ਬੋਲੇ ਮੇਰਾ ਪਰਿਵਾਰ ਮੇਰੀ ਕਲਾਕਾਰੀ ਤਾਕਤ



ਦੇਸ਼ ਦੀ ਸੇਵਾ ਜਿੰਦੜੀਏ ਕੀਤੀ, ਸਰਹੱਦਾਂ ਤੇ ਗੋਲੀਆਂ ਦੀ ਵਰਖਾ ਵਿੱਚ ਸਾਥੀ ਜਵਾਨਾਂ ਨੂੰ ਪੰਜਾਬੀ ਨਗਮੇ ਸੁਣਾ ਉਤਸ਼ਾਹਿਤ ਕੀਤਾ ਤੇ ਸੀ ਆਰ ਪੀ ਐਫ ਵਾਲੇ ਜਵਾਨ ਆਖਣ ਕਮਲਜੀਤ ਕਮਲ ਪਾਹੜਾ ਦੀ ਕਲਾਕਾਰੀ ਸੁਣ ਪਰਿਵਾਰ ਵਿਛੋੜੇ, ਸਰਹੱਦਾਂ ਤੇ ਜ਼ਿੰਦਗੀ ਨੂੰ ਨਵੀਂ ਰੂਹ ਮਿਲਦੀ ਰਹੀ। ਕਮਲਜੀਤ ਕਮਲ ਪਾਹੜਾ ਦੀ ਚਰਚਾ ਅੱਜ ਕਲ "ਜੀ ਆਇਆਂ ਨੂੰ 2026" ਵਿੱਚ ਗਾਏ ਗੀਤ "ਟੌਹਰ" ਕਾਰਨ ਫੁੱਲ ਬਣੇ ਫੁੱਲ ਹੈ।ਕਮਲ ਦੱਸਦੇ ਨੇ ਸਰਹੱਦ ਤੇ ਤਿੱਬੜੀ ਛਾਉਣੀ ਕੋਲ ਖੇਡ ਮੱਲ ਗਾਇਕੀ ਦਾ ਚਾਅ ਨੌਕਰੀ ਨਾਲ ਰਿਹਾ ਤੇ ਹੁਣ ਸੇਵਾ ਮੁਕਤ ਹੋ ਕਿ ਪੂਰਾ ਧਿਆਨ ਸੰਗੀਤ ਖ਼ੇਤਰ ਵਿੱਚ ਹੈ। ਓਹ ਇਹ ਵੀ ਆਖਦੇ ਨੇ ਕਿ ਓਹਨਾਂ ਦੀ ਜੀਵਨ ਪਿਆਰੀ ਦਾ ਪਿਆਰ ਓਹਨਾਂ ਨੂੰ ਵਿਆਹ ਤੋਂ ਹੁਣ ਤੱਕ ਜਿਸ ਕਦਰ ਮਿਲਿਆ ਉਸ ਕਦਰ ਓਹਨਾਂ ਦੀ ਗਾਇਕੀ ਅੱਗੇ ਆਈ। ਆਪਣੇ ਬੇਟੇ ਚ ਜੀਵਨ ਭਵਿੱਖ ਵਿਹੰਦੇ ਨਵੀਆਂ ਤਰਜ਼ਾਂ ਨਵੇਂ ਗੀਤ ਲਈ ਕੇਂਦਰਿਤ ਨੇ ਕਮਲ ਪਾਹੜਾ ਤੇ ਮੇਰਾ ਪਰਿਵਾਰ ਮੇਰੀ ਤਾਕਤ ਓਹਨਾਂ ਨੂੰ ਇਹੀ ਨਿਯਮ ਅੱਗੇ ਚਲ ਜਵਾਨ ਅੱਗੇ ਚਲ ਦੀ ਤਰਾਂ ਕਾਮਯਾਬੀ ਵੱਲ ਲਿਜਾ ਰਿਹਾ ਹੈ।

## ਅਵਤਾਰ ਵਰਮਾ ਧੱਕੜ ਤੇ ਸ਼੍ਰੋਮਣੀ ਗਾਇਕ ਪਾਲੀ ਦੇਤਵਾਲੀਆ ਧੱਕੜ




ਪਾਲੀ ਦੇਤਵਾਲੀਆ ਨਾਮ ਆਓਂਦੇ ਸੁਣਦੇ ਗੀਤ ਲੋਕਾਂ ਦੇ ਲੋਕਾਂ ਲਈ ਤੇ ਇੱਕ ਤਰਾਂ ਨਾਲ ਲੋਕ ਗੀਤ ਯਾਦ ਆਉਣੇ ਸੁਭਾਵਿਕ ਹਨ। ਸ਼੍ਰੋਮਣੀ ਗਾਇਕ ਦਾ ਖਿਤਾਬ ਪਹਿਨਣ ਵਾਲੇ ਪਾਲੀ ਦੇਤਵਾਲੀਆ ਦਾ ਇੱਕ ਨਵਾਂ "ਧੱਕੜ" ਗੀਤ ਆ ਕਿ ਚਰਚਿਤ ਹੈ ਜਿਸ ਨੂੰ ਰਾਜ ਸਿੰਘ ਯੂ ਕੇ ਨੇ ਪੇਸ਼ ਕੀਤਾ ਹੈ ਤੇ ਗੀਤ ਦਾ ਨਾਮ ਵੀ ਹੈ "ਧੱਕੜ"। ਪਾਲੀ ਦੇਤਵਾਲੀਆ ਦੀ ਆਵਾਜ਼ ਨੇ ਗੀਤ ਨੂੰ ਲੋਕ ਤੱਥ ਜਿਹਾ ਪਿਆਰਾ ਗੀਤ ਸਿਰਜ ਦਿੱਤਾ ਹੈ ਤੇ ਫੁੱਟਪ੍ਰਿੰਟ ਮੀਡੀਆ ਦੀ ਬੱਲੇ ਬੱਲੇ ਇਸ ਦਾ ਫ਼ਿਲਮੀਕਰਨ ਅਰਥਾਤ ਵੀਡੀਓ ਵੀ ਡਾਇਰੈਕਟਰ ਅਵਤਾਰ ਵਰਮਾ ਨੇ ਧੱਕੜ ਹੀ ਬਣਾਇਆ ਹੈ। ਸੀਨੇ ਧੱਕ ਪਾਉਂਦਾ ਧੱਕੜ ਫ਼ਨਕਾਰ ਪਾਲੀ ਦੇਤਵਾਲੀਆ ਵਾਹ ਵਾਹ ਖੱਟੀ ਜਾ ਰਿਹਾ ਹੈ ਤੇ ਗੀਤਕਾਰ ਗਿੱਲ ਦੋਦਾ ਦਾ "ਧੱਕੜ" ਗੀਤ ਉਸ ਨੂੰ ਧੱਕੜ ਗੀਤਕਾਰ ਬਣਾ ਪੇਸ਼ ਕਰ ਰਿਹਾ ਹੈ। ਅਵਤਾਰ ਵਰਮਾ ਦਾ 26 ਵਿੱਚ ਆਇਆ ਪਹਿਲਾ ਵੀਡੀਓ ਤੇ ਓਹ ਵੀ ਪੂਰਾ "ਧੱਕੜ" ਪਾਲੀ ਦਾ 26 ਵਿਚ ਧੱਕੜ ਗੀਤ ਤੇ ਪੰਜਾਬੀ ਗਾਇਕੀ ਦੀ ਜੈ ਜੈ ਕਾਰ ਹੋਣੀ ਹੀ ਹੈ ਕਿਉਂ ਕਿ ਇਥੇ ਗਿੱਲ ਦੋਦਾ, ਰਾਜ ਸਿੰਘ ਯੂ ਕੇ, ਅਵਤਾਰ ਵਰਮਾ, ਜੰਗਾ ਕੈਂਥ/ ਦਵਿੰਦਰ ਕੈਂਥ ਤੇ ਪਾਲੀ ਦੇਤਵਾਲੀਆ ਜਿਹੇ ਧੱਕੜ ਸੰਗੀਤਕ ਚਿਹਰੇ ਹਨ ਜੈ ਹੋ।

## ਸ਼ਰਧਾ ਭਾਵਨਾ ਵਾਲੇ ਗੀਤਾਂ ਦਾ ਰਚੇਤਾ ਤੇ ਪੇਸ਼ਕਾਰ ਮੱਖਣ ਲੋਹਾਰ



ਸ਼੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦਾ ਪਾਵਨ ਪੁਰਬ ਆ ਰਿਹਾ ਹੋਏ ਤੇ ਮੱਖਣ ਲੋਹਾਰ ਦਾ ਨਾਮ ਕੇਰਾਂ ਫ਼ਿਰ ਸੰਗੀਤ ਦੀਆਂ ਹਵੇਲੀਆਂ ਵਿੱਚ ਗੂੰਜ ਪਾਏ ਸਹੀ ਗੱਲ ਹੈ, ਲੱਖ ਦੀ ਕਰੋੜ ਦੀ ਗੱਲ ਹੈ। ਐਮ ਟਰੈਕ ਈਂਟਰਟੇਨਮੇਂਟ ਸੰਗੀਤ ਦੀ ਮੁੱਖ ਆਡੀਓ ਵੀਡਿਓ ਪਲੇਟਫਾਰਮ ਦੇ ਸੀਈਓ ਬਣ ਮੱਖਣ ਲੋਹਾਰ ਗੁਰੂ ਜੀ ਨੂੰ ਸਮਰਪਿਤ ਟਰੈਕ ਪੇਸ਼ ਕਰ ਰਹੇ ਹਨ ਇਸ ਤਰਾਂ ਕਿ ਨੁੱਕਰੇ ਨੁੱਕਰੇ ਸਾਰੀ ਲੋਕਾਈ ਦੇ ਇਹ ਪਹੁੰਚ ਕਿ ਚੰਨ ਦੀ ਤਰਾਂ ਚਮਕਣ। ਗੀਤਕਾਰ ਤੇ ਓਹ ਸਟਾਰ ਗੀਤਕਾਰ ਨੇ ਕੋਈ ਸ਼ੱਕ ਨਹੀਂ ਹੈ ਤੇ ਮੱਖਣ ਲੋਹਾਰ ਦੇ ਲਿਖੇ ਬਹੁਤ ਸਾਰੇ ਆਸਥਾ ਭਰੇ ਗੀਤ ਸ਼੍ਰੀ ਗੁਰੂ ਰਵੀਦਾਸ ਜੀ ਮਹਾਰਾਜ ਨੂੰ ਸਮਰਪਿਤ ਆ ਰਹੇ ਹਨ। ਵਿੱਕੀ ਬਹਾਦਰਕੇ ਦੇ ਗਾਏ ਹੋਣ ਜਾਂ ਹੋਰ ਬਹੁਤ ਸਾਰੇ ਗਾਇਕਾਂ ਦੇ ਮੱਖਣ ਲੋਹਾਰ ਦੀ ਆਸਥਾ ਵਾਲੀ ਗੀਤਕਾਰੀ ਦਾ ਜਵਾਬ ਨਹੀਂ ਹੈ। ਓਹ ਦੱਸਦੇ ਨੇ ਕਿ ਕੁਦਰਤੀ ਦੇਖ ਲਓ ਬਹੁਤ ਗਾਇਕ ਨਵੰਬਰ ਤੋ ਹੀ ਓਹਨਾਂ ਨਾਲ ਸੰਪਰਕ ਕਰਕੇ ਐਮ ਟਰੈਕ ਏਂਟਰਟੇਨਮੇਂਟ ਤੋਂ ਰਲੀਜ਼ ਤੇ ਆਪ ਲਿਖੋ ਸਾਡੇ ਲਈ ਗੁਰੂ ਰਵਿਦਾਸ ਜੀ ਦੀ ਮਹਿਮਾ ਤੇ ਗੀਤ ਆਖਦੇ ਹਨ। ਗੀਤਕਾਰ ਮੱਖਣ ਲੋਹਾਰ ਤੇ ਗੁਰੂ ਜੀ ਦੀ ਅਪਾਰ ਕਿਰਪਾ ਹੈ ਜਿਹੜੇ ਪੇਸ਼ਕਾਰ ਤੇ ਗੀਤਕਾਰ ਬਣ ਆਸਥਾ ਦੇ ਵਾਤਾਵਰਨ ਨੂੰ ਆਪਣੀ ਗੀਤਕਾਰੀ ਤੇ ਪੇਸ਼ਕਾਰੀ ਨਾਲ ਸੁਗੰਧਿਤ ਕਰਨ ਵੱਲ ਜਾਂਦੇ ਹਨ। ਸੌ ਗੱਲਾਂ ਸਿਰੇ ਗੰਢ ਮੱਖਣ ਲੋਹਾਰ ਜੈਸਾ ਕੋਈ ਨਹੀਂ।

## ਪੰਜਾਬੀ ਮਿਊਜ਼ਕ ਇੰਡਸਟਰੀ ਦੇ ਦੋ ਸਿਤਾਰੇ ਦਿਨੇਸ਼ ਔਲਖ ਤੇ ਬੰਨੀ ਸ਼ਰਮਾ



ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਪਰਦੇ ਪਿੱਛੇ ਦੋ ਵੱਡੇ ਦਿੱਗਜ ਨੇ ਸਟਾਰ ਨੇ ਇੱਕ ਦਿਨੇਸ਼ ਔਲਖ ਤੇ ਦੂਜੇ ਬੰਨੀ ਸ਼ਰਮਾ। ਦਿਨੇਸ਼ ਔਲਖ ਦਾ ਨਾਮ ਮਿਹਨਤ ਕਰ ਫਲ ਭਗਵਾਨ ਵਾਲੀ ਗੱਲ ਤੇ ਅਜਿਹਾ ਬੰਨੀ ਸ਼ਰਮਾ ਤੇ ਲਾਗੂ ਰਹੀਆਂ ਗੱਲਾਂ ਹਨ। ਦਿਨੇਸ਼ ਦੇ ਗਾਇਕਾਂ ਨਾਲ ਅੱਛੇ ਸੰਬੰਧ ਤੇ ਜੈਜ਼ੀ ਬੀ ਵੱਲੋਂ ਦਿਨੇਸ਼ ਨੂੰ ਪੂਰਾ ਸਹਿਯੋਗ ਤੇ ਦਿਨੇਸ਼ ਸਪੀਡ ਰਿਕਾਰਡਜ਼ ਦੇ ਸੀਈਓ ਤੇ ਅੱਜ ਫ਼ਿਲਮਜ਼ ਤੇ ਪੰਜਾਬ ਸਰਕਾਰ ਦੇ ਅਜਿਹੇ ਸੰਬੰਧਿਤ ਅਦਾਰੇ ਲਈ ਸੇਵਾਵਾਂ ਜਦ ਕਿ ਬੰਨੀ ਸ਼ਰਮਾ ਬਹੁਤ ਮਿਹਨਤ, ਟੀਵੀ ਤੇ ਸ਼ੋ, ਸੰਗੀਤ ਨਗਰ ਲਈ ਵਿਚਰਨਾ, ਮਾੜੇ ਚੰਗੇ ਵਕਤ ਤੇ ਆਖਿਰ ਬੰਨੀ ਸ਼ਰਮਾ ਅੱਜ ਕ੍ਰਾਸ ਮਰਜ ਤੇ ਹੋਰ ਸੰਸਥਾਵਾਂ ਸੰਬੰਧ ਤੇ ਪੰਜਾਬੀ ਸੰਗੀਤ ਨਗਰੀ ਇੱਕ ਇਧਰ ਪੰਜਾਬ ਤੇ ਉਧਰ ਕਨੇਡਾ ਵਿੱਚ ਵਿਚਰਦੇ ਸਰਗਰਮ ਹਨ। ਬੰਨੀ ਸ਼ਰਮਾ ਯਾਰ ਅਣਮੁੱਲੇ ਨੇ ਆਪਣੇ ਯਾਰ ਅਨਮੋਲ ਲਈ। ਦਿਨੇਸ਼ ਔਲਖ ਨਾਲ ਓਹਨਾਂ ਦੀ ਪਿਆਰੀ ਸਾਂਝ ਹੈ। ਓਹ ਤੇ ਦਿਨੇਸ਼ ਸੱਚ ਵਿੱਚ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਥੰਮ ਹਨ ਤੇ ਇਹ ਦੋਵੇਂ ਨਾਮ ਪੰਜਾਬੀ ਸੰਗੀਤ ਜਗਤ ਦੀ ਭਲਾਈ ਤੇ ਉਤਸ਼ਾਹ ਲਈ ਸਦਾ ਅੱਗੇ ਹਨ। ਦਿਨੇਸ਼ ਔਲਖ ਤੇ ਬੰਨੀ ਸ਼ਰਮਾ ਲਈ ਸ਼ੁੱਭ ਕਾਮਨਾਵਾਂ। ਬੰਨੀ ਸ਼ਰਮਾ ਦੂਰਦਰਸ਼ਨ ਜਲੰਧਰ ਦੇ ਸਟਾਰ ਨਿੱਜੀ ਨਿਰਮਾਤਾ ਰਹੇ ਨੇ ਤੇ ਦਿਨੇਸ਼ ਦੀ ਟੀਮ ਪੰਜਾਬੀ ਫ਼ਿਲਮਾਂ ਨਾਲ ਸੰਬੰਧਿਤ ਕਾਮਯਾਬ ਟੀਮ ਹੈ।

-ਅੰਮ੍ਰਿਤ ਪਵਾਰ

# ਪਿਆਰ ਵਿੱਚ ਪਾਸਵਰਡ ਦੀ ਮੰਗ: ਭਰੋਸੇ ਦੀ ਨਿਸ਼ਾਨੀ ਜਾਂ ਨਿੱਜੀ ਹੱਦਾਂ ਦੀ ਉਲੰਘਣਾ ?

**ਰੁਪਿੰਦਰ ਸਿੰਘ ਢੀਂਡਸਾ**
ਸੋਸ਼ਲ ਵਰਕ ਵਿਦਿਆਰਥੀ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਫੋਨ ਨੰਬਰ 62839-26296



ਅੱਜ ਦੇ ਡਿਜ਼ੀਟਲ ਯੁੱਗ ਵਿੱਚ ਪਿਆਰ ਸਿਰਫ਼ ਮਿਲਣ-ਜੁਲਣ ਤੱਕ ਸੀਮਿਤ ਨਹੀਂ ਰਹਿ ਗਿਆ। ਵਟਸਐਪ, ਇੰਸਟਾਗ੍ਰਾਮ ਅਤੇ ਫੇਸਬੁੱਕ ਵਰਗੇ ਪਲੇਟਫ਼ਾਰਮ ਰਿਸ਼ਤਿਆਂ ਦਾ ਹਿੱਸਾ ਬਣ ਚੁੱਕੇ ਹਨ। ਇਨ੍ਹਾਂ ਦੇ ਨਾਲ ਹੀ ਇੱਕ ਨਵਾਂ ਸਵਾਲ ਜਨਮ ਲੈ ਚੁੱਕਾ ਹੈ-ਕੀ ਪਿਆਰ ਵਿੱਚ ਇੱਕ ਦੂਜੇ ਤੋਂ ਸੋਸ਼ਲ ਮੀਡੀਆ ਪਾਸਵਰਡ ਮੰਗਣਾ ਸਹੀ ਹੈ ਜਾਂ ਗਲਤ ? ਕੁਝ ਲੋਕ ਇਸਨੂੰ ਭਰੋਸੇ ਦੀ ਪਰਖ ਮੰਨਦੇ ਹਨ, ਜਦਕਿ ਹੋਰ ਇਸਨੂੰ ਨਿੱਜੀ ਆਜ਼ਾਦੀ ਵਿੱਚ ਦਖ਼ਲ ਸਮਝਦੇ ਹਨ। ਇਸ ਮੁੱਦੇ ਨੂੰ ਸਿਰਫ਼ ਭਾਵਨਾਵਾਂ ਨਾਲ ਨਹੀਂ, ਸਗੋਂ ਸਮਾਜਕ ਅਤੇ ਮਨੋਵਿਗਿਆਨਕ ਸੰਦਰਭ ਵਿੱਚ ਸਮਝਣਾ ਲਾਜ਼ਮੀ ਹੈ।

ਪਾਸਵਰਡ ਮੰਗਣ ਦੇ ਹੱਕ ਵਿੱਚ ਦਲੀਲ ਦੇਣ ਵਾਲੇ ਕਹਿੰਦੇ ਹਨ ਕਿ ਜੇ ਰਿਸ਼ਤੇ ਵਿੱਚ ਕੁਝ ਛੁਪਾਉਣ ਵਾਲਾ ਨਹੀਂ, ਤਾਂ ਡਰ ਕਿਸ ਗੱਲ ਦਾ ? ਉਨ੍ਹਾਂ ਲਈ ਪਾਸਵਰਡ ਸਾਂਝਾ ਕਰਨਾ ਪਾਰਦਰਸ਼ਤਾ ਅਤੇ ਨਿਭਾਅ ਦੀ ਨਿਸ਼ਾਨੀ ਹੈ। ਕਈ ਜੋੜੇ ਇਹ ਵੀ ਮੰਨਦੇ ਹਨ ਕਿ ਪਾਸਵਰਡ ਜਾਣਨ ਨਾਲ ਈਰਖਾ ਘਟਦੀ ਹੈ ਅਤੇ ਗਲਤਫ਼ਹਮੀਆਂ ਤੋਂ ਬਚਾਅ ਹੁੰਦਾ ਹੈ। ਅੱਜ ਦੇ ਸਮੇਂ ਵਿੱਚ, ਜਦੋਂ ਔਨਲਾਈਨ ਧੋਖੇ ਅਤੇ ਗੁਪਤ ਗੱਲਬਾਤਾਂ ਦੀਆਂ ਕਹਾਣੀਆਂ ਆਮ ਹਨ, ਇਹ ਸੋਚ ਆਮ ਮਨੁੱਖ ਨੂੰ ਸਹੀ ਵੀ ਲੱਗ ਸਕਦੀ ਹੈ।

ਪਰ ਦੂਜੇ ਪਾਸੇ ਇੱਕ ਗੰਭੀਰ ਸਵਾਲ ਖੜਾ ਹੁੰਦਾ ਹੈ-ਕੀ ਭਰੋਸਾ ਮੰਗਣ ਨਾਲ ਬਣਦਾ ਹੈ ਜਾਂ ਦੇਣ ਨਾਲ ? ਮਨੋਵਿਗਿਆਨਕ ਤੌਰ 'ਤੇ ਵੇਖਿਆ ਜਾਵੇ, ਤਾਂ ਪਾਸਵਰਡ ਮੰਗਣਾ ਅਕਸਰ ਅਸੁਰੱਖਿਆ ਅਤੇ ਡਰ ਤੋਂ ਜਨਮ ਲੈਂਦਾ ਹੈ। ਜਦੋਂ ਇੱਕ ਵਿਅਕਤੀ ਦੂਜੇ ਦੇ ਹਰ ਮੈਸੇਜ, ਲਾਈਕ ਅਤੇ ਫਾਲੋਅਰ 'ਤੇ ਨਿਗਾਹ ਰੱਖਣ ਲੱਗ ਪੈਂਦਾ ਹੈ, ਤਾਂ ਰਿਸ਼ਤਾ ਸਾਂਝ ਤੋਂ ਹਟ ਕੇ ਨਿਯੰਤਰਣ ਵੱਲ ਵਧ ਜਾਂਦਾ ਹੈ। ਇਹ ਨਿਗਰਾਨੀ ਪਿਆਰ ਨੂੰ ਹੌਲੀ-ਹੌਲੀ ਘੁੱਟਣ ਲੱਗ ਪੈਂਦੀ ਹੈ।

ਸਮਾਜਕ ਪੱਖੋਂ ਵੀ ਇਹ ਮੁੱਦਾ ਅਹਿਮ ਹੈ। ਪੰਜਾਬੀ ਸਮਾਜ ਵਿੱਚ ਅਜੇ ਵੀ ਰਿਸ਼ਤਿਆਂ ਵਿੱਚ ਅਧਿਕਾਰ ਦੀ ਸੋਚ ਕਈ ਵਾਰ ਹਾਵੀ ਰਹਿੰਦੀ ਹੈ। ਕੁਝ ਮੁੰਡੇ ਇਹ ਸਮਝ ਲੈਂਦੇ ਹਨ ਕਿ ਪਿਆਰ ਕਰਨ ਨਾਲ ਕੁੜੀ ਦੀ ਨਿੱਜੀ ਜ਼ਿੰਦਗੀ 'ਤੇ ਹੱਕ ਮਿਲ ਜਾਂਦਾ ਹੈ, ਜਦਕਿ ਕਈ ਕੁੜੀਆਂ ਵੀ ਪਿਆਰ ਦੇ ਨਾਂ 'ਤੇ ਆਪਣੀ ਆਜ਼ਾਦੀ ਛੱਡ ਦਿੰਦੀਆਂ ਹਨ। ਇਹ ਰੁਝਾਨ ਖ਼ਤਰਨਾਕ ਹੈ, ਕਿਉਂਕਿ ਇਹ ਅਸਮਾਨਤਾ ਅਤੇ ਮਨੋਵਿਗਿਆਨਕ ਦਬਾਅ ਨੂੰ ਜਨਮ ਦਿੰਦਾ ਹੈ।



ਕਾਨੂੰਨੀ ਅਤੇ ਡਿਜ਼ੀਟਲ ਸੁਰੱਖਿਆ ਦੇ ਨਜ਼ਰੀਏ ਤੋਂ ਵੀ ਪਾਸਵਰਡ ਸਾਂਝਾ ਕਰਨਾ ਸਹੀ ਨਹੀਂ ਮੰਨਿਆ ਜਾਂਦਾ। ਸੋਸ਼ਲ ਮੀਡੀਆ ਖਾਤਾ ਵਿਅਕਤੀ ਦੀ ਨਿੱਜੀ ਪਹਿਚਾਣ ਹੁੰਦਾ ਹੈ। ਉਸ ਵਿੱਚ ਨਿੱਜੀ ਗੱਲਬਾਤ, ਤਸਵੀਰਾਂ ਅਤੇ ਸੰਪਰਕ ਹੁੰਦੇ ਹਨ। ਜੇ ਰਿਸ਼ਤਾ ਟੁੱਟ ਜਾਂਦਾ ਹੈ, ਤਾਂ ਇਹੀ ਪਾਸਵਰਡ ਬਦਲੇ, ਬਲੈਕਮੇਲ ਜਾਂ ਬਦਨਾਮੀ ਦਾ ਹਥਿਆਰ ਬਣ ਸਕਦਾ ਹੈ। ਅਜਿਹੀਆਂ ਕਈ ਘਟਨਾਵਾਂ ਸਮਾਜ ਵਿੱਚ ਪਹਿਲਾਂ ਹੀ ਵਾਪਰ ਚੁੱਕੀਆਂ ਹਨ।

ਇਹ ਵੀ ਸਮਝਣਾ ਜ਼ਰੂਰੀ ਹੈ ਕਿ ਪਿਆਰ ਦਾ ਮਤਲਬ ਇੱਕ-ਦੂਜੇ ਵਿੱਚ ਘੁਲ ਜਾਣਾ ਨਹੀਂ, ਸਗੋਂ ਇੱਕ-ਦੂਜੇ ਦੀ ਹੱਦਾਂ ਦਾ ਆਦਰ ਕਰਨਾ ਹੈ। ਹਰ ਵਿਅਕਤੀ ਦੀ ਆਪਣੀ ਨਿੱਜੀ ਜਗ੍ਹਾ ਹੁੰਦੀ ਹੈ, ਚਾਹੇ ਉਹ ਔਨਲਾਈਨ ਹੋਵੇ ਜਾਂ ਅਸਲ ਜ਼ਿੰਦਗੀ ਵਿੱਚ। ਜੇ ਰਿਸ਼ਤਾ ਸੱਚੇ ਭਰੋਸੇ 'ਤੇ ਟਿਕਿਆ ਹੋਵੇ, ਤਾਂ ਪਾਸਵਰਡ ਦੀ ਲੋੜ ਆਪੇ ਹੀ ਖਤਮ ਹੋ ਜਾਂਦੀ ਹੈ।

ਨੌਜਵਾਨਾਂ ਲਈ ਇਹ ਗੱਲ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ। ਪਿਆਰ ਦੇ ਸ਼ੁਰੂਆਤੀ ਦੌਰ ਵਿੱਚ ਭਾਵਨਾਵਾਂ ਤੇਜ਼ ਹੁੰਦੀਆਂ ਹਨ ਅਤੇ ਕਈ ਵਾਰ ਹੱਦਾਂ ਦਾ ਅਹਿਸਾਸ ਨਹੀਂ ਰਹਿੰਦਾ। ਪਰ ਸਮੇਂ ਦੇ ਨਾਲ ਇਹੀ ਛੋਟੀਆਂ ਗੱਲਾਂ ਵੱਡੇ ਝਗੜਿਆਂ ਦਾ ਕਾਰਨ ਬਣ ਜਾਂਦੀਆਂ ਹਨ। ਇਸ ਲਈ ਲੋੜ ਹੈ ਕਿ ਨੌਜਵਾਨ ਪਿਆਰ ਨੂੰ ਮਲਕੀਅਤ ਨਹੀਂ, ਸਾਂਝ ਵਜੋਂ ਸਮਝਣ।

ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪਿਆਰ ਵਿੱਚ ਪਾਸਵਰਡ ਮੰਗਣਾ ਨਾ ਪੂਰੀ ਤਰ੍ਹਾਂ ਸਹੀ ਹੈ, ਨਾ ਹੀ ਹਰ ਹਾਲਤ ਵਿੱਚ ਗਲਤ। ਅਸਲ ਮਾਪਦੰਡ ਨੀਅਤ ਅਤੇ ਸੰਤੁਲਨ ਹੈ। ਜੇ ਦੋਵੇਂ ਪੱਖ ਪੂਰੀ ਸਹਿਮਤੀ, ਆਦਰ ਅਤੇ ਸਮਝ ਨਾਲ ਕੁਝ ਸਾਂਝਾ ਕਰਦੇ ਹਨ, ਤਾਂ ਉਹ ਉਨ੍ਹਾਂ ਦੀ ਨਿੱਜੀ ਚੋਣ ਹੈ। ਪਰ ਜਿੱਥੇ ਦਬਾਅ, ਸ਼ੱਕ ਅਤੇ ਨਿਯੰਤਰਣ ਸ਼ੁਰੂ ਹੋ ਜਾਂਦਾ ਹੈ, ਓਥੇ ਪਿਆਰ ਆਪਣੀ ਰਾਹ ਭੁੱਲ ਜਾਂਦਾ ਹੈ। ਸਿਹਤਮੰਦ ਰਿਸ਼ਤਾ ਉਹ ਹੈ ਜਿੱਥੇ ਭਰੋਸਾ ਪਾਸਵਰਡ ਨਾਲ ਨਹੀਂ, ਵਰਤਾਰੇ ਨਾਲ ਬਣਦਾ ਹੈ।

# Proper growth can be attained through science and technology

**TAIL PIECE**

**Advocate dalip singh wasan,**
Email dalipsinghwassan@@yahoo.co.in

It is on record that India had started entry in perid of siene and technology in he Briish period and we had started deelopin with he held of science and technology. Proper education sysem hae been introduced, proper training systemhae been established here an sciece an technology oo had come and alol ths3 shools, colleges, raining institutions and universities had been estabolished and the british triee to estaboish basc identifications of all trades, callings and een we stared writing classifications of professins, rades, callings and employments and today were are at ut most needed stae. We have otddown that large numbher of students are coming to zinnia for having proper education, training fromhere.

Science ansd technology have brought jobs her and we ned roperly edcated ad properly traed peope Simle people from traditional sides cannot work on the new technical system.

Weare stll feeling and facing shortage. Most of the yths are just having traiing for jobs in which there is already surplus spply. And in mst f the trades, sppy of men is on lower side. These mior difficulties can be solved if there s proper vocational guidance to the y0uthys at proer tmes.

We are going ahead and in the very near future we shall be having food grain processing system, dairy farming, poltry farming , cattle breeding, milm factories, vegitable processing system, processing system, meat procersing system, and all these new systems shall need traned peope and even we shall need traied peoe for packing these materials and keeping these items fresh and usable for a prescribed perid. We are still far behind and shall not be able to adpt these new methods because of shortaeof trained workers.

We hae already crossed witing period. We got independence and democracy nearing century ago and we had bee working in this democracysystem, we had passed laws and working in those laws, t stll we could ot establish big employing units, proper workers who cold take p respsiilities. We are talking of development of man and still we do not know what shall be identifying marks of a development. We are still working o health, eduation, traiing, employment and proer wages. We shall have to ensure proper waes to all workers becase costs of living ad cost of items shall cotiue to rise and increase of wages shall e the oly responsibility of the government. We shall have to increase icome of the family like corporate houses because items prescribed for life shall remain turning costly. The old life system is gone and when we have entered into the new life in period of science and technology, we must adopt new life style system and when we note down these stages, we are still in doubt that we shall reach life style of people of the developed countries. We shall have to emai in running system and whe we shall reach advanced and developed coutries, last date cannot be fixed by us.

# ਸੰਦੀਪ ਸਿੰਘ ਦੀ ਭਾਰਤ ਵਾਪਿਸੀ ਤੈਅ, ਅਪੀਲ ਰੱਦ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸ਼ਿਕਾਗੋ, ਇਲੀਨੋਇਸ ਦੀ ਇਕ ਯੂ ਐਸ ਅਪੀਲ ਕੋਰਟ ਨੇ ਡਰੱਗ ਤਸਕਰ ਸੰਦੀਪ ਸਿੰਘ ਵੱਲੋਂ ਆਪਣੇ ਆਪ ਨੂੰ ਅਮਰੀਕਾ ਵਿੱਚੋਂ ਕੱਢੇ ਜਾਣ ਵਿਰੁੱਧ ਦਾਇਰ ਅਪੀਲ ਰੱਦ ਕਰ ਦਿੱਤੀ। ਸੈਵਨਥ ਕੋਰਟ ਆਫ ਅਪੀਲਜ ਨੇ ਆਪਣੇ ਨਿਰਨੇ ਵਿੱਚ ਕਿਹਾ ਹੈ ਕਿ ਇਮੀਗ੍ਰੇਸ਼ਨ ਅਥਾਰਟੀ ਦੁਆਰਾ ਕਥਿੱਤ ਪ੍ਰਕ੍ਰਿਆ ਗਲਤੀਆਂ ਉਸੇ ਦੇ ਫੈਸਲੇ ਵਿੱਚ ਅੜਿਕਾ ਨਹੀਂ ਪਾਉਂਦੀਆਂ। ਸੰਦੀਪ ਸਿੰਘ ਨੇ ਹੋਮਲੈਂਡ ਸਕਿਉਰਿਟੀ ਵਿਭਾਗ ਦੁਆਰਾ ਜਾਰੀ ਉਸ ਨੂੰ ਅਮਰੀਕਾ ਵਿਚੋਂ ਕੱਢੇ ਜਾਣ ਦੇ ਆਦੇਸ਼ ਨੂੰ ਇਸ ਆਧਾਰ 'ਤੇ ਚੁਣੌਤੀ ਦਿੱਤੀ ਸੀ ਕਿ ਵਿਭਾਗ ਨੇ ਪ੍ਰਕ੍ਰਿਆ ਦੌਰਾਨ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕੀਤੀ ਹੈ ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ। ਸੰਦੀਪ ਸਿੰਘ ਕੈਨੇਡਾ ਦਾ ਸਥਾਈ ਵਸਨੀਕ ਹੈ ਤੇ ਉਸ ਕੋਲ ਭਾਰਤੀ ਪਾਸਪੋਰਟ ਹੈ। ਉਹ ਨਵੰਬਰ 2021 ਵਿੱਚ ਕੈਨੇਡਾ ਤੋਂ ਸੈਲਾਨੀ ਵੀਜੇ 'ਤੇ ਅਮਰੀਕਾ ਵਿੱਚ ਦਾਖਲ ਹੋਇਆ ਸੀ।

# ਅਦਾਕਾਰ ਜਰਨੈਲ ਸਿੰਘ ਦੇ' "ਸਿਆਣੇ ਕਹਿੰਦੇ ਨੇ" ਸ਼ਾਮ ਨੇ ਇੰਗਲੈਂਡ ਵੱਸਦੇ ਪੰਜਾਬੀ ਪਰਿਵਾਰਾਂ ਨੂੰ ਆਪਣਿਆਂ ਦੀ ਅਹਿਮੀਅਤ ਤੋਂ ਕਰਵਾਇਆ ਜਾਣੂ

## ਜਰਨੈਲ ਸਿੰਘ ਨੇ ਪੰਜਾਬੀ ਪਿਛੋਕੜ ਦੀਆ ਭਾਵੁਕ ਕਰ ਦੇਣ ਵਾਲੀਆ ਅਣਸੁਣੀਆਂ ਗਾਥਾਵਾਂ ਸੁਣਾ ਕੇ ਸਰੋਤਿਆਂ ਨੂੰ ਭਾਵੁਕ ਅਤੇ ਸੋਚਣ ਲਈ ਕੀਤਾ ਮਜਬੂਰ




*'ਸਿਆਣੇ ਕਹਿੰਦੇ ਨੇ' ਸ਼ਾਮ ਮੌਕੇ ਪ੍ਰਸਿੱਧ ਅਦਾਕਾਰ ਜਰਨੈਲ ਸਿੰਘ ਪੁਰਾਤਨ ਵਿਰਸੇ ਅਤੇ ਆਪਣਿਆਂ ਦੀ ਅਹਿਮੀਅਤ ਬਾਰੇ ਸਰੋਤਿਆਂ ਨੂੰ ਗਾਥਾਵਾਂ ਸੁਣਾਉਂਦੇ ਹੋਏ, ਅਤੇ ਹਾਜ਼ਿਰ ਸਰੋਤੇ।*

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਸ਼ਹਿਰ ਲੈਸਟਰ ਵਿਚ ਅੱਜ ਪ੍ਰਸਿੱਧ ਵਕਤਾ ਤੇ ਕਹਾਣੀਕਾਰ ਅਦਾਕਾਰ ਜਰਨੈਲ ਸਿੰਘ ਦਾ ਪ੍ਰੇਰਣਾਦਾਇਕ ਲਾਈਵ ਸ਼ੋਅ 'ਸਿਆਣੇ ਕਹਿੰਦੇ ਨੇ' ਬੜੀ ਸ਼ਾਨੋ-ਸ਼ੌਕਤ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਗਮ 5 ਵਰਚੂ ਪ੍ਰੋਡਕਸ਼ਨਜ਼ ਵੱਲੋਂ ਕਰਵਾਇਆ ਗਿਆ, ਜਿਸ ਵਿਚ ਲੈਸਟਰ ਅਤੇ ਆਲੇ-ਦੁਆਲੇ ਦੇ ਸ਼ਹਿਰਾਂ ਤੋਂ ਆਏ ਸੈਂਕੜੇ ਦਰਸ਼ਕਾਂ ਨੇ ਹਾਜ਼ਰੀ ਭਰ ਕੇ ਹਾਲ ਨੂੰ ਖਚਾਖਚ ਭਰ ਦਿੱਤਾ।

ਸ਼ੋਅ ਦੀ ਸ਼ੁਰੂਆਤ ਸਧਾਰਣ ਪਰ ਪ੍ਰਭਾਵਸ਼ਾਲੀ ਢੰਗ ਨਾਲ ਹੋਈ, ਜਿੱਥੇ ਜਰਨੈਲ ਸਿੰਘ ਨੇ ਆਪਣੇ ਖਾਸ ਅੰਦਾਜ਼-ਏ-ਬਿਆਨ ਰਾਹੀਂ ਦਰਸ਼ਕਾਂ ਨਾਲ ਸਿੱਧਾ ਸੰਵਾਦ ਸਥਾਪਿਤ ਕੀਤਾ। ਰੋਜ਼ਾਨਾ ਜੀਵਨ ਨਾਲ ਜੁੜੀਆਂ ਗੱਲਾਂ, ਸਮਾਜਕ ਮੁੱਲ, ਪਰਿਵਾਰਕ ਰਿਸ਼ਤੇ, ਮਨੁੱਖੀ ਸੋਚ ਅਤੇ ਆਤਮਕ ਸੰਤੁਲਨ ਬਾਰੇ ਕਹਾਣੀਆਂ ਨੇ ਦਰਸ਼ਕਾਂ ਨੂੰ ਨਾ ਸਿਰਫ਼ ਭਾਵੁਕ ਕੀਤਾ, ਸਗੋਂ ਗਹਿਰੇ ਤੌਰ 'ਤੇ ਸੋਚਣ ਲਈ ਵੀ ਮਜਬੂਰ ਕੀਤਾ।

'ਸਿਆਣੇ ਕਹਿੰਦੇ ਨੇ' ਸ਼ੋਅ ਦੀ ਖਾਸੀਅਤ ਇਹ ਰਹੀ ਕਿ ਹਰ ਕਹਾਣੀ ਵਿਚੋਂ ਕੋਈ ਨਾ ਕੋਈ ਜੀਵਨ ਸਿੱਖਿਆ ਨਿਕਲ ਕੇ ਸਾਹਮਣੇ ਆਈ। ਕਦੇ ਮਾਂ-ਪਿਉ ਦੀ ਕਦਰ ਦੀ ਗੱਲ, ਕਦੇ ਬੱਚਿਆਂ ਦੀ ਪਰਵਰਿਸ਼, ਕਦੇ ਸਮਾਜ ਵਿਚ ਵਧ ਰਹੀ ਖੁਦਗਰਜ਼ੀ ਤੇ ਕਦੇ ਅੰਦਰੂਨੀ ਸ਼ਾਂਤੀ ਦੀ ਖੋਜ-ਹਰ ਵਿਸ਼ੇ ਨੂੰ ਜਰਨੈਲ ਸਿੰਘ ਨੇ ਗਹਿਰੇ ਅਰਥਾਂ ਨਾਲ ਪੇਸ਼ ਕੀਤਾ। ਸ਼ੋਅ ਦੌਰਾਨ ਕਈ ਮੌਕਿਆਂ 'ਤੇ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ ਤਾਂ ਕਈ ਵਾਰ ਪੂਰਾ ਹਾਲ ਤਾਲੀਆਂ ਨਾਲ ਗੂੰਜ ਉਠਿਆ। ਪਰਿਵਾਰਕ ਦਰਸ਼ਕਾਂ ਲਈ ਇਹ ਇਕ ਐਸਾ ਪ੍ਰੋਗਰਾਮ ਸਾਬਤ ਹੋਇਆ, ਜਿੱਥੇ ਹਰ ਉਮਰ ਦਾ ਵਿਅਕਤੀ ਆਪਣੇ ਲਈ ਕੋਈ ਨਾ ਕੋਈ ਸੁਨੇਹਾ ਲੈ ਕੇ ਵਾਪਸ ਗਿਆ।

ਆਯੋਜਕਾਂ ਵੱਲੋਂ ਦੱਸਿਆ ਗਿਆ ਕਿ ਇਹ ਸ਼ੋਅ ਯੂਕੇ ਡਿਬਿਊ ਟੂਰ ਦਾ ਹਿੱਸਾ ਹੈ ਅਤੇ ਲੈਸਟਰ ਤੋਂ ਬਾਅਦ ਬਰਮਿੰਘਮ ਅਤੇ ਸਲਾਓ ਵਿੱਚ ਵੀ ਇਸ ਦੀਆਂ ਪ੍ਰਸਤੁਤੀਆਂ ਹੋਣਗੀਆਂ। ਲੈਸਟਰ ਦੇ ਦਰਸ਼ਕਾਂ ਵੱਲੋਂ ਮਿਲੇ ਭਰਪੂਰ ਪਿਆਰ ਅਤੇ ਸਤਿਕਾਰ ਨੇ ਇਹ ਸਾਬਤ ਕਰ ਦਿੱਤਾ ਕਿ ਪੰਜਾਬੀ ਭਾਈਚਾਰਾ ਵਿਦੇਸ਼ਾਂ ਵਿਚ ਵੀ ਆਪਣੀ ਸੰਸਕ੍ਰਿਤੀ, ਭਾਸ਼ਾ ਅਤੇ ਸੋਚ ਨਾਲ ਡੂੰਘਾ ਨਾਤਾ ਰੱਖਦਾ ਹੈ। ਸ਼ੋਅ ਦੇ ਅੰਤ 'ਤੇ ਦਰਸ਼ਕਾਂ ਨੇ ਖੜ੍ਹੇ ਹੋ ਕੇ ਤਾਲੀਆਂ ਵਜਾ ਕੇ ਜਰਨੈਲ ਸਿੰਘ ਦਾ ਸਵਾਗਤ ਕੀਤਾ ਅਤੇ ਆਯੋਜਕਾਂ ਦਾ ਵੀ ਧੰਨਵਾਦ ਕੀਤਾ। ਸਮੂਹਕ ਤੌਰ 'ਤੇ 'ਸਿਆਣੇ ਕਹਿੰਦੇ ਨੇ' ਲੈਸਟਰ ਵਿਚ ਇਕ ਯਾਦਗਾਰ, ਪ੍ਰੇਰਣਾਦਾਇਕ ਅਤੇ ਮਨ ਨੂੰ ਛੂਹਣ ਵਾਲੀ ਸ਼ਾਮ ਵਜੋਂ ਦਰਜ ਹੋਇਆ।

# ਹਜ਼ੂਰ ਰਾਜਾ ਸਾਹਿਬ ਨਾਭ ਕੰਵਲ ਅਸਥਾਨ ਖਿਲਾਫ ਕੀਤੇ ਝੂਠ ਦੇ ਪ੍ਰਚਾਰ ਦਾ ਖਮਿਆਜ਼ਾ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭੁਗਤਣਾ ਪਵੇਗਾ:-ਸਿੱਖ ਸੰਗਤ ਇਟਲੀ




ਮਿਲਾਨ (ਗੁਰਸ਼ਰਨ ਸਿੰਘ ਸੋਨੀ)-ਮਹਾਨ ਤਪੱਸਵੀ, ਬ੍ਰਹਮਗਿਆਨੀ ਤੇ ਅਧਿਆਤਮਕਵਾਦ ਦੇ ਮੁਜ਼ੱਸਮਾ ਹਜ਼ੂਰ ਰਾਜਾ ਸਾਹਿਬ ਨਾਭ ਕੰਵਲ ਜੀਓ ਦੇ ਅਸਥਾਨ ਮਜਾਰਾ ਸਾਹਿਬ ਨੌ ਆਬਾਦ (ਸ਼ਹੀਦ ਭਗਤ ਸਿੰਘ ਨਗਰ) ਸੰਬਧੀ ਪੰਜਾਬ ਦੀ ਮੌਜੂਦਾ ਆਪ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਜਾ ਰਹੇ ਗਲਤ ਪ੍ਰਚਾਰ ਤੇ ਸਿੱਖ ਰਹਿਤ ਮਰਿਆਦਾ ਸੰਬਧੀ ਕੀਤੀ ਟਿੱਕਾ ਟਿਪਣੀ ਦੇ ਕਾਰਨ ਦੇਸ਼-ਵਿਦੇਸ਼ ਵੱਸਦੀ ਰਾਜਾ ਸਾਹਿਬ ਨਾਮ ਲੇਵਾ ਸੰਗਤਾਂ ਵਿੱਚ ਭਾਰੀ ਰੋਹ ਦੇਖਿਆ ਜਾ ਰਿਹਾ ਹੈ। ਇਸ ਸੰਬਧੀ ਇਟਲੀ ਤੋਂ ਗੁਰਦੁਆਰਾ ਸਾਹਿਬ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਸਨਬੋਨੀਫਾਚੋ (ਵਿਰੋਨਾ) ਨੇ ਪੰਜਾਬ ਸਰਕਾਰ ਵੱਲੋਂ ਜਾਣ-ਬੁੱਝ ਕੇ ਰਾਜਾ ਸਾਹਿਬ ਦੇ ਗੁਰਦੁਆਰਾ ਸਾਹਿਬ ਨੂੰ ਨਿਸ਼ਾਨਾ ਬਣਾਉਣ ਦੀ ਘਟੀਆ ਕਾਰਵਾਈ ਦੀ ਤਿੱਖੇ ਸ਼ਬਦਾਂ ਵਿੱਚ ਨਿੰਦਿਆਂ ਕਰਦਿਆਂ ਕਿਹਾ ਕਿ ਤਪ ਅਸਥਾਨ ਰਾਜਾ ਸਾਹਿਬ ਮਜ਼ਾਰਾ ਨੌ ਆਬਾਦ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਭਰ ਦੀ ਸੰਗਤਾਂ ਲਈ ਅਹਿਮ ਅਸਥਾਨ ਹੈ ਜਿੱਥੇ ਕਿ ਸਦਾ ਹੀ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀਓ ਦੀ ਬਾਣੀ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ।

ਇਸ ਅਸਥਾਨ ਦੀ ਪ੍ਰਬੰਧਕ ਕਮੇਟੀ ਸਿੱਖੀ ਸਿਧਾਂਤ ਅਤੇ ਮਰਿਆਦਾ ਦਾ ਪੂਰਾ ਸਤਿਕਾਰ ਤੇ ਖਿਆਲ ਰੱਖਦੀ ਹੈ ਪਰ ਅ਼ਫ਼ਸੋਸ ਸਿਰ਼ਫ ਸ਼ੋਹਰਤ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਸ ਅਸਥਾਨ ਦੀ ਜਾਣਕਾਰੀ ਦੇ ਬਿਨ੍ਹਾਂ ਕੈਮਰੇ ਅੱਗੇ ਕਹਿ ਦੇਣਾ ਕਿ ਉੱਥੇ ਪੂਰਨ ਮਰਿਆਦਾ ਨਹੀਂ ਰੱਖੀ ਜਾਂਦਾ ਇਹ ਇੱਕ ਗੈਰ-ਜਿੰਮੇਵਾਰ ਅਤੇ ਸੰਗਤਾਂ ਦੇ ਹਿਰਦੇ ਨੂੰ ਵਲੂੰਧਰ ਦਾ ਬਿਆਨ ਹੈ ਜਿਸ ਨਾਲ ਸੰਗਤ ਦੀ ਆਸਥਾ ਨੂੰ ਗਹਿਰੀ ਸੱਟ ਵੱਜੀ ਹੈ।

ਗੁਰਦੁਆਰਾ ਸਾਹਿਬ ਦੀ ਸੰਗਤ ਤੇ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਰਾਜਾ ਸਾਹਿਬ ਅਜਿਹੇ ਸੰਤ ਹੋਏ ਹਨ ਜਿਹਨਾਂ ਸਾਰੀ ਜਿੰਦਗੀ ਸੰਗਤਾਂ ਦੀ ਸੇਵਾ ਵਿੱਚ ਬਿਤਾਈ ਤੇ ਉਹਨਾਂ ਦੀ ਪ੍ਰਭੂ ਭਗਤੀ ਕਾਰਨ ਹੀ ਇਸ ਅਸਥਾਨ ਉਪੱਰ ਹਰ ਰੋਜ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਨਤਮਸਤਕ ਹੁੰਦੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇੱਕ ਵਾਰ ਉਸ ਅਸਥਾਨ ਉਪੱਰ ਜਾਕੇ ਸੇਵਾ ਕਰਨ ਤੇ ਨਿਭਾਈ ਜਾਂਦੀ ਰੋਜ਼ਾਨਾ ਪੂਰਨ ਸਿੱਖ ਮਰਿਆਦਾ ਇੱਕ ਵਾਰ ਜਰੂਰ ਦੇਖਣ।

ਇਸ ਅਸਥਾਨ ਦੀ ਜਾਂਚ ਸਿੱਖਾਂ ਦੀ ਸਿਰਮੌਰ ਜੱਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਧਾਨ ਧਾਮੀ ਸਾਬ੍ਹ ਆਪ ਕਰਕੇ ਗਏ ਹਨ ਤੇ ਉਹਨਾਂ ਇਸ ਅਸਥਾਨ ਦੀ ਸਿ਼ਫਤ ਹੀ ਕੀਤੀ ਹੈ ਪਰ ਭਗਵੰਤ ਸਿੰਘ ਮਾਨ ਨੂੰ ਪਤਾ ਨਹੀਂ ਕਿਹੜੀ ਦਿਮਾਗੀ ਪ੍ਰੇਸ਼ਾਨੀ ਸਤਾ ਰਹੀ ਹੈ ਜਿਹੜਾ ਉਹ ਅਜਿਹੇ ਰਾਜਾ ਸਾਹਿਬ ਦੀ ਸ਼ਾਨ ਦੇ ਖਿਲਾ਼ਫ ਬਿਆਨ ਦੇ ਰਿਹਾ। ਇਸ ਨਿੰਦਣਯੋਗ ਕਾਰਵਾਈ ਦਾ ਖਮਿਆਜ਼ਾ ਆਪ ਪਾਰਟੀ ਨੂੰ ਆਉਣ ਵਾਲੀਆਂ ਵਿਧਾਨ ਸਭਾ ਵਿੱਚ ਭੁਗਣਤਾ ਪੈ ਸਕਦਾ ਹੈ।